**Start CDL TRAINING**
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

**Indianapolis, Indiana ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ**
*One of the Fastest Growing City in America and Best School System...*
■ਨਵੇਂ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ ■4-6 ਬੈਡ ਰੂਮ, 3-4 ਬਾਥ ਰੂਮ
■ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
For the Best advice for BUYING-SELLING-RENTING
Ben Singh Bashal (Realtor/Broker) Ph: 317-809-1818 midlandrealtygroup@yahoo.com
Kamaljeet Kaur (Realtor/Broker) Ph: 317-909-9295 kahlonkamaljeet@gmail.com
Midland Realty Group-Company You Trust


Kamaljeet Kaur
*Mortgage rates available from 2.1% to 3%*



Twenty-Second Year of Publication
*ਨਿਊ ਯਾਰਕ ਐਡੀਸ਼ਨ* Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 22, Issue 52, December 25, 2021 20451 N. Plum Grove Rd., Palatine, IL 60074 Ph:847-359-0746, Fax:847-705-9388


# ਬੇਅਦਬੀ ਮਾਮਲਿਆਂ ’ਤੇ ਮਾਹੌਲ ਭਖਿਆ

## ਤਾਜ਼ਾ ਘਟਨਾਵਾਂ ਨੇ ਲੋਕ ਝੰਜੋੜੇ; ਸਰਕਾਰਾਂ ਦੀ ਨਾਲਾਇਕੀ ’ਤੇ ਫਿਰ ਸਵਾਲ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਅਤੇ ਕਪੂਰਥਲਾ ਜ਼ਿਲ੍ਹੇ ਦੇ ਇਕ ਗੁਰਦੁਆਰੇ ਵਿਚ ਬੇਅਦਬੀ ਦੇ ਯਤਨ ਅਤੇ ਉਸ ਤੋਂ ਬਾਅਦ ਵਾਪਰੀਆਂ ਘਟਨਾਵਾਂ ਨੇ ਸਭ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਦੋਵਾਂ ਧਾਰਮਿਕ ਸਥਾਨਾਂ ਉਤੇ ਬੇਅਦਬੀ ਦੀ ਕੋਸ਼ਿਸ਼ ਕਰਨ ਵਾਲਿਆਂ ਦੀ ਮੌਕੇ ਉਤੇ ਹੀ ਕੁੱਟ-ਕੁੱਟ ਹੱਤਿਆ ਕਰ ਦਿੱਤੀ ਗਈ। ਭੀੜ ਨੇ ਮੁਲਜ਼ਮਾਂ ਨੂੰ ਪੁਲਿਸ ਹਵਾਲੇ ਕਰਨ ਤੋਂ ਨਾਂਹ ਕਰ ਦਿੱਤੀ ਕਿ ਉਨ੍ਹਾਂ ਨੂੰ ਪਾਗਲ ਦੱਸ ਕੇ ਛੱਡ ਦਿੱਤਾ ਜਾਵੇਗਾ। ਇਸ ਘਟਨਾ ਤੋਂ ਤਿੰਨ ਦਿਨ ਪਹਿਲਾਂ ਹੀ ਇਕ ਨੌਜਵਾਨ ਨੇ ਇਥੇ (ਹਰਿਮੰਦਰ ਸਾਹਿਬ) ਸਰੋਵਰ ਵਿਚ ਗੁਟਕਾ ਸੁੱਟ ਦਿੱਤਾ ਸੀ।

ਵਿਧਾਨ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਬੇਅਦਬੀ ਦੀਆਂ ਇਕਦਮ ਵਧੀਆਂ ਘਟਨਾਵਾਂ ਕਈ ਸਵਾਲ ਖੜ੍ਹੇ ਕਰ ਰਹੀਆਂ ਹਨ। ਬੇਅਦਬੀਆਂ ਦਾ ਇਹ ਸਿਲਸਲਾ ਪਿਛਲੀ ਅਕਾਲੀ-ਭਾਜਪਾ ਸਰਕਾਰ ਵੇਲੇ 2015 ਵਿਚ ਸ਼ੁਰੂ ਹੋਇਆ ਸੀ। ਉਸ ਸਮੇਂ ਵਿਧਾਨ ਸਭਾ ਚੋਣਾਂ ਵਿਚ ਡੇਢ ਕੁ ਸਾਲ ਦਾ ਸਮਾਂ ਬਚਿਆ ਸੀ ਤੇ ਅਕਾਲੀ ਦਲ ਵਾਅਦਾਖਿਲਾਫੀਆਂ ਅਤੇ ਡੇਰੇ ਸਿਰਸਾ ਮੁਖੀ ਨੂੰ ਅਕਾਲ ਤਖਤ ਸਾਹਿਬ ਤੋਂ ਮੁਆਫੀ ਦਿਵਾਉਣ ਦੇ ਮੁੱਦੇ ਉਤੇ ਬੁਰੀ ਤਰ੍ਹਾਂ ਘਿਰਿਆ ਹੋਇਆ ਸੀ। 2015 ਦੇ ਅੱਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਲਗਾਤਾਰ ਵਾਪਰੀਆਂ।

ਇਸ ਤੋਂ ਬਾਅਦ ਇਨਸਾਫ ਲਈ ਰੋਹ ਵਿਚ ਆਈ ਸੰਗਤ ਨੇ ਰੋਸ ਪ੍ਰਦਰਸ਼ਨ ਸ਼ੁਰੂ ਕਰ ਦਿੱਤੇ। ਇਸੇ ਦੌਰਾਨ ਬਹਿਬਲ ਕਲਾਂ ਵਿਚ ਪੁਲਿਸ ਦੀ ਗੋਲੀ ਨਾਲ ਦੋ ਨੌਜਵਾਨਾਂ ਦੀ ਮੌਤ ਹੋ ਗਈ। ਇਸ ਘਟਨਾ ਪਿੱਛੋਂ ਦੋ ਜਾਂਚ ਕਮਿਸ਼ਨ ਬਣੇ, ਜਾਂਚ ਸੀ.ਬੀ.ਆਈ. ਹਵਾਲੇ ਵੀ ਕੀਤੀ ਗਈ ਪਰ ਅੱਜ



ਤੱਕ ਇਨਸਾਫ ਦੀ ਉਡੀਕ ਹੋ ਰਹੀ ਹੈ। ਗੋਲੀਬਾਰੀ ਵਿਚ ਮਾਰੇ ਗਏ ਨੌਜਵਾਨਾਂ ਦੇ ਪਰਿਵਾਰਕ ਮੈਂਬਰ ਅੱਜ ਵੀ ਧਰਨੇ ਉਤੇ ਬੈਠੇ ਹਨ।

ਇਸ ਮਾਮਲੇ ਵਿਚ ਸਰਕਾਰੀ ਨਾਲਾਇਕੀ ਦੀ ਇਕ ਹੋਰ ਉਦਾਹਰਨ ਇਹ ਹੈ ਕਿ ਬੇਅਦਬੀ ਦੇ ਦੋਸ਼ੀਆਂ ਨੂੰ ਸਖਤ ਸਜ਼ਾ ਦੇਣ ਸਬੰਧੀ ਪੰਜਾਬ ਵਿਧਾਨ ਸਭਾ ‘ਚ ਪਾਸ ਹੋਏ ਬਿੱਲ 2018 ਤੋਂ ਲਟਕੇ ਹੋਏ ਹਨ। ਇਨ੍ਹਾਂ ਬਿੱਲਾਂ ਨੂੰ ਪੰਜਾਬ ਦੇ ਰਾਜਪਾਲ ਵੱਲੋਂ 12 ਅਗਸਤ, 2018 ਨੂੰ ਮਨਜ਼ੂਰੀ ਦਿੱਤੀ ਗਈ ਸੀ ਤੇ ਇਹ ਬਿੱਲ ਮਨਜ਼ੂਰੀ ਲਈ ਭਾਰਤ ਦੇ ਰਾਸ਼ਟਰਪਤੀ ਦੇ ਕੋਲ ਅਕਤੂਬਰ, 2018 ਤੋਂ ਪੈਂਡਿੰਗ ਹਨ। ਹੁਣ ਮਾੜੀਆਂ ਘਟਨਾਵਾਂ ਵਾਪਰਨ ਪਿੱਛੋਂ ਪੰਜਾਬ ਸਰਕਾਰ ਕੇਂਦਰ ਨੂੰ ਚਿੱਠੀਆਂ ਪਾ ਰਹੀ ਹੈ ਕਿ ਇਹ ਬਿੱਲਾਂ ਉਤੇ ਛੇਤੀ ਸਹੀ ਪਾਈ ਜਾਵੇ।

ਤਾਜ਼ਾ ਘਟਨਾਵਾਂ ਪਿੱਛੋਂ ਸਵਾਲ ਇਹ ਉਠ ਰਹੇ ਹਨ ਕਿ ਜੇ 2015 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾਵਾਂ ਦਿੱਤੀਆਂ ਜਾਂਦੀਆਂ ਤਾਂ ਸ੍ਰੀ ਦਰਬਾਰ ਸਾਹਿਬ ਤੇ ਕਪੂਰਥਲਾ ਵਿਖੇ ਬੇਅਦਬੀ ਦੀ ਬੱਜਰ ਘਟਨਾ ਨਾ ਵਾਪਰਦੀ। ਦੂਜੇ ਪਾਸੇ ਬੇਅਦਬੀ ਦੀਆਂ ਘਟਨਾਵਾਂ ਵਿਚ ਇਕਦਮ ਵਾਧਾ ਵੀ ਕੋਈ ਸਾਜ਼ਿਸ਼ੀ ਇਸ਼ਾਰਾ ਕਰ ਕਰਦਾ ਹੈ। ਸ੍ਰੀ ਹਰਿਮੰਦਰ ਸਾਹਿਬ ਵਿਚ ਬੇਅਦਬੀ ਦੇ ਯਤਨ ਦੀ ਸਾਹਮਣੇ ਆਈ ਵੀਡੀਓ ਤੋਂ ਸਾਫ ਜਾਪ ਰਿਹਾ ਹੈ ਕਿ ਮੁਲਜ਼ਮ ਕਿਸੇ ਵੱਡੀ ਸਾਜ਼ਿਸ਼ ਤਹਿਤ ਇਥੇ ਪੁੱਜਿਆ ਸੀ। ਸੀ.ਸੀ.ਟੀ.ਵੀ. ਕੈਮਰਿਆਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਮੁਲਜ਼ਮ ਘਟਨਾ ਤੋਂ ਇਕ ਦਿਨ ਪਹਿਲਾਂ ਵੀ ਦਰਬਾਰ ਸਾਹਿਬ ਦੇ ਅੰਦਰ ਹੀ ਸੀ। ਉਹ ਸ਼ੱਕੀ ਢੰਗ ਨਾਲ ਘੁੰਮਦਾ ਰਿਹਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਦਾਅਵਾ ਹੈ ਕਿ ਬੇਅਦਬੀ ਦਾ ਯਤਨ ਕਰਨ ਵਾਲੇ ਵਿਅਕਤੀ ਨੂੰ ਟਾਸਕ ਫੋਰਸ ਤੇ ਕਰਮਚਾਰੀਆਂ ਵੱਲੋਂ ਦੋ-ਤਿੰਨ ਵਾਰ ਦਰਸ਼ਨੀ ਡਿਉਢੀ ਤੋਂ ਦਾਖਲ ਹੋਣ ਤੋਂ ਰੋਕਿਆ ਗਿਆ ਸੀ। ਇਕ ਵਾਰ ਟਾਸਕ

*(ਬਾਕੀ ਸਫਾ 6 ‘ਤੇ)*

### ਸਰਕਾਰਾਂ ਨੇ ਇਨਸਾਫ ਨਹੀਂ ਦਿੱਤਾ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਾਂਗਰਸ ਦੇ ਸੰਸਦ ਮੈਂਬਰ ਅਭਿਸ਼ੇਕ ਸਿੰਘਵੀ ਦੇ ਇਕ ਟਵੀਟ ਦਾ ਜਵਾਬ ਦਿੰਦਿਆਂ ਆਖਿਆ ਕਿ ਸਿੱਖ ਕੌਮ ਨੂੰ ਮਾਨਸਿਕ ਪਰੇਸ਼ਾਨੀ ਦੇਣ ਵਾਲੀਆਂ ਇਹ ਬੇਅਦਬੀ ਦੀਆਂ ਘਟਨਾਵਾਂ ਕਰਨ ਵਾਲਿਆਂ ਨੂੰ ਸਖਤ ਸਜ਼ਾਵਾਂ ਦੇਣ ਅਤੇ ਸਿੱਖਾਂ ਨੂੰ ਇਨਸਾਫ ਦੇਣ ਵਿਚ ਸਰਕਾਰਾਂ ਅਸਮਰੱਥ ਰਹੀਆਂ ਹਨ। ਕਾਂਗਰਸੀ ਆਗੂ ਨੇ ਆਖਿਆ ਸੀ ਕਿ ਸ੍ਰੀ ਹਰਿਮੰਦਰ ਸਾਹਿਬ ਬੇਅਦਬੀ ਕਰਨ ਵਾਲੇ ਵਿਅਕਤੀ ਨੂੰ ਮਾਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ। ਇਸ ਦੇ ਜੁਆਬ ਵਿਚ ਜਥੇਦਾਰ ਨੇ ਆਖਿਆ ਕਿ 1947 ਤੋਂ ਬਾਅਦ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਲਈ ਸਿੱਖ ਮਰਿਆਦਾ, ਸਿੱਖ ਧਰਮ ਅਸਥਾਨ, ਸਿੱਖ ਇਤਿਹਾਸ ਅਤੇ ਗੁਰੂ ਗ੍ਰੰਥ ਸਾਹਿਬ ‘ਤੇ ਹਮਲੇ ਹੋ ਰਹੇ ਹਨ। ਸਰਕਾਰੀ ਸਰਪ੍ਰਸਤੀ ਹੇਠ ਇਨ੍ਹਾਂ ਹਮਲਾਵਰ ਦੋਖੀਆਂ ਨੂੰ ਸਜ਼ਾਵਾਂ ਦੇਣ ਦੀ ਥਾਂ ਪੁਸ਼ਤ-ਪਨਾਹੀ ਕਰਕੇ ਬਚਾਉਣ ਦੀਆਂ ਕੋਸ਼ਿਸ਼ਾਂ ਨੇ ਸਿੱਖਾਂ ਨੂੰ ਮਾਨਸਿਕ ਪੀੜਾ ਦਿੱਤੀ ਹੈ।

# ਨਸ਼ਾ ਤਸਕਰੀ ਕੇਸ ਵਿਚ ਮਜੀਠੀਆ ਖਿਲਾਫ ਕੇਸ ਦਰਜ



**ਮੁਹਾਲੀ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਖਿਲਾਫ ਪੰਜਾਬ ਸਰਕਾਰ ਨੇ ਅਪਰਾਧਿਕ ਕੇਸ ਦਰਜ ਕੀਤਾ ਹੈ। ਅਕਾਲੀ ਆਗੂ ਖਿਲਾਫ ਇਥੋਂ ਦੇ ਫੇਜ਼-4 ਸਥਿਤ ਬਿਊਰੋ ਆਫ ਇਨਵੈਸਟੀਗੇਸ਼ਨ (ਬੀ.ਓ.ਆਈ.) ਥਾਣੇ ਵਿਚ ਕੇਸ ਦਰਜ ਕੀਤਾ ਹੈ।

ਨਸ਼ਿਆਂ ਦੇ ਮਾਮਲੇ ਨੂੰ ਲੈ ਕੇ ਕਾਫੀ ਸਮੇਂ ਤੋਂ ਮਜੀਠੀਆ ‘ਤੇ ਦੋਸ਼ ਲੱਗਦੇ ਰਹੇ ਹਨ। ਨਸ਼ਾ ਤਸਕਰੀ ਮਾਮਲੇ ਵਿਚ ਜੇਲ੍ਹ ਵਿਚ ਸਜ਼ਾ ਭੁਗਤ ਰਹੇ ਪੰਜਾਬ ਪੁਲਿਸ ਦੇ ਬਰਖ਼ਾਸਤ ਡੀ.ਐਸ.ਪੀ. ਅਤੇ ਕੌਮਾਂਤਰੀ ਪਹਿਲਵਾਨ ਜਗਦੀਸ਼ ਭੋਲਾ ਨੇ ਵੀ ਕੇਸ ਦੀ ਸੁਣਵਾਈ ਦੌਰਾਨ ਕਈ ਸਿਆਸੀ ਆਗੂਆਂ ਦੇ ਨਾਵਾਂ ਦਾ ਜ਼ਿਕਰ ਕੀਤਾ ਸੀ ਅਤੇ ਨਸ਼ਿਆਂ ਖਿਲਾਫ ਬਣੀ ਸਿੱਟ ਦੇ ਇਕ ਸੀਨੀਅਰ ਮੈਂਬਰ ਨੇ ਵੀ ਆਪਣੀ ਰਿਪੋਰਟ ਵਿਚ ਸਿਆਸੀ ਆਗੂ ਦਾ ਵੇਰਵਾ ਦਰਜ ਕੀਤਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ, ‘ਆਪ‘ ਦੇ ਸੂਬਾ ਪ੍ਰਧਾਨ ਭਗਵੰਤ ਮਾਨ ਸਮੇਤ ਹੋਰ ਵੱਖ-ਵੱਖ ਪਾਰਟੀਆਂ ਦੇ ਆਗੂ ਕਾਫੀ ਸਮੇਂ ਤੋਂ

*(ਬਾਕੀ ਸਫਾ 6 ‘ਤੇ)*



M Vivek Malik

**Law Office of M Vivek Malik**
Toll free no 866-424-4000
ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ

ACCOMPLISHED
IMMIGRATION Attorneys
Help FAMILIES
REUNITE in the UNITED STATES
Our Global & Nationwide Services in the field of U.S. Immigration & Nationality law

Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers

Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com


ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ ’ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

# XPressCargo

**Tel.: 317-426-5410**
**Ext. 2001 & 2403**

100% ਓਨਰ ਆਪਰੇਟਰ ਕੰਪਨੀ

**Pay Every Week**

**100% OWNER OPERATOR COMPANY**

Pay Single 60 Cent + Team 70 Cent

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

**ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।**

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

**ਵੀਕਲੀ ਹੋਮ**

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

**Online Application @ www.xpresscargoinc.com**

ਫਲੈਟ ਵਿਕਾਊ ਹੈ

ਚੰਡੀਗੜ੍ਹ ਨੇੜੇ ਜ਼ੀਰਕਪੁਰ-ਸ਼ਿਮਲਾ ਕੌਮੀ ਮਾਰਗ 'ਤੇ ਪੰਚਕੂਲਾ ਸ਼ਹਿਰ ਦੇ ਵਿਕਸਿਤ ਸੈਕਟਰ-20 ਵਿਚ ਫਲੈਟ ਵਿਕਾਊ ਹੈ। ਰਹਿਣ ਲਈ ਤਿਆਰ, ਐਲੀਵੇਟਰ, ਕਾਰ ਪਾਰਕਿੰਗ, ਸੁਰੱਖਿਆ ਜਿਹੀਆਂ ਸਹੂਲਤਾਂ ਅਤੇ ਪੈਦਲ-ਦੂਰੀ 'ਤੇ ਸਥਿੱਤ ਮਾਰਕਿਟ।

*ਹੋਰ ਜਾਣਕਾਰੀ ਲਈ ਸੰਪਰਕ ਕਰੋ, ਸਿੰਘ*

ਫੋਨ: 513-884-0456 ਜਾਂ 513-759 0010

*(ਮੈਸੇਜ ਛੱਡ ਸਕਦੇ ਹੋ)*

**Flat For Sale**

Flat for sale in a developed Sector 20 Panchkula near Chandigarh, Close to Zirakpur-Shimla Natonal Highway, Vacant to move in, Elevator, Car parking, Security. Market nearby within walking distance.

*For more details please contact: Singh*

Ph: 513-884-0456 or 513-759 0010

*(Leave Message)*

40-41

# ਸੜਕ ਟੈਕਸ ਕਰ ਰਿਹੈ ਪੰਜਾਬੀਆਂ ਦੀਆਂ ਜੇਬਾਂ ਖਾਲੀ



**ਚੰਡੀਗੜ੍ਹ:** ਪੰਜਾਬ ਵਿਚ ਸੜਕੀ ਟੈਕਸ ਲੋਕਾਂ ਦੀਆਂ ਜੇਬਾਂ ਖਾਲੀ ਕਰ ਰਿਹਾ ਹੈ। ਲੋਕ ਰੋਡ ਟੈਕਸ ਵੀ ਦਿੰਦੇ ਹਨ ਅਤੇ ਟੌਲ ਟੈਕਸ ਵੀ ਭਰਦੇ ਹਨ। ਪੰਜਾਬ ਸਰਕਾਰ ਨਵੇਂ ਵਾਹਨਾਂ ਦੀ ਰਜਿਸਟ੍ਰੇਸ਼ਨ ਸਮੇਂ 'ਮੋਟਰ ਵਹੀਕਲ ਟੈਕਸ' ਵਸੂਲਦੀ ਹੈ ਜੋ ਘਰੇਲੂ ਵਾਹਨਾਂ 'ਤੇ ਕਰੀਬ 9 ਫੀਸਦੀ ਲੱਗਦਾ ਹੈ। ਜਦੋਂ ਇਹ ਵਾਹਨ ਸੜਕ 'ਤੇ ਚੱਲਦੇ ਹਨ ਤਾਂ ਟੌਲ ਉਤਾਰਨਾ ਪੈਂਦਾ ਹੈ।

ਪੰਜਾਬ ਵਿਚ ਕੁੱਲ 38 ਟੌਲ ਪਲਾਜੇ ਹਨ, ਜਿਨ੍ਹਾਂ 'ਚੋਂ 23 ਕੌਮੀ ਸੜਕ ਮਾਰਗਾਂ 'ਤੇ ਪੈਂਦੇ ਹਨ। ਅਕਤੂਬਰ 2020 ਤੋਂ ਇਨ੍ਹਾਂ ਟੌਲ ਪਲਾਜ਼ਿਆਂ 'ਤੇ ਕਿਸਾਨ ਧਿਰਾਂ ਦੇ ਧਰਨੇ ਚੱਲ ਰਹੇ ਹਨ। ਕੇਂਦਰੀ ਸੜਕ ਮੰਤਰਾਲੇ ਦੇ ਵੇਰਵਿਆਂ ਅਨੁਸਾਰ ਅਕਤੂਬਰ 2020 ਤੋਂ ਹੁਣ ਤੱਕ ਪੰਜਾਬ ਵਿਚ ਕੌਮੀ ਸੜਕ ਮਾਰਗਾਂ 'ਤੇ ਪੈਂਦੇ ਟੌਲ ਪਲਾਜੇ ਬੰਦ ਹੋਣ ਕਾਰਨ 1269.42 ਕਰੋੜ ਦੀ ਵਿੱਤੀ ਸੱਟ ਲੱਗੀ ਹੈ। ਪੰਜਾਬ, ਹਰਿਆਣਾ ਤੇ ਰਾਜਸਥਾਨ ਵਿਚ ਇਨ੍ਹਾਂ ਟੌਲ ਪਲਾਜ਼ਿਆਂ 'ਤੇ ਚੱਲਦੇ ਧਰਨਿਆਂ ਕਰਕੇ ਤਿੰਨੋਂ ਸੂਬਿਆਂ ਦੇ ਲੋਕਾਂ ਨੂੰ 2731.32 ਕਰੋੜ ਦੇ ਟੌਲ ਨਹੀਂ ਉਤਾਰਨੇ ਪਏ। ਇਸ ਲਿਹਾਜ਼ ਨਾਲ ਪੰਜਾਬੀ ਰੋਜ਼ਾਨਾ ਔਸਤਨ 3.50 ਕਰੋੜ ਰੁਪਏ ਟੌਲ ਟੈਕਸ ਵਜੋਂ ਉਤਾਰ ਰਹੇ ਸਨ। ਹੁਣ ਇਹ ਗੱਲ ਉੱਭਰਨ ਲੱਗੀ ਹੈ ਕਿ ਜੇ ਲੋਕ ਰੋਡ ਟੈਕਸ ਉਤਾਰ ਰਹੇ ਹਨ ਤਾਂ ਉਹ ਟੌਲ ਕਿਉਂ ਉਤਾਰਨ।

ਕੁਝ ਕਿਸਾਨ ਧਿਰਾਂ ਅਗਲੇ ਵਰ੍ਹੇ ਤੋਂ 'ਟੌਲ ਮੁਕਤੀ' ਲਈ ਅੰਦੋਲਨ ਸ਼ੁਰੂ ਕਰ ਸਕਦੀਆਂ ਹਨ। ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ ਪਹਿਲੀ ਅਪਰੈਲ ਤੋਂ 30 ਨਵੰਬਰ 2021 ਤਕ (ਅੱਠ ਮਹੀਨੇ) ਦੌਰਾਨ ਪੰਜਾਬ ਭਰ 'ਚੋਂ 852.97 ਕਰੋੜ ਰੁਪਏ 'ਮੋਟਰ ਵਹੀਕਲ ਟੈਕਸ' (ਰੋਡ ਟੈਕਸ) ਵਸੂਲਿਆ ਹੈ। ਜੇਕਰ ਟੌਲ ਟੈਕਸ ਅਤੇ ਰੋਡ ਟੈਕਸ ਦੋਵਾਂ ਨੂੰ ਮਿਲਾ ਕੇ ਦੇਖੀਏ ਤਾਂ ਇਹ ਰਾਸ਼ੀ ਰੋਜ਼ਾਨਾ ਦੀ ਔਸਤਨ ਕਰੀਬ ਸੱਤ ਕਰੋੜ ਰੁਪਏ ਬਣਦੀ ਹੈ। ਮੋਟੇ ਅੰਦਾਜ਼ੇ ਅਨੁਸਾਰ ਪੰਜਾਬੀਆਂ ਦੀ ਜੇਬ 'ਚੋਂ ਰੋਡ ਟੈਕਸ ਅਤੇ ਟੌਲ ਟੈਕਸ ਵਜੋਂ 2500 ਕਰੋੜ ਰੁਪਏ ਸਾਲਾਨਾ ਨਿਕਲ ਜਾਂਦੇ ਹਨ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਟੌਲ ਪਲਾਜੇ ਲੁੱਟ ਦਾ ਸਾਧਨ ਹਨ ਅਤੇ ਸਮੁੱਚੀ ਲੋਕਾਈ ਨੂੰ 'ਟੌਲ ਮੁਕਤੀ' ਲਈ ਲੜਾਈ ਲੜਨੀ ਪਵੇਗੀ।

# ਅਫਗਾਨਿਸਤਾਨ ਤੋਂ ਫਸਲੀ ਵਸਤਾਂ ਦੀ ਦਰਾਮਦ 'ਤੇ ਛੋਟ

**ਅੰਮ੍ਰਿਤਸਰ:** ਅਫ਼ਗਾਨਿਸਤਾਨ ਤੋਂ ਆ ਰਿਹਾ ਸੁੱਕਾ ਮੇਵਾ ਤੇ ਹੋਰ ਫਸਲੀ ਵਸਤਾਂ ਜੋ ਤਕਨੀਕੀ ਕਾਰਨਾਂ ਕਰਕੇ ਇਥੇ ਅਟਾਰੀ ਆਈ.ਸੀ.ਪੀ. ਵਿਚ ਰੋਕੀਆਂ ਹੋਈਆਂ ਸਨ, ਨੂੰ ਕੇਂਦਰ ਦੇ ਖੇਤੀ ਤੇ ਕਿਸਾਨ ਮੰਤਰਾਲੇ ਵੱਲੋਂ ਕੁਝ ਛੋਟ ਦੇ ਦਿੱਤੀ ਗਈ ਹੈ, ਜਿਸ ਮਗਰੋਂ ਵਪਾਰੀਆਂ ਨੇ ਰਾਹਤ ਮਹਿਸੂਸ ਕੀਤੀ ਹੈ। ਇਸ ਵੇਲੇ ਭਾਰਤ ਦੇ ਵਪਾਰੀਆਂ ਵੱਲੋਂ ਪਾਕਿਸਤਾਨ ਸੜਕ ਮਾਰਗ ਰਾਹੀਂ ਅਫ਼ਗਾਨਿਸਤਾਨ ਤੋਂ ਸੁੱਕੇ ਮੇਵੇ ਦਰਾਮਦ ਕੀਤੇ ਜਾ ਰਹੇ ਹਨ। ਸੁੱਕਾ ਮੇਵਾ ਫਸਲੀ ਵਸਤ ਹੈ, ਜਿਸ ਨੂੰ ਦਰਾਮਦ ਕਰਨ ਲਈ 'ਫਿਊਮੀਗੇਸ਼ਨ' ਪ੍ਰਕਿਰਿਆ ਜ਼ਰੂਰੀ ਹੈ ਤੇ ਇਸ ਲਈ ਇਕ ਨਿਰਧਾਰਤ ਰਸਾਇਣ ਦੀ ਲੋੜ ਹੁੰਦੀ ਹੈ, ਜੋ ਇਸ ਵੇਲੇ ਅਫ਼ਗਾਨਿਸਤਾਨ ਵਿੱਚ ਉਪਲਬਧ ਨਹੀਂ ਹੈ। ਅਫ਼ਗਾਨਿਸਤਾਨ ਵਿਚ ਲੋੜੀਂਦੇ ਰਸਾਇਣ ਦੀ ਥਾਂ ਕਿਸੇ ਹੋਰ ਰਸਾਇਣ ਦੀ ਵਰਤੋਂ ਕੀਤੀ ਸੀ, ਜੋ ਭਾਰਤੀ ਨਿਯਮਾਂ ਮੁਤਾਬਕ ਜਾਇਜ਼ ਨਹੀਂ ਹੈ। ਇਸ ਕਾਰਨ ਵੱਡੀ ਮਾਤਰਾ ਵਿਚ ਅਫ਼ਗਾਨਿਸਤਾਨ ਤੋਂ ਆਏ ਸੁੱਕੇ ਮੇਵੇ ਇੱਥੇ ਅਟਾਰੀ ਆਈ.ਸੀ.ਪੀ. ਵਿਚ ਇਕੱਠੇ ਹੋ ਗਏ ਸਨ। ਡਰਾਈ ਫਰੂਟ ਅਤੇ ਕਰਿਆਨਾ ਮਰਚੈਂਟ ਐਸੋਸੀਏਸ਼ਨ ਵੱਲੋਂ ਇਹ ਮਾਮਲਾ ਕੇਂਦਰੀ ਖੇਤੀਬਾੜੀ ਮੰਤਰੀ ਨਰਿੰਦਰ ਤੋਮਰ ਸਾਹਮਣੇ ਰੱਖਿਆ ਗਿਆ ਸੀ। ਜਥੇਬੰਦੀ ਦੇ ਪ੍ਰਧਾਨ ਅਨਿਲ ਮਹਿਰਾ ਨੇ ਦੱਸਿਆ ਕਿ ਭਾਜਪਾ ਦੇ ਆਗੂ ਤਰੁਣ ਚੁੱਘ ਦੇ ਸਹਿਯੋਗ ਨਾਲ ਉਹ ਕੇਂਦਰੀ ਮੰਤਰੀ ਨੂੰ ਮਿਲੇ ਤੇ ਉਨ੍ਹਾਂ ਨੂੰ ਸਮੱਸਿਆ ਤੋਂ ਜਾਣੂ ਕਰਾਇਆ। ਇਸ ਸਬੰਧੀ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਆਦੇਸ਼ਾਂ ਵਿਚ ਆਖਿਆ ਗਿਆ ਹੈ ਕਿ ਨਿਰਧਾਰਤ 31 ਮਾਰਚ 2022 ਤੱਕ ਅਫ਼ਗਾਨਿਸਤਾਨ ਤੋਂ ਦਰਾਮਦ ਰਾਹੀਂ ਆਉਣ ਵਾਲੀਆਂ ਫਸਲੀ ਵਸਤਾਂ 'ਤੇ ਫਿਊਮੀਗੇਸ਼ਨ ਪ੍ਰਕਿਰਿਆ ਵਿਚ ਛੋਟ ਦਿੱਤੀ ਗਈ ਹੈ। ਇਸ 'ਤੇ ਵਪਾਰੀ ਵਰਗ ਨੇ ਰਾਹਤ ਮਹਿਸੂਸ ਕੀਤੀ ਹੈ।

ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

*ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ*

ਕਾਲ ਕਰੋ: ਮਿ. ਸਿੰਘ


ਫੋਨ: 515-291-1961

LAW OFFICES OF VIVEK MALIK

Follow us on :



ACCOMPLISHED IMMIGRATION Attorneys help FAMILIES REUNITE in the



UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney

Toll Free No.
866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

- Business Immigration & Worksite Compliance
  ਬਿੰਜਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration
  ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
- Naturalization & Citizenship
  ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers
  ਰੀਮੂਵਲ ਡਿਫੈਂਸੀ ਐਂਡ ਵੇਵੇਰਸ

Languages SPOKEN Punjabi | Hindi | Urdu | Spanish & English

ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।

ਮੁਫਤ ਖਾਣਾ ਤੇ ਹੋਰ ਸਹੂਲਤਾਂ

*ਸੰਪਰਕ ਕਰੋ: ਮਿਸਟਰ ਸਿੰਘ*

ਫੋਨ: 608-886-2500

41-48

*ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ*

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email:
Homeomedicine@yahoo.com

# ਨਸ਼ੇ ਤੇ ਬੇਅਦਬੀ: ਅਕਾਲੀਆਂ ਨੂੰ ਹੱਥ ਪਾਉਣ ਤੋਂ ਟਲਣ ਲੱਗੀ ਅਫਸਰਸ਼ਾਹੀ

**ਚੰਡੀਗੜ੍ਹ:** ਪੰਜਾਬ ਦੀ ਅਫਸਰਸ਼ਾਹੀ ਨਸ਼ਿਆਂ ਤੇ ਬੇਅਦਬੀਆਂ ਦੇ ਮੁੱਦਿਆਂ ਉਤੇ ਅਕਾਲੀ ਆਗੂਆਂ ਨੂੰ ਹੱਥ ਪਾਉਣ ਤੋਂ ਟਾਲਾ ਵੱਟਦੀ ਨਜ਼ਰ ਆ ਰਹੀ ਹੈ। ਰਾਜ ਦੇ ਸੀਨੀਅਰ ਪੁਲਿਸ ਅਧਿਕਾਰੀ ਭਾਰੀ ਸਰਕਾਰੀ ਦਬਾਅ ਦੇ ਬਾਵਜੂਦ ਵੀ ਕਾਰਵਾਈ ਤੋਂ ਹੱਥ ਖੜ੍ਹੇ ਕਰ ਗਏ ਹਨ ਅਤੇ ਕਾਨੂੰਨੀ ਸਲਾਹਕਾਰਾਂ ਦਾ ਵੀ ਕਹਿਣਾ ਹੈ ਕਿ ਬਿਕਰਮ ਸਿੰਘ ਮਜੀਠੀਆ ਦੇ ਕੇਸ 'ਚ ਸਰਕਾਰ ਅਦਾਲਤੀ ਆਦੇਸ਼ਾਂ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਕਰ ਸਕਦੀ ਕਿਉਂਕਿ ਆਈ.ਜੀ. ਪੱਧਰ ਦੇ ਦੋ ਅਧਿਕਾਰੀ ਦੋ ਵਾਰ ਜਾਂਚ ਕਰ ਚੁੱਕੇ ਹਨ।

ਰਾਜ ਸਰਕਾਰ ਵੱਲੋਂ ਮਜੀਠੀਆ ਵਿਰੁੱਧ ਹੁਣ ਤੱਕ ਦੋ ਅਧਿਕਾਰੀ ਅਡੀਸ਼ਨਲ ਡੀ.ਜੀ. ਸ੍ਰੀ ਐਸ. ਕੇ ਅਸਥਾਨਾ ਤੇ ਆਈ.ਜੀ ਗੌਤਮ ਚੀਮਾ ਆਪਣੇ ਆਪ ਨੂੰ ਜਾਂਚ ਤੋਂ ਵੱਖ ਕਰ ਚੁੱਕੇ ਹਨ। ਉੱਚ ਪੱਧਰੀ ਸੂਤਰਾਂ ਮੁਤਾਬਕ ਆਈ.ਜੀ. ਰੈਂਕ ਦੇ ਪੁਲਿਸ ਅਧਿਕਾਰੀ ਗੌਤਮ ਚੀਮਾ ਨੇ ਵੀ ਚਰਚਿਤ ਅਕਾਲੀ ਨੇਤਾ ਖਿਲਾਫ਼ ਕਾਰਵਾਈ ਕਰਨ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਇਸ ਅਧਿਕਾਰੀ ਦੀ ਡਾਇਰੈਕਟਰ ਬਿਊਰੋ ਆਫ ਇਨਵੈਸਟੀਗੇਸ਼ਨ (ਬੀ.ਓ.ਆਈ.) ਅਹੁਦੇ 'ਤੇ ਨਿਯੁਕਤੀ ਤੋਂ ਪਹਿਲਾਂ ਹੀ ਖੜ੍ਹੇ ਹੋਏ ਇਸ ਸੰਕਟ ਕਾਰਨ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠ ਮੀਟਿੰਗਾਂ ਦਾ ਦੌਰ ਚੱਲਦਾ ਰਿਹਾ। ਇਸ ਦੌਰਾਨ ਡੀ.ਜੀ.ਪੀ. ਰੈਂਕ ਦੇ ਅਧਿਕਾਰੀਆਂ ਦੀ ਵੀ ਰਾਏ ਜਾਣੀ ਗਈ। ਸੂਤਰਾਂ ਨੇ ਕਿਹਾ ਕਿ ਮੀਟਿੰਗਾਂ ਦੌਰਾਨ ਨਸ਼ਿਆਂ ਦੇ ਮਾਮਲੇ 'ਤੇ ਸਰਕਾਰ ਦੀ ਲਗਾਤਾਰ ਹੋ ਰਹੀ ਪਤਲੀ ਹਾਲਤ ਅਤੇ ਪੁਲਿਸ ਅਧਿਕਾਰੀਆਂ ਦੇ ਰਵੱਈਏ ਬਾਰੇ ਵੀ ਚਰਚਾ ਕੀਤੀ ਗਈ। ਸੀਨੀਅਰ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਚਰਚਿਤ ਅਕਾਲੀ ਨੇਤਾ ਖਿਲਾਫ਼ ਪੁਲਿਸ ਅਫ਼ਸਰ ਤਾਂ ਪਹਿਲਾਂ ਹੀ ਕਾਰਵਾਈ ਕਰਨ ਤੋਂ ਗੁਰੇਜ਼ ਕਰ ਰਹੇ ਸਨ ਪਰ ਹੁਣ ਵਧੀਕ ਡੀ.ਜੀ.ਪੀ. ਐੱਸ ਕੇ ਅਸਥਾਨਾ ਵੱਲੋਂ ਲਿਖੀ ਲੰਮੀ ਨੋਟਿੰਗ ਨੇ ਮਾਮਲਾ ਪੇਚੀਦਾ ਬਣਾ ਦਿੱਤਾ ਹੈ।

ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਦੀ ਗੱਦੀ ਤੋਂ ਲੱਥਣ ਉਪਰੰਤ ਬੀ.ਓ.ਆਈ. ਦੇ ਡਾਇਰੈਕਟਰ ਵਜੋਂ ਨਿਯੁਕਤੀ ਦੇ ਮਾਮਲੇ ਵਿਚ ਪੁਲਿਸ ਵਿਭਾਗ ਅੰਦਰ ਹਲਚਲ ਪਾਈ ਜਾ ਰਹੀ ਹੈ। ਚੰਨੀ ਸਰਕਾਰ ਵੱਲੋਂ ਅਰਪਿਤ ਸ਼ੁਕਲਾ ਦੀ ਥਾਂ ਵਰਿੰਦਰ ਕੁਮਾਰ ਨੂੰ ਇਸ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਅਤੇ ਵਰਿੰਦਰ ਕੁਮਾਰ ਦੀ ਥਾਂ ਐੱਸ ਕੇ ਅਸਥਾਨਾ ਦੀ ਨਿਯੁਕਤੀ ਹੋਈ ਸੀ। ਗ੍ਰਹਿ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਮੀਟਿੰਗਾਂ ਦੌਰਾਨ ਮੁੱਖ ਸਕੱਤਰ ਦੀ ਪ੍ਰਧਾਨਗੀ ਹੇਠ ਗੌਤਮ ਚੀਮਾ ਦੀ ਨਿਯੁਕਤੀ ਲਈ ਸਾਰੀਆਂ ਰਸਮਾਂ ਪੂਰੀਆਂ ਕਰ ਲਈਆਂ ਗਈਆਂ ਸਨ। ਸੂਤਰਾਂ ਨੇ ਕਿਹਾ ਕਿ ਸ੍ਰੀ ਚੀਮਾ ਵੱਲੋਂ ਸਰਕਾਰ ਨੂੰ ਅਕਾਲੀ ਨੇਤਾ ਖਿਲਾਫ਼ ਕਾਰਵਾਈ ਕਰਨ ਤੋਂ ਅਸਮਰੱਥਾ ਪ੍ਰਗਟਾਏ ਜਾਣ ਤੋਂ ਬਾਅਦ ਉਸ ਦੀ ਨਿਯੁਕਤੀ ਦਾ ਮਾਮਲਾ ਵੀ ਲਟਕ ਗਿਆ। ਸੂਤਰਾਂ ਮੁਤਾਬਕ ਅਕਾਲੀ ਨੇਤਾ ਨੂੰ ਸਰਕਾਰ ਵੱਲੋਂ ਪਟਿਆਲਾ ਅਤੇ ਫਤਿਹਗੜ੍ਹ ਸਾਹਿਬ ਵਿਚ ਦਰਜ ਚਾਰ ਮਾਮਲਿਆਂ ਜਾਂ ਨਵਾਂ ਮਾਮਲਾ ਦਰਜ ਕਰਕੇ ਗ੍ਰਿਫਤਾਰ ਕਰਨ ਬਾਰੇ ਵਿਚਾਰ ਕੀਤਾ ਗਿਆ ਸੀ। ਦੇਖਿਆ ਜਾਵੇ ਤਾਂ ਪੁਰਾਣੇ ਚਾਰਾਂ ਫੌਜਦਾਰੀ ਮਾਮਲਿਆਂ ਸਬੰਧੀ ਤਾਂ ਐੱਸ ਕੇ ਅਸਥਾਨਾ ਦੀ ਨੋਟਿੰਗ ਨੇ ਭੰਬਲਭੂਸਾ ਖੜ੍ਹਾ ਕਰ ਦਿੱਤਾ ਹੈ ਜਦੋਂ ਕਿ ਨਵਾਂ ਮਾਮਲਾ ਦਰਜ ਕਰਨ ਸਬੰਧੀ ਠੋਸ ਆਧਾਰ ਚਾਹੀਦਾ ਹੈ। ਸਰਕਾਰ ਵੱਲੋਂ ਲਗਾਤਾਰ ਕੀਤੇ ਜਾ ਰਹੇ ਵਿਚਾਰ ਵਟਾਂਦਰੇ ਅਤੇ ਕਾਨੂੰਨੀ ਮਾਹਿਰਾਂ ਤੋਂ ਲਈਆਂ ਜਾਂਦੀਆਂ ਸਲਾਹਾਂ ਦੇ ਚਲਦਿਆਂ ਆਉਂਦੇ ਦਿਨਾਂ ਦੌਰਾਨ ਕੋਈ ਵੱਡਾ ਫੈਸਲਾ ਵੀ ਲਿਆ ਜਾ ਸਕਦਾ ਹੈ। ਉਧਰ, ਸ਼੍ਰੋਮਣੀ ਅਕਾਲੀ ਦਲ ਨੇ ਚੋਣ ਕਮਿਸ਼ਨ ਤੋਂ ਕਾਂਗਰਸ ਸਰਕਾਰ ਨੂੰ ਸਿਆਸੀ ਬਦਲਾਖੋਰੀ ਕਰਨ ਤੋਂ ਰੋਕਣ ਦੀ ਮੰਗ ਕੀਤੀ ਹੈ। ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਕਾਂਗਰਸ ਸਰਕਾਰ ਅਕਾਲੀ ਆਗੂਆਂ ਖਿਲਾਫ ਕੇਸ ਦਰਜ ਕਰਨ ਵਾਸਤੇ ਪੁਲਿਸ ਪ੍ਰਸ਼ਾਸਨ ਵਿਚ ਨਿਯੁਕਤ ਕੀਤੇ ਗਏ ਕਾਰਜਕਾਰੀ ਅਫ਼ਸਰਾਂ ਦੀ ਦੁਰਵਰਤੋਂ ਕਰਨ 'ਤੇ ਤੁਲੀ ਹੋਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਨੇ ਸਿਧਾਰਥ ਚਟੋਪਾਧਿਆਏ ਨੂੰ 16 ਦਸੰਬਰ ਦੀ ਅੱਧੀ ਰਾਤ ਕਾਰਜਕਾਰੀ ਡੀ.ਜੀ.ਪੀ. ਲਗਾ ਦਿੱਤਾ ਤੇ ਪਹਿਲੇ ਕਾਰਜਕਾਰੀ ਡੀ.ਜੀ.ਪੀ. ਆਈ.ਪੀ.ਐੱਸ. ਸਹੋਤਾ ਨੂੰ ਅਹੁਦੇ ਤੋਂ ਹਟਾ ਦਿੱਤਾ ਕਿਉਂਕਿ ਉਹ ਚਿੱਠੀ ਬਾਹਰ ਆ ਗਈ ਸੀ, ਜਿਸ ਵਿਚ ਕਾਂਗਰਸ ਸਰਕਾਰ ਵੱਲੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਸਮੇਤ ਅਕਾਲੀ ਲੀਡਰਸ਼ਿਪ ਨੂੰ ਝੂਠੇ ਕੇਸਾਂ ਵਿਚ ਫਸਾਉਣ ਦੀ ਵਿਉਂਤਬੰਦੀ 'ਤੇ ਸਵਾਲ ਚੁੱਕੇ ਹੋਏ ਸਨ।



## ਰੰਧਾਵਾ ਉਤੇ ਅਫਸਰਾਂ 'ਤੇ ਦਬਾਅ ਪਾਉਣ ਦਾ ਦੋਸ਼

**ਡੇਰਾ ਬਾਬਾ ਨਾਨਕ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਉੱਪ ਮੁੱਖ ਮੰਤਰੀ ਅਤੇ ਹਲਕੇ ਦੇ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ 'ਤੇ ਗੈਂਗਸਟਰਾਂ ਨੂੰ ਸ਼ਹਿ ਦੇਣ ਦਾ ਦੋਸ਼ ਲਾਇਆ। ਉਨ੍ਹਾਂ ਇਹ ਵੀ ਕਿਹਾ ਕਿ ਰੰਧਾਵਾ ਵੱਲੋਂ ਪੁਲਿਸ ਅਫਸਰਾਂ ਨੂੰ ਡਰਾ ਧਮਕਾ ਕੇ ਅਕਾਲੀ ਆਗੂਆਂ ਖਿਲਾਫ ਕਾਰਵਾਈ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ। ਬਾਦਲ ਨੇ ਚੰਨੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕੇ। ਸ੍ਰੀ ਬਾਦਲ ਨੇ ਕੇਜਰੀਵਾਲ 'ਤੇ ਵੀ ਪੰਜਾਬੀਆਂ ਨਾਲ ਝੂਠ ਬੋਲਣ ਦੇ ਦੋਸ਼ ਲਾਏ ਹਨ।

## ਭਾਰਤੀ ਮੂਲ ਦੀ ਸੈਨੇਟਰ ਮਾਨਕਾ ਢੀਂਗਰਾ ਸੈਨੇਟ ਦੀ ਕਾਨੂੰਨ ਤੇ ਨਿਆਂ ਕਮੇਟੀ ਦੀ ਪ੍ਰਧਾਨ ਬਣੀ



**ਸੈਕਰਾਮੈਂਟੋ:** ਵਾਸ਼ਿੰਗਟਨ ਰਾਜ ਦੀ ਸੈਨੇਟਰ ਭਾਰਤੀ ਮੂਲ ਦੀ ਮਾਨਕਾ ਢੀਂਗਰਾ ਨੂੰ ਸੈਨੇਟ ਦੀ 'ਲਾਅ ਐਂਡ ਜਸਟਿਸ ਕਮੇਟੀ' ਦੀ ਪ੍ਰਧਾਨ ਬਣਾਇਆ ਗਿਆ ਹੈ। ਆਪਣੀ ਨਿਯੁਕਤੀ ਉਪਰੰਤ ਉਨ੍ਹਾਂ ਕਿਹਾ ਕਿ ਮੇਰੇ ਸਾਥੀਆਂ ਨੇ ਮੈਨੂੰ ਮਾਣ ਸਨਮਾਨ ਦਿੱਤਾ ਹੈ ਮੈਂ ਆਪਣੀ ਭੂਮਿਕਾ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਵਾਂਗੀ। ਢੀਂਗਰਾ ਪਹਿਲਾਂ ਕਮੇਟੀ ਦੇ ਉਪ ਪ੍ਰਧਾਨ ਵਜੋਂ ਸੇਵਾਵਾਂ ਨਿਭਾਅ ਚੁੱਕੀ ਹੈ, ਜਿਸ ਦੌਰਾਨ ਉਨ੍ਹਾਂ ਨੇ ਸਰੀਰਕ ਸ਼ੋਸ਼ਣ ਦੇ ਪੀੜਤਾਂ, ਘਰੇਲੂ ਹਿੰਸਾ, ਹਿੰਸਾ ਘਟਾਉਣ ਤੇ ਵਿੱਤੀ ਫਰਾਡ ਦੇ ਮਾਮਲਿਆਂ ਵਿਚ ਵਰਣਨਯੋਗ ਕੰਮ ਕੀਤਾ। ਉਨ੍ਹਾਂ ਕਿਹਾ, 'ਅਸੀਂ ਸਾਡੇ ਨਿਆਂ ਸਿਸਟਮ ਨੂੰ ਵਧੇਰੇ ਜਵਾਬਦੇਹ ਬਣਾਉਣ ਲਈ ਕਦਮ ਚੁੱਕੇ ਹਨ ਤੇ ਇਸ ਦੇ ਨਾਲ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣੀ ਹੋਵੇਗੀ।' ਉਨ੍ਹਾਂ ਦੀ ਨਿਯੁਕਤੀ ਦੀ ਸੈਨੇਟ ਵੱਲੋਂ ਰਸਮੀ ਪੁਸ਼ਟੀ ਕੀਤੀ ਜਾਣੀ ਬਾਕੀ ਹੈ।

## ਭਾਰਤੀ ਮੂਲ ਦਾ ਵਿਅਕਤੀ ਸੈਨੇਟ ਦੀ ਚੋਣ ਲਈ ਮੈਦਾਨ ਵਿਚ

**ਸੈਕਰਾਮੈਂਟੋ:** ਭਾਰਤੀ ਮੂਲ ਦਾ ਅਮਰੀਕੀ ਨੀਲ ਪਟੇਲ ਕੇਂਦਰੀ ਓਹਾਇਓ ਤੋਂ ਯੂ.ਐਸ. ਸੈਨੇਟ ਦੀ ਚੋਣ ਲੜ ਰਿਹਾ ਹੈ। ਭਾਈਚਾਰੇ ਵਿਚ ਜਾਣੇ-ਪਛਾਣੇ ਨੀਲ ਪਟੇਲ ਨੇ ਕਿਹਾ ਹੈ ਕਿ ਜੇਕਰ ਉਹ ਚੋਣ ਜਿੱਤ ਗਿਆ ਤਾਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰੇਗਾ ਕਿ ਹਰ ਓਹਾਇਓ ਵਾਸੀ ਨੂੰ ਖੁਸ਼ਹਾਲੀ ਤੇ ਤਰੱਕੀ ਦੇ ਬਰਾਬਰ ਮੌਕੇ ਮਿਲਣ। ਇਥੇ ਜ਼ਿਕਰਯੋਗ ਹੈ ਕਿ ਨੀਲ ਪਟੇਲ ਪਿਛਲੇ 3 ਦਹਾਕਿਆਂ ਤੋਂ ਕਾਰੋਬਾਰ ਚਲਾ ਰਿਹਾ ਹੈ ਤੇ ਉਸ ਦੀਆਂ ਕੇਂਦਰੀ ਓਹਾਇਓ ਵਿਚ ਕਈ ਛੋਟੀਆਂ ਕੰਪਨੀਆਂ ਹਨ ਜਿਨ੍ਹਾਂ ਵਿਚ 1000 ਤੋਂ ਵੱਧ ਮੁਲਾਜ਼ਮ ਕੰਮ ਕਰਦੇ ਹਨ। ਪਟੇਲ ਦੀ ਵੈਬਸਾਈਟ ਅਨੁਸਾਰ ਉਹ ਇਕ ਸਮਾਜ ਸੇਵੀ ਹੈ, ਜੋ ਲੋਕਾਂ ਨੂੰ ਸਮਰਪਿਤ ਹੈ। ਉਹ ਜਦੋਂ ਅਮਰੀਕਾ ਆਇਆ ਸੀ ਤਾਂ ਉਸ ਦੀ ਜੇਬ ਵਿਚ ਸਿਰਫ 20 ਡਾਲਰ ਸਨ। ਉਸ ਨੇ ਗਲੀਆਂ ਵਿਚ ਫੇਰੀ ਲਾਈ ਤੇ ਹੌਲੀ ਹੌਲੀ ਇਸ ਮੁਕਾਮ ਉਪਰ ਪੁੱਜਾ ਹੈ।



## ਫਾਈਜ਼ਰ ਤੇ ਮੋਡਰਨਾ ਨੂੰ ਤਰਜੀਹ ਦੇਣ ਦੀ ਸਿਫਾਰਸ਼

**ਸੈਕਰਾਮੈਂਟੋ:** 'ਸੈਂਟਰਜ਼ ਫਾਰ ਡਿਸੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ' ਦੇ ਮਾਹਿਰਾਂ ਦੀ ਸਲਾਹਕਾਰ ਕਮੇਟੀ ਨੇ ਸਿਫਾਰਸ਼ ਕੀਤੀ ਹੈ ਕਿ ਬਾਲਗਾਂ ਵਾਸਤੇ ਫਾਈਜ਼ਰ ਤੇ ਮੋਡਰਨਾ ਕੋਵਿਡ ਵੈਕਸੀਨ ਨੂੰ ਜੌਹਨਸਨ ਐਂਡ ਜੌਹਨਸਨ ਕੰਪਨੀ ਦੀ ਕੋਵਿਡ ਵੈਕਸੀਨ ਦੇ ਮੁਕਾਬਲੇ ਤਰਜੀਹ ਦਿੱਤੀ ਜਾਵੇ। ਸਿਫਾਰਸ਼ ਵਿਚ ਕਿਹਾ ਗਿਆ ਹੈ ਕਿ ਜੌਹਨਸਨ ਐਂਡ ਜੌਹਨਸਨ ਵੈਕਸੀਨ ਵਿਚ ਹਾਲਾਂਕਿ ਖੂਨ ਦੇ ਧੱਬੇ ਬਣਨ ਦੇ ਮਾਮਲੇ ਬਹੁਤ ਘੱਟ ਹਨ ਪਰ ਇਹ ਖਤਰਨਾਕ ਹਨ।

# Matrimonials

## ਲੜਕੇ ਦੀ ਲੋੜ ਹੈ

Jatt Sikh family, well settled in the Midwest looking for *suitable* match for their daughter: 28, 5' 5", US citizen, has great family values, educated (Masters & Juris Doctorate), employed as an attorney at a law firm. Only serious responses from a suitable, modern Jatt Sikh gentleman (ages 29-33), professional or businessman. Email *csahi1949@gmail.com or call at (317) 670-7665.* 49-52

Looking for a suitable Ramgarhia Sikh Dhiman match for our beautiful daughter (green card holder), 28 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com

## ਲੜਕੀ ਦੀ ਲੋੜ ਹੈ

31 ਸਾਲਾ ਜੱਟ ਸਿੱਖ ਡਾਕਟਰ, USA citizen ਲੜਕੇ 6'1" ਲਈ ਲੜਕੀ ਦੀ ਲੋੜ ਹੈ। ਲੜਕੀ USA ਵਿਚ ਰਹਿੰਦੀ ਹੋਵੇ ਅਤੇ Portland (Oregon) / Vancouver(WA) ਏਰੀਏ ਵਿੱਚ ਸ਼ਿਫ਼ਟ ਕਰਨ ਦੀ ਚਾਹਵਾਨ ਹੋਵੇ। ਲੜਕੇ ਦਾ ਪਰਿਵਾਰ USA ਵਿੱਚ Well settle ਹੈ। ਚਾਹਵਾਨ singh2998@outlook.com 'ਤੇ ਸੰਪਰਕ ਕਰ ਸਕਦੇ ਹਨ।

Suitable match for Ramgarhia sikh boy. 5'8" 1993 born. Qualification BBA Finance & Accounting. MS in Information System Management from US university. Please contact us at 713-594-3233 and email us at Ranbir60@yahoo.com.

DEC-MARCH

Looking for educated Punjabi Sikh girl for Jatt boy 28, 6', US born and raised. Never married. RN-Nurse. Vegetarian/non-drinker preferred. Send bio and picture to dina.kaur@yahoo.com.

ਸੈਣੀ ਸਿੱਖ ਉਮਰ 36 ਸਾਲ, ਕੱਦ 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ: 319-670-8892

## ਅਮਰੀਕਾ ਵਿਚ ਕੋਵਿਡ ਮਾਮਲੇ ਵਧੇ

**ਸੈਕਰਾਮੈਂਟੋ:** ਅਮਰੀਕਾ ਦੇ ਅੱਧੇ ਰਾਜਾਂ ਵਿਚ ਕੋਵਿਡ-19 ਮਾਮਲੇ ਵਧ ਰਹੇ ਹਨ ਜਦ ਕਿ ਨਿਊਯਾਰਕ ਵਿਚ ਕੋਵਿਡ-19 ਮਾਮਲਿਆਂ ਵਿਚ ਰਿਕਾਰਡ ਵਾਧਾ ਹੋਇਆ ਹੈ। ਲੰਘੇ ਦਿਨੀਂ ਨਿਊਯਾਰਕ ਸੂਬੇ ਵਿਚ 21,000 ਲੋਕਾਂ ਦੇ ਟੈਸਟ ਪਾਜ਼ੇਟਿਵ ਆਏ ਹਨ ਜੋ ਕਿ ਵੱਡੀ ਪੱਧਰ ਉਪਰ ਟੈਸਟਿੰਗ ਸ਼ੁਰੂ ਹੋਣ ਤੋਂ ਬਾਅਦ ਤਕਰੀਬਨ ਇਕ ਸਾਲ ਦੌਰਾਨ ਇਕ ਦਿਨ ਵਿਚ ਆਏ ਸਭ ਤੋਂ ਵੱਧ ਮਾਮਲੇ ਹਨ। ਇਸ ਤੋਂ ਪਹਿਲਾਂ 14 ਜਨਵਰੀ, 2021 ਨੂੰ ਰਾਜ ਵਿਚ ਤਕਰੀਬਨ 20,000 ਲੋਕ ਪਾਜ਼ੇਟਿਵ ਆਏ ਸਨ। ਨਿਊਯਾਰਕ ਸ਼ਹਿਰ ਵਿਚ ਵੀ ਮਾਮਲੇ ਵਧ ਰਹੇ ਹਨ। ਇਸ ਸ਼ਨਿਚਰਵਾਰ ਸ਼ਹਿਰ ਵਿਚ 5000 ਤੋਂ ਵੱਧ ਲੋਕਾਂ ਦੇ ਟੈਸਟ ਪਾਜ਼ੇਟਿਵ ਆਏ ਹਨ, ਜਿਨ੍ਹਾਂ ਵਿਚੋਂ 200 ਤੋਂ ਵੱਧ ਲੋਕਾਂ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ ਹੈ। ਸ਼ਹਿਰ ਦੇ ਮੇਅਰ ਬਿਲ ਡੀ ਬਲਾਸਿਓ ਨੇ ਕਿਹਾ ਹੈ ਕਿ ਇਸ ਸਾਲ ਅਕਤੂਬਰ ਤੋਂ ਬਾਅਦ ਕੋਵਿਡ ਮਾਮਲਿਆਂ ਵਿਚ ਵਾਧਾ ਹੋਇਆ ਹੈ। ਰਾਜ ਦੇ ਪੱਛਮੀ ਹਿੱਸੇ ਵਿਚ ਨਵੇਂ ਮਾਮਲਿਆਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਗਵਰਨਰ ਕੈਥੀ ਹੋਚੁਲ ਨੇ ਕਿਹਾ ਹੈ ਕਿ ਹਾਲਾਤ ਤੇਜ਼ੀ ਨਾਲ ਬਦਲ ਰਹੇ ਹਨ ਤੇ ਪ੍ਰਤੀ ਦਿਨ ਕੋਵਿਡ ਮਾਮਲੇ ਵਧਣ ਦਾ ਰਿਕਾਰਡ ਟੁੱਟ ਰਿਹਾ ਹੈ। ਜੌਹਨਜ਼ ਹੋਪਕਿਨਜ਼ ਯੂਨੀਵਰਸਿਟੀ ਅਨੁਸਾਰ ਪਿਛਲੇ ਹਫਤੇ ਨਿਊਯਾਰਕ ਵਿਚ ਸਭ ਤੋਂ ਵੱਧ ਕੋਵਿਡ ਮਾਮਲੇ ਆਏ ਹਨ ਜਦ ਕਿ ਓਹਾਇਓ ਤੇ ਇਲੀਨੋਇਸ ਕ੍ਰਮਵਾਰ ਦੂਸਰੇ ਤੇ ਤੀਸਰੇ ਸਥਾਨ 'ਤੇ ਰਹੇ।

ਕੁੱਕ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮਿਜ਼ੂਰੀ, ਜੈਫਰਸਨ ਵਿਚ ਭਾਰਤੀ ਰੈਸਟੋਰੈਂਟ ਲਈ ਤਜਰਬੇਕਾਰ ਕੁੱਕ, ਵੇਟਰ ਤੇ ਡਿਸ਼ਵਾਸ਼ਰ (ਫੁੱਲ ਟਾਈਮ) ਦੀ ਲੋੜ ਹੈ।

ਮੁਫਤ ਰਿਹਾਇਸ਼ ਤੇ ਹੋਰ ਸਹੂਲਤਾਂ

ਸੰਪਰਕ ਕਰੋ: ਹਰਸ਼ ਸਿੰਘ

ਫੋਨ: 507-202-4221

48-49

## ਪੰਜਾਬ ਵਿਚ ਰਹਿ ਰਹੇ ਨੇ 261 ਮੁਸਲਿਮ ਰੋਹਿੰਗੀਆ

**ਨਵੀਂ ਦਿੱਲੀ:** ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਵਿਚ ਦੱਸਿਆ ਹੈ ਕਿ ਮੌਜੂਦਾ ਸਮੇਂ ਪੰਜਾਬ ਵਿਚ 261 ਮੁਸਲਿਮ ਰੋਹਿੰਗੀਆ ਰਹਿ ਰਹੇ ਹਨ ਅਤੇ ਉਨ੍ਹਾਂ ਦੀ ਰਜਿਸਟਰੇਸ਼ਨ ਲਈ



ਉਨ੍ਹਾਂ ਦੇ ਬਾਇਓਮੀਟਰਿਕ ਵੇਰਵੇ ਭਾਰਤ ਸਰਕਾਰ ਦੀ ਵੈੱਬਸਾਈਟ 'ਤੇ ਅਪਲੋਡ ਕੀਤੇ ਗਏ ਹਨ। ਸੁਪਰੀਮ ਕੋਰਟ ਵਿਚ ਦਾਖਲ ਹਲਫਨਾਮੇ ਵਿਚ ਪੰਜਾਬ ਸਰਕਾਰ ਨੇ ਕਿਹਾ ਹੈ ਕਿ ਸੂਬੇ ਦੀਆਂ ਕੌਮਾਂਤਰੀ ਸਰਹੱਦਾਂ ਬੰਗਲਾਦੇਸ਼ ਅਤੇ ਮਿਆਂਮਾਰ ਨਾਲ ਨਹੀਂ ਲੱਗਦੀਆਂ। ਇਸ ਦਫਤਰ ਦੇ ਰਿਕਾਰਡ ਮੁਤਾਬਕ ਪੰਜਾਬ ਦੇ ਜਿਲ੍ਹਾ ਐਸ.ਏ.ਐਸ. ਨਗਰ ਦੇ ਡੇਰਾਬੱਸੀ ਅਤੇ ਹੰਡੇਸਰਾ ਇਲਾਕੇ ਵਿਚ 261 ਰੋਹਿੰਗੀਆ ਮੁਸਲਮਾਨ ਰਹਿ ਰਹੇ ਹਨ। ਹਲਫਨਾਮੇ ਮੁਤਾਬਕ, ''ਇਨ੍ਹਾਂ 261 ਰੋਹਿੰਗੀਆਂ ਮੁਸਲਮਾਨਾਂ ਵਿਚੋਂ 191 ਡੇਰਾਬੱਸੀ ਅਤੇ 70 ਹੰਡੇਸਰਾ ਵਿਚ ਰਹਿ ਰਹੇ ਹਨ। ਇਨ੍ਹਾਂ 261 ਜਣਿਆਂ ਵਿਚੋਂ 227 ਕੋਲ ਸ਼ਰਨਾਰਥੀਆਂ ਬਾਰੇ ਸੰਯੁਕਤ ਰਾਸ਼ਟਰ ਹਾਈ ਕਮਿਸ਼ਨਰ ਦੇ ਸਰਟੀਫਿਕੇਟ ਹਨ। ਜਦਕਿ ਕਰੋਨਾ ਮਹਾਮਾਰੀ ਕਾਰਨ ਇਨ੍ਹਾਂ ਵਿਚੋਂ 34 ਜਣਿਆਂ ਲਈ ਉਕਤ ਸਰਟੀਫਿਕੇਟ ਹਾਸਲ ਨਹੀਂ ਕੀਤਾ ਜਾ ਸਕਿਆ।''ਸਰਕਾਰ ਨੇ ਇਹ ਹਲਫ਼ਨਾਮਾ ਐਡਵੋਕੇਟ ਅਸ਼ਵਿਨੀ ਉਪਾਧਿਆਏ ਵੱਲੋਂ ਦਾਇਰ ਇਕ ਜਨਤਕ ਪਟੀਸ਼ਨ ਦੇ ਜਵਾਬ ਵਿਚ ਦਾਖਲ ਕੀਤਾ ਹੈ। ਰਿਕਾਰਡ ਮੁਤਾਬਕ ਮੌਜੂਦਾ ਸਮੇਂ ਪੰਜ ਬੰਗਲਾਦੇਸ਼ੀ ਨਾਗਰਿਕ ਅਤੇ 74 ਪਾਕਿਸਤਾਨੀ ਨਾਗਰਿਕ ਵੀ ਪੰਜਾਬ ਵਿਚ ਰਹਿ ਰਹੇ ਹਨ।

ਤੰਦੂਰੀਏ ਅਤੇ ਕੁੱਕ ਦੀ ਲੋੜ ਹੈ
ਸੇਨ ਅੰਤੋਨੀਓ (ਟੈਕਸਾਸ) ਸਥਿਤ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ ਤੇ ਕੁੱਕ ਦੀ ਲੋੜ ਹੈ
ਮੁਫਤ ਖਾਣਾ ਤੇ ਹੋਰ ਸਹੂਲਤਾਂ
ਰਜਿੰਦਰ ਸਿੰਘ ਸੰਘੇੜਾ
ਕਾਲ ਕਰੋ ਜਾਂ ਟੈਕਸਟ ਕਰੋ:
ਫੋਨ: 210-834-2469

ਇੰਡੀਅਨ ਰੈਸਟੋਰੈਂਟ ਵਿਕਾਊ ਹੈ
ਮਿਲਵਾਕੀ (ਵਿਸਕਾਨਸਿਨ) ਨੇੜੇ ਇੰਡੀਅਨ ਰੈਸਟੋਰੈਂਟ ਵਿਕਾਊ ਹੈ
ਸੇਲ: 60,000 ਪ੍ਰਤੀ ਮਹੀਨਾ
ਸੰਪਰਕ ਕਰੋ: 317-874-8086
Indian Restaurent For Sale
Indian Restaurent For Sale
Near Milwaukee (WI)
Per Month Sale: 60,000
Contact: 317-874-8086

ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ
ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ 'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ, ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।
ਮੁਫਤ ਖਾਣਾ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਿਸਟਰ ਸਿੰਘ
ਫੋਨ: 608-886-2500
41-48

ਤੰਦੂਰੀਏ ਦੀ ਲੋੜ ਹੈ
ਜਾਰਜੀਆ, ਕੋਲੰਬਸ ਵਿਚ ਇੰਡੀਅਨ ਰੈਸਟੋਰੈਂਟ ਵਾਸਤੇ ਤੰਦੂਰੀਏ ਦੀ ਲੋੜ ਹੈ
ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ
ਸੰਪਰਕ ਕਰੋ: ਸੂਰਤ ਸਿੰਘ ਖਾਰਾ
ਫੋਨ: 205-799-2350

Punjab Times Ph: 847-359-0746
Fax:847-705-9388, e-mail:punjabtimes1@sbcglobal.net
Visit us on the web:wwwpunjabtimesusa.com

ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ
ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।




ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:
*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

ਲੋੜੀਂਦੇ ਦਸਤਾਵੇਜ਼:
*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

ਸਿਖਲਾਈ ਦੀਆਂ ਸੱਤ ਸਟੇਜਾਂ:
*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

ਤਿੰਨ ਸਿਖਲਾਈ ਪ੍ਰੋਗਰਾਮ:
*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।

ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।
ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਹਿਬਲ ਕਲਾਂ ਧਰਨੇ 'ਚ ਪੁੱਜੇ ਨਵਜੋਤ ਸਿੱਧੂ ਅੱਗੇ ਸੰਗਤਾਂ ਨੇ ਲਾਈ ਸਵਾਲਾਂ ਦੀ ਝੜੀ

**ਬਰਗਾੜੀ:** ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਬਹਿਬਲ ਕਲਾਂ ਵਿਖੇ ਕਲਾਂ ਗੋਲੀਕਾਂਡ ਦੌਰਾਨ ਮਾਰੇ ਗਏ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਖਾਲਸਾ ਵੱਲੋਂ ਇਨਸਾਫ ਲਈ ਅਣਮਿਥੇ ਸਮੇਂ ਲਈ ਲਗਾਏ ਧਰਨੇ 'ਚ ਪਹੁੰਚੇ ਤਾਂ ਹਾਜ਼ਰ ਸੰਗਤਾਂ ਨੇ ਸਵਾਲਾਂ ਦੀ ਝੜੀ ਲਗਾ ਦਿੱਤੀ।

ਸਿੱਧੂ ਨੇ ਤਾਜ਼ਾ ਬੇਅਦਬੀ ਘਟਨਾਵਾਂ ਦੀ ਸਖਤ ਨਿੰਦਾ ਕਰਦਿਆਂ ਕਿਹਾ ਕਿ ਕੁਝ ਤਾਕਤਾਂ ਵੋਟਾਂ ਦੀ ਖਾਤਰ ਪੰਜਾਬ ਦੀ ਅਮਨ ਸ਼ਾਂਤੀ ਭੰਗ ਕਰਨਾ ਚਾਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਉਹ ਬਰਗਾੜੀ ਬੇਅਦਬੀ ਅਤੇ ਗੋਲੀਕਾਂਡ ਦੇ ਇਨਸਾਫ ਲਈ ਸ਼ੁਰੂ ਤੋਂ ਰੌਲਾ ਪਾ ਰਹੇ ਹਨ ਪਰ ਉਨ੍ਹਾਂ ਦੇ ਹੱਥ ਵੱਸ ਨਾ ਹੋਣ ਕਾਰਨ ਇਨਸਾਫ ਨਹੀਂ ਦੇ ਸਕੇ। ਜੇਕਰ ਉਨ੍ਹਾਂ ਦੇ ਹੱਥ ਪਾਵਰ ਹੋਵੇ ਤਾਂ ਉਹ ਦੋ ਦਿਨ 'ਚ ਹੀ ਇਨਸਾਫ ਦੇ ਸਕਦੇ ਹਨ। ਹਾਜਰ ਸੰਗਤਾਂ ਨੇ ਸਵਾਲਾਂ ਦੀ ਝੜੀ ਲਾਉਂਦਿਆਂ ਕਿਹਾ ਕਿ ਪੰਜ ਸਾਲ ਤੋਂ ਤੁਹਾਡੀ ਸਰਕਾਰ ਹੈ ਤਾਂ ਫਿਰ ਵੀ ਇਨਸਾਫ ਕਿਉਂ ਨਹੀਂ ਦੇ ਰਹੇ।



ਹੁਣ ਚੰਨੀ ਸਾਹਿਬ ਤਾਂ ਤੁਹਾਡੀ ਪਸੰਦ ਦੇ ਮੁੱਖ ਮੰਤਰੀ ਹਨ ਜਿਸ 'ਤੇ ਸਿੱਧੂ ਨੇ ਕਿਹਾ ਕਿ ਮੈਂ ਇਕ ਪਾਰਟੀ ਦਾ ਪ੍ਰਧਾਨ ਹਾਂ ਅਤੇ ਮੁੱਖ ਮੰਤਰੀ ਲਗਾਉਣਾ ਜਾਂ ਹਟਾਉਣਾ ਹਾਈਕਮਾਨ ਰਾਹੁਲ ਗਾਂਧੀ ਦਾ ਕੰਮ ਹੈ। ਉਨ੍ਹਾਂ ਸਿੱਧੂ ਨੂੰ ਪੁੱਛਿਆ ਕਿ ਡੇਰਾ ਪ੍ਰੇਮੀ ਬੇਅਦਬੀ ਦੇ ਦੋਸ਼ੀ ਹਨ ਤਾਂ ਕਾਂਗਰਸ ਦੇ ਲੋਕ ਵੋਟਾਂ ਮੰਗਣ ਡੇਰੇ ਕਿਉਂ ਜਾਂਦੇ ਹਨ।

## ਠੰਢੀਆਂ ਹਵਾਵਾਂ ਨੇ ਪੰਜਾਬ ਸਮੇਤ ਉਤਰੀ ਭਾਰਤ ਠਾਰਿਆ

**ਚੰਡੀਗੜ੍ਹ:** ਪੰਜਾਬ, ਹਰਿਆਣਾ ਅਤੇ ਦਿੱਲੀ ਸਮੇਤ ਉੱਤਰੀ ਭਾਰਤ 'ਚ ਠੰਢ ਦਾ ਕਹਿਰ ਹੋਰ ਵਧ ਗਿਆ ਅਤੇ ਉਤਰੀ ਭਾਰਤ ਦਾ ਜ਼ਿਆਦਾਤਰ ਹਿੱਸਾ ਸੀਤ ਲਹਿਰ ਦੇ ਪ੍ਰਕੋਪ 'ਚ ਆ ਚੁੱਕਾ ਹੈ। ਦੋਵੇਂ ਰਾਜਾਂ 'ਚ ਹਿਸਾਰ ਸਭ ਤੋਂ ਠੰਢਾ ਖੇਤਰ ਰਿਹਾ, ਜਿਥੇ ਘੱਟ ਤੋਂ ਘੱਟ ਤਾਪਮਾਨ 0.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਦਿੱਲੀ 'ਚ ਇਸ ਸੀਜ਼ਨ ਵਿਚ ਪਹਿਲੀ ਵਾਰ ਤਾਪਮਾਨ 4 ਡਿਗਰੀ ਤੋਂ ਹੇਠਾਂ ਪਹੁੰਚ ਗਿਆ ਹੈ।

ਮੌਸਮ ਵਿਭਾਗ ਅਨੁਸਾਰ ਦੋਵੇਂ ਰਾਜਾਂ 'ਚ ਜ਼ਿਆਦਾਤਰ ਥਾਵਾਂ ਉਤੇ ਰਾਤ ਦੇ ਸਮੇਂ ਤਾਪਮਾਨ ਆਮ ਨਾਲੋਂ ਘੱਟ ਦਰਜ ਕੀਤਾ ਗਿਆ। ਮੌਸਮ ਵਿਭਾਗ ਨੇ ਦਿੱਲੀ 'ਚ 'ਯੈਲੋ ਅਲਰਟ' ਜਾਰੀ ਕੀਤਾ ਹੈ। ਪੰਜਾਬ 'ਚ ਵੀ ਕੜਾਕੇ ਦੀ ਠੰਢ ਦੇ ਨਾਲ ਹੀ ਘੱਟ ਤੋਂ ਘੱਟ ਤਾਪਮਾਨ ਮੋਗਾ 'ਚ 0.4 ਡਿਗਰੀ ਸੈਲਸੀਅਸ, ਅੰਮ੍ਰਿਤਸਰ 0.8 ਡਿਗਰੀ ਸੈਲਸੀਅਸ, ਫਰੀਦਕੋਟ 'ਚ 1.1 ਡਿਗਰੀ ਸੈਲਸੀਅਸ, ਲੁਧਿਆਣਾ 4.4 ਡਿਗਰੀ ਸੈਲਸੀਅਸ, ਪਟਿਆਲਾ 3.9 ਡਿਗਰੀ ਸੈਲਸੀਅਸ, ਬਰਨਾਲਾ 0.9 ਡਿਗਰੀ ਸੈਲਸੀਅਸ, ਜਲੰਧਰ 2.6 ਡਿਗਰੀ ਸੈਲਸੀਅਸ ਅਤੇ ਮੁਹਾਲੀ 4.4 ਡਿਗਰੀ ਸੈਲਸੀਅਸ ਰਿਹਾ।

## ਲਾਪਤਾ ਪਾਵਨ ਸਰੂਪਾਂ ਦਾ ਮਾਮਲਾ ਇਕ ਵਾਰ ਮੁੜ ਭਖਿਆ

**ਅੰਮ੍ਰਿਤਸਰ:** ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਲਾਪਤਾ 328 ਪਾਵਨ ਸਰੂਪਾਂ ਦੇ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਖਿਲਾਫ ਰੋਸ ਮਾਰਚ ਕੱਢਿਆ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਵੇਸ਼ ਦੁਆਰ ਪਲਾਜਾ ਵਿਖੇ ਦੋ ਘੰਟੇ ਲਈ ਧਰਨਾ ਦਿੱਤਾ। ਇਹ ਧਰਨਾ ਸਿੱਖ ਜਥੇਬੰਦੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਵੱਲੋਂ ਬਲਬੀਰ ਸਿੰਘ ਮੁੱਛਲ, ਜਥਾ ਸਿਰਲੱਥ ਖਾਲਸਾ ਦੇ ਦਿਲਬਾਗ ਸਿੰਘ ਸੁਲਤਾਨਵਿੰਡ, ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਰਣਜੀਤ ਸਿੰਘ ਦਮਦਮੀ ਟਕਸਾਲ, ਸਾਬਕਾ ਪ੍ਰਧਾਨ ਬਲਵੰਤ ਸਿੰਘ ਗੋਪਾਲਾ, ਭੁਪਿੰਦਰ ਸਿੰਘ, ਆਵਾਜ਼-ਏ-ਕੌਮ ਦੇ ਪ੍ਰਧਾਨ ਮਨਜੀਤ ਸਿੰਘ ਕਰਤਾਰਪੁਰ, ਨੋਬਲਜੀਤ ਸਿੰਘ ਬੁੱਲੋਵਾਲ, ਹਵਾਰਾ ਕਮੇਟੀ ਦੇ ਆਗੂ ਪ੍ਰੋਫੈਸਰ ਬਲਜਿੰਦਰ ਸਿੰਘ, ਜਥਾ ਹਿੰਮਤ-ਏ-ਖਾਲਸਾ ਦੇ ਮੁਖੀ ਪੰਜਾਬ ਸਿੰਘ ਸੁਲਤਾਨਵਿੰਡ, ਬਾਬਾ ਮਹਾਰਾਜ ਸਿੰਘ ਨੌਰੰਗਾਬਾਦ ਛਾਉਣੀ ਦੇ ਜਥੇਦਾਰ ਬਾਬਾ ਰਛਪਾਲ ਸਿੰਘ ਨਿਹੰਗ ਅਤੇ ਲਖਬੀਰ ਸਿੰਘ ਮਹਾਲਮ ਦੀ ਅਗਵਾਈ 'ਚ ਦਿੱਤਾ ਗਿਆ। ਧਰਨਾਕਾਰੀ ਬੁਰਜ ਅਕਾਲੀ ਫੂਲਾ ਸਿੰਘ ਤੋਂ ਸ੍ਰੀ ਦਰਬਾਰ ਸਾਹਿਬ ਤੱਕ ਰੋਸ ਮਾਰਚ ਕਰਦੇ ਹੋਏ ਪੁੱਜੇ ਅਤੇ ਘੰਟਾ ਘਰ ਗੇਟ ਅੱਗੇ ਧਰਨਾ ਦੇ ਕੇ ਬੈਠ ਗਏ। ਪ੍ਰਦਰਸ਼ਨਕਾਰੀ ਦੋਸ਼ੀਆਂ ਖਿਲਾਫ ਕਾਨੂੰਨੀ ਕਾਰਵਾਈ ਦੀ ਮੰਗ ਕਰ ਰਹੇ ਸਨ। ਉਨ੍ਹਾਂ ਦੋਸ਼ੀਆਂ ਖਿਲਾਫ਼ ਨਾਅਰੇਬਾਜ਼ੀ ਕੀਤੀ ਤੇ ਲਾਪਤਾ ਸਰੂਪਾਂ ਸਬੰਧੀ ਸ਼੍ਰੋਮਣੀ ਕਮੇਟੀ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕੇ। ਇਸ ਮੌਕੇ ਉਨ੍ਹਾਂ ਹੋਰ ਸਿੱਖ ਮੁੱਦੇ ਵੀ ਉਭਾਰੇ, ਜਿਨ੍ਹਾਂ ਵਿਚ ਸਿੱਖ ਰੈਫਰੈਂਸ ਲਾਇਬਰੇਰੀ ਦਾ ਮਾਮਲਾ ਵੀ ਸ਼ਾਮਲ ਸੀ। ਸਮੂਹ ਜਥੇਬੰਦੀਆਂ ਨਾਲ ਵਿਚਾਰ-ਵਟਾਂਦਰਾ ਕਰਕੇ ਅਗਲਾ ਸੰਘਰਸ਼ ਜਲਦੀ ਉਲੀਕਿਆ ਜਾਵੇਗਾ।

## ਜੰਮੂ ਲਈ ਛੇ, ਕਸ਼ਮੀਰ ਲਈ ਇਕ ਸੀਟ ਵਾਧੂ ਦੀ ਸਿਫਾਰਸ਼

**ਸ੍ਰੀਨਗਰ:** ਹੱਦਬੰਦੀ ਕਮਿਸ਼ਨ ਜੋ ਕਿ ਜੰਮੂ ਕਸ਼ਮੀਰ ਦੀਆਂ ਵਿਧਾਨ ਸਭਾ ਸੀਟਾਂ ਨੂੰ ਮੁੜ ਤੋਂ ਮਿਥਣ ਲਈ ਸਥਾਪਿਤ ਕੀਤਾ ਗਿਆ ਹੈ, ਨੇ ਜੰਮੂ ਖੇਤਰ ਲਈ ਛੇ ਵਾਧੂ ਸੀਟਾਂ ਦੇਣ ਦੀ ਤਜਵੀਜ਼ ਰੱਖੀ ਹੈ। ਜਦਕਿ ਕਸ਼ਮੀਰ ਵਿਚ ਇਕ ਸੀਟ ਵਧਾਉਣ ਦੀ ਤਜਵੀਜ਼ ਰੱਖੀ ਗਈ ਹੈ।

ਇਸ ਸਬੰਧੀ 'ਪੇਪਰ 1' ਜਾਰੀ ਕੀਤਾ ਗਿਆ ਹੈ ਤੇ ਪੰਜ ਸਹਾਇਕ ਮੈਂਬਰਾਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਹੈ। ਕਮਿਸ਼ਨ ਦੇ ਸਹਾਇਕ ਮੈਂਬਰਾਂ 'ਚ ਜੰਮੂ ਕਸ਼ਮੀਰ ਦੇ ਪੰਜ ਲੋਕ ਸਭਾ ਮੈਂਬਰ ਹਨ। ਉਨ੍ਹਾਂ ਨੂੰ ਤਜਵੀਜ਼ਾਂ ਬਾਰੇ ਮਹੀਨੇ ਦੇ ਅੰਤ ਤੱਕ ਜਵਾਬ ਦੇਣ ਲਈ ਕਿਹਾ ਗਿਆ ਹੈ। ਮੀਟਿੰਗ ਵਿਚ ਕੇਂਦਰੀ ਮੰਤਰੀ ਜਿਤੇਂਦਰ ਸਿੰਘ ਤੇ ਐਨਸੀ ਆਗੂ ਫਾਰੂਕ ਅਬਦੁੱਲਾ ਨੇ ਵੀ ਹਿੱਸਾ ਲਿਆ। ਜੰਮੂ ਕਸ਼ਮੀਰ ਵਿਚ ਨੌਂ ਸੀਟਾਂ ਐੱਸਟੀ ਵਰਗ ਤੇ ਸੱਤ ਸੀਟਾਂ ਐੱਸਸੀ ਵਰਗ ਨੂੰ ਦੇਣ ਦੀ ਤਜਵੀਜ਼ ਵੀ ਰੱਖੀ ਗਈ ਹੈ। ਇਹ ਪਹਿਲੀ ਵਾਰ ਹੈ ਕਿ ਜੰਮੂ ਕਸ਼ਮੀਰ (ਹੁਣ ਕੇਂਦਰ ਸ਼ਾਸਿਤ ਪ੍ਰਦੇਸ਼) ਵਿਚ ਐੱਸਟੀ ਵਰਗ ਲਈ ਰਾਖਵੀਆਂ ਸੀਟਾਂ ਦੀ ਤਜਵੀਜ਼ ਰੱਖੀ ਗਈ ਹੈ। ਹੱਦਬੰਦੀ ਕਮਿਸ਼ਨ ਦੀ ਅਗਵਾਈ ਸੁਪਰੀਮ ਕੋਰਟ ਦੀ ਸਾਬਕਾ ਜੱਜ ਰੰਜਨਾ ਪ੍ਰਕਾਸ਼ ਦੇਸਾਈ ਕਰ ਰਹੇ ਹਨ। ਮੁੱਖ ਚੋਣ ਕਮਿਸ਼ਨਰ ਸੁਸ਼ੀਲ ਚੰਦਰਾ ਕਮੇਟੀ ਦੇ ਐਕਸ-ਓਫੀਸ਼ੀਓ ਮੈਂਬਰ ਹਨ। ਜੰਮੂ ਕਸ਼ਮੀਰ ਦੇ ਹੱਦਬੰਦੀ ਕਮਿਸ਼ਨ ਦੀਆਂ ਸਿਫਾਰਸ਼ਾਂ 'ਤੇ ਵਾਦੀ ਦੀਆਂ ਮੁੱਖ ਸਿਆਸੀ ਧਿਰਾਂ ਨੇ ਨਿਰਾਸ਼ਾ ਜ਼ਾਹਿਰ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਹੈ ਕਿ ਨਵੇਂ ਸਿਰਿਓਂ ਹੱਦਬੰਦੀ ਦੀ ਪ੍ਰਕਿਰਿਆ ਭਾਜਪਾ ਦੇ ਸਿਆਸੀ ਏਜੰਡੇ ਨੂੰ ਸਿਰੇ ਚੜ੍ਹਾਉਣ ਲਈ ਕੀਤੀ ਗਈ ਹੈ।

## ਬੇਅਦਬੀ ਮਾਮਲਿਆਂ 'ਤੇ ਮਾਹੌਲ ਭਖਿਆ

*(ਸਫਾ 1 ਦੀ ਬਾਕੀ)*

ਫੋਰਸ ਨੇ ਉਸ ਕੋਲੋਂ ਪੁੱਛ-ਗਿੱਛ ਵੀ ਕੀਤੀ ਸੀ ਪਰ ਸ਼ਾਮ ਨੂੰ ਟਾਸਕ ਫੋਰਸ ਦੀ ਡਿਊਟੀ ਬਦਲਣ ਮਗਰੋਂ ਇਹ ਵਿਅਕਤੀ ਝਕਾਨੀ ਦੇ ਕੇ ਸੱਚਖੰਡ ਦੇ ਅੰਦਰ ਮੁੜ ਦਾਖਲ ਹੋ ਗਿਆ ਸੀ।

ਇਸ ਨੌਜਵਾਨ ਵੱਲੋਂ ਘਟਨਾ ਵੇਲੇ ਵਰਤੀ ਗਈ ਫੁਰਤੀ ਤੋਂ ਇਹ ਵੀ ਖਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ ਉਸ ਨੇ ਇਸ ਮਾੜੇ ਕਾਰੇ ਲਈ ਵਿਸ਼ੇਸ਼ ਟਰੇਨਿੰਗ ਲਈ ਹੋਈ ਸੀ। ਉਹ ਇਕ-ਅੰਧੇ ਸੈਕਿੰਡ ਵਿਚ ਹੀ ਜੰਗਲਾ ਟੱਪ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵਾਲੀ ਥਾਂ ਪੁੱਜ ਗਿਆ ਤੇ ਫੁਰਤੀ ਨਾਲ ਸ੍ਰੀ ਸਾਹਿਬ ਚੁੱਕ ਲਈ। ਉਹ ਇਸ ਤੋਂ ਅੱਗੇ ਕੁਝ ਕਰਦਾ, ਉਥੇ ਮੌਜੂਦ ਸੇਵਾਦਾਰਾਂ ਨੇ ਉਸ ਨੂੰ ਕਾਬੂ ਕਰ ਲਿਆ ਤੇ ਗੁੱਸੇ ਵਿਚ ਆਈ ਸੰਗਤ ਨੇ ਉਸ ਨੂੰ ਪੁਲਿਸ ਹਵਾਲੇ ਕਰਨ ਦੀ ਥਾਂ ਖੁਦ ਹੀ ਕੁੱਟ-ਕੁੱਟ ਮਾਰ ਮੁਕਾਇਆ। ਸਾਰੀ ਘਟਨਾ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ 'ਚ ਬੈਠੇ ਗ੍ਰੰਥੀ ਸਿੰਘ ਵੱਲੋਂ ਪਾਠ ਨਿਰੰਤਰ ਜਾਰੀ ਰੱਖਿਆ ਗਿਆ।

ਸ੍ਰੀ ਦਰਬਾਰ ਸਾਹਿਬ 'ਚ ਬੇਅਦਬੀ ਦੇ ਅਗਲੇ ਹੀ ਦਿਨ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਬਾਦਸ਼ਾਹਪੁਰ ਨੇੜਲੇ ਗੁਰਦੁਆਰਾ ਨਿਜ਼ਾਮਪੁਰ ਸਾਹਿਬ ਵਿਚ ਤਕੜਸਾਰ ਬੇਅਦਬੀ ਦੀ ਕੋਸ਼ਿਸ਼ ਕੀਤੀ ਗਈ। ਗੁੱਸੇ ਵਿਚ ਆਏ ਲੋਕਾਂ ਨੇ ਬੇਅਦਬੀ ਕਰਨ ਵਾਲੇ ਨੌਜਵਾਨ ਦੀ ਕੁੱਟਮਾਰ ਕੀਤੀ ਜਿਸ ਕਾਰਨ ਉਸ ਦੀ ਮੌਤ ਹੋ ਗਈ। ਲੋਕਾਂ ਨੇ ਇਹ ਆਖ ਕੇ ਮੁਲਜ਼ਮ ਨੂੰ ਪੁਲਿਸ ਹਵਾਲੇ ਕਰਨ ਤੋਂ ਨਾਂਹ ਕਰ ਦਿੱਤੀ ਕਿ ਉਸ ਨੂੰ ਪਾਗਲ ਕਹਿ ਕੇ ਛੱਡ ਦਿੱਤਾ ਜਾਵੇਗਾ। ਇਨ੍ਹਾਂ ਦੋਵਾਂ ਘਟਨਾਵਾਂ ਦੇ ਮੁਲਜ਼ਮਾਂ ਦੀ ਪਛਾਣ ਪੁਲਿਸ ਲਈ ਚੁਣੌਤੀ ਬਣੀ ਹੋਈ ਹੈ।ਦੋਵਾਂ ਮੁਲਜ਼ਮਾਂ ਕੋਲੋਂ ਕੋਈ ਵੀ ਪਛਾਣ ਪੱਤਰ ਜਾਂ ਮੋਬਾਇਲ ਨਹੀਂ ਮਿਲਿਆ ਹੈ। ਇਥੋਂ ਤੱਕ ਕਿ ਬਾਇਓਮੀਟ੍ਰਿਕ ਵਿਧੀ ਰਾਹੀਂ ਪਛਾਣ ਦਾ ਯਤਨ ਵੀ ਅਸਫਲ ਰਿਹਾ। ਹੁਣ ਪੁਲਿਸ ਨੇ ਇਸ ਮਾਮਲੇ ਵਿਚ ਇਸ ਵਿਅਕਤੀ ਦੀ ਸ਼ਨਾਖ਼ਤ ਲਈ ਲੋਕਾਂ ਕੋਲੋਂ ਸਹਿਯੋਗ ਮੰਗਿਆ ਹੈ। ਹੁਣ ਤੱਕ ਦੀ ਜਾਂਚ ਤੇ ਸੀ.ਸੀ.ਟੀ.ਵੀ. ਫੁਟੇਜ਼ ਇਹੀ ਇਸ਼ਾਰਾ ਕਰ ਰਹੀਆਂ ਹਨ ਕਿ ਇਹ ਕੋਈ ਵੱਡੀ ਸਾਜ਼ਿਸ਼ ਹੋ ਸਕਦੀ ਹੈ। ਸਰਕਾਰ ਭਾਵੇਂ ਦਾਅਵੇ ਕਰ ਰਹੀ ਹੈ ਕਿ ਸਾਜ਼ਿਸ਼ ਦਾ ਪਰਦਾਫਾਸ਼ ਕਰਨ ਲਈ ਨਿਰਪੱਖ ਜਾਂਚ ਹੋਵੇਗੀ ਪਰ ਪਿਛਲਾ ਤਜਰਬਾ ਸਰਕਾਰਾਂ ਦੀ ਨੀਅਤ ਉਤੇ ਵੱਡੇ ਸਵਾਲ ਵੀ ਖੜ੍ਹੇ ਕਰਦਾ ਹੈ।

## ਮਜੀਠੀਆ ਖਿਲਾਫ ਕੇਸ ਦਰਜ

*(ਸਫਾ 1 ਦੀ ਬਾਕੀ)*

ਮਜੀਠੀਆ ਨੂੰ ਗ੍ਰਿਫਤਾਰ ਕਰਨ ਦੀ ਮੰਗ ਕਰਦੇ ਰਹੇ ਹਨ। ਨਵਜੋਤ ਸਿੱਧੂ ਮੀਡੀਆ ਵਿਚ ਇਹ ਦਾਅਵਾ ਕਰ ਚੁੱਕੇ ਹਨ ਕਿ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਦੀ ਰਿਪੋਰਟ ਵਿਚ ਮਜੀਠੀਆ ਦਾ ਨਾਂ ਹੈ।

ਹਾਲ ਹੀ ਵਿਚ ਪੰਜਾਬ ਦੇ ਕਾਰਜਕਾਰੀ ਡੀ.ਜੀ.ਪੀ. ਇਕਬਾਲਪ੍ਰੀਤ ਸਿੰਘ ਸਹੋਤਾ ਨੂੰ ਲਾਂਭੇ ਕਰਕੇ ਸੀਨੀਅਰ ਆਈ.ਪੀ.ਐਸ. ਅਧਿਕਾਰੀ ਸਿਧਾਰਥ ਚਟੋਪਾਧਿਆਏ ਨੂੰ ਕਾਰਜਕਾਰੀ ਡੀ.ਜੀ.ਪੀ. ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਨਿਯੁਕਤੀ ਤੋਂ ਬਾਅਦ ਚੰਨੀ ਸਰਕਾਰ ਦੀ ਨਸ਼ਿਆਂ ਦੇ ਮਾਮਲੇ ਵਿਚ ਸਿਆਸੀ ਆਗੂਆਂ ਖਿਲਾਫ ਹੁਣ ਤੱਕ ਦੀ ਸਭ ਤੋਂ ਵੱਡੀ ਕਾਰਵਾਈ ਹੈ।

ਉਧਰ, ਸ਼੍ਰੋਮਣੀ ਅਕਾਲੀ ਦਲ ਨੇ ਇਸ ਕਾਰਵਾਈ ਨੂੰ ਮਹਿਜ਼ ਸਿਆਸੀ ਸਟੰਟ ਦੱਸਦਿਆਂ ਮਜੀਠੀਆ ਨੂੰ ਝੂਠੇ ਕੇਸ ਵਿਚ ਫਸਾਉਣ ਦੀ ਗੱਲ ਕਹੀ ਹੈ। ਅਕਾਲੀ ਦਲ ਦੇ ਕਾਨੂੰਨੀ ਮਾਹਰਾਂ ਦੀ ਵਿਸ਼ੇਸ਼ ਟੀਮ ਵੱਲੋਂ ਪੰਜਾਬ ਸਰਕਾਰ ਦੀ ਇਸ ਤਾਜ਼ਾ ਕਾਰਵਾਈ ਨੂੰ ਝੂਠਾ ਸਾਬਤ ਕਰਕੇ ਉੱਚ ਅਦਾਲਤ ਵਿਚ ਜਾਣ ਲਈ ਵਿਚਾਰ ਕੀਤਾ ਜਾ ਰਿਹਾ ਹੈ।

## ਰਾਣਾ ਗੁਰਮੀਤ ਸਿੰਘ ਸੋਢੀ ਭਾਜਪਾ ਵਿਚ ਸ਼ਾਮਲ



**ਚੰਡੀਗੜ੍ਹ:** ਪੰਜਾਬ ਦੇ ਕਾਂਗਰਸੀ ਆਗੂ ਰਾਣਾ ਗੁਰਮੀਤ ਸਿੰਘ ਸੋਢੀ ਨਵੀਂ ਦਿੱਲੀ ਵਿਚ ਭਾਜਪਾ ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੇ ਇਸ ਤੋਂ ਕੁਝ ਘੰਟੇ ਪਹਿਲਾਂ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਦਿੱਤਾ। ਜ਼ਿਕਰਯੋਗ ਹੈ ਕਿ ਉਹ ਗੁਰੂਹਰ ਸਹਾਏ ਤੋਂ ਵਿਧਾਇਕ ਹਨ ਤੇ ਕੈਪਟਨ ਅਮਰਿੰਦਰ ਸਿੰਘ ਦੇ ਸਮਰਥਕ ਹਨ। ਉਹ ਸਾਬਕਾ ਮੰਤਰੀ ਵੀ ਰਹਿ ਚੁੱਕੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਚੋਣਾਂ ਬਾਰੇ ਕਿਸਾਨ ਜਥੇਬੰਦੀਆਂ ਇਕਮਤ ਨਹੀਂ; ਚੜੂਨੀ ਨੇ ਪਾਰਟੀ ਬਣਾਈ



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਚੋਣਾਂ ਲੜਨ ਬਾਰੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੁਚਿੱਤੀ ਵਿਚ ਹਨ। ਪਤਾ ਲੱਗਾ ਹੈ ਕਿ ਵੱਡੀ ਗਿਣਤੀ ਕਿਸਾਨ ਯੂਨੀਅਨਾਂ ਚੋਣ ਲੜਨ ਦੇ ਹੱਕ ਵਿਚ ਹਨ। ਬਹੁਤੀਆਂ ਜਥੇਬੰਦੀਆਂ ਆਪ, ਕਾਂਗਰਸ, ਅਕਾਲੀ ਦਲ ਜਾਂ ਕਿਸੇ ਵੀ ਹੋਰ ਰਾਜਸੀ ਪਾਰਟੀ ਨਾਲ ਮਿਲ ਕੇ ਚੋਣ ਲੜਨ ਨਾਲੋਂ ਕਿਸਾਨ, ਮਜ਼ਦੂਰ ਤੇ ਛੋਟੇ ਵਪਾਰੀਆਂ ਦਾ ਫਰੰਟ ਬਣਾ ਕੇ ਚੋਣ ਲੜਨ ਦੇ ਹੱਕ ਵਿਚ ਸਨ ਪਰ ਇਸ ਬਾਰੇ ਕੋਈ ਸਾਂਝੀ ਰਾਏ ਨਹੀਂ ਬਣ ਸਕੀ ਹੈ।

ਉਧਰ, ਹਰਿਆਣਾ ਦੀ ਭਾਰਤੀ ਕਿਸਾਨ ਯੂਨੀਅਨ ਦੇ ਨੇਤਾ ਗੁਰਨਾਮ ਸਿੰਘ ਚੜੂਨੀ ਨੇ ਪੰਜਾਬ ਵਿਧਾਨ ਸਭਾ ਚੋਣਾਂ ਲੜਨ ਲਈ ਸੰਯੁਕਤ ਸੰਘਰਸ਼ ਪਾਰਟੀ ਬਣਾਉਣ ਦਾ ਐਲਾਨ ਕੀਤਾ ਹੈ। ਚੜੂਨੀ ਨੇ ਰਛਪਾਲ ਸਿੰਘ ਜੋੜੇ ਮਾਜਰਾ ਨੂੰ ਪਾਰਟੀ ਦਾ ਪ੍ਰਧਾਨ ਐਲਾਨ ਦਿੱਤਾ।


ਸੰਯੁਕਤ ਸੰਘਰਸ਼ ਪਾਰਟੀ ਪੰਜਾਬ ਵਿਧਾਨ ਸਭਾ ਦੀਆਂ 117 ਸੀਟਾਂ ਉਤੇ ਆਪਣੇ ਉਮੀਦਵਾਰ ਉਤਾਰੇਗੀ, ਜਦੋਂਕਿ ਚੜੂਨੀ ਖੁਦ ਸੂਬੇ 'ਚ ਚੋਣ ਨਹੀਂ ਲੜਨਗੇ। ਪਾਰਟੀ ਬਣਾਉਣ ਦੀ ਕਿਉਂ ਲੋੜ ਪਈ, ਬਾਰੇ ਚੜੂਨੀ ਨੇ ਕਿਹਾ ਕਿ ਦੇਸ 'ਚ ਬਹੁਤ ਸਾਰੀਆਂ ਪਾਰਟੀਆਂ ਹਨ, ਜਿਹੜੀਆਂ ਸਿਰਫ ਪੂੰਜੀਵਾਦੀ ਘਰਾਣਿਆਂ ਨੂੰ ਮੁੱਖ ਰੱਖ ਕੇ ਨੀਤੀਆਂ ਬਣਾਉਂਦੀਆਂ ਹਨ ਤੇ ਰਾਜਨੀਤੀ ਨੂੰ ਇਕ ਵਪਾਰਕ ਧੰਦਾ ਬਣਾ ਲਿਆ, ਜਿਸ ਨਾਲ ਗਰੀਬ ਹੋਰ ਗਰੀਬ ਹੁੰਦਾ ਜਾ ਰਿਹਾ ਹੈ ਤੇ ਅਮੀਰ ਹੋਰ ਅਮੀਰ ਹੁੰਦਾ ਜਾ ਰਿਹਾ ਹੈ ਤੇ ਆਮ ਬੰਦੇ ਦਾ ਦੇਸ 'ਚ ਜਿਊਣਾ ਔਖਾ ਹੋ ਗਿਆ ਹੈ।

ਇਸ ਕਰਕੇ ਇਸ ਭ੍ਰਿਸ਼ਟ ਤੇ ਗੰਧਲੀ ਰਾਜਨੀਤੀ ਤੋਂ ਛੁਟਕਾਰਾ ਪਾਉਣ ਲਈ ਲੋਕ ਹੁਣ ਬਦਲਾਵ ਚਾਹੁੰਦੇ ਹਨ, ਜਿਸ ਕਰਕੇ ਨਵੀਂ ਪਾਰਟੀ ਬਣਾਉਣੀ ਪਈ। ਚੜੂਨੀ ਨੇ ਕਿਹਾ ਕਿ ਕਿਸਾਨੀ ਅੰਦੋਲਨ ਤੋਂ ਬਾਅਦ ਪਹਿਲੀ ਚੋਣ ਪੰਜਾਬ 'ਚ ਹੋ ਰਹੀ ਹੈ। ਲੋਕ ਕਿਸਾਨੀ ਸੰਘਰਸ਼ ਦੌਰਾਨ ਜਾਗਰੂਕ ਹੋ ਚੁੱਕੇ ਹਨ ਤੇ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਜਦੋਂ-ਜਦੋਂ ਵੀ ਸੰਘਰਸ਼ ਤੇ ਬਦਲਾਵ ਹੋਏ, ਉਨ੍ਹਾਂ 'ਚ ਪੰਜਾਬ ਸੂਬਾ ਹਮੇਸ਼ਾ ਮੋਹਰੀ ਰਿਹਾ ਹੈ ਤੇ ਅਸੀਂ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਆਉਣ ਵਾਲੇ ਦਿਨਾਂ 'ਚ ਸਾਡੀ ਪਾਰਟੀ ਇਕ 'ਰੋਡਮੈਪ' ਤਿਆਰ ਕਰਕੇ ਲੋਕਾਂ ਦੀ ਕਚਹਿਰੀ 'ਚ ਜਾਵੇਗੀ। ਚੜੂਨੀ ਨੇ ਕਿਹਾ ਕਿ ਪੰਜਾਬ ਵਿਚ ਭਾਜਪਾ ਦਾ ਕੋਈ ਆਧਾਰ ਨਹੀਂ ਹੈ ਤੇ ਦੂਸਰੀਆਂ ਰਾਜਸੀ ਪਾਰਟੀਆਂ ਕਾਲੇ ਕਾਨੂੰਨਾਂ ਨੂੰ ਲਿਆਉਣ ਵਿਚ ਦੋਸ਼ੀ ਹਨ ਤੇ ਆਮ ਆਦਮੀ ਪਾਰਟੀ ਨੇ ਕਦੀ ਵੀ ਕਾਰਪੋਰੇਟ ਘਰਾਣਿਆਂ ਦਾ ਵਿਰੋਧ ਨਹੀਂ ਕੀਤਾ।

ਇਸ ਕਰਕੇ ਲੋਕਾਂ ਦੇ ਕੋਲ ਹੁਣ ਹੋਰ ਕੋਈ ਬਦਲ ਨਹੀਂ ਬਚਿਆ ਹੈ, ਜਿਸ ਕਰਕੇ ਸਾਨੂੰ ਰਾਜਸੀ ਪਾਰਟੀ ਬਣਾਉਣੀ ਪਈ। ਚੜੂਨੀ ਨੇ ਕਿਹਾ ਕਿ ਪਹਿਲਾਂ ਕਿਸਾਨਾਂ ਨੇ ਬਾਹਰੋਂ ਲੜਾਈ ਲੜੀ ਹੈ, ਹੁਣ ਰਾਜਸੀ ਪਾਰਟੀ ਦੇ ਨਾਲ ਅਸੀਂ ਅੰਦਰ ਵੀ ਲੜਾਈ ਲੜ ਸਕਦੇ ਹਾਂ ਤੇ ਆਸ ਹੈ ਕਿ ਪੰਜਾਬ ਦੇ ਲੋਕ ਸਾਡਾ ਸਾਥ ਦੇਣਗੇ ਤੇ ਨਾਲ ਹੀ ਉਨ੍ਹਾਂ ਕਿਹਾ ਕਿ ਹੋਰ ਬਹੁਤ ਸਾਰੀਆਂ ਜਥੇਬੰਦੀਆਂ ਵੀ ਸਾਡੇ ਨਾਲ ਆਉਣ ਲਈ ਤਿਆਰ ਹਨ।

ਸੰਯੁਕਤ ਸੰਘਰਸ਼ ਪਾਰਟੀ ਦੇ ਪ੍ਰਧਾਨ ਰਛਪਾਲ ਸਿੰਘ ਜੋੜੇ ਮਾਜਰਾ ਨੇ ਕਿਹਾ ਕਿ ਹੁਣ ਤੱਕ ਹਰੇਕ ਸਰਕਾਰ ਨੇ ਕਿਸਾਨਾਂ ਨੂੰ ਲੁੱਟਿਆ ਤੇ ਕੁੱਟਿਆ ਹੈ ਤੇ ਇਨਸਾਨੀਅਤ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਕਿਹਾ ਕਿ ਜਿਵੇਂ ਲੋਹੇ ਨੂੰ ਲੋਹਾ ਕੱਟਦਾ ਹੈ, ਉਸੇ ਤਰ੍ਹਾਂ ਅਸੀਂ ਰਾਜਨੀਤੀ ਵਿਚ ਦਾਖਲ ਹੋ ਕੇ ਕਿਸਾਨ ਵਿਰੋਧੀ ਮਾੜੀ ਰਾਜਨੀਤੀ ਨੂੰ ਖਤਮ ਕਰਾਂਗੇ ਤੇ ਜਿਸ ਤਰ੍ਹਾਂ ਕਿਸਾਨੀ ਸੰਘਰਸ਼ 'ਚ ਜਿੱਤ ਹੋਈ ਹੈ, ਰਾਜਨੀਤਕ ਲੜਾਈ 'ਚ ਵੀ ਸਾਡੀ ਜਿੱਤ ਹੋਵੇਗੀ।

# ਮੋਦੀ ਵੱਲੋਂ ਕੁਦਰਤੀ ਖੇਤੀ ਅਪਣਾਉਣ ਦਾ ਸੱਦਾ



**ਆਨੰਦ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਸਾਨਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਆਰਗੈਨਿਕ ਜਾਂ ਕੁਦਰਤੀ ਖੇਤੀ ਵੱਲ ਮੁੜਨ। ਉਨ੍ਹਾਂ ਕਿਹਾ ਕਿ ਖੇਤੀਬਾੜੀ ਨੂੰ ਰਸਾਇਣਕ ਲੈਬ ਵਿਚੋਂ ਕੱਢ ਕੇ ਕੁਦਰਤੀ ਲੈਬਾਰਟਰੀ ਨਾਲ ਜੋੜਨ ਦੀ ਲੋੜ ਹੈ। ਗੁਜਰਾਤ ਦੇ ਆਨੰਦ ਵਿਚ ਕੁਦਰਤੀ ਖੇਤੀ ਬਾਰੇ ਕੌਮੀ ਸੰਮੇਲਨ ਨੂੰ ਆਨਲਾਈਨ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਪਰਾਲੀ ਸਾੜਨ ਦੇ ਮੁੱਦੇ ਉਤੇ ਵੀ ਚਿੰਤਾ ਜ਼ਾਹਿਰ ਕੀਤੀ।

ਉਨ੍ਹਾਂ ਕਿਹਾ ਕਿ ਇਹ ਅਭਿਆਸ ਖੇਤੀਯੋਗ ਜਮੀਨ ਦੀ ਉਤਪਾਦਨ ਸਮਰੱਥਾ ਨੂੰ ਪ੍ਰਭਾਵਿਤ ਕਰੇਗਾ। ਮੋਦੀ ਨੇ ਕਿਹਾ ਕਿ ਸਮਾਂ ਆ ਗਿਆ ਹੈ ਕਿ ਖੇਤੀਬਾੜੀ ਦਾ ਹਿੱਸਾ ਬਣ ਗਈਆਂ 'ਗਲਤੀਆਂ ਨੂੰ ਸੁਧਾਰਿਆ ਜਾਵੇ।' ਉਨ੍ਹਾਂ ਕਿਹਾ ਕਿ ਇਹ ਸੱਚ ਹੈ ਕਿ ਰਸਾਇਣ ਤੇ ਖਾਦਾਂ ਦਾ ਹਰੀ ਕ੍ਰਾਂਤੀ ਵਿਚ ਅਹਿਮ ਯੋਗਦਾਨ ਰਿਹਾ ਹੈ, ਪਰ ਉਨ੍ਹਾਂ ਦੇ ਬਦਲ ਲੱਭਣ ਦੀ ਵੀ ਲੋੜ ਹੈ। ਹੁਣ ਵੱਡੇ ਕਦਮ ਚੁੱਕਣ ਲਈ ਸਹੀ ਸਮਾਂ ਹੈ। ਇਸ ਤੋਂ ਪਹਿਲਾਂ ਕਿ ਖੇਤੀਬਾੜੀ ਨਾਲ ਸਬੰਧਤ ਮੁੱਦੇ ਗੰਭੀਰ ਰੂਪ ਧਾਰਨ ਕਰ ਜਾਣ, ਸਾਨੂੰ ਵੱਡੇ ਫੈਸਲੇ ਲੈਣੇ ਪੈਣਗੇ। ਮੰਤਰੀ ਨੇ ਕਿਹਾ ਕਿ ਦਰਾਮਦ ਦੀਆਂ ਉੱਚੀਆਂ ਕੀਮਤਾਂ ਨੇ ਖੇਤੀਬਾੜੀ ਲਾਗਤਾਂ ਵੀ ਵਧਾ ਦਿੱਤੀਆਂ ਹਨ। ਇਸ ਨਾਲ ਆਮ ਲੋਕਾਂ ਲਈ ਵੀ ਖੇਤੀ ਉਪਜ ਦੀ ਕੀਮਤ ਵੱਧ ਜਾਂਦੀ ਹੈ। ਮੋਦੀ ਨੇ ਕਿਹਾ ਕਿ ਪਰਾਲੀ ਸੜਨ ਕਰ ਕੇ ਉਤਰੀ ਭਾਰਤ ਵਿਚ ਹਵਾ ਪ੍ਰਦੂਸ਼ਣ ਗੰਭੀਰ ਸਮੱਸਿਆ ਬਣ ਗਿਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਕਿਸਾਨਾਂ ਵਿਚਾਲੇ ਇਕ ਹੋਰ ਗਲਤਫਹਿਮੀ ਹੈ ਕਿ ਰਸਾਇਣਕ ਖਾਦਾਂ ਬਿਨਾਂ ਜ਼ਿਆਦਾ ਉਪਜ ਸੰਭਵ ਨਹੀਂ ਹੈ। ਮੋਦੀ ਨੇ ਕਿਹਾ ਕਿ ਮਾਹਿਰਾਂ ਦਾ ਮੰਨਣਾ ਹੈ ਕਿ ਗਊਆਂ ਆਰਗੈਨਿਕ ਖੇਤੀ 'ਚ ਅਹਿਮ ਭੂਮਿਕਾ ਅਦਾ ਕਰ ਸਕਦੀਆਂ ਹਨ। ਉਨ੍ਹਾਂ ਦਾ ਮਲ-ਮੂਤਰ ਖਾਦਾਂ ਤੇ ਕੀਟਨਾਸ਼ਕ ਵਜੋਂ ਵਰਤਿਆ ਜਾ ਸਕਦਾ ਹੈ। ਆਪਣੇ ਭਾਸ਼ਣ ਵਿਚ ਮੋਦੀ ਨੇ ਭਾਰਤੀ ਖੇਤੀਬਾੜੀ ਖੋਜ ਕੌਂਸਲ ਤੇ ਹੋਰਨਾਂ ਸੰਸਥਾਵਾਂ ਨੂੰ 'ਲੈਬ ਟੂ ਲੈਂਡ' ਸੰਕਲਪ ਲੈਣ ਲਈ ਕਿਹਾ। ਉਨ੍ਹਾਂ ਸੂਬਾ ਸਰਕਾਰਾਂ ਅਪੀਲ ਕੀਤੀ ਕਿ ਕੁਦਰਤੀ ਖੇਤੀ ਨੂੰ ਜਨ ਅੰਦੋਲਨ ਬਣਾਇਆ ਜਾਵੇ। ਕਿਸਾਨ ਛੋਟੇ ਪੱਧਰ ਉਤੇ ਕੁਦਰਤੀ ਖੇਤੀ ਸ਼ੁਰੂ ਕਰ ਕੇ ਨਤੀਜੇ ਦੇਖ ਸਕਦੇ ਹਨ।

# ਕਿਸਾਨੀ ਹੱਕਾਂ ਲਈ ਅੰਦੋਲਨ ਜਾਰੀ ਰੱਖਣ ਦਾ ਅਹਿਦ



**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਹੈ ਕਿ ਕਿਸਾਨਾਂ ਦੀ ਆਪਸੀ ਏਕਤਾ ਅਤੇ ਸਿਰੜ ਨੇ ਨਾ ਸਿਰਫ ਕਾਰਪੋਰੇਟ ਘਰਾਣਿਆਂ ਦਾ ਪੱਖ ਪੂਰਨ ਵਾਲੀ ਕੇਂਦਰ ਦੀ ਸਰਕਾਰ ਨੂੰ ਗੋਡੇ ਟੇਕਣ ਲਈ ਮਜਬੂਰ ਕੀਤਾ ਸਗੋਂ ਸਮੁੱਚੀ ਦੁਨੀਆਂ ਦੀ ਸਭ ਤੋਂ ਵੱਡੀ ਸਾਮਰਾਜੀ ਤਾਕਤ ਅਮਰੀਕਾ ਦੀ ਪ੍ਰਭੁਸੱਤਾ ਨੂੰ ਵੀ ਚੁਣੌਤੀ ਦਿੱਤੀ ਹੈ। ਇਹ ਕਿਸਾਨੀ ਅੰਦੋਲਨ ਦਾ ਪ੍ਰਭਾਵ ਹੀ ਸੀ ਕਿ ਕਿਸਾਨੀ ਦਾ ਗਲਾ ਘੋਟਣ ਲਈ ਰੱਖੀ ਗਈ ਮੀਟਿੰਗ ਵੀ ਵਿਸ਼ਵ ਵਪਾਰ ਸੰਗਠਨ ਨੂੰ ਰੱਦ ਕਰਨੀ ਪਈ।

ਆਗੂਆਂ ਨੇ ਕਿਹਾ ਕਿ ਇਤਿਹਾਸਕ ਜਿੱਤ ਬਾਅਦ ਭਾਵੇਂ ਉਹ ਇਹ ਧਰਨੇ ਖਤਮ ਕਰ ਰਹੇ ਹਨ ਪਰ ਖੇਤੀ ਨੂੰ ਲਾਹੇਵੰਦ ਬਣਾਉਣ ਅਤੇ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਨੂੰ ਪੁੱਠਾ ਗੇੜਾ ਦੇਣ ਦੀ ਜੰਗ ਅਜੇ ਬਾਕੀ ਹੈ। ਇਸ ਜੰਗ ਲਈ ਸਾਨੂੰ ਹੋਰ ਵੀ ਵਧੇਰੇ ਵਿਸ਼ਾਲ ਏਕਾ ਉਸਾਰਨਾ ਪਵੇਗਾ। ਪੰਜਾਬ ਦੇ ਧਰਨਿਆਂ ਤੋਂ ਹਾਸਲ ਵੱਖ-ਵੱਖ ਰਿਪੋਰਟਾਂ ਮੁਤਾਬਕ ਸਵੇਰੇ ਤੋਂ ਹੀ ਧਰਨਿਆਂ ਵਾਲੀ ਥਾਵਾਂ 'ਤੇ ਵਿਆਹ ਵਰਗਾ ਮਾਹੌਲ ਸੀ। ਕਿਸਾਨਾਂ ਵੱਲੋਂ ਇਸ ਮੌਕੇ ਲੱਡੂ, ਜਲੇਬੀਆਂ, ਪਕੌੜਿਆਂ ਅਤੇ ਚਾਹ ਪਾਣੀ ਦਾ ਵਿਸ਼ੇਸ਼ ਬੰਦੋਬਸਤ ਕੀਤਾ ਗਿਆ। ਪੰਜਾਬ ਦੀਆਂ ਸੰਘਰਸ਼ ਸ਼ੀਲ ਕਿਸਾਨ ਜਥੇਬੰਦੀਆਂ ਨੇ ਦਾਅਵਾ ਕੀਤਾ ਕਿ ਅੰਦੋਲਨ ਦੀ ਜਿੱਤ ਕਾਰਨ ਲੋਕਾਂ 'ਚ ਉਤਸ਼ਾਹ ਹੈ।

ਇਸ ਦੌਰਾਨ ਕਿਸਾਨ ਸੰਘਰਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਨਾਲ ਹੀ ਚੌਕਸ ਕੀਤਾ ਗਿਆ ਕਿ ਐਮ.ਐਸ.ਪੀ. ਦੀ ਕਾਨੂੰਨੀ ਗਾਰੰਟੀ, ਪੁਲਿਸ ਕੇਸਾਂ ਦੀ ਵਾਪਸੀ ਅਤੇ ਹੋਰ ਅਹਿਮ ਮੰਗਾਂ ਬਾਰੇ ਲਿਖਤੀ ਭਰੋਸਿਆਂ ਦੇ ਬਾਵਜੂਦ ਮੋਦੀ ਸਰਕਾਰ ਰੰਗ 'ਚ ਭੰਗ ਪਾ ਸਕਦੀ ਹੈ। ਕਿਸਾਨਾਂ ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਮੁਆਫ ਕਰਨ; ਮਾਰੂ ਨਸ਼ਿਆਂ ਤੋਂ ਮੁਕੰਮਲ ਮੁਕਤੀ ਵਰਗੇ ਕਾਂਗਰਸ ਦੇ ਪਿਛਲੇ ਚੋਣ ਵਾਅਦੇ ਪੰਜਾਬ ਦੀ ਚੰਨੀ ਸਰਕਾਰ ਕੋਲੋਂ ਲਾਗੂ ਕਰਵਾਉਣ ਅਤੇ ਕਿਸਾਨ ਮਜਦੂਰ ਪੱਖੀ ਕਰਜ਼ਾ ਕਾਨੂੰਨ ਬਣਾਉਣ ਸਮੇਤ ਹਰ ਪੜ੍ਹੇ-ਲਿਖੇ/ਅਨਪੜ੍ਹ ਬੇਰੁਜ਼ਗਾਰ ਨੂੰ ਉਸ ਦੀ ਯੋਗਤਾ ਮੁਤਾਬਕ ਪੂਰੀ ਤਨਖਾਹ 'ਤੇ ਪੱਕਾ ਰੁਜ਼ਗਾਰ ਦੇਣ ਵਰਗੀਆਂ ਬੁਨਿਆਦੀ ਮੰਗਾਂ ਮੰਨਵਾਉਣ ਲਈ ਇਸੇ ਤਰ੍ਹਾਂ ਦੇ ਸਿਰੜੀ ਘੋਲ ਲੜਨ ਲਈ ਵੀ ਫੌਰੀ ਤਿਆਰ ਹੋਣ ਦਾ ਸੱਦਾ ਦਿੱਤਾ ਗਿਆ।

# ਟੌਲ ਪਲਾਜ਼ਿਆਂ ਉਤੇ ਅਜੇ ਡਟੇ ਰਹਿਣਗੇ ਕਿਸਾਨ

**ਚੰਡੀਗੜ੍ਹ:** ਪੰਜਾਬ ਵਿਚ ਕਾਰਪੋਰੇਟ ਘਰਾਣਿਆਂ ਦੇ ਵਪਾਰਕ ਅਦਾਰਿਆਂ, ਭਾਜਪਾ ਆਗੂਆਂ, ਰੇਲਵੇ ਸਟੇਸ਼ਨਾਂ ਦੇ ਪਾਰਕਾਂ ਆਦਿ 'ਤੇ ਚੱਲ ਰਹੇ ਧਰਨਿਆਂ ਨੂੰ ਸੰਯੁਕਤ ਮੋਰਚੇ ਦੇ ਫੈਸਲੇ ਮੁਤਾਬਕ ਸਮਾਪਤ ਕਰ ਦਿੱਤਾ ਗਿਆ ਜਦੋਂਕਿ ਟੌਲ ਪਲਾਜ਼ਿਆਂ 'ਤੇ ਰੇਟ ਵਧਾਉਣ ਕਾਰਨ ਕਿਸਾਨ ਜਥੇਬੰਦੀਆਂ ਨੇ ਧਰਨੇ ਜਾਰੀ ਰੱਖਣ ਦਾ ਐਲਾਨ ਵੀ ਕੀਤਾ ਹੈ।

ਸੰਯੁਕਤ ਕਿਸਾਨ ਮੋਰਚੇ ਦੇ ਦਿੱਲੀ ਮੋਰਚੇ ਦੀ ਸਮਾਪਤੀ ਮਗਰੋਂ ਕਿਸਾਨ ਜਥੇਬੰਦੀਆਂ ਨੇ ਪੜਾਅਵਾਰ ਸੰਘਰਸ਼ ਨੂੰ ਖਤਮ ਕਰਨ ਦਾ ਐਲਾਨ ਕਰਦਿਆਂ 15 ਦਸੰਬਰ ਨੂੰ ਪੰਜਾਬ ਵਿਚ ਧਰਨੇ ਚੁੱਕਣ ਦਾ ਐਲਾਨ ਕੀਤਾ ਸੀ। ਪੰਜਾਬ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਨੇ ਸੰਘਰਸ਼ ਖਤਮ ਕਰਨ ਦਾ ਐਲਾਨ ਕਰਨ ਮੌਕੇ ਭਰਵੇਂ ਇਕੱਠ ਕੀਤੇ। ਕਿਸਾਨ ਜਥੇਬੰਦੀਆਂ ਦੇ ਬੁਲਾਰਿਆਂ ਨੇ ਕਿਹਾ ਕਿ ਭਵਿੱਖ ਵਿਚ ਵੀ ਕਿਰਤੀਆਂ ਅਤੇ ਕਿਸਾਨਾਂ ਦੀਆਂ ਹੱਕੀ ਮੰਗਾਂ 'ਤੇ ਏਕਤਾ ਅਤੇ ਸੰਘਰਸ਼ ਦਾ ਪੱਲਾ ਨਾ ਛੱਡਿਆ ਜਾਵੇ।

ਸਨਅਤੀ ਸ਼ਹਿਰ 'ਚ ਪੁੱਜੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਜਦੋਂ ਤੱਕ ਟੌਲ ਟੈਕਸ ਦੀਆਂ ਵਧੀਆਂ ਦਰਾਂ ਵਾਪਸ ਨਹੀਂ ਹੁੰਦੀਆਂ, ਉਦੋਂ ਤੱਕ ਟੌਲ ਨਹੀਂ ਚੱਲਣ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਆਮ ਲੋਕਾਂ ਦਾ ਕਿਸਾਨਾਂ ਨੂੰ ਕਾਫੀ ਸਾਥ ਮਿਲਿਆ ਹੈ। ਇਸ ਲਈ ਉਹ ਨਹੀਂ ਚਾਹੁੰਦੇ ਕਿ ਵਧੀਆਂ ਦਰਾਂ ਦਾ ਆਮ ਲੋਕਾਂ ਦੀ ਜੇਬ 'ਤੇ ਅਸਰ ਪਵੇ। ਰਾਜੇਵਾਲ ਨੇ ਕਿਹਾ ਕਿ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਵਿਚ ਇਸ ਸਬੰਧੀ ਫੈਸਲਾ ਲਿਆ ਜਾਵੇਗਾ।

# ਕਿਸਾਨ ਜਥੇਬੰਦੀਆਂ ਵੱਲੋਂ ਚੰਨੀ ਸਰਕਾਰ ਦੀ ਘੇਰਾਬੰਦੀ ਦੀ ਤਿਆਰੀ

**ਚੰਡੀਗੜ੍ਹ:** ਕਿਸਾਨ ਜਥੇਬੰਦੀਆਂ ਨੇ ਕਿਹਾ ਹੈ ਕਿ ਕੇਂਦਰੀ ਹਕੂਮਤ ਵਾਂਗ ਹੁਣ ਪੰਜਾਬ ਦੀ ਚੰਨੀ ਸਰਕਾਰ 'ਤੇ ਵੀ ਕਿਸਾਨਾਂ ਦੀਆਂ ਮੰਗਾਂ ਮੰਨਵਾਉਣ ਲਈ ਦਬਾਅ ਪਾਇਆ ਜਾਵੇਗਾ। 32 ਜਥੇਬੰਦੀਆਂ ਦੀ ਮੀਟਿੰਗ ਵਿਚ ਇਸ ਬਾਰੇ ਰਣਨੀਤੀ ਉਤੇ ਚਰਚਾ ਹੋਈ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਪਿਛਲੀ ਮੀਟਿੰਗ ਵਿਚ ਮੰਗਾਂ ਉਪਰ ਬਣੀ ਸਹਿਮਤੀ ਦੇ ਬਾਵਜੂਦ ਸਰਕਾਰ ਨੇ ਕੋਈ ਸਾਰਥਕ ਕਦਮ ਨਹੀਂ ਉਠਾਏ ਹਨ। ਉਨ੍ਹਾਂ ਕਿਸਾਨੀ ਕਰਜ਼ਿਆਂ ਉਪਰ ਲੀਕ ਮਾਰਨ, ਅੰਦੋਲਨ ਦੌਰਾਨ ਕਿਸਾਨਾਂ ਖਿਲਾਫ ਦਰਜ ਮੁਕੱਦਮਿਆਂ ਦੀ ਵਾਪਸੀ ਸਮੇਤ ਰੁਜ਼ਗਾਰ ਅਤੇ ਹੋਰ ਭਖਦੇ ਮਸਲਿਆਂ ਬਾਰੇ ਪੰਜਾਬ ਸਰਕਾਰ ਵੱਲੋਂ ਧਾਰੀ ਖ਼ਾਮੋਸ਼ੀ ਦੀ ਨਿੰਦਾ ਕੀਤੀ ਅਤੇ ਐਲਾਨ ਕੀਤਾ ਕਿ ਮੁੱਖ ਮੰਤਰੀ ਨਾਲ ਹੋਣ ਵਾਲੀ ਅਗਲੀ ਮੀਟਿੰਗ ਵਿਚ ਇਹ ਮਾਮਲੇ ਜ਼ੋਰਦਾਰ ਢੰਗ ਨਾਲ ਉਠਾਏ ਜਾਣਗੇ।

ਕਿਸਾਨ ਆਗੂਆਂ ਨੇ ਸਰਕਾਰ ਵੱਲੋਂ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਦਾਅਵਿਆਂ ਨੂੰ ਖੋਖਲੇ ਦੱਸਦਿਆਂ ਪੰਜਾਬ ਦੇ ਸਮੁੱਚੇ ਕੱਚੇ ਅਤੇ ਠੇਕੇਦਾਰੀ ਪ੍ਰਬੰਧ ਹੇਠ ਕੰਮ ਕਰਦੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੀ ਮੰਗ ਕੀਤੀ ਅਤੇ ਉਨ੍ਹਾਂ ਦੇ ਸੰਘਰਸ਼ ਦੀ ਹਮਾਇਤ ਦਾ ਵੀ ਐਲਾਨ ਕੀਤਾ। ਕਿਸਾਨ ਆਗੂਆਂ ਨੇ ਸੂਬੇ 'ਚ ਡੀ.ਏ.ਪੀ. ਤੋਂ ਬਾਅਦ ਹੁਣ ਯੂਰੀਏ ਦੀ ਕਮੀ ਅਤੇ ਖੇਤੀ ਲਈ ਨਾਕਾਫੀ ਬਿਜਲੀ ਸਪਲਾਈ ਦਾ ਮੁੱਦਾ ਵੀ ਜ਼ੋਰਦਾਰ ਢੰਗ ਨਾਲ ਉਠਾਇਆ। ਪਿਛਲੇ ਸਮੇਂ ਨਿੱਜੀ ਕੰਪਨੀਆਂ ਲਈ ਗ੍ਰਹਿਣ ਕੀਤੀ ਕਿਸਾਨਾਂ ਦੀ ਜਿਹੜੀ ਜਮੀਨ ਪੰਜ ਸਾਲ ਬਾਅਦ ਵੀ ਵਰਤੋਂ ਵਿਚ ਨਹੀਂ ਲਿਆਂਦੀ ਗਈ, ਉਹ ਕਾਨੂੰਨ ਅਨੁਸਾਰ ਮਾਲਕਾਂ ਨੂੰ ਵਾਪਸ ਕਰਨ ਦੀ ਮੰਗ ਕੀਤੀ ਗਈ ਅਤੇ ਕੌਮੀ ਰਾਜ ਮਾਰਗਾਂ ਵਿਚ ਆ ਰਹੀਆਂ ਕਿਸਾਨਾਂ ਦੀਆਂ ਜ਼ਮੀਨਾਂ ਦਾ ਮੁਆਵਜ਼ਾ ਨਵੇਂ ਭੂਮੀ ਗ੍ਰਹਿਣ ਕਾਨੂੰਨ ਅਨੁਸਾਰ ਦੇਣ ਦੀ ਵੀ ਮੰਗ ਕੀਤੀ ਹੈ।

ਸੂਬਾ ਸਰਕਾਰ ਵੱਲੋਂ ਐਲਾਨੇ ਗੰਨੇ ਦੇ ਭਾਅ ਅਨੁਸਾਰ ਅਦਾਇਗੀ ਨਾ ਕਰਨ ਦੀ ਨਿੰਦਾ ਕਰਦਿਆਂ ਪੂਰੀ ਅਦਾਇਗੀ ਕਰਨ ਦੀ ਮੰਗ ਕੀਤੀ ਗਈ। ਟੌਲ ਪਲਾਜ਼ਿਆਂ ਦੇ ਰੇਟਾਂ ਵਿਚ ਕੀਤਾ ਵਾਧਾ ਫੌਰੀ ਵਾਪਸ ਲੈਣ ਅਤੇ ਉਥੋਂ ਹਟਾਏ ਮੁਲਾਜ਼ਮਾਂ ਨੂੰ ਪਿਛਲੀ ਤਨਖਾਹ ਸਮੇਤ ਬਹਾਲ ਕਰਨ ਦੀ ਵੀ ਮੰਗ ਕੀਤੀ ਗਈ।



ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਨੇ ਪੰਜਾਬ ਸਰਕਾਰ ਵੱਲੋਂ ਮੰਨੀਆਂ ਹੋਈਆਂ ਮੰਗਾਂ ਅਤੇ ਪਿਛਲੇ ਚੋਣ ਵਾਅਦੇ ਲਾਗੂ ਕਰਨ ਤੋਂ ਇਲਾਵਾ ਹੋਰ ਭਖਦੇ ਮਸਲੇ ਹੱਲ ਕਰਵਾਉਣ ਲਈ ਡੀ.ਸੀ. ਦਫਤਰਾਂ ਅੱਗੇ ਪੱਕੇ ਮੋਰਚੇ ਲਾਉਣ ਦਾ ਫੈਸਲਾ ਕੀਤਾ ਹੈ।

ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦੀ ਪ੍ਰਧਾਨਗੀ ਹੇਠ ਹੋਈ ਭਰਵੀਂ ਸੂਬਾਈ ਮੀਟਿੰਗ ਦੌਰਾਨ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਜਥੇਬੰਦੀ ਦੇ ਆਗੂਆਂ ਨੂੰ ਗੱਲਬਾਤ ਲਈ ਸੱਦ ਕੇ ਅਣਮਿਥੇ ਸਮੇਂ ਲਈ ਮੁਲਤਵੀ ਕਰਨ ਦੀ ਨਿਖੇਧੀ ਕੀਤੀ ਗਈ। ਜਥੇਬੰਦੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਕਿਹਾ ਕਿ ਮੁੱਖ ਮੰਗਾਂ ਵਿਚ ਗੁਲਾਬੀ ਸੁੰਡੀ ਨਾਲ ਹੋਈ ਨਰਮੇ ਦੀ ਤਬਾਹੀ, ਗੜੇਮਾਰੀ ਕਾਰਨ ਨੁਕਸਾਨੀਆਂ ਝੋਨੇ ਤੇ ਹੋਰ ਫਸਲਾਂ ਦਾ 17000 ਰੁਪਏ ਪ੍ਰਤੀ ਏਕੜ ਮੁਆਵਜ਼ਾ ਅਤੇ ਇਸ ਦਾ 10 ਫੀਸਦੀ ਖੇਤ ਮਜ਼ਦੂਰਾਂ ਨੂੰ ਤੁਰਤ ਅਦਾ ਕਰਨ, ਖੁਦਕੁਸ਼ੀ ਪੀੜਤ ਕਿਸਾਨਾਂ-ਮਜ਼ਦੂਰਾਂ ਦੇ ਪਰਿਵਾਰਾਂ ਨੂੰ 3-3 ਲੱਖ ਰੁਪਏ ਦੀ ਆਰਥਿਕ ਸਹਾਇਤਾ, 1-1 ਜੀਅ ਨੂੰ ਤੁਰਤ ਸਰਕਾਰੀ ਨੌਕਰੀ ਤੇ ਕਰਜ਼ੇ ਖਤਮ ਕਰਨ, 5 ਏਕੜ ਤੱਕ ਮਾਲਕੀ ਵਾਲੇ ਸਾਰੇ ਕਿਸਾਨਾਂ ਦੇ 2 ਲੱਖ ਰੁਪਏ ਤੱਕ ਦੇ ਕਰਜ਼ੇ ਤੁਰਤ ਮੁਆਫ ਕਰਨ, ਅੰਦੋਲਨਕਾਰੀ ਕਿਸਾਨਾਂ ਸਿਰ ਮੜ੍ਹੇ ਸਾਰੇ ਪੁਲਿਸ ਕੇਸ ਤੁਰਤ ਰੱਦ ਕਰਨ ਅਤੇ ਸ਼ਹੀਦ ਹੋ ਚੁੱਕੇ ਪੰਜਾਬ ਦੇ ਸੈਂਕੜੇ ਕਿਸਾਨਾਂ-ਮਜ਼ਦੂਰਾਂ ਦੇ ਪਰਿਵਾਰਾਂ ਨੂੰ 5-5 ਲੱਖ ਦੀ ਆਰਥਿਕ ਮਦਦ, 1-1 ਜੀਅ ਨੂੰ ਤੁਰਤ ਪੱਕੀ ਸਰਕਾਰੀ ਨੌਕਰੀ ਦੇਣ ਅਤੇ ਸਮੁੱਚੇ ਕਰਜ਼ੇ ਖਤਮ ਕਰਨਾ ਸ਼ਾਮਲ ਹੈ।

# ਕਾਂਗਰਸ ਵੱਲੋਂ ਇਕਜੁੱਟਤਾ ਨਾਲ 'ਮਿਸ਼ਨ 2022' ਫਤਿਹ ਕਰਨ ਦੀ ਰਣਨੀਤੀ



**ਚੰਡੀਗੜ੍ਹ:** ਵਿਧਾਨ ਸਭਾ ਚੋਣਾਂ ਨੇੜੇ ਵੇਖ ਪੰਜਾਬ ਕਾਂਗਰਸ ਨੇ ਆਪਣੇ ਅੰਦਰੂਨੀ ਕਲੇਸ਼ ਨੂੰ ਬਿਲੇ ਲਾਉਣ ਤੇ ਏਕੇ ਨਾਲ ਚੋਣ ਮੈਦਾਨ ਵਿਚ ਨਿੱਤਰਨ ਲਈ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ। ਪੰਜਾਬ ਕਾਂਗਰਸ ਦੀ ਚੋਣ ਪ੍ਰਚਾਰ ਕਮੇਟੀ ਦੀ ਪਲੇਠੀ ਬੈਠਕ 'ਚ ਵੀ ਸੀਨੀਅਰ ਆਗੂਆਂ ਨੇ ਚੋਣ ਮੁਹਿੰਮ ਵਿਚ ਕੁੱਦਣ ਤੋਂ ਪਹਿਲਾਂ ਇਕਜੁੱਟਤਾ ਦਿਖਾਈ।

ਸੂਤਰਾਂ ਅਨੁਸਾਰ ਜਦੋਂ ਬੈਠਕ 'ਚ ਦਲਿਤ ਚਿਹਰੇ ਨੂੰ ਅੱਗੇ ਰੱਖਣ ਦੀ ਗੱਲ ਚੱਲੀ ਤਾਂ ਨਵਜੋਤ ਸਿੱਧੂ ਨੇ ਇਹ ਆਖ ਦਿੱਤਾ ਕਿ ਉਨ੍ਹਾਂ ਨੂੰ ਇਸ 'ਤੇ ਕੋਈ ਇਤਰਾਜ਼ ਨਹੀਂ, ਪਰ ਨਾਲ ਹੀ ਤਲਖ਼ੀ ਵਿਚ ਆਖ ਦਿੱਤਾ ਕਿ ਇਥੋਂ ਹੀ ਵੋਟਾਂ ਤਲਾਸ਼ ਲੈਣਾ। ਪਤਾ ਲੱਗਾ ਹੈ ਕਿ ਪਾਰਟੀ ਪ੍ਰਧਾਨ ਨੇ ਤਿੰਨ ਇਤਰਾਜ਼ ਖੜ੍ਹੇ ਕੀਤੇ ਹਨ। ਇਕ ਇਹ ਕਿ ਮੁੱਖ ਮੰਤਰੀ ਹਰ ਪਾਸੇ ਇਕੱਲੇ ਹੀ ਚਲੇ ਜਾਂਦੇ ਹਨ, ਦੂਜਾ ਚੰਨੀ ਹਰ ਪਾਸੇ ਆਪਣੀ ਹੀ ਤਸਵੀਰ ਚਮਕਾ ਰਹੇ ਹਨ ਅਤੇ ਤੀਜਾ, ਮੁੱਖ ਮੰਤਰੀ ਇਕੱਲੇ ਹੀ ਫੈਸਲੇ ਲੈ ਰਹੇ ਹਨ। ਮੀਟਿੰਗ ਦੌਰਾਨ ਚੋਣ ਮੁਹਿੰਮ ਦੀ ਰੂਪ-ਰੇਖਾ ਬਾਰੇ ਗੱਲ ਤੁਰੀ ਤੁਰੀ ਤਾਂ ਸਿੱਧੂ ਨੇ ਚੰਨੀ ਵੱਲ ਝਾਕ ਕੇ ਕਿਹਾ ਕਿ 'ਚੋਣ ਮੁਹਿੰਮ ਵਿੱਢ ਤਾਂ ਰੱਖੀ ਹੈ'। ਮੁੱਖ ਮੰਤਰੀ ਚੰਨੀ ਮੀਟਿੰਗ ਵਿਚ ਥੋੜ੍ਹਾ ਲੇਟ ਆਏ ਤੇ ਜ਼ਿਆਦਾ ਸਮਾਂ ਚੁੱਪ ਹੀ ਰਹੇ। ਮੁੱਖ ਮੰਤਰੀ ਚੰਨੀ ਨੇ ਮੀਟਿੰਗ 'ਚ ਇੰਨਾ ਹੀ ਕਿਹਾ ਕਿ ਜੋ ਹਾਈਕਮਾਨ ਤੇ ਚੋਣ ਪ੍ਰਚਾਰ ਕਮੇਟੀ ਦੀ ਸਹਿਮਤੀ ਬਣੇਗੀ, ਉਹ ਪ੍ਰਵਾਨ ਹੋਵੇਗੀ। ਮੀਟਿੰਗ ਵਿਚ ਪਾਰਟੀ ਦੇ ਨਵੇਂ ਐਲਾਨੇ ਜਥੇਬੰਦਕ ਢਾਂਚੇ ਵਿਚ ਆਗੂਆਂ ਦੇ ਰਿਸ਼ਤੇਦਾਰਾਂ ਨੂੰ ਅਹੁਦੇ ਦਿੱਤੇ ਜਾਣ ਦਾ ਮਾਮਲਾ ਵੀ ਉੱਠਿਆ।

ਸੂਤਰਾਂ ਅਨੁਸਾਰ ਇਹ ਰਾਏ ਵੀ ਬਣੀ ਕਿ ਵਰਕਰ ਤਾਂ ਪਹਿਲਾਂ ਹੀ ਟੁੱਟੇ ਪਏ ਹਨ ਅਤੇ ਵਰਕਰਾਂ ਨੂੰ ਹੁਲਾਰਾ ਦੇਣ ਲਈ ਆਗੂਆਂ ਦੇ ਰਿਸ਼ਤੇਦਾਰਾਂ ਨੂੰ ਦਿੱਤੇ ਅਹੁਦਿਆਂ ਵਿਚ ਫੇਰਬਦਲ ਕੀਤੀ ਜਾਵੇ। ਨਵਜੋਤ ਸਿੱਧੂ ਨੇ ਇਸ ਮੌਕੇ ਬਿਨਾਂ ਨਾਮ ਲਏ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੱਲੋਂ ਆਪਣੇ ਰਿਸ਼ਤੇਦਾਰ ਨੂੰ ਦਿੱਤੇ ਅਹੁਦੇ ਅਤੇ ਹੋਰਨਾਂ ਵੱਲੋਂ ਦਿੱਤੀਆਂ ਚੇਅਰਮੈਨੀਆਂ 'ਤੇ ਉਂਗਲ ਉਠਾਈ। ਮੀਟਿੰਗ ਮਗਰੋਂ ਸਿੱਧੂ ਨੇ ਕਿਹਾ ਕਿ ਕਾਂਗਰਸ ਪਾਰਟੀ ਪੂਰੀ ਤਰ੍ਹਾਂ ਸੰਗਠਿਤ ਹੋ ਰਹੀ ਹੈ, ਜੋ ਪਾਰਟੀ ਦੇ ਅਸਲ ਵਰਕਰ ਹਨ, ਉਨ੍ਹਾਂ ਨੂੰ ਚੇਅਰਮੈਨੀਆਂ ਦਿੱਤੀਆਂ ਜਾਣਗੀਆਂ। ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ ਸੁਨੀਲ ਜਾਖੜ, ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਇਸ ਮੀਟਿੰਗ ਵਿਚ ਚੋਣ ਰਣਨੀਤੀ ਦਾ ਖ਼ਾਕਾ ਤਿਆਰ ਕਰਨ ਲਈ ਸਾਂਝੇ ਮਸ਼ਵਰੇ ਕੀਤੇ। ਚੋਣ ਮੁਹਿੰਮ ਨੂੰ ਕਿਨ੍ਹਾਂ ਨੁਕਤਿਆਂ 'ਤੇ ਫੋਕਸ ਕੀਤਾ ਜਾਣਾ ਹੈ, ਉਸ 'ਤੇ ਚਰਚਾ ਕੀਤੀ ਗਈ ਹੈ।

ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਦੇ ਸਾਥ, ਸਹਿਯੋਗ ਅਤੇ ਵਰਕਰਾਂ ਦੀ ਮਿਹਨਤ ਨਾਲ ਕਾਂਗਰਸ ਪੰਜਾਬ ਵਿਚ ਮੁੜ ਸਰਕਾਰ ਬਣਾਏਗੀ। ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਪਰਗਟ ਸਿੰਘ ਨੇ ਕਿਹਾ ਕਿ ਆਗਾਮੀ ਚੋਣ ਮੁਹਿੰਮ ਦੇ ਕੇਂਦਰ ਬਿੰਦੂ ਨੂੰ ਲੈ ਕੇ ਵਿਚਾਰ ਵਟਾਂਦਰਾ ਹੋਇਆ ਹੈ ਅਤੇ ਹਰ ਆਗੂ ਨੇ ਆਪਣੀ ਰਾਏ ਰੱਖੀ ਹੈ। ਅਗਲੇ ਦਿਨਾਂ ਵਿਚ ਮੁਹਿੰਮ ਸ਼ੁਰੂ ਹੋ ਜਾਵੇਗੀ।

ਇਸੇ ਦੌਰਾਨ, ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਪਾਰਟੀ ਵੱਲੋਂ ਨਵੇਂ ਬਣਾਏ ਜ਼ਿਲ੍ਹਾ ਪ੍ਰਧਾਨਾਂ ਨਾਲ ਪਲੇਠੀ ਮੀਟਿੰਗ ਕੀਤੀ। ਇਸ ਦੌਰਾਨ ਉਨ੍ਹਾਂ ਨੇ ਪ੍ਰਧਾਨਾਂ ਨੂੰ ਅਗਲੀਆਂ ਚੋਣਾਂ ਦੀ ਤਿਆਰੀ ਲਈ ਥਾਪੜਾ ਦਿੱਤਾ। ਕਰੀਬ ਦੋ ਘੰਟੇ ਚੱਲੀ ਮੀਟਿੰਗ ਵਿਚ ਪਾਰਟੀ ਵਰਕਰਾਂ ਦੀ ਹੋਈ ਅਣਦੇਖੀ ਅਤੇ ਅਫਸਰਸ਼ਾਹੀ ਦੀ ਮਨਮਾਨੀ ਦਾ ਮਾਮਲਾ ਵੀ ਉੱਠਿਆ। ਇਸ ਮੌਕੇ ਜ਼ਿਲ੍ਹਾ ਪ੍ਰਧਾਨਾਂ ਨੇ ਆਪੋ-ਆਪਣੇ ਮਸ਼ਵਰੇ ਰੱਖੇ ਅਤੇ ਸਿੱਧੂ ਨੇ ਜਲਦੀ ਹੀ ਪੰਜਾਬ ਦੇ ਹਰ ਜ਼ਿਲ੍ਹੇ ਵਿਚ ਮੀਟਿੰਗਾਂ ਕਰਨ ਦਾ ਭਰੋਸਾ ਦਿੱਤਾ।

## ਉਮੀਦਵਾਰਾਂ ਦੀ ਆਖਰੀ ਚੋਣ ਦਾ ਹੱਕ ਸੋਨੀਆ ਨੂੰ ਸੌਂਪਿਆ

**ਚੰਡੀਗੜ੍ਹ:** ਪੰਜਾਬ ਕਾਂਗਰਸ ਚੋਣ ਕਮੇਟੀ ਨੇ ਸਰਬਸੰਮਤੀ ਨਾਲ ਆਗਾਮੀ ਪੰਜਾਬ ਚੋਣਾਂ ਲਈ ਉਮੀਦਵਾਰਾਂ ਦੀ ਅੰਤਿਮ ਚੋਣ ਦੇ ਸਾਰੇ ਅਧਿਕਾਰ ਕੁੱਲ ਹਿੰਦ ਕਾਂਗਰਸ ਕਮੇਟੀ ਦੀ ਪ੍ਰਧਾਨ ਸੋਨੀਆ ਗਾਂਧੀ ਨੂੰ ਸੌਂਪ ਦਿੱਤੇ ਹਨ। ਚੋਣ ਕਮੇਟੀ ਦੀ ਮੀਟਿੰਗ ਵਿਚ ਉਮੀਦਵਾਰਾਂ ਦੀ ਚੋਣ ਨੂੰ ਲੈ ਕੇ ਵਿਚਾਰ ਮਸ਼ਵਰਾ ਕੀਤਾ ਗਿਆ। ਮੀਟਿੰਗ ਵਿਚ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਚੌਧਰੀ ਤੋਂ ਇਲਾਵਾ ਤਕਰੀਬਨ ਸਾਰੇ ਮੈਂਬਰ ਮੌਜੂਦ ਸਨ। ਮੀਟਿੰਗ ਵਿਚ ਕਰੀਬ ਦਰਜਨ ਸੀਨੀਅਰ ਆਗੂਆਂ ਨੇ ਆਪਣੇ ਮਸ਼ਵਰੇ ਰੱਖੇ। ਇਨ੍ਹਾਂ ਵਿਚੋਂ ਬਹੁਤਿਆਂ ਨੇ ਇਸ ਗੱਲ 'ਤੇ ਜੋਰ ਦਿੱਤਾ ਕਿ ਟਿਕਟਾਂ ਦੀ ਵੰਡ ਜਲਦੀ ਕੀਤੀ ਜਾਵੇ ਕਿਉਂਕਿ 2017 ਵਿਚ ਉਮੀਦਵਾਰਾਂ ਦੇ ਐਲਾਨ ਵਿਚ ਦੇਰੀ ਹੋਈ ਸੀ।

## ਜਾਖੜ ਨੇ ਕਾਂਗਰਸੀਆਂ ਨੂੰ ਕਿਸਾਨ ਯੂਨੀਅਨਾਂ ਦੀ ਮਿਸਾਲ ਦਿੱਤੀ

**ਜਲੰਧਰ:** ਕਾਂਗਰਸ ਦੀ ਚੋਣ ਪ੍ਰਚਾਰ ਕਮੇਟੀ ਦੇ ਚੇਅਰਮੈਨ ਸੁਨੀਲ ਜਾਖੜ ਨੇ ਪੰਜਾਬੀ ਪਾਰਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਆਪਣੇ ਸਭ ਤੋਂ ਨੇੜਲੇ ਸਾਥੀ ਅਤੇ ਕੈਬਨਿਟ ਮੰਤਰੀ ਪ੍ਰਗਟ ਸਿੰਘ ਦੇ ਛਾਉਣੀ ਹਲਕੇ ਵਿਚ ਰੱਖੀ ਗਈ ਰੈਲੀ ਵਿਚ ਨਾ ਪਹੁੰਚਣ ਅਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਾਲ ਮੰਚ ਸਾਂਝਾ ਨਾ ਕਰਨ 'ਤੇ ਵੱਖਰੇ ਅੰਦਾਜ਼ ਵਿਚ ਤਨਜ ਕੱਸਿਆ। ਜਾਖੜ ਨੇ ਖੇਤੀ ਕਾਨੂੰਨਾਂ ਨੂੰ ਲੈ ਕੇ ਕੇਂਦਰ ਸਰਕਾਰ ਖਿਲਾਫ ਅੰਦੋਲਨ ਕਰਨ ਵਾਲੀਆਂ 32 ਕਿਸਾਨ ਯੂਨੀਅਨਾਂ ਦੀ ਉਦਾਹਰਨ ਦਿੱਤੀ ਕਿ ਕਿਵੇਂ ਉਨ੍ਹਾਂ ਨੇ ਸਾਂਝੇ ਟੀਚੇ ਲਈ ਆਪਣੇ ਮਤਭੇਦਾਂ ਨੂੰ ਦਰਕਿਨਾਰ ਕਰ ਦਿੱਤਾ ਸੀ।

## ਸਿੱਧੂ ਵੱਲੋਂ 'ਸ਼ਹਿਰੀ ਰੁਜ਼ਗਾਰ ਗਾਰੰਟੀ ਮਿਸ਼ਨ' ਦਾ ਐਲਾਨ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ 'ਪੰਜਾਬ ਮਾਡਲ' ਉਤੇ ਝਾਤ ਪੁਆਉਂਦਿਆਂ ਕਿਹਾ ਕਿ ਮਨਰੇਗਾ ਦੀ ਤਰਜ਼ 'ਤੇ ਸ਼ਹਿਰੀ ਖੇਤਰ ਵਿਚ 'ਪੰਜਾਬ ਸ਼ਹਿਰੀ ਰੁਜ਼ਗਾਰ ਗਾਰੰਟੀ ਮਿਸ਼ਨ' ਸ਼ੁਰੂ ਕੀਤਾ ਜਾਵੇਗਾ, ਜਿਸ ਨਾਲ ਸ਼ਹਿਰਾਂ ਦੇ ਹਰ ਵਿਅਕਤੀ ਨੂੰ ਰੁਜ਼ਗਾਰ ਦਾ ਅਧਿਕਾਰ ਮਿਲੇਗਾ। ਉਨ੍ਹਾਂ ਕਿਹਾ ਕਿ ਗੈਰ ਹੁਨਰਮੰਦ ਕਾਮਿਆਂ ਨੂੰ ਵੀ ਇਹ ਹੱਕ ਮਿਲੇਗਾ। ਨਵਜੋਤ ਸਿੱਧੂ ਨੇ ਮਜ਼ਦੂਰਾਂ ਨਾਲ ਮਿਲਣੀ ਮਗਰੋਂ ਇਥੇ ਕਾਂਗਰਸ ਭਵਨ ਵਿਚ ਪ੍ਰੈੱਸ ਕਾਨਫਰੰਸ ਕਰਦਿਆਂ ਕਿਹਾ ਕਿ ਉਹ ਸ਼ਹਿਰੀ ਰੁਜ਼ਗਾਰ ਗਾਰੰਟੀ ਮਿਸ਼ਨ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਹਰ ਲੜਾਈ ਲੜਨਗੇ। ਉਨ੍ਹਾਂ ਮਜ਼ਦੂਰਾਂ ਦੀ ਮੰਦੀ ਹਾਲਾਤ 'ਤੇ ਵੀ ਫਿਕਰ ਜ਼ਾਹਿਰ ਕੀਤਾ। ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਕਿਹਾ ਕਿ ਖ਼ੁਰਾਕ ਸੁਰੱਖਿਆ ਐਕਟ 2013 ਅਨੁਸਾਰ 67 ਫੀਸਦੀ ਆਬਾਦੀ ਜਨਤਕ ਵੰਡ ਪ੍ਰਣਾਲੀ ਅਧੀਨ ਆਉਣੀ ਚਾਹੀਦੀ ਹੈ ਅਤੇ ਮਜਦੂਰ ਵੀ ਇਸ ਸ਼੍ਰੇਣੀ ਵਿਚ ਆਉਣੇ ਚਾਹੀਦੇ ਹਨ। ਉਨ੍ਹਾਂ ਸਰਕਾਰ ਕੋਲ ਲੇਬਰ ਸੈੱਸ ਦਾ ਮੁੱਦਾ ਵੀ ਚੁੱਕਿਆ, ਜੋ ਰਜਿਸਟ੍ਰੇਸ਼ਨ ਨਾ ਹੋਣ ਕਰਕੇ ਬਹੁਤੇ ਉਸਾਰੀ ਕਾਮਿਆਂ ਕੋਲ ਪੁੱਜ ਨਹੀਂ ਰਿਹਾ ਹੈ।

# ਲੋਕ ਸੁਖਬੀਰ ਬਾਦਲ ਨੂੰ ਮੁੱਖ ਮੰਤਰੀ ਬਣਾਉਣਗੇ: ਹਰਸਿਮਰਤ

**ਮੰਡੀ ਘੁਬਾਇਆ:** ਜ਼ਿਲ੍ਹਾ ਫਾਜ਼ਿਲਕਾ ਦੇ ਬਲਾਕ ਅਰਨੀਵਾਲਾ ਵਿਚ ਵੱਖ-ਵੱਖ ਪਿੰਡਾਂ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਹਿਣੀ ਅਤੇ ਕਰਨੀ ਦੇ ਪੂਰੇ ਹਨ। ਸੁਖਬੀਰ ਵੱਲੋਂ ਜੋ ਐਲਾਨ ਕੀਤੇ ਜਾ ਰਹੇ ਹਨ, ਗੱਠਜੋੜ ਸਰਕਾਰ ਬਣਨ 'ਤੇ ਉਹ ਪੂਰੇ ਵੀ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਲੋਕ ਸੁਖਬੀਰ ਸਿੰਘ ਬਾਦਲ ਨੂੰ ਹਲਕਾ ਜਲਾਲਾਬਾਦ ਤੋਂ ਜਿਤਾ ਕੇ ਪੰਜਾਬ ਦਾ ਮੁੱਖ ਮੰਤਰੀ ਬਣਾਉਣਗੇ। ਚੰਨੀ ਸਰਕਾਰ 'ਤੇ ਵਰ੍ਹਦਿਆਂ ਉਨ੍ਹਾਂ ਆਖਿਆ ਕਿ ਕਾਂਗਰਸ ਵੱਲੋਂ 'ਮਜੀਠੀਆ ਫੜੋ, ਬਾਦਲ ਫੜੋ' ਦੀ ਘਟੀਆ ਰਾਜਨੀਤੀ ਤਹਿਤ ਪੰਜਾਬ ਦੇ ਡੀ.ਜੀ.ਪੀ. ਬਦਲੇ ਜਾ ਰਹੇ ਹਨ। ਪਹਿਲਾਂ ਕੈਪਟਨ ਅਮਰਿੰਦਰ ਸਿੰਘ ਝੂਠੀਆਂ ਸਹੁੰਆਂ ਖਾ ਕੇ ਸੱਤਾ ਵਿਚ ਆਏ ਤੇ ਹੁਣ ਚੰਨੀ ਵੀ ਉਸੇ ਲੀਹਾਂ 'ਤੇ ਚੱਲ ਰਹੇ ਹਨ।

ਲੋਕਾਂ ਨੂੰ ਰੁਜ਼ਗਾਰ ਦੇ ਨਾਂ 'ਤੇ ਲਾਰੇ ਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕ ਕਾਂਗਰਸ ਤੇ ਆਮ ਆਦਮੀ ਪਾਰਟੀ ਦੇ ਝੂਠੇ ਲਾਰਿਆਂ 'ਚ ਨਹੀਂ ਆਉਣਗੇ। ਮਨਜਿੰਦਰ ਸਿੰਘ ਸਿਰਸਾ ਬਾਰੇ ਉਨ੍ਹਾਂ ਆਖਿਆ ਕਿ ਪੰਜਾਬ ਦੇ ਲੋਕ ਕਦੇ ਵੀ 'ਦਲ ਬਦਲੂਆਂ' ਨੂੰ ਮੂੰਹ ਨਹੀਂ ਲਗਾਉਣਗੇ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਵਿੱਚ ਅਕਾਲੀ ਦਲ-ਬਸਪਾ ਗੱਠਜੋੜ ਦੀ ਸਰਕਾਰ ਬਣੇਗੀ।

# ਸਰਕਾਰ ਨੇ ਕਾਂਗਰਸੀ ਵਿਧਾਇਕਾਂ ਨੂੰ ਖਜ਼ਾਨਾ ਲੁਟਾਇਆ: ਚੀਮਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਸੱਤਾਧਾਰੀ ਕਾਂਗਰਸ 'ਤੇ ਵਿਧਾਇਕਾਂ ਨੂੰ ਫੰਡ ਦੇਣ ਬਾਰੇ ਪੱਖਪਾਤ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ ਸਰਕਾਰ ਨੇ ਆਪਣੇ ਕਾਂਗਰਸੀ ਵਿਧਾਇਕਾਂ ਨੂੰ ਅੱਖਾਂ ਬੰਦ ਕਰ ਕੇ ਸਰਕਾਰੀ ਖਜ਼ਾਨਾ ਲੁਟਾਇਆ ਪਰ ਵਿਕਾਸ ਕਾਰਜ ਨਜ਼ਰ ਨਹੀਂ ਆ ਰਹੇ।

'ਆਪ' ਨੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਾਂਗਰਸੀ ਵਿਧਾਇਕਾਂ ਨੂੰ ਜਾਰੀ ਅਰਬਾਂ ਰੁਪਏ ਦੇ ਫ਼ੰਡਾਂ ਦੀ ਹਾਈ ਕੋਰਟ ਦੀ ਨਿਗਰਾਨੀ ਹੇਠ ਨਿਆਇਕ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਚੀਮਾ ਨੇ ਕਿਹਾ ਕਿ 'ਆਪ' ਵਿਧਾਇਕਾਂ ਨੂੰ ਕਾਂਗਰਸੀ ਵਿਧਾਇਕਾਂ ਨਾਲੋਂ ਅੱਧਾ ਫੰਡ ਵੀ ਮਿਲਿਆ ਹੁੰਦਾ ਤਾਂ ਉਨ੍ਹਾਂ ਆਪੋ-ਆਪਣੇ ਹਲਕਿਆਂ ਦੀ ਨੁਹਾਰ ਬਦਲ ਦਿੱਤੀ ਹੁੰਦੀ ਅਤੇ ਹਰ ਪਿੰਡ ਤੇ ਮੁਹੱਲਿਆਂ 'ਚ ਵਿਕਾਸ ਕਾਰਜਾਂ 'ਚ ਖਰਚ ਕੀਤੇ ਫੰਡਾਂ ਦਾ ਜਨਤਾ ਨੂੰ ਹਿਸਾਬ ਵੀ ਦਿੱਤਾ ਹੁੰਦਾ। ਉਨ੍ਹਾਂ ਕਾਂਗਰਸ ਦੀ ਨੀਅਤ ਤੇ ਨੀਤੀ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਕਾਂਗਰਸ ਨੂੰ ਬਾਦਲਾਂ ਵਾਂਗ ਲੋਕਾਂ ਦੇ ਫ਼ਤਵੇ ਦੀ ਕੋਈ ਪ੍ਰਵਾਹ ਨਹੀਂ। ਜੇ ਹੁੰਦੀ ਤਾਂ ਹਰ ਹਲਕੇ ਦੇ ਵਿਕਾਸ ਲਈ ਬਰਾਬਰ ਫੰਡ ਜਾਰੀ ਹੁੰਦੇ ਪਰ ਕਾਂਗਰਸ ਸਰਕਾਰ ਨੇ ਸਿਰਫ ਕਾਂਗਰਸੀ ਵਿਧਾਇਕਾਂ ਨੂੰ ਹੀ ਵਿਕਾਸ ਫੰਡਾਂ ਦੇ ਨਾਂ 'ਤੇ ਸਰਕਾਰੀ ਖਜਾਨਾ ਲੁਟਾ ਦਿੱਤਾ। ਵਿਰੋਧੀ ਪਾਰਟੀਆਂ ਦੇ ਵਿਧਾਇਕਾਂ ਨੂੰ ਹਲਕਿਆਂ ਦੇ ਵਿਕਾਸ ਲਈ ਇਕ ਪੈਸਾ ਵੀ ਜਾਰੀ ਨਹੀਂ ਕੀਤਾ।

# ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਬਾਦਲਾਂ ਦੇ ਗੜ੍ਹ 'ਚ ਬੜ੍ਹਕ

**ਲੰਬੀ:** ਬਾਦਲਾਂ ਦੇ ਗੜ੍ਹ ਲੰਬੀ ਹਲਕੇ ਦੇ ਪਿੰਡ ਖੁੱਡੀਆਂ 'ਚ ਆਮ ਆਦਮੀ ਪਾਰਟੀ (ਆਪ) ਕਨਵੀਨਰ ਅਰਵਿੰਦ ਕੇਜਰੀਵਾਲ ਜੰਮ ਕੇ ਗਰਜੇ। ਉਨ੍ਹਾਂ ਚੰਨੀ ਸਰਕਾਰ ਨੂੰ ਡਰਾਮੇਬਾਜ਼ ਅਤੇ ਸਭ ਤੋਂ ਭ੍ਰਿਸ਼ਟ ਸਰਕਾਰ ਗਰਦਾਨਦਿਆਂ ਕਿਹਾ ਕਿ ਪੰਜਾਬ ਦਾ 1.70 ਲੱਖ ਹਜ਼ਾਰ ਕਰੋੜ ਰੁਪਏ ਦਾ ਸਾਲਾਨਾ ਬਜਟ ਹੈ ਜਿਸ ਵਿਚੋਂ 20 ਫੀਸਦੀ (ਕੁੱਲ 34 ਹਜ਼ਾਰ ਕਰੋੜ ਰੁਪਏ) ਲੀਡਰ ਡਕਾਰ ਜਾਂਦੇ ਹਨ।

ਉਨ੍ਹਾਂ ਕਿਹਾ ਕਿ ਇਨ੍ਹਾਂ 34 ਹਜ਼ਾਰ ਕਰੋੜ ਰੁਪਏ ਵਿਚੋਂ 10 ਹਜ਼ਾਰ ਕਰੋੜ ਰੁਪਏ ਔਰਤਾਂ ਨੂੰ ਇਕ-ਇਕ ਹਜ਼ਾਰ ਰੁਪਏ ਮਹੀਨਾ ਦੇਣ 'ਤੇ ਖਰਚ ਕਰਨ ਮਗਰੋਂ ਵੀ ਸੂਬੇ 'ਚ ਦਿੱਲੀ ਵਾਂਗ ਬਿਜਲੀ-ਪਾਣੀ ਦੇ ਬਿੱਲ 'ਜ਼ੀਰੋ' ਹੋ ਸਕਦੇ ਹਨ। ਉਨ੍ਹਾਂ ਕਿਹਾ ਕਿ ਜਿਵੇਂ ਦਿੱਲੀ ਦਾ ਸਾਰਾ ਕਰਜ਼ਾ ਉਤਾਰ ਦਿੱਤਾ ਹੈ, ਉਸੇ ਤਰ੍ਹਾਂ ਪੰਜਾਬ 'ਚ 'ਆਪ' ਦੀ ਸਰਕਾਰ ਬਣਨ 'ਤੇ ਸੂਬੇ ਦਾ ਤਿੰਨ ਲੱਖ ਕਰੋੜ ਰੁਪਏ ਦਾ ਕਰਜ਼ਾ ਵੀ ਲਾਹ ਦਿਆਂਗੇ।

ਜ਼ਿਕਰਯੋਗ ਹੈ ਕਿ ਬਾਦਲਾਂ ਦੇ ਗੜ੍ਹ 'ਚ ਅਰਵਿੰਦ ਕੇਜਰੀਵਾਲ ਵੱਲੋਂ ਕੀਤੀ ਗਈ ਰੈਲੀ ਦੌਰਾਨ ਉਨ੍ਹਾਂ ਦੇ ਸੁਰ ਪ੍ਰਕਾਸ਼ ਸਿੰਘ ਬਾਦਲ ਪਰਿਵਾਰ ਖਿਲਾਫ ਨਰਮੀ ਵਾਲੇ ਰਹੇ। ਕਰੀਬ 17 ਮਿੰਟ ਦੇ ਭਾਸ਼ਨ 'ਚ ਕੇਜਰੀਵਾਲ ਨੇ ਬਾਦਲਾਂ ਖਿਲਾਫ ਤਿੱਖੇ ਸਿਆਸੀ ਹਮਲੇ ਨਹੀਂ ਕੀਤੇ। ਰੈਲੀ ਮੌਕੇ ਦਿੱਲੀ ਦੇ ਮੁੱਖ ਮੰਤਰੀ ਨੇ ਐਲਾਨ ਕੀਤਾ ਕਿ 'ਆਪ' ਦੀ ਸਰਕਾਰ ਬਣਨ 'ਤੇ ਪੰਜਾਬ ਦੇ ਲੁੱਟ-ਖਸੁੱਟ ਵਾਲੇ ਆਗੂਆਂ ਤੋਂ ਸਾਰਾ ਹਿਸਾਬ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਚੰਨੀ ਖੁਦ ਨੂੰ ਜੇਬਕਤਰੇ ਤੋਂ ਲੈ ਕੇ ਐਨ.ਆਰ.ਆਈ. ਤੱਕ ਦੱਸ ਕੇ ਸਰਕਾਰ ਦਾ ਮਜ਼ਾਕ ਬਣਾ ਰਿਹਾ ਹੈ। ਚੰਨੀ 'ਤੇ ਤਨਜ਼ ਕਸਦਿਆਂ ਉਨ੍ਹਾਂ ਕਿਹਾ ਕਿ ਉਹ ਦੁਨੀਆਂ ਦਾ ਪਹਿਲਾ ਅਜਿਹਾ ਮੁੱਖ ਮੰਤਰੀ ਹੈ ਜਿਹੜਾ 24 ਘੰਟੇ ਬਾਥਰੂਮ ਵਿਚ ਲੋਕਾਂ ਨੂੰ ਮਿਲਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਸਰਕਾਰ ਦੇ ਮੰਤਰੀ ਅਤੇ ਵਿਧਾਇਕ ਚੋਰੀ-ਲੁੱਟ ਮਚਾਉਣ 'ਚ ਲੱਗੇ ਹੋਏ ਹਨ। ਅਜਿਹੇ 'ਚ ਪੰਜਾਬ ਦਾ ਭਵਿੱਖ ਸੁਰੱਖਿਅਤ ਕਿਵੇਂ ਰਹਿ ਸਕਦਾ ਹੈ। 'ਆਪ' ਕਨਵੀਨਰ ਨੇ ਕਿਹਾ ਕਿ ਚੰਨੀ ਸਿਰਫ 80 ਦਿਨਾਂ ਦਾ ਹਿਸਾਬ ਦਿੰਦੇ ਹਨ ਜਦਕਿ ਪੌਣੇ ਪੰਜ ਸਾਲ 'ਚ ਕੈਪਟਨ ਅਮਰਿੰਦਰ ਸਿੰਘ ਦਾ ਰਾਜਭਾਗ ਅਤੇ ਘਰ-ਘਰ ਨੌਕਰੀ, ਸ਼ਗਨ ਸਕੀਮ ਜਿਹੇ ਅਣਗਿਣਤ ਅਧੂਰੇ ਵਾਅਦੇ ਵੀ ਇਸੇ ਸਰਕਾਰ ਦੇ ਖਾਤੇ 'ਚ ਪੈਂਦੇ ਹਨ। ਉਨ੍ਹਾਂ ਕਾਂਗਰਸ ਪਾਰਟੀ ਨੂੰ ਸਰਕਸ ਦੱਸਦਿਆਂ ਆਖਿਆ ਕਿ



ਪੰਜਾਬ 'ਚ ਸਿੱਧੂ, ਚੰਨੀ, ਜਾਖੜ ਸਮੇਤ ਕਿਸੇ ਆਗੂ ਦੀ ਆਪਸ 'ਚ ਨਹੀਂ ਬਣਦੀ ਹੈ। ਉਨ੍ਹਾਂ 'ਆਪ' ਸਰਕਾਰ ਬਣਨ 'ਤੇ ਸਰਹਿੰਦ ਫੀਡਰ ਤੋਂ ਕਿਸਾਨਾਂ ਨੂੰ ਲਿਫਟ ਪੰਪਾਂ ਜਰੀਏ ਸਿੰਚਾਈ ਲਈ ਪਾਣੀ ਅਤੇ ਬਿਜਲੀ ਮੁਫਤ ਦੇਣ ਦਾ ਭਰੋਸਾ ਦਿਵਾਇਆ।

ਕੇਜਰੀਵਾਲ ਨੇ ਲੰਬੀ ਤੋਂ ਬਾਦਲਾਂ ਦਾ 25 ਸਾਲਾਂ ਦਾ ਕਬਜ਼ਾ ਤੋੜ ਕੇ 'ਆਪ' ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੂੰ ਜਿਤਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਦਿੱਲੀ ਦੀ ਤਰਜ਼ 'ਤੇ ਸਾਧਾਰਨ ਵਿਅਕਤੀ ਨੂੰ ਮੁੱਖ ਮੰਤਰੀ ਅਤੇ ਮੰਤਰੀ-ਵਿਧਾਇਕਾਂ ਵਾਂਗ ਹਾਈ-ਪ੍ਰੋਫਾਈਲ ਅਤੇ ਮਹਿੰਗੀਆਂ ਸਿਹਤ ਸਹੂਲਤਾਂ ਮੁਫਤ 'ਚ ਮੁਹੱਈਆ ਹੋਣਗੀਆਂ। ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਨੂੰ ਚੰਨੀ ਵਾਂਗ ਗੁੱਲੀ-ਡੰਡਾ ਤਾਂ ਖੇਡਣਾ ਨਹੀਂ ਆਉਂਦਾ, ਪਰ ਆਧੁਨਿਕ ਸਕੂਲ, ਮੁਹੱਲਾ ਕਲੀਨਿਕ ਅਤੇ ਲੋਕ ਹਿੱਤ ਦੇ ਕਾਰਜ ਕਰਨੇ ਬਹੁਤ ਆਉਂਦੇ ਹਨ।

## ਕੇਜਰੀਵਾਲ ਦੀ ਰਾਜਨੀਤੀ ਤੋਂ ਰਵਾਇਤੀ ਸਿਆਸਤਦਾਨ ਡਰੇ: ਮਾਨ


ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਦੀ ਬਦਲਾਅ ਦੀ ਰਾਜਨੀਤੀ ਤੋਂ ਰਵਾਇਤੀ ਸਿਆਸਤਦਾਨ ਡਰੇ ਹੋਏ ਹਨ। ਉਨ੍ਹਾਂ ਕਾਲੇ ਖੇਤੀ ਬਿੱਲਾਂ ਲਈ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਜ਼ਿੰਮੇਵਾਰ ਠਹਿਰਾਇਆ। 'ਆਪ' ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੇ ਆਪਣੇ ਪਿਤਾ ਮਰਹੂਮ ਜਗਦੇਵ ਸਿੰਘ ਖੁੱਡੀਆਂ ਦੀ ਵਿਰਾਸਤ ਦਾ ਜ਼ਿਕਰ ਕਰਦਿਆਂ ਉਨ੍ਹਾਂ ਲੋਕਾਂ ਦੀ ਸੇਵਾ ਲਈ ਇਕ ਮੌਕਾ ਦੇਣ ਦੀ ਅਪੀਲ ਕੀਤੀ। ਇਸ ਮੌਕੇ ਪੰਜਾਬੀ ਗਾਇਕ ਜੱਸ ਬਾਜਵਾ ਨੇ ਲੋਕਾਂ ਦਾ ਗੀਤਾਂ ਨਾਲ ਮਨੋਰੰਜਨ ਕੀਤਾ।

## ਸੂਬਾ-ਦਰ-ਸੂਬਾ ਬਦਲਦੇ ਨੇ ਕੇਜਰੀਵਾਲ ਦੇ ਵਾਅਦੇ: ਚੰਨੀ

**ਲੁਧਿਆਣਾ:** 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ 'ਤੇ ਵਰ੍ਹਦਿਆਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਲੋਕਾਂ ਨੂੰ ਕੇਜਰੀਵਾਲ ਵੱਲੋਂ ਵਰਤੇ ਜਾ ਰਹੇ ਹੱਥਕੰਡਿਆਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਕੇਜਰੀਵਾਲ ਦੇ ਵਾਅਦੇ ਝੂਠ ਦਾ ਪੁਲੰਦਾ ਹਨ, ਜੋ ਸੂਬਾ-ਦਰ-ਸੂਬਾ ਬਦਲਦੇ ਰਹਿੰਦੇ ਹਨ। ਮੁੱਖ ਮੰਤਰੀ ਚੰਨੀ ਨੇ ਉਦਾਹਰਨ ਦਿੰਦਿਆਂ ਕਿਹਾ ਕਿ ਕੇਜਰੀਵਾਲ ਪੰਜਾਬ ਵਿਚ ਔਰਤਾਂ ਨੂੰ ਹਰ ਮਹੀਨੇ 1000 ਰੁਪਏ ਭੱਤਾ ਦੇਣ ਦਾ ਵਾਅਦਾ ਕਰ ਰਹੇ ਹਨ ਪਰ ਗੋਆ ਵਿਚ ਉਨ੍ਹਾਂ ਵੱਲੋਂ ਇਹੀ ਭੱਤਾ 5000 ਰੁਪਏ ਦੇਣ ਦਾ ਵਾਅਦਾ ਕੀਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਸਲ ਵਿਚ ਕੇਜਰੀਵਾਲ ਐਂਡ ਕੰਪਨੀ ਦਾ ਕਿਰਦਾਰ ਸਵਾਲਾਂ ਦੇ ਘੇਰੇ ਵਿਚ ਹੈ, ਜਿਸ ਤੋਂ ਲੋਕਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ।

# ਮਿਸ਼ਨ ਪੰਜਾਬ: ਭਾਜਪਾ ਤੇ ਕੈਪਟਨ ਅਮਰਿੰਦਰ ਵਿਚ ਪਈ ਸਿਆਸੀ ਸਾਂਝ

**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬਾਈ ਵਿਧਾਨ ਸਭਾ ਚੋਣਾਂ ਲਈ ਭਾਰਤੀ ਜਨਤਾ ਪਾਰਟੀ ਨਾਲ ਗੱਠਜੋੜ ਦਾ ਰਸਮੀ ਤੌਰ 'ਤੇ ਐਲਾਨ ਕਰ ਦਿੱਤਾ, ਜਿਸ ਦੀਆਂ ਕਿਆਸਅਰਾਈਆਂ ਪਿਛਲੇ ਮਹੀਨੇ ਉਨ੍ਹਾਂ ਦੇ ਕਾਂਗਰਸ ਛੱਡਣ ਤੋਂ ਬਾਅਦ ਤੋਂ ਲਾਈਆਂ ਜਾ ਰਹੀਆਂ ਸਨ। ਕੈਪਟਨ ਵਲੋਂ ਇਹ ਐਲਾਨ ਦਿੱਲੀ 'ਚ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨਾਲ ਉਨ੍ਹਾਂ ਦੀ ਰਿਹਾਇਸ਼ 'ਤੇ ਹੋਈ ਤਕਰੀਬਨ ਇਕ ਘੰਟੇ ਦੀ ਤਫਸੀਲੀ ਮੀਟਿੰਗ ਤੋਂ ਬਾਅਦ ਕੀਤਾ ਗਿਆ। ਦੋਵਾਂ ਪਾਰਟੀਆਂ ਦਰਮਿਆਨ ਇਹ ਫੈਸਲਾ ਤਕਰੀਬਨ 7 ਗੇੜਾਂ ਦੀ ਗੱਲਬਾਤ ਤੋਂ ਬਾਅਦ ਭਾਜਪਾ ਪੰਜਾਬ ਮਾਮਲਿਆਂ ਦੇ ਇੰਚਾਰਜ ਸ਼ੇਖਾਵਤ ਨਾਲ ਹੋਈ ਮੀਟਿੰਗ 'ਚ ਲਿਆ ਗਿਆ।



ਕੈਪਟਨ ਵੱਲੋਂ ਆਪਣੀ ਨਵੀਂ ਪਾਰਟੀ-ਪੰਜਾਬ ਲੋਕ ਕਾਂਗਰਸ ਅਤੇ ਭਾਜਪਾ ਦੇ ਗੱਠਜੋੜ ਦਾ ਐਲਾਨ ਟਵਿਟਰ 'ਤੇ ਪਾਈ ਇਕ ਤਸਵੀਰ ਰਾਹੀਂ ਕੀਤਾ ਗਿਆ। ਕੈਪਟਨ ਅਤੇ ਸ਼ੇਖਾਵਤ ਦੀ ਗਲਵੱਕੜੀ ਪਾਈ ਇਸ ਤਸਵੀਰ ਦੇ ਨਾਲ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਨੇ ਇਕ ਸੰਦੇਸ਼ 'ਚ ਇਹ ਵੀ ਲਿਖਿਆ ਕਿ ਭਾਜਪਾ ਨਾਲ ਸਾਡਾ (ਕੈਪਟਨ ਦਾ) ਗੱਠਜੋੜ ਪੱਕਾ ਹੈ। ਹਾਲਾਂਕਿ, ਸੀਟਾਂ ਦੀ ਵੰਡ ਨੂੰ ਲੈ ਕੇ ਅਜੇ ਵਿਚਾਰ ਚਰਚਾ ਜਾਰੀ ਹੈ। ਹਲਕਿਆਂ ਮੁਤਾਬਕ ਦਹਾਕਿਆਂ ਤੱਕ ਪੰਜਾਬ 'ਚ ਸ਼੍ਰੋਮਣੀ ਅਕਾਲੀ ਦਲ ਦੀ ਜੂਨੀਅਰ ਗੱਠਜੋੜ ਭਾਈਵਾਲ ਬਣ ਕੇ ਰਹੀ ਭਾਜਪਾ ਇਸ ਵਾਰ ਸੀਨੀਅਰ ਭਾਈਵਾਲ ਬਣਨਾ ਚਾਹੁੰਦੀ ਹੈ।

ਪੰਜਾਬ ਦੀਆਂ 117 ਵਿਧਾਨ ਸਭਾ ਸੀਟਾਂ 'ਚੋਂ ਭਾਜਪਾ 70 ਸੀਟਾਂ ਉਤੇ ਚੋਣ ਲੜਨ ਦੀ ਚਾਹਵਾਨ ਹੈ, ਜਦਕਿ ਕੈਪਟਨ ਦੀ ਪਾਰਟੀ ਨੂੰ 35 ਸੀਟਾਂ ਤੋਂ ਚੋਣ ਲੜਾਈ ਜਾ ਸਕਦੀ ਹੈ। ਬਾਕੀ ਦੀਆਂ 12 ਸੀਟਾਂ ਗੱਠਜੋੜ ਦੇ ਤੀਜੇ ਭਾਈਵਾਲ ਸੁਖਦੇਵ ਸਿੰਘ ਢੀਂਡਸਾ ਦੀ ਪਾਰਟੀ ਨੂੰ ਦਿੱਤੀਆਂ ਜਾਣਗੀਆਂ। ਹਲਕਿਆਂ ਮੁਤਾਬਕ ਸ਼ਹਿਰੀ ਖੇਤਰਾਂ 'ਚ ਮਜ਼ਬੂਤ ਭਾਜਪਾ ਆਪਣਾ ਮੁੱਖ ਧਿਆਨ ਇਨ੍ਹਾਂ ਇਲਾਕਿਆਂ 'ਤੇ ਹੀ ਕੇਂਦਰਿਤ ਰੱਖੇਗੀ, ਜਦਕਿ ਪੰਜਾਬ ਲੋਕ ਕਾਂਗਰਸ ਨੂੰ ਦਿਹਾਤੀ ਇਲਾਕੇ 'ਚ ਵਧੇਰੇ ਸੀਟਾਂ ਦਿੱਤੀਆਂ ਜਾਣਗੀਆਂ।

2017 'ਚ ਵੀ ਕੈਪਟਨ ਨੂੰ ਦਿਹਾਤੀ ਹਲਕਿਆਂ 'ਚੋਂ ਭਰਵਾਂ ਹੁੰਗਾਰਾ ਮਿਲਿਆ ਸੀ। ਕੈਪਟਨ ਨੇ ਸੀਟਾਂ ਦੀ ਵੰਡ ਨੂੰ ਲੈ ਕੇ ਕੋਈ ਖਾਸ ਖੁਲਾਸਾ ਨਾ ਕਰਦਿਆਂ ਸਿਰਫ ਇਹ ਹੀ ਕਿਹਾ ਕਿ ਸੀਟਾਂ ਦੀ ਵੰਡ ਦਾ ਆਧਾਰ ਜਿੱਤਣ ਦੀ ਸਮਰੱਥਾ ਹੋਵੇਗੀ, ਜਿਥੇ ਜਿਸ ਪਾਰਟੀ ਦੀ ਸਥਿਤੀ ਮਜ਼ਬੂਤ ਹੋਵੇਗੀ, ਉਥੇ ਉਸ ਪਾਰਟੀ ਨੂੰ ਸੀਟ ਮਿਲੇਗੀ, ਜਦਕਿ ਗਜੇਂਦਰ ਸ਼ੇਖਾਵਤ ਨੇ ਸੀਟਾਂ ਦੀ ਵੰਡ ਨੂੰ ਲੈ ਕੇ ਪੁੱਛੇ ਸਵਾਲਾਂ ਨੂੰ ਇਹ ਕਹਿ ਕੇ ਟਾਲ ਦਿੱਤਾ ਕਿ ਸੀਟਾਂ ਦੀ ਵੰਡ ਬਾਰੇ ਸਹੀ ਸਮੇਂ 'ਤੇ ਸੂਚਿਤ ਕੀਤਾ ਜਾਵੇਗਾ।

ਉਨ੍ਹਾਂ ਕੈਪਟਨ ਵੱਲੋਂ ਕੀਤੇ ਗੱਠਜੋੜ ਦੇ ਐਲਾਨ 'ਤੇ ਆਪਣੀ ਮੋਹਰ ਲਾਉਂਦਿਆਂ ਕਿਹਾ ਕਿ ਹੁਣ ਇਹ ਕਹਿ ਸਕਦੇ ਹਾਂ ਕਿ ਭਾਜਪਾ ਕੈਪਟਨ ਦੀ ਪਾਰਟੀ ਦੇ ਨਾਲ ਮਿਲ ਕੇ ਚੋਣਾਂ ਲੜੇਗੀ। ਹਲਕਿਆਂ ਮੁਤਾਬਕ ਚੋਣ ਕਮਿਸ਼ਨ ਵੱਲੋਂ ਸੂਬੇ ਦਾ ਦੌਰਾ ਕਰਨ ਤੋਂ ਬਾਅਦ ਹੁਣ ਕਿਆਸ ਲਾਏ ਜਾ ਰਹੇ ਹਨ ਕਿ ਸੂਬੇ 'ਚ ਆਦਰਸ਼ ਚੋਣ ਜ਼ਾਬਤਾ ਜਨਵਰੀ ਦੇ ਪਹਿਲੇ ਜਾਂ ਦੂਜੇ ਹਫਤੇ 'ਚ ਲਗਾਇਆ ਜਾ ਸਕਦਾ ਹੈ। ਇਨ੍ਹਾਂ ਸੰਕੇਤਾਂ ਨੂੰ ਧਿਆਨ 'ਚ ਰੱਖਦਿਆਂ ਹਰ ਪਾਰਟੀ ਆਪੋ ਆਪਣੀ ਸਥਿਤੀ ਸਪੱਸ਼ਟ ਕਰਨ 'ਚ ਮਸਰੂਫ਼ ਹੈ, ਜਿਸ ਨੂੰ ਵੇਖਦਿਆਂ ਭਾਜਪਾ ਅਤੇ ਕੈਪਟਨ ਨੇ ਸਮੇਂ ਸਿਰ ਐਲਾਨ ਕਰਨ ਦਾ ਫੈਸਲਾ ਕੀਤਾ ਤਾਂ ਜੋ ਆਪੋ-ਆਪਣੀ ਸਮਰੱਥਾ ਵਾਲੇ ਚੋਣ ਹਲਕਿਆਂ 'ਚ ਪੂਰੀ ਮਜ਼ਬੂਤੀ ਨਾਲ ਉਤਰਿਆ ਜਾ ਸਕੇ।

## ਕੈਪਟਨ ਅਮਰਿੰਦਰ ਸਿੰਘ ਵੱਲੋਂ 101 ਫੀਸਦੀ ਜਿੱਤ ਦਾ ਦਾਅਵਾ

**ਨਵੀਂ ਦਿੱਲੀ:** ਕੈਪਟਨ ਅਮਰਿੰਦਰ ਸਿੰਘ ਨੇ ਦਾਅਵਾ ਕੀਤਾ ਕਿ ਭਾਜਪਾ ਅਤੇ ਪੰਜਾਬ ਲੋਕ ਕਾਂਗਰਸ ਦਾ ਗੱਠਜੋੜ ਵਿਧਾਨ ਸਭਾ ਚੋਣਾਂ 101 ਫੀਸਦੀ ਜਿੱਤੇਗਾ। ਚੋਣ ਜਿੱਤਣ ਦੀ ਯੋਗਤਾ ਰੱਖਣ ਵਾਲੇ ਆਗੂਆਂ ਨੂੰ ਹੀ ਟਿਕਟਾਂ ਦਿੱਤੀਆਂ ਜਾਣਗੀਆਂ। ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨਾਲ ਚੱਲ ਰਹੀ ਖਿੱਚੋਤਾਣ ਮਗਰੋਂ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ।

## ਅਕਾਲੀ ਦਲ (ਅ) ਵੱਲੋਂ ਉਮੀਦਵਾਰਾਂ ਦਾ ਐਲਾਨ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਵਿਧਾਨ ਸਭਾ ਚੋਣਾਂ ਲਈ ਪਹਿਲੀ ਸੂਚੀ ਜਾਰੀ ਕਰਦਿਆਂ 43 ਉਮੀਦਵਾਰਾਂ ਦਾ ਐਲਾਨ ਕੀਤਾ ਹੈ। ਸ੍ਰੀ ਫਤਹਿਗੜ੍ਹ ਸਾਹਿਬ ਤੋਂ ਈਮਾਨ ਸਿੰਘ ਮਾਨ, ਕੋਟਕਪੂਰਾ ਤੋਂ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਮਾਨਸਾ ਤੋਂ ਗੁਰਸੇਵਕ ਸਿੰਘ ਜਵਾਹਰਕੇ ਤੇ ਪਟਿਆਲਾ ਦਿਹਾਤੀ ਤੋਂ ਪ੍ਰੋ. ਮਹਿੰਦਰਪਾਲ ਸਿੰਘ ਨੂੰ ਉਮੀਦਵਾਰ ਐਲਾਨਿਆ ਹੈ। ਉਨ੍ਹਾਂ ਚੋਣ ਮੈਨੀਫੈਸਟੋ ਬਾਰੇ ਕਿਹਾ ਕਿ ਉਹ ਚੋਣ ਜ਼ਾਬਤੇ ਵਿਚ ਰਹਿ ਕੇ ਚੋਣਾਂ ਲੜਨਗੇ ਅਤੇ ਪਾਕਿਸਤਾਨ ਬਾਰਡਰ ਖੋਲ੍ਹ ਕੇ ਹਰ ਤਰ੍ਹਾਂ ਦਾ ਵਪਾਰ ਸ਼ੁਰੂ ਕਰਨ ਲਈ ਯਤਨ ਕਰਨਗੇ।

# ਪੰਜਾਬ 'ਚ ਭਾਜਪਾ ਬਣਾਏਗੀ ਸਰਕਾਰ: ਸਿਰਸਾ

**ਚੰਡੀਗੜ੍ਹ:** ਹਾਲ ਹੀ 'ਚ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਛੱਡ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਏ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਦਾਅਵਾ ਕੀਤਾ ਕਿ ਸਾਲ 2022 ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਜਿੱਤ ਦਰਜ ਕਰਕੇ ਸੂਬੇ ਵਿਚ ਭਾਜਪਾ ਸਰਕਾਰ ਬਣਾਏਗੀ।

ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਦੇਸ 'ਚ ਭਾਜਪਾ ਦੀ ਸਰਕਾਰ ਹੈ, ਜੇਕਰ ਹੁਣ ਕੋਈ ਪੰਜਾਬ ਦੀ ਗੱਲ ਸੁਣ ਸਕਦਾ ਹੈ, ਸੂਬੇ ਦੇ ਮਸਲੇ ਹੱਲ ਕਰ ਸਕਦਾ ਹੈ ਤਾਂ ਉਹ ਭਾਜਪਾ ਹੀ ਕਰ ਸਕਦੀ ਹੈ। ਭਾਜਪਾ ਹੀ ਪੰਜਾਬ ਨੂੰ ਨਸ਼ਾ ਮੁਕਤ ਬਣਾ ਸਕਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਹਰਿਆਣਾ ਜਾਂ ਯੂ.ਪੀ. 'ਚ ਚੋਣ ਲੜ ਰਹੀ ਸੀ ਤਾਂ ਤੀਜੇ ਜਾਂ ਚੌਥੇ ਨੰਬਰ ਉਤੇ ਹੀ ਸੀ, ਪਰ ਲੋਕਾਂ ਨੂੰ ਇਸ ਗੱਲ ਦਾ ਭਰੋਸਾ ਸੀ ਕਿ ਜੇਕਰ ਇਸ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਸਾਡੇ ਮਸਲੇ ਇਹ ਇਕ ਪਾਰਟੀ ਹੀ ਹੱਲ ਕਰ ਸਕਦੀ ਹੈ।

# ਭਾਜਪਾ ਨਾਲ ਗੱਠਜੋੜ ਪਿੱਛੋਂ ਵਿਰੋਧੀਆਂ ਵੱਲੋਂ ਕੈਪਟਨ 'ਤੇ ਹੱਲੇ



**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਨਾਲ ਗੱਠਜੋੜ ਪਿੱਛੋਂ ਸਿਆਸੀ ਵਿਰੋਧੀਆਂ ਨੇ ਕੈਪਟਨ ਅਮਰਿੰਦਰ ਸਿੰਘ ਉਤੇ ਸ਼ਬਦੀ ਹਮਲੇ ਹੋਰ ਤਿੱਖੇ ਕਰ ਦਿੱਤੇ ਹਨ। ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਭਾਜਪਾ ਨਾਲ ਗੱਠਜੋੜ ਕਰ ਕੇ ਪੰਜਾਬ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਚੰਨੀ ਨੇ ਕਿਹਾ ਕਿ ਭਾਜਪਾ ਨੇ ਤਿੰਨ ਖੇਤੀ ਕਾਨੂੰਨ ਲਿਆ ਕੇ ਕਿਸਾਨਾਂ ਨੂੰ ਇਕ ਸਾਲ ਤੋਂ ਵੱਧ ਸਮਾਂ ਸੜਕਾਂ 'ਤੇ ਰਹਿਣ ਲਈ ਮਜਬੂਰ ਕਰ ਦਿੱਤਾ ਸੀ। ਉਨ੍ਹਾਂ ਹੈਰਾਨੀ ਪ੍ਰਗਟਾਈ ਕਿ ਪੰਜਾਬ ਵਿਚ ਅਜਿਹੀ ਪਾਰਟੀ ਨਾਲ ਕੋਈ ਕਿਵੇਂ ਜਾ ਸਕਦਾ ਹੈ?

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਲਈ ਆਪਣੀ ਨਵੀਂ ਦੁਕਾਨ ਖੋਲ੍ਹ ਲਈ ਹੈ। ਇਸੇ ਤਰ੍ਹਾਂ ਕਾਂਗਰਸੀ ਆਗੂ ਅੰਦਰੂਨੀ ਕਸ਼ਮਕਸ਼ ਤੋਂ ਹੀ ਨਹੀਂ ਉੱਭਰ ਰਹੇ। ਸੁਖਬੀਰ ਨੇ ਕਿਹਾ ਕਿ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਬਸਪਾ ਗੱਠਜੋੜ ਦੀ ਸਰਕਾਰ ਆਉਣ 'ਤੇ ਸਭ ਤੋਂ ਪਹਿਲਾਂ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਬੁਰੀ ਤਰ੍ਹਾਂ ਫੇਲ ਹੋ ਚੁੱਕੇ ਸਿੱਖਿਆ ਸਿਸਟਮ ਨੂੰ ਦਰੁਸਤ ਕੀਤਾ ਜਾਵੇਗਾ। ਹਰ 25,000 ਦੀ ਆਬਾਦੀ ਪਿੱਛੇ ਪੰਜ ਹਜ਼ਾਰ ਬੱਚਿਆਂ ਵਾਲੇ ਸਰਕਾਰੀ ਸਕੂਲ ਖੋਲ੍ਹੇ ਜਾਣਗੇ, ਜਿਥੇ ਸੌ-ਸੌ ਅਧਿਆਪਕਾਂ ਦੀ ਤਾਇਨਾਤੀ ਕੀਤੀ ਜਾਵੇਗੀ।



ਉਧਰ, ਪੰਜਾਬ 'ਚ ਕੌਮਾਂਤਰੀ ਸਰਹੱਦ 'ਤੇ ਬੀ.ਐਸ.ਐਫ. ਵੱਲੋਂ ਪਾਕਿਸਤਾਨੀ ਡਰੋਨ ਡੇਗੇ ਜਾਣ ਮਗਰੋਂ ਪੰਜਾਬ ਲੋਕ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ 'ਚ ਸੁਰੱਖਿਆ ਹਾਲਾਤ ਲਈ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਕਰਾਰੇ ਹੱਥੀਂ ਲਿਆ ਹੈ। ਉਨ੍ਹਾਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਕਿਹਾ ਹੈ ਕਿ ਉਹ ਆਪਣੇ ਗ੍ਰਹਿ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਆਖਣ ਕਿ ਉਹ ਸਰਗਰਮ ਹੋਵੇ। ਕੈਪਟਨ ਨੇ ਡਰੋਨ ਡੇਗਣ ਦੀ ਮੀਡੀਆ ਰਿਪੋਰਟ ਨੱਥੀ ਕਰਦਿਆਂ ਟਵੀਟ ਕੀਤਾ, "ਸਾਰਾ ਦਿਨ ਭੰਗੜਾ ਪਾਉਣ ਦੀ ਬਜਾਏ ਪੰਜਾਬ ਦੇ ਮੁੱਖ ਮੰਤਰੀ ਆਪਣੇ ਗ੍ਰਹਿ ਮੰਤਰੀ ਨੂੰ ਸਲਾਹ ਦੇਣ ਕਿ ਉਹ ਸਰਗਰਮ ਹੋਵੇ ਅਤੇ ਇਨਕਾਰ ਕਰਨ ਵਾਲੇ ਰਵੱਈਏ ਤੋਂ ਬਾਹਰ ਨਿਕਲੇ।" ਇਸ ਹਫਤੇ ਦੇ ਸ਼ੁਰੂ 'ਚ ਮੁੱਖ ਮੰਤਰੀ ਚੰਨੀ ਇਕ ਸਮਾਗਮ ਦੌਰਾਨ ਭੰਗੜਾ ਪਾਉਂਦੇ ਹੋਏ ਨਜ਼ਰ ਆਏ ਸਨ।

# ਭਾਜਪਾ ਨਾਲ ਗੱਠਜੋੜ ਬਾਰੇ ਢੀਂਡਸਾ ਧੜਾ ਦੋਫਾੜ; ਬ੍ਰਹਮਪੁਰਾ ਵੱਲੋਂ ਕੋਰੀ ਨਾਂਹ

**ਨਵੀਂ ਦਿੱਲੀ:** ਭਾਜਪਾ ਨੇ ਪੰਜਾਬ 'ਚ ਆਉਂਦੀਆਂ ਵਿਧਾਨ ਸਭਾ ਚੋਣਾਂ ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਪੰਜਾਬ ਲੋਕ ਕਾਂਗਰਸ ਨਾਲ ਮਿਲ ਕੇ ਚੋਣਾਂ ਲੜਨ ਦਾ ਰਸਮੀ ਤੌਰ 'ਤੇ ਐਲਾਨ ਕਰ ਦਿੱਤਾ ਹੈ। ਕੈਪਟਨ ਤੋਂ ਬਾਅਦ ਹੁਣ ਭਾਜਪਾ ਵੱਲੋਂ ਅਕਾਲੀ ਦਲ ਸੰਯੁਕਤ ਨਾਲ ਸਾਂਝ ਦੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ। ਹਾਲਾਂਕਿ ਅਕਾਲੀ ਦਲ ਸੰਯੁਕਤ ਇਸ ਪੱਖੋਂ ਦੋਫਾੜ ਨਜ਼ਰ ਆ ਰਿਹਾ ਹੈ।





ਸੁਖਦੇਵ ਸਿੰਘ ਢੀਂਡਸਾ ਗੱਠਜੋੜ ਦੇ ਹਾਮੀ ਹਨ ਪਰ ਉਨ੍ਹਾਂ ਦੇ ਸਾਥੀ ਰਣਜੀਤ ਸਿੰਘ ਬ੍ਰਹਮਪੁਰਾ ਇਸ ਪਾਸੇ ਕੋਰਾ ਜਵਾਬ ਦੇ ਚੁੱਕੇ ਹਨ। ਬ੍ਰਹਮਪੁਰਾ ਨੇ ਸਾਫ ਆਖ ਦਿੱਤਾ ਹੈ ਕਿ ਭਾਜਪਾ ਨਾਲ ਕੋਈ ਗੱਠਜੋੜ ਨਹੀਂ ਹੋਵੇਗਾ, ਇਹ ਢੀਂਡਸਾ ਦੀ ਨਿੰਜੀ ਰਾਏ ਹੋ ਸਕਦੀ ਹੈ। ਹਾਲਾਂਕਿ ਇਸ ਦੇ ਬਾਵਜੂਦ ਭਾਜਪਾ ਤੇ ਢੀਂਡਸਾ ਵੱਲੋਂ ਪਰਦੇ ਪਿੱਛੇ ਕੋਸ਼ਿਸ਼ਾਂ ਹੋ ਰਹੀਆਂ ਹਨ।

ਸੂਤਰਾਂ ਮੁਤਾਬਕ ਦਲ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਅਤੇ ਭਾਜਪਾ ਦੇ ਪੰਜਾਬ ਮਾਮਲਿਆਂ ਦੇ ਮੁਖੀ ਗਜੇਂਦਰ ਸਿੰਘ ਸ਼ੇਖਾਵਤ ਦਰਮਿਆਨ ਮੀਟਿੰਗ ਹੋਈ ਜਿਸ ਦੌਰਾਨ ਚੋਣਾਂ ਦੀ ਰਣਨੀਤੀ ਸਬੰਧੀ ਚਰਚਾ ਕੀਤੀ ਗਈ। ਪਾਰਟੀ ਦੇ ਇਕ ਸੀਨੀਅਰ ਆਗੂ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਸ੍ਰੀ ਢੀਂਡਸਾ ਵੱਲੋਂ ਭਗਵਾਂ ਪਾਰਟੀ ਨਾਲ ਗੱਠਜੋੜ ਦੇ ਰਸਮੀ ਐਲਾਨ ਤੋਂ ਪਹਿਲਾਂ ਇਕ ਮੀਟਿੰਗ ਬੁਲਾਈ ਜਾਣੀ ਹੈ ਜਿਸ ਵਿਚ ਭਾਜਪਾ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪਾਰਟੀ ਨਾਲ ਗੱਠਜੋੜ ਬਾਰੇ ਚਰਚਾ ਕੀਤੀ ਜਾਵੇਗੀ। ਇਸ ਤਰ੍ਹਾਂ ਨਾਲ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਦਾ ਸੁਖਦੇਵ ਸਿੰਘ ਢੀਂਡਸਾ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪਾਰਟੀ ਨਾਲ ਚੋਣ ਗੱਠਜੋੜ ਹੋਣ ਨਾਲ ਇਕ ਧਿਰ ਸਾਹਮਣੇ ਆ ਗਈ ਹੈ। ਕੈਪਟਨ ਅਮਰਿੰਦਰ ਸਿੰਘ ਵੀ ਸ਼ੁੱਕਰਵਾਰ ਨੂੰ ਹੀ ਸ੍ਰੀ ਸ਼ੇਖਾਵਤ ਨੂੰ ਮਿਲ ਕੇ ਗੱਠਜੋੜ ਸਬੰਧੀ ਚਰਚਾ ਕਰ ਕੇ ਆਏ ਹਨ।

ਸੁਖਦੇਵ ਸਿੰਘ ਢੀਂਡਸਾ ਵੱਲੋਂ ਕੁਝ ਹਫਤੇ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੀਟਿੰਗ ਤੋਂ ਬਾਅਦ ਭਾਜਪਾ ਨਾਲ ਚੋਣ ਗੱਠਜੋੜ ਸਬੰਧੀ ਚਰਚਾ ਕਰਨ ਲਈ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਆਗੂਆਂ ਦੀ ਇਕ ਮੀਟਿੰਗ ਬੁਲਾਈ ਗਈ ਸੀ ਜਿਸ ਦੌਰਾਨ ਜ਼ਿਆਦਾਤਰ ਆਗੂਆਂ ਨੇ ਭਾਜਪਾ ਨਾਲ ਗੱਠਜੋੜ ਸਬੰਧੀ ਹਾਮੀ ਨਹੀਂ ਸੀ ਭਰੀ ਸਗੋਂ ਵਿਰੋਧ ਦਰਜ ਕਰਵਾਇਆ ਸੀ। ਆਗੂਆਂ ਦੀ ਦਲੀਲ ਸੀ ਕਿ ਪੰਜਾਬ ਦੇ ਦਿਹਾਤੀ ਖੇਤਰ ਵਿਚ ਭਾਜਪਾ ਨੂੰ ਲੋਕ ਮੂੰਹ ਲਾਉਣ ਲਈ ਤਿਆਰ ਨਹੀਂ ਹਨ। ਇਸ ਲਈ ਦਿਹਾਤੀ ਖੇਤਰ ਵਿੱਚ ਆਧਾਰ ਰੱਖਣ ਵਾਲੀ ਕਿਸੇ ਵੀ ਪਾਰਟੀ ਨੂੰ ਭਾਜਪਾ ਨਾਲ ਸਾਂਝ ਪਾਉਣ ਦਾ ਲਾਭ ਹੋਣ ਦੀ ਥਾਂ ਹਾਨੀ ਹੋ ਸਕਦੀ ਹੈ। ਅਜਿਹੇ ਵਿਚਾਰ ਸਾਹਮਣੇ ਆਉਣ ਤੋਂ ਬਾਅਦ ਢੀਂਡਸਾ ਧੜੇ ਨੇ ਭਾਜਪਾ ਨਾਲ ਗੱਠਜੋੜ ਦਾ ਅਮਲ ਲਟਕਾ ਦਿੱਤਾ ਸੀ। ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਇਕ ਸੀਨੀਅਰ ਆਗੂ ਨੇ ਕਿਹਾ ਕਿ ਜਦੋਂ ਪਾਰਟੀ ਦੀ ਮੀਟਿੰਗ ਬੁਲਾਈ ਗਈ ਸੀ, ਉਦੋਂ ਤੱਕ ਕੇਂਦਰ ਸਰਕਾਰ ਵੱਲੋਂ ਕਿਸਾਨੀ ਮੰਗਾਂ ਨਹੀਂ ਮੰਨੀਆਂ ਗਈਆਂ ਸਨ। ਇਸ ਆਗੂ ਦਾ ਕਹਿਣਾ ਹੈ ਕਿ ਹੁਣ ਜਦੋਂ ਕਿਸਾਨਾਂ ਦੀਆਂ ਮੰਗਾਂ ਮੰਨ ਲਈਆਂ ਗਈਆਂ ਹਨ ਤੇ ਕਿਸਾਨ ਜਥੇਬੰਦੀਆਂ ਨੇ ਦਿੱਲੀ ਤੇ ਪੰਜਾਬ ਵਿੱਚ ਲੱਗੇ ਮੋਰਚੇ ਵੀ ਚੁੱਕ ਦਿੱਤੇ ਹਨ ਤਾਂ ਸਥਿਤੀ ਵਿੱਚ ਫਰਕ ਆ ਗਿਆ ਹੈ। ਇਸ ਲਈ ਅਕਾਲੀ ਦਲ ਸੰਯੁਕਤ ਨੂੰ ਭਾਜਪਾ ਨਾਲ ਗੱਠਜੋੜ ਕਰਨ ਵਿੱਚ ਕੋਈ ਸੰਕੋਚ ਨਹੀਂ ਹੈ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਨਾਲ ਸਿਆਸੀ ਸਾਂਝ ਤੋੜਨ ਉਪਰੰਤ ਭਾਜਪਾ ਨਵੇਂ ਭਾਈਵਾਲਾਂ ਨਾਲ ਪੰਜਾਬ ਦੀ ਸਿਆਸਤ ਵਿਚ ਪਹਿਲੀ ਵਾਰੀ ਜ਼ਿਆਦਾ ਸੀਟਾਂ 'ਤੇ ਜ਼ੋਰ ਅਜ਼ਮਾਈ ਕਰ ਕੇ ਸਥਾਪਤ ਹੋਣ ਦੇ ਯਤਨ ਕਰ ਰਹੀ ਹੈ।

# ਬਹਿਬਲ ਗੋਲੀ ਕਾਂਡ ਵਿਚ ਇਨਸਾਫ ਲਈ ਮੁੜ ਲੱਗਾ 'ਮੋਰਚਾ'



**ਫਰੀਦਕੋਟ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਵਾਪਰੇ ਬਹਿਬਲ ਗੋਲੀ ਕਾਂਡ ਮਾਮਲੇ ਵਿਚ ਨਾਮਜ਼ਦ ਮੁਲਜ਼ਮਾਂ ਨੂੰ ਸਜ਼ਾਵਾਂ ਨਾ ਮਿਲਣ ਅਤੇ ਸੀਨੀਅਰ ਪੁਲਿਸ ਅਧਿਕਾਰੀਆਂ ਖਿਲਾਫ਼ ਦਰਜ ਮੁਕੱਦਮਿਆਂ ਦੀ ਸੁਣਵਾਈ ਲਟਕਣ ਤੋਂ ਖਫ਼ਾ ਪੀੜਤ ਪਰਿਵਾਰ ਅਣਮਿਥੇ ਸਮੇਂ ਲਈ ਧਰਨੇ 'ਤੇ ਬੈਠ ਗਿਆ ਹੈ।

ਇਹ ਧਰਨਾ ਉਸ ਸਥਾਨ ਉਪਰ ਦਿੱਤਾ ਜਾ ਰਿਹਾ ਹੈ ਜਿਥੇ 14 ਅਕਤੂਬਰ, 2015 ਨੂੰ ਬਹਿਬਲ ਗੋਲੀ ਕਾਂਡ ਵਾਪਰਿਆ ਸੀ। ਗੋਲੀ ਕਾਂਡ ਵਿਚ ਮਾਰੇ ਗਏ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨੇ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਨੇ ਇਹ ਭਰੋਸਾ ਦੇ ਕੇ ਚੋਣਾਂ ਜਿੱਤੀਆਂ ਸਨ ਕਿ ਉਹ ਬੇਅਦਬੀ ਅਤੇ ਬਹਿਬਲ-ਕੋਟਕਪੂਰਾ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਸਜਾਵਾਂ ਦਿਵਾਉਣਗੇ ਪਰ ਛੇ ਸਾਲ ਬੀਤਣ ਦੇ ਬਾਵਜੂਦ ਵੀ ਕਿਸੇ ਕੇਸ ਦਾ ਫੈਸਲਾ ਨਹੀਂ ਹੋਇਆ ਹੈ ਅਤੇ ਬਹੁਤੇ ਕੇਸਾਂ ਦੀ ਅਦਾਲਤ ਵਿਚ ਸੁਣਵਾਈ ਵੀ ਸ਼ੁਰੂ ਨਹੀਂ ਹੋ ਸਕੀ। ਧਰਨੇ ਨੂੰ ਵੱਖ ਵੱਖ ਜਥੇਬੰਦੀਆਂ ਤੋਂ ਇਲਾਵਾ ਸਿਮਰਨਜੀਤ ਸਿੰਘ ਮਾਨ ਦੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸਹਿਯੋਗ ਦਿੱਤਾ ਹੈ। ਧਰਨੇ 'ਤੇ ਬੈਠੇ ਸੁਖਰਾਜ ਸਿੰਘ ਨੇ ਕਿਹਾ ਇਨਸਾਫ ਮਿਲਣ ਤੱਕ ਉਨ੍ਹਾਂ ਦਾ ਧਰਨਾ ਜਾਰੀ ਰਹੇਗਾ ਅਤੇ ਹੁਣ ਉਹ ਸਿਆਸੀ ਪਾਰਟੀਆਂ ਦੀਆਂ ਗੱਲਾਂ ਵਿਚ ਨਹੀਂ ਆਉਣਗੇ।

ਪੀੜਤ ਪਰਿਵਾਰਾਂ ਦੇ ਮੈਂਬਰਾਂ ਨੇ ਕਿਹਾ ਕਿ 2015 'ਚ ਵਾਪਰੇ ਬਰਗਾੜੀ ਬੇਅਦਬੀ ਕਾਂਡ ਅਤੇ ਇਸ ਨਾਲ ਜੁੜੇ ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀਆਂ ਨੂੰ ਫੜਨ ਵਿਚ ਸਮੇਂ ਦੀਆਂ ਸਰਕਾਰਾਂ ਨਾਕਾਮ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਨਸਾਫ ਹਾਸਲ ਕਰਨ ਲਈ ਉਨ੍ਹਾਂ ਨੂੰ ਰੋਸ ਧਰਨੇ ਵਾਲਾ ਰਾਹ ਅਖਤਿਆਰ ਕਰਨਾ ਪਿਆ ਹੈ।

ਉਨ੍ਹਾਂ ਹਕੂਮਤਾਂ 'ਤੇ ਇਲਜ਼ਾਮ ਲਾਇਆ ਕਿ ਉਹ ਨਿਆਂ ਨਾ ਦੇ ਕੇ ਮਾਮਲੇ ਨੂੰ ਮਘਦਾ ਰੱਖਣਾ ਚਾਹੁੰਦੀਆਂ ਹਨ ਤਾਂ ਜੋ ਚੋਣਾਂ ਸਮੇਂ ਇਸ ਮੁੱਦੇ 'ਤੇ ਮੁੜ ਸਿਆਸਤ ਕੀਤੀ ਜਾ ਸਕੇ। ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰਾਂ ਨੂੰ ਦੋਸ਼ੀਆਂ ਬਾਰੇ ਜਾਣਕਾਰੀ ਹੈ, ਪਰ ਉਹ ਮਾਮਲੇ ਦਾ ਹੱਲ ਨਹੀਂ ਚਾਹੁੰਦੀਆਂ। ਸੁਖਰਾਜ ਸਿੰਘ ਨਿਆਮੀਵਾਲਾ ਨੇ ਕਿਹਾ ਕਿ ਨਿਆਂ ਹਾਸਲ ਕੀਤੇ ਬਿਨਾਂ ਉਹ ਪਿੱਛੇ ਨਹੀਂ ਹਟਣਗੇ।

ਤਖਤ ਦਮਦਮਾ ਸਾਹਿਬ ਦੇ ਮੁਤਵਾਜ਼ੀ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਤੋਂ ਇਲਾਵਾ ਕਈ ਹੋਰ ਪੰਥਕ ਆਗੂਆਂ ਤੇ ਪੰਥ ਦਰਦੀਆਂ ਨੇ ਹਾਜ਼ਰੀ ਲਵਾਈ। ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨਿਆਮੀਵਾਲਾ ਨੇ ਕਿਹਾ ਕਿ ਛੇ ਸਾਲਾਂ 'ਚ ਤਿੰਨ ਮੁੱਖ ਮੰਤਰੀ ਆਏ ਅਤੇ ਸਾਰਿਆਂ ਨੇ ਬੇਅਦਬੀ ਤੇ ਬਹਿਬਲ ਕਾਂਡ ਦੇ ਮੁਲਜ਼ਮਾਂ ਨੂੰ ਸਜ਼ਾ ਦੇਣ ਦੇ ਭਰੋਸੇ ਤੋਂ ਅਗਲੀ ਗੱਲ ਕਦੇ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਵੇਲੇ ਬਰਗਾੜੀ ਮੋਰਚੇ 'ਚ ਪਹੁੰਚੇ ਉਦੋਂ ਦੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਇੱਥੋਂ ਤੱਕ ਕਿਹਾ ਸੀ ਕਿ ਜੇ ਉਨ੍ਹਾਂ ਕੋਲ ਸਿਰਫ ਇਕ ਘੰਟੇ ਲਈ ਤਾਕਤ ਆ ਜਾਵੇ ਤਾਂ ਉਹ ਮੁਲਜ਼ਮਾਂ ਨੂੰ ਕਾਬੂ ਕਰਨ ਵਿਚ ਮਿੰਟ ਲਾਉਣਗੇ। ਉਨ੍ਹਾਂ ਸਵਾਲ ਚੁੱਕਿਆ ਕਿ ਹੁਣ ਤਾਂ ਸ੍ਰੀ ਰੰਧਾਵਾ ਗ੍ਰਹਿ ਮੰਤਰੀ ਹਨ ਪਰ ਕਾਰਵਾਈ ਕਿਉਂ ਨਹੀਂ ਕੀਤੀ ਗਈ।

ਬਲਜੀਤ ਸਿੰਘ ਦਾਦੂਵਾਲ ਨੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਦਿਆਂ ਸਰਕਾਰ ਦੀ ਵਾਅਦਾਖਿਲਾਫ਼ੀ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰਾਂ ਸੰਵੇਦਨਸ਼ੀਲ ਮੁੱਦੇ 'ਤੇ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰ ਰਹੀਆਂ ਹਨ।


## ਬੇਅਦਬੀ ਕਾਂਡ ਵਾਲੇ ਬਖਸ਼ੇ ਨਹੀਂ ਜਾਣਗੇ: ਚੰਨੀ

**ਲੁਧਿਆਣਾ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਸੂਬੇ ਵਿਚ ਰੇਤ ਮਾਫੀਆ, ਬੇਅਦਬੀ ਕਾਂਡ, ਪੋਸਟ ਮੈਟ੍ਰਿਕ ਵਜ਼ੀਫਾ ਸਕੀਮ ਤੇ ਸਿੰਜਾਈ ਘਪਲਿਆਂ ਨੂੰ ਅੰਜਾਮ ਦੇਣ ਵਾਲਿਆਂ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਉਨ੍ਹਾਂ ਨੂੰ ਕਾਨੂੰਨ ਮੁਤਾਬਕ ਸਜਾ ਦਿਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਅਪਰਾਧਕ ਗਤੀਵਿਧੀਆਂ ਵਿਚ ਸ਼ਾਮਲ ਸਿਆਸੀ ਆਗੂਆਂ ਖਿਲਾਫ ਵੀ ਕਾਰਵਾਈ ਕੀਤੀ ਜਾਵੇਗੀ ਤੇ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਇਨ੍ਹਾਂ ਲੋਕਾਂ ਨੂੰ ਸਲਾਖਾਂ ਪਿੱਛੇ ਪਹੁੰਚਾਇਆ ਜਾਵੇ। ਆਮ ਆਦਮੀ ਪਾਰਟੀ ਉਤੇ ਸ਼ਬਦੀ ਹਮਲੇ ਕਰਦਿਆਂ ਸ੍ਰੀ ਚੰਨੀ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਸੂਬੇ ਵਿਚ ਸੱਤਾ ਹਥਿਆਉਣ ਦੀ ਯੋਜਨਾ ਬਣਾ ਰਿਹਾ ਤੇ ਪੰਜਾਬ ਵਾਸੀਆਂ ਨੂੰ ਇਸ ਬਾਰੇ ਸੁਚੇਤ ਰਹਿਣਾ ਚਾਹੀਦਾ ਹੈ।

## ਬੇਅਦਬੀ ਪਿਛਲੀਆਂ ਤਾਕਤਾਂ ਦਾ ਪਰਦਾਫਾਸ਼ ਹੋਵੇ: ਜਥੇਦਾਰ

**ਫਤਹਿਗੜ੍ਹ ਸਾਹਿਬ:** ਬੇਅਦਬੀ ਦੀ ਵਾਪਰੀ ਮੰਦਭਾਗੀ ਘਟਨਾ ਦੀ ਨਿਖੇਧੀ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਚੋਣਾਂ ਵੇਲੇ ਏਜੰਸੀਆਂ ਵੱਲੋਂ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿਵਾ ਕੇ ਸ਼ਾਂਤਮਈ ਮਾਹੌਲ ਨੂੰ ਭੰਗ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ, ਜਿਸ ਨੂੰ ਕਿਸੇ ਕੀਮਤ ਉਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਗਿਆਨੀ ਹਰਪ੍ਰੀਤ ਸਿੰਘ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਸਿੱਖਾਂ ਦੇ ਸਬਰ ਦਾ ਪਿਆਲਾ ਭਰ ਚੁੱਕਾ ਹੈ, ਇਸ ਲਈ ਸਿੱਖ ਕੌਮ ਦੇ ਸਬਰ ਦਾ ਇਮਤਿਹਾਨ ਨਾ ਲਿਆ ਜਾਵੇ ਅਤੇ ਇਨ੍ਹਾਂ ਘਟਨਾਵਾਂ ਪਿੱਛੇ ਕਿਹੜੀਆਂ ਤਾਕਤਾਂ ਕੰਮ ਕਰ ਰਹੀਆਂ ਹਨ, ਉਸ ਦਾ ਪਰਦਾਫਾਸ਼ ਕੀਤਾ ਜਾਵੇ।

# ਸਿੱਖ ਕਤਲੇਆਮ: ਸੱਜਣ ਕੁਮਾਰ ਖਿਲਾਫ ਦੋਸ਼ ਆਇਦ



**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਹਰਮੀਤ ਸਿੰਘ ਕਾਲਕਾ ਨੇ ਦੱਸਿਆ ਕਿ 1984 ਦੇ ਸਿੱਖ ਕਤਲੇਆਮ ਵੇਲੇ ਸਰਸਵਤੀ ਵਿਹਾਰ ਪੁਲਿਸ ਥਾਣੇ ਅਧੀਨ ਆਉਂਦੇ ਇਲਾਕੇ ਦੇ ਰਹਿਣ ਵਾਲੇ ਜਸਵੰਤ ਸਿੰਘ ਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਨੂੰ ਜਿਊਂਦਾ ਸਾੜਨ ਦੇ ਕੇਸ ਵਿਚ ਸੱਜਣ ਕੁਮਾਰ ਖਿਲਾਫ ਦਿੱਲੀ ਦੀ ਅਦਾਲਤ ਵਿਚ ਦੋਸ਼ ਆਇਦ ਹੋ ਗਏ ਹਨ।

ਕਾਲਕਾ ਨੇ ਕਿਹਾ ਕਿ 1984 ਦੇ ਕਤਲੇਆਮ ਵੇਲੇ ਸੱਜਣ ਕੁਮਾਰ ਦੀ ਅਗਵਾਈ ਵਾਲੀ ਭੀੜ ਵੱਲੋਂ ਰਾਜ ਨਗਰ ਦਿੱਲੀ ਦੇ ਰਹਿਣ ਵਾਲੇ ਦੋਵਾਂ ਪਿਉ-ਪੁੱਤਰਾਂ ਨੂੰ ਜਿਊਂਦਾ ਸਾੜ ਦਿੱਤਾ ਗਿਆ ਸੀ। ਇਸ ਮਾਮਲੇ ਵਿਚ ਐਮ.ਕੇ. ਨਾਗਪਾਲ ਸਪੈਸ਼ਲ ਜੱਜ ਰੋਜ਼ ਐਵੇਨਿਊ ਕੋਰਟ ਦੀ ਅਦਾਲਤ ਵੱਲੋਂ ਸੱਜਣ ਕੁਮਾਰ ਦੇ ਖਿਲਾਫ ਧਾਰਾ 147, 148, 149, 302, 308, 323, 395, 397, 427, 436 440 ਅਤੇ 149 ਆਈ.ਪੀ.ਸੀ. ਤਹਿਤ ਦੋਸ਼ ਆਇਦ ਕੀਤੇ ਗਏ ਹਨ। ਕਮੇਟੀ ਦੇ ਲੀਗਲ ਸੈੱਲ ਦੇ ਚੇਅਰਮੈਨ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਸੁਣਵਾਈ ਦੌਰਾਨ ਸੱਜਣ ਕੁਮਾਰ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਜਦੋਂ ਕਿ ਦਿੱਲੀ ਕਮੇਟੀ ਦੀ ਲੀਗਲ ਟੀਮ ਤੇ ਸਰਕਾਰੀ ਧਿਰ ਨੇ ਸੱਜਣ ਕੁਮਾਰ ਨੂੰ ਦੋਸ਼ੀ ਦੱਸਿਆ। ਇਸ ਮਾਮਲੇ ਵਿਚ ਹੁਣ ਅਦਾਲਤ 'ਚ ਮੁਕੱਦਮੇ ਦੀ ਸੁਣਵਾਈ ਹੋਵੇਗੀ ਤੇ ਸਬੰਧਤ ਧਿਰਾਂ ਵੱਲੋਂ ਦਲੀਲਾਂ ਪੇਸ਼ ਕੀਤੀਆਂ ਜਾਣਗੀਆਂ।

# ਸ਼੍ਰੋਮਣੀ ਕਮੇਟੀ ਨੇ ਰਾਜੋਆਣਾ ਤੇ ਹੋਰ ਬੰਦੀਆਂ ਦੀ ਰਿਹਾਈ ਮੰਗੀ



**ਅੰਮ੍ਰਿਤਸਰ:** ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਭਾਰਤ ਸਰਕਾਰ ਵੱਲੋਂ ਸਿੱਖ ਕੈਦੀਆਂ ਦੀ ਰਿਹਾਈ ਦੇ ਕੀਤੇ ਐਲਾਨ 'ਤੇ ਅਮਲ ਨਾ ਹੋਣ 'ਤੇ ਦੁੱਖ ਪ੍ਰਗਟਾਉਂਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਸ ਸਬੰਧੀ ਸ਼੍ਰੋਮਣੀ ਕਮੇਟੀ ਦਾ ਇਕ ਵਫਦ ਕੇਂਦਰੀ ਗ੍ਰਹਿ ਮੰਤਰੀ ਨੂੰ ਮਿਲੇਗਾ।

ਧਰਮ ਪ੍ਰਚਾਰ ਕਮੇਟੀ ਦੀ ਮੀਟਿੰਗ ਮਗਰੋਂ ਐਡਵੋਕੇਟ ਧਾਮੀ ਨੇ ਕਿਹਾ ਕਿ ਭਾਰਤ ਸਰਕਾਰ ਨੇ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸਿੱਖ ਕੈਦੀਆਂ ਦੀ ਰਿਹਾਈ ਦਾ ਐਲਾਨ ਕੀਤਾ ਸੀ ਪਰ ਇਸ ਫੈਸਲੇ ਨੂੰ ਅੱਜ ਤੱਕ ਲਾਗੂ ਨਹੀਂ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਮੁਆਫੀ ਦੀ ਅਪੀਲ 'ਤੇ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਇਸ ਬਾਰੇ ਜਲਦੀ ਫੈਸਲਾ ਕਰਨ ਦੇ ਆਦੇਸ਼ ਦਿੱਤੇ ਸੀ ਪਰ ਕਰੀਬ ਇਕ ਸਾਲ ਦਾ ਸਮਾਂ ਬੀਤਣ ਦੇ ਬਾਵਜੂਦ ਸਰਕਾਰ ਕੋਈ ਫੈਸਲਾ ਨਹੀਂ ਕਰ ਸਕੀ।

ਉਨ੍ਹਾਂ ਕਿਹਾ ਕਿ ਇਸ ਸਬੰਧੀ ਪੱਤਰ ਭੇਜ ਕੇ ਵਫ਼ਦ ਦੇ ਰੂਪ ਵਿਚ ਗ੍ਰਹਿ ਮੰਤਰੀ ਨੂੰ ਮਿਲਣ ਲਈ ਸਮਾਂ ਮੰਗਿਆ ਗਿਆ ਹੈ ਅਤੇ ਸਮਾਂ ਮਿਲਣ 'ਤੇ ਗ੍ਰਹਿ ਮੰਤਰੀ ਨਾਲ ਮੁਲਾਕਾਤ ਕੀਤੀ ਜਾਵੇਗੀ। ਸਿੱਖ ਵਫਦ ਰਾਜੋਆਣਾ ਸਮੇਤ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਅਤੇ ਹੋਰ ਸਿੱਖ ਬੰਦੀਆਂ ਦੀ ਰਿਹਾਈ ਦੇ ਨਾਲ ਹੋਰ ਸਿੱਖ ਮਸਲਿਆਂ 'ਤੇ ਗੱਲਬਾਤ ਕਰੇਗਾ। ਪਾਕਿਸਤਾਨ ਸਥਿਤ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਪ੍ਰਸ਼ਾਦ ਦੇ ਪੈਕਟਾਂ ਅੰਦਰ ਸਿਗਰਟ ਦਾ ਇਸ਼ਤਿਹਾਰ ਛਪੇ ਹੋਣ ਸਬੰਧੀ ਕਮੇਟੀ ਪ੍ਰਧਾਨ ਨੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਪਾਕਿਸਤਾਨ ਸਰਕਾਰ ਕੋਲੋਂ ਕੁਤਾਹੀ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ।

## ਡੇਰਾ ਮੁਖੀ ਜਾਂਚ 'ਚ ਸਹਿਯੋਗ ਨਹੀਂ ਕਰ ਰਿਹਾ: ਸਿੱਟ

**ਫਰੀਦਕੋਟ:** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ ਨੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਅਤੇ ਡੇਰੇ ਦੀ ਪ੍ਰਬੰਧਕੀ ਕਮੇਟੀ ਦੇ ਵਾਈਸ ਚੇਅਰਮੈਨ ਡਾ. ਨੈਨ ਤੋਂ ਹੋਈ ਪੁੱਛ-ਪੜਤਾਲ ਦੀ ਸਟੇਟਸ ਰਿਪੋਰਟ ਹਾਈ ਕੋਰਟ ਵਿਚ ਪੇਸ਼ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਵਿਸ਼ੇਸ਼ ਜਾਂਚ ਟੀਮ ਨੇ ਆਪਣੀ ਰਿਪੋਰਟ ਵਿਚ ਦਾਅਵਾ ਕੀਤਾ ਹੈ ਕਿ ਡੇਰਾ ਮੁਖੀ ਅਤੇ ਡਾ. ਨੈਨ ਨੇ ਪੁੱਛ-ਪੜਤਾਲ ਵਿਚ ਸਹਿਯੋਗ ਨਹੀਂ ਕੀਤਾ। ਇਹ ਵੀ ਪਤਾ ਲੱਗਾ ਹੈ ਕਿ ਜਾਂਚ ਟੀਮ ਡਾ. ਨੈਨ ਨੂੰ ਬੇਅਦਬੀ ਕਾਂਡ ਵਿਚ ਮੁਲਜ਼ਮ ਵਜੋਂ ਨਾਮਜ਼ਦ ਕਰ ਸਕਦੀ ਹੈ। ਜਾਂਚ ਟੀਮ ਨੇ ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਡੇਰਾ ਮੁਖੀ ਤੋਂ ਪੁੱਛ-ਪੜਤਾਲ ਕਰਨ ਲਈ ਦੋ ਵਾਰ ਸੁਨਾਰੀਆ ਜੇਲ੍ਹ ਦਾ ਦੌਰਾ ਕੀਤਾ ਹੈ। ਜਾਂਚ ਟੀਮ ਨੇ ਬੇਅਦਬੀ ਕਾਂਡ ਵਿਚ ਡੇਰਾ ਮੁਖੀ ਅਤੇ ਡੇਰੇ ਦੇ ਬਾਕੀ ਪ੍ਰਬੰਧਕਾਂ ਤੋਂ ਹੋਈ ਪੁੱਛ-ਪੜਤਾਲ ਸਬੰਧੀ ਹਾਈ ਕੋਰਟ ਵਿਚ ਦੂਸਰੀ ਵਾਰ ਆਪਣੀ ਰਿਪੋਰਟ ਪੇਸ਼ ਕੀਤੀ ਹੈ। ਹਾਲਾਂਕਿ ਡੇਰੇ ਦੀ ਚੇਅਰਪਰਸਨ ਡਾ. ਵਿਪਾਸਨਾ ਅਜੇ ਤੱਕ ਜਾਂਚ ਟੀਮ ਨੂੰ ਨਹੀਂ ਮਿਲੀ। ਪੁੱਛ-ਪੜਤਾਲ ਮਗਰੋਂ ਜਾਂਚ ਟੀਮ ਨੂੰ ਪਤਾ ਲੱਗਿਆ ਹੈ ਕਿ 18 ਮਹੀਨੇ ਤੋਂ ਵਿਪਾਸਨਾ ਡੇਰੇ ਵਿੱਚੋਂ ਗਾਇਬ ਹੈ।

# ਸਿਗਰਟ ਵਾਲੇ ਲਿਫਾਫੇ ਵਿਚ ਪ੍ਰਸ਼ਾਦ ਪੈਕ ਕਰਨ ਦਾ ਵਿਰੋਧ



**ਅੰਮ੍ਰਿਤਸਰ:** ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਪ੍ਰਸ਼ਾਦ ਇਕ ਸਿਗਰਟ ਦੇ ਪੈਕੇਟ ਵਾਲੇ ਲਿਫਾਫੇ ਵਿਚ ਪੈਕ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ ਜਿਸ ਦਾ ਸਿੱਖ ਜਥੇਬੰਦੀਆਂ ਨੇ ਸਖਤ ਵਿਰੋਧ ਕੀਤਾ ਹੈ। ਇਸ ਸਬੰਧੀ ਇਕ ਵੀਡਿਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ, ਜਿਸ ਵਿਚ ਦਿਖਾਈ ਦੇ ਰਿਹਾ ਹੈ ਕਿ ਗੁਰਦੁਆਰੇ ਦੇ ਪ੍ਰਸ਼ਾਦ ਲਈ ਬਣਾਏ ਗਏ ਪੈਕੇਟ ਦਾ ਬਾਹਰੀ ਹਿੱਸਾ ਕੁਝ ਹੋਰ ਹੈ ਅਤੇ ਉਸ ਦੇ ਅੰਦਰਲੇ ਪਾਸੇ ਸਿਗਰਟ ਦੇ ਪੈਕੇਟ ਦਾ ਕਾਗ਼ਜ਼ ਲੱਗਾ ਹੋਇਆ ਹੈ। ਇਹ ਸਿਗਰਟ ਗੋਲਡ ਸਟਰੀਟ ਇੰਟਰਨੈਸ਼ਨਲ ਨਾਂ ਦੀ ਹੈ। ਪੈਕੇਟ ਦੇ ਬਾਹਰ ਗੁਰਦੁਆਰਾ ਨਨਕਾਣਾ ਸਾਹਿਬ ਦੀ ਤਸਵੀਰ ਹੈ, ਜਿਸ ਉਪਰ 550 ਸਾਲਾ ਪ੍ਰਕਾਸ਼ ਪੁਰਬ ਅਤੇ ਪ੍ਰਸ਼ਾਦ ਲਿਖਿਆ ਹੋਇਆ ਹੈ। ਇਸ ਪੈਕੇਟ ਦੇ ਦੂਜੇ ਪਾਸੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਤਸਵੀਰ ਹੈ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਆਮਿਰ ਸਿੰਘ ਨੇ ਕਿਹਾ ਕਿ ਕੁਝ ਦਿਨ ਪਹਿਲਾਂ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿਚ ਆਇਆ ਸੀ। ਉਨ੍ਹਾਂ ਕਿਹਾ ਕਿ ਇਹ ਕਿਸੇ ਸ਼ਰਾਰਤੀ ਵਿਅਕਤੀ ਦੀ ਸ਼ਰਾਰਤ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰੇ ਦੇ ਪ੍ਰਸ਼ਾਦ ਲਈ ਵਰਤੇ ਜਾਂਦੇ ਪੈਕੇਟ ਦਾ ਅੰਦਰਲਾ ਪਾਸਾ ਖਾਲੀ ਹੁੰਦਾ ਹੈ, ਉਸ 'ਤੇ ਕੁਝ ਵੀ ਛਪਿਆ ਨਹੀਂ ਹੁੰਦਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਸਖਤ ਵਿਰੋਧ ਕਰਦਿਆਂ ਇਸ ਨੂੰ ਮੰਦਭਾਗਾ ਆਖਿਆ ਹੈ।ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਅਜਿਹੀ ਕਾਰਵਾਈ ਨੂੰ ਤੁਰਤ ਰੋਕਣ ਦੀ ਅਪੀਲ ਕੀਤੀ। ਪ੍ਰਾਪਤ ਵੇਰਵਿਆਂ ਅਨੁਸਾਰ ਇਹ ਪੈਕੇਟ ਕਿਸੇ ਸ਼ਰਧਾਲੂ ਨੂੰ ਮਿਲਿਆ ਹੈ, ਜਿਸ ਨੇ ਪੈਕੇਟ ਖੋਲ੍ਹਣ ਮਗਰੋਂ ਇਸ ਦੀ ਵੀਡਿਓ ਬਣਾਈ ਹੈ।

## ਸ਼ਰਧਾਲੂ ਹੁਣ 11 ਹਜ਼ਾਰ ਤੱਕ ਹੀ ਨਗਦੀ ਲਿਜਾ ਸਕਣਗੇ

**ਮੁੰਬਈ:** ਆਰ.ਬੀ.ਆਈ. ਨੇ ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ (ਪਾਕਿਸਤਾਨ) ਜਾਣ ਵਾਲੇ ਭਾਰਤੀਆਂ ਤੇ ਓ.ਸੀ.ਆਈ. ਕਾਰਡਧਾਰਕਾਂ ਨੂੰ ਆਪਣੇ ਨਾਲ 11 ਹਜ਼ਾਰ ਰੁਪਏ ਤੱਕ ਨਗਦੀ ਲਿਜਾਣ ਦੀ ਇਜਾਜ਼ਤ ਦਿੱਤੀ ਹੈ। ਰਿਜ਼ਰਵ ਬੈਂਕ ਨੇ ਇਕ ਬਿਆਨ ਜਾਰੀ ਕਰ ਕੇ ਕਰਤਾਰਪੁਰ ਸਾਹਿਬ ਜਾਣ ਵਾਲਿਆਂ ਲਈ ਕਰੰਸੀ ਦੀ ਸੀਮਾ ਘਟਾਈ ਹੈ। ਕਰਤਾਰਪੁਰ ਲਾਂਘੇ ਰਾਹੀਂ ਜਾਣ ਵੇਲੇ ਸ਼ਰਧਾਲੂ 11 ਹਜ਼ਾਰ ਰੁਪਏ ਜਾਂ ਐਨੀ ਹੀ ਰਾਸ਼ੀ ਅਮਰੀਕੀ ਡਾਲਰਾਂ ਵਿਚ ਲਿਜਾ ਸਕਣਗੇ ਜਦਕਿ ਇਹ ਹੋਰਨਾਂ ਮੁਲਕਾਂ ਲਈ ਮਿਥੀ ਗਈ ਆਮ ਸੀਮਾ 25,000 ਰੁਪਏ ਨਾਲੋਂ ਘੱਟ ਹੈ। ਵਿਦੇਸ਼ੀ ਮੁਦਰਾ ਪ੍ਰਬੰਧਨ ਐਕਟ, 2015 ਮੁਤਾਬਕ ਕੋਈ ਵੀ ਭਾਰਤ ਵਾਸੀ ਨੇਪਾਲ ਤੇ ਭੂਟਾਨ ਨੂੰ ਛੱਡ ਕੇ ਆਪਣੇ ਨਾਲ 25 ਹਜ਼ਾਰ ਰੁਪਏ ਦੀ ਭਾਰਤੀ ਕਰੰਸੀ ਬਾਹਰ ਕਿਸੇ ਮੁਲਕ ਲਿਜਾ ਸਕਦਾ ਹੈ। ਵਾਪਸੀ ਵੇਲੇ ਕਰੰਸੀ ਨਾਲ ਲਿਆਉਣ ਦੀ ਹੱਦ ਵੀ ਇਹੀ ਹੈ। ਭਾਰਤੀ ਰਿਜ਼ਰਵ ਬੈਂਕ ਨੇ ਇਹ ਫੈਸਲਾ ਸਰਕਾਰ ਨਾਲ ਸਲਾਹ ਕਰਨ ਤੋਂ ਬਾਅਦ ਲਿਆ ਹੈ।

# ਭਾਰਤ ’ਚ ਓਮੀਕਰੋਨ ਕਾਰਨ ਆਵੇਗੀ ਕਰੋਨਾ ਦੀ ਤੀਜੀ ਲਹਿਰ



**ਨਵੀਂ ਦਿੱਲੀ:** ਭਾਰਤ ਵਿਚ ਓਮੀਕਰੋਨ ਦੇ ਵਧ ਰਹੇ ਮਾਮਲਿਆਂ ਦਰਮਿਆਨ ਖਬਰਦਾਰ ਕੀਤੇ ਜਾਣ ਵਾਲੇ ਇਕ ਦਾਅਵੇ ਵਿਚ ਕਿਹਾ ਗਿਆ ਕਿ ਦੇਸ ‘ਚ ਫਰਵਰੀ ਤੱਕ ਓਮੀਕਰੋਨ ਕਾਰਨ ਕਰੋਨਾ ਦੀ ਤੀਜੀ ਲਹਿਰ ਵੇਖਣ ਨੂੰ ਮਿਲ ਸਕਦੀ ਹੈ, ਜਿਸ ਸਮੇਂ ਕੇਸ ਸਿਖਰ ‘ਤੇ ਹੋਣਗੇ। ਉਕਤ ਦਾਅਵਾ ਨੈਸ਼ਨਲ ਕੋਵਿਡ-19 ਸੁਪਰ ਮਾਡਲ ਦੇ ਮੁਖੀ ਐੱਮ. ਵਿਦਿਆਸਾਗਰ ਵੱਲੋਂ ਕੀਤਾ ਗਿਆ ਹੈ ਹਾਲਾਂਕਿ ਰਾਹਤ ਵਾਲੀ ਖਬਰ ਇਹ ਹੈ ਕਿ ਚਿਤਾਵਨੀ ਦੇ ਨਾਲ-ਨਾਲ ਉਨ੍ਹਾਂ ਇਹ ਵੀ ਕਿਹਾ ਕਿ ਤੀਜੀ ਲਹਿਰ, ਦੂਜੀ ਲਹਿਰ ਵਾਂਗ ਖਤਰਨਾਕ ਨਹੀਂ ਹੋਵੇਗੀ।

ਭਾਰਤ ਵਿਚ ਓਮੀਕਰੋਨ ਦੇ 150 ਤੋਂ ਵੱਧ ਕੇਸ ਸਾਹਮਣੇ ਆ ਚੁੱਕੇ ਹਨ। ਕੇਂਦਰੀ ਤੇ ਸੂਬਾਈ ਅਧਿਕਾਰੀਆਂ ਮੁਤਾਬਕ ਹੁਣ ਤੱਕ ਓਮੀਕਰੋਨ ਦੇ ਕੇਸ 11 ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਮਿਲੇ ਹਨ। ਉਧਰ, ਦੱਖਣੀ-ਪੂਰਬੀ ਏਸ਼ੀਆ ਖਿੱਤੇ ਵਿਚ ਸੱਤ ਮੁਲਕਾਂ ‘ਚ ਕੋਵਿਡ-19 ਦੇ ਨਵੇਂ ਰੂਪ ਓਮੀਕਰੋਨ ਦੇ ਕੇਸਾਂ ਦੀ ਪੁਸ਼ਟੀ ਮਗਰੋਂ ਵਿਸ਼ਵ ਸਿਹਤ ਸੰਸਥਾ ਨੇ ਇਸ ਮਹਾਮਾਰੀ ਦਾ ਫੈਲਾਅ ਰੋਕਣ ਲਈ ਸਰਕਾਰੀ ਸਿਹਤ ਸੇਵਾਵਾਂ ਤੇ ਸਮਾਜਿਕ ਉਪਾਵਾਂ ਦੀ ਮਜ਼ਬੂਤੀ ‘ਤੇ ਜੋਰ ਦਿੱਤਾ ਹੈ। ਸੰਸਥਾ ਦੇ ਦੱਖਣ-ਪੂਰਬੀ ਏਸ਼ੀਆ ਖਿੱਤੇ ਦੇ ਖੇਤਰੀ ਨਿਰਦੇਸ਼ਕ ਪੂਨਮ ਖੇਤਰਪਾਲ ਸਿੰਘ ਨੇ ਕਿਹਾ ਕਿ ਮੁਲਕਾਂ ਨੂੰ ਪੁਖਤਾ ਸਿਹਤ ਤੇ ਸਮਾਜਿਕ ਉਪਾਵਾਂ ਦੀ ਵਰਤੋਂ ਰਾਹੀਂ ਓਮੀਕਰੋਨ ਦੇ ਫੈਲਾਅ ਨੂੰ ਲਾਜ਼ਮੀ ਤੌਰ ‘ਤੇ ਰੋਕਣਾ ਚਾਹੀਦਾ ਹੈ।

ਉਨ੍ਹਾਂ ਕਿਹਾ,’ਸਾਡਾ ਧਿਆਨ ਸਭ ਤੋਂ ਵੱਧ ਜੋਖਮ ਵਾਲੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਹੋਣਾ ਚਾਹੀਦਾ ਹੈ।‘ ਓਮੀਕਰੋਨ ਤੋਂ ਪੈਦਾ ਹੋਣ ਵਾਲਾ ਖਤਰਾ ਮੁੱਖ ਤੌਰ ‘ਤੇ ਤਿੰਨ ਮੁੱਖ ਸਵਾਲਾਂ ‘ਤੇ ਨਿਰਭਰ ਕਰਦਾ ਹੈ ਇਸ ਦਾ ਫੈਲਾਅ, ਵੈਕਸੀਨ ਇਸ ਖਿਲਾਫ ਕਿੰਨੀ ਸੁਰੱਖਿਆ ਮੁਹੱਈਆ ਕਰਵਾਉਂਦੀ ਹੈ ਤੇ ਦੂਜੇ ਵੇਰੀਐਂਟਾਂ ਦੀ ਤੁਲਨਾ ‘ਚ ਇਹ ਵੇਰੀਐਂਟ ਕਿੰਨਾ ਵੱਧ ਫੈਲਣ ਵਾਲਾ ਹੈ। ਜਿੱਥੇ ਤੱਕ ਸਾਡੇ ਕੋਲ ਹੁਣ ਤੱਕ ਜਾਣਕਾਰੀ ਹੈ, ਓਮੀਕਰੋਨ, ਡੈਲਟਾ ਵੈਰੀਐਂਟ ਦੀ ਤੁਲਨਾ ਵਿਚ ਵੱਧ ਤੇਜੀ ਨਾਲ ਫੈਲਦਾ ਹੈ, ਜਿਸ ਨਾਲ ਪਿਛਲੇ ਕੁਝ ਮਹੀਨਿਆਂ ਵਿਚ ਵਿਸ਼ਵ ਭਰ ਵਿਚ ਕੇਸਾਂ ਦੀ ਗਿਣਤੀ ‘ਚ ਕਾਫੀ ਇਜਾਫਾ ਹੋਇਆ ਹੈ।‘ ਦੱਖਣ ਏਸ਼ੀਆ ਤੋਂ ਮਿਲੇ ਅੰਕੜਿਆਂ ਮੁਤਾਬਕ ਓਮੀਕਰੋਨ ਵੇਰੀਐਂਟ ਨਾਲ ਮੁੜ ਤੋਂ ਇਸ ਮਹਾਮਾਰੀ ਦੀ ਲਪੇਟ ‘ਚ ਆਉਣ ਦਾ ਖਤਰਾ ਹੈ ਹਾਲਾਂਕਿ ਓਮੀਕਰੋਨ ਨਾਲ ਸਬੰਧਤ ਗੰਭੀਰ ਬਿਮਾਰ ਹੋਣ ਦੇ ਮਾਮਲੇ ਘੱਟ ਹਨ। ਹਰ ਗੁਜ਼ਰਦੇ ਪਲ ਦੇ ਨਾਲ ਕੋਵਿਡ-19 ਦਾ ਨਵੇਂ ਵੈਰੀਐਂਟ ਓਮੀਕਰੋਨ ਦਾ ਸ਼ਿਕੰਜਾ ਪੂਰੀ ਦੁਨੀਆਂ ਉਤੇ ਕੱਸਦਾ ਜਾ ਰਿਹਾ ਹੈ। ਓਮੀਕਰੋਨ ਦੀ ਖੋਜ ਕਰਨ ਵਾਲੀ ਡਾ. ਐਂਜਲਿਕ ਕੋਏਟਜ਼ੀ ਦਾ ਕਹਿਣਾ ਹੈ ਕਿ ਓਮੀਕਰੋਨ ਵੈਰੀਐਂਟ ਭਾਵੇਂ ਬਹੁਤ ਤੇਜ਼ੀ ਨਾਲ ਆਪਣਾ ਵਿਸਥਾਰ ਕਰਦਾ ਹੋਵੇ, ਪਰ ਇਹ ਕੋਵਿਡ-19 ਦੇ ਡੈਲਟਾ ਵੈਰੀਐਂਟ ਤੋਂ ਜ਼ਿਆਦਾ ਖਤਰਨਾਕ ਨਹੀਂ ਹੈ। ਦੱਖਣੀ ਅਫ਼ਰੀਕਾ ਦੇ ਗੋਤੇਂਗ ਸੂਬੇ ‘ਚ ਜਿਥੇ ਇਸ ਵੈਰੀਐਂਟ ਦੀ ਸੀਕਵੈਂਸਿੰਗ ਦਾ ਅਧਿਐਨ ਕੀਤਾ ਗਿਆ ਹੈ, ਉਸ ਦੇ ਸਿੱਟਿਆਂ ਮੁਤਾਬਕ ਤਾਂ ਇਹ ਵੈਰੀਐਂਟ ਉਨ੍ਹਾਂ ਲੋਕਾਂ ਲਈ ਜ਼ਿਆਦਾ ਖ਼ਤਰਨਾਕ ਹੋ ਸਕਦਾ ਹੈ, ਜੋ ਸੰਵੇਦਨਸ਼ੀਲ ‘ਇਮਿਊਨ ਕੈਪੀਸਿਟੀ‘ ਵਾਲੇ ਹਨ ਭਾਵ ਜਿਨ੍ਹਾਂ ਦੀ ਰੋਗ ਪ੍ਰਤੀਰੋਧਕ ਸ਼ਕਤੀ ਕਮਜ਼ੋਰ ਹੈ। ਉਨ੍ਹਾਂ ਨੂੰ ਇਹ ਪਰੇਸ਼ਾਨ ਕਰ ਸਕਦਾ ਹੈ, ਪਰ ਡਾਕਟਰਾਂ ਮੁਤਾਬਕ ਕਿਉਂਕਿ ਇਹ ਵੈਰੀਐਂਟ ਬਹੁਤ ਤੇਜ਼ੀ ਨਾਲ ਫੈਲਦਾ ਹੈ, ਆਪਣਾ ਰੂਪ ਬਹੁਤ ਜਲਦੀ ਬਦਲਦਾ ਹੈ, ਇਸ ਲਈ ਇਹ ਖ਼ਤਰਨਾਕ ਹੈ।

## ਮਹਿਲਾਵਾਂ ਲਈ ਵਿਆਹ ਦੀ ਉਮਰ 21 ਸਾਲ ਕਰਨ ਦਾ ਫੈਸਲਾ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਮਹਿਲਾਵਾਂ ਲਈ ਵਿਆਹ ਦੀ ਉਮਰ ਮਰਦਾਂ ਦੇ ਬਰਾਬਰ 18 ਤੋਂ ਵਧਾ ਕੇ 21 ਸਾਲ ਕਰਨ ਦਾ ਫੈਸਲਾ ਲਿਆ ਹੈ। ਮੌਜੂਦਾ ਸਮੇਂ ‘ਚ ਕਾਨੂੰਨੀ ਤੌਰ ‘ਤੇ ਮਹਿਲਾਵਾਂ ਦੇ ਵਿਆਹ ਦੀ ਉਮਰ 18 ਸਾਲ ਹੈ ਜਦਕਿ ਮਰਦ 21 ਸਾਲ ਦਾ ਹੋਣ ‘ਤੇ ਵਿਆਹ ਕਰ ਸਕਦੇ ਹਨ। ਇਹ ਫੈਸਲਾ ਇਕ ਸਾਲ ਮਗਰੋਂ ਆਇਆ ਹੈ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਸਰਕਾਰ ਮਹਿਲਾਵਾਂ ਦੇ ਵਿਆਹ ਦੀ ਘੱਟੋ ਘੱਟ ਉਮਰ ਵਧਾਉਣ ਬਾਰੇ ਵਿਚਾਰ ਕਰ ਰਹੀ ਹੈ। ਮਹਿਲਾਵਾਂ ਦੇ ਵਿਆਹ ਕਰਨ ਦੀ ਉਮਰ ਵਧਾਉਣ ਦਾ ਫੈਸਲਾ ਸਮਤਾ ਪਾਰਟੀ ਦੀ ਸਾਬਕਾ ਮੁਖੀ ਜਯਾ ਜੇਤਲੀ ਦੀ ਅਗਵਾਈ ਹੇਠਲੀ ਚਾਰ ਮੈਂਬਰੀ ਟਾਸਕ ਫੋਰਸ ਦੀ ਸਿਫਾਰਸ਼ ‘ਤੇ ਆਧਾਰਿਤ ਹੈ। ਸਿਫਾਰਸ਼ ਬਾਰੇ ਬੋਲਦਿਆਂ ਜੇਤਲੀ ਨੇ ਕਿਹਾ ਕਿ ਦੋ ਮੁੱਖ ਕਾਰਨਾਂ ‘ਤੇ ਧਿਆਨ ਕੇਂਦਰਤ ਕੀਤਾ ਗਿਆ ਸੀ। ਉਨ੍ਹਾਂ ਕਿਹਾ,”ਜੇਕਰ ਅਸੀਂ ਲਿੰਗ ਬਰਾਬਰੀ ਅਤੇ ਹਰੇਕ ਖੇਤਰ ‘ਚ ਸ਼ਕਤੀਕਰਨ ਦੀ ਗੱਲ ਕਰਦੇ ਹਾਂ ਤਾਂ ਅਸੀਂ ਵਿਆਹ ਦਾ ਮਾਮਲਾ ਨਹੀਂ ਛੱਡ ਸਕਦੇ ਹਾਂ ਕਿਉਂਕਿ ਇਹ ਸੁਨੇਹਾ ਦੇਣਾ ਜਾਇਜ਼ ਨਹੀਂ ਹੈ ਕਿ ਲੜਕੀ 18 ਸਾਲ ‘ਚ ਵਿਆਹ ਲਈ ਤਿਆਰ ਹੋ ਜਾਂਦੀ ਹੈ ਜਦਕਿ ਮਰਦ ਨੂੰ ਕਮਾਈ ਅਤੇ ਜ਼ਿੰਦਗੀ ਲਈ ਆਪਣੇ ਆਪ ਨੂੰ ਤਿਆਰ ਕਰਨਾ ਪੈਂਦਾ ਹੈ।“ ਟਾਸਕ ਫੋਰਸ ਨੇ ਯੂਨੀਵਰਸਿਟੀਆਂ, ਕਾਲਜਾਂ ਅਤੇ ਪਿੰਡਾਂ ‘ਚ ਨੌਜਵਾਨਾਂ ਨਾਲ ਗੱਲਬਾਤ ਕੀਤੀ ਅਤੇ ਸਾਰੇ ਧਰਮਾਂ ਦੇ ਲੋਕਾਂ ਨੇ ਇਕੋ ਰਾਏ ਪ੍ਰਗਟਾਈ ਕਿ ਮਹਿਲਾਵਾਂ ਦੇ ਵਿਆਹ ਕਰਨ ਦੀ ਉਮਰ ਵਧਾ ਕੇ 21 ਸਾਲ ਕੀਤੀ ਜਾਣੀ ਚਾਹੀਦੀ ਹੈ।

ਜਯਾ ਜੇਤਲੀ ਨੇ ਕਿਹਾ ਕਿ ਟਾਸਕ ਫੋਰਸ ਨੇ ਆਪਣੀਆਂ ਸਿਫਾਰਸ਼ਾਂ ਪ੍ਰਧਾਨ ਮੰਤਰੀ ਦਫਤਰ, ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਅਤੇ ਨੀਤੀ ਆਯੋਗ ਨੂੰ ਪਿਛਲੇ ਸਾਲ ਦਸੰਬਰ ‘ਚ ਹੀ ਭੇਜ ਦਿੱਤੀਆਂ ਸਨ। ਟਾਸਕ ਫੋਰਸ ‘ਚ ਨੀਤੀ ਆਯੋਗ (ਸਿਹਤ) ਦੇ ਮੈਂਬਰ ਵੀ ਕੇ ਪੌਲ, ਉਚੇਰੀ ਸਿੱਖਿਆ, ਸਕੂਲੀ ਸਿੱਖਿਆ, ਸਿਹਤ, ਮਹਿਲਾ ਤੇ ਬਾਲ ਵਿਕਾਸ, ਵਿਧਾਨਕ ਵਿਭਾਗਾਂ ਦੇ ਸਕੱਤਰਾਂ ਤੋਂ ਇਲਾਵਾ ਅਕਾਦਮੀਸ਼ੀਅਨ ਨਜਮਾ ਅਖਤਰ, ਵਸੁਧਾ ਕਾਮਤ ਅਤੇ ਦੀਪਤੀ ਸ਼ਾਹ ਵੀ ਸ਼ਾਮਲ ਸਨ।

## ਪ੍ਰਧਾਨ ਮੰਤਰੀ ਦਫਤਰ ਤੇ ਚੋਣ ਕਮਿਸ਼ਨ ਵਿਚਾਲੇ ਮੀਟਿੰਗ ਤੋਂ ਵਿਵਾਦ ਭਖਿਆ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਦਫਤਰ ਵੱਲੋਂ ਚੋਣ ਸੁਧਾਰਾਂ ਦੇ ਮੁੱਦੇ ਬਾਰੇ ਚਰਚਾ ਕਰਨ ਲਈ ਬੁਲਾਈ ਮੀਟਿੰਗ ਵਿਵਾਦਾਂ ਵਿਚ ਘਿਰ ਗਈ ਹੈ। ਕੇਂਦਰੀ ਕਾਨੂੰਨ ਮੰਤਰਾਲੇ ਨੇ ਦੇਸ਼ ਦੇ ਮੁੱਖ ਚੋਣ ਕਮਿਸ਼ਨਰ ਅਤੇ ਕਮਿਸ਼ਨਰਾਂ ਨੂੰ ਪ੍ਰਧਾਨ ਮੰਤਰੀ ਦੇ ਪ੍ਰਮੁੱਖ ਸਕੱਤਰ ਦੀ ਪ੍ਰਧਾਨਗੀ ਵਿਚ ਹੋਣ ਵਾਲੀ ਮੀਟਿੰਗ ਲਈ ਸੱਦਾ ਭੇਜਿਆ ਸੀ।

ਮੀਟਿੰਗ ਵਿਚ ਚੋਣ ਕਮਿਸ਼ਨ ਦੇ ਅਧਿਕਾਰੀ ਸ਼ਾਮਲ ਹੋਏ ਅਤੇ ਚੋਣ ਕਮਿਸ਼ਨਰਾਂ ਨਾਲ ਬਾਅਦ ਵਿਚ ‘ਗੈਰ-ਰਸਮੀ’ ਗੱਲਬਾਤ ਕੀਤੀ ਗਈ। ਸਰਕਾਰ ਨੇ ਕਿਹਾ ਹੈ ਕਿ ਗੈਰ-ਰਸਮੀ ਮੀਟਿੰਗ ਨਾਲ ਕਿਸੇ ਮਰਿਆਦਾ ਦੀ ਉਲੰਘਣਾ ਨਹੀਂ ਹੁੰਦੀ। ਕਾਂਗਰਸ ਨੇ ਸਰਕਾਰ ’ਤੇ ਵਰ੍ਹਦਿਆਂ ਦੋਸ਼ ਲਾਇਆ ਹੈ ਕਿ ਉਹ ਚੋਣ ਕਮਿਸ਼ਨ ਦੀ ਵਰਤੋਂ ‘ਲਾਹੇਵੰਦ ਸੰਦ’ ਵਜੋਂ ਕਰ ਰਹੀ ਹੈ। ਕਾਂਗਰਸ ਦੇ ਜਨਰਲ ਸਕੱਤਰ ਅਤੇ ਮੁੱਖ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਸਰਕਾਰ ਸੰਸਥਾਵਾਂ ਨੂੰ ਤਬਾਹ ਕਰਨ ਲਈ ਹੇਠਲੇ ਪੱਧਰ ’ਤੇ ਡਿੱਗ ਗਈ ਹੈ। ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀ ਪ੍ਰਧਾਨ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਨਾਲ ਬੈਠਕ ’ਚ ਹਾਜਰੀ ਯਕੀਨੀ ਬਣਾਉਣ ਦੀਆਂ



ਰਿਪੋਰਟਾਂ ਬਾਰੇ ਕਾਂਗਰਸ ਆਗੂ ਨੇ ਕਿਹਾ ਕਿ ਅਜਿਹਾ ਆਜ਼ਾਦ ਭਾਰਤ ਦੇ ਇਤਿਹਾਸ ’ਚ ਪਹਿਲਾਂ ਕਦੇ ਵੀ ਨਹੀਂ ਹੋਇਆ ਸੀ।

ਉੱਤਰ ਪ੍ਰਦੇਸ਼ ਅਤੇ ਪੰਜਾਬ ਸਮੇਤ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਇਹ ਮੁੱਦਾ ਜ਼ਿਆਦਾ ਭਖਿਆ ਹੈ।

ਪਿਛਲੇ ਕੁਝ ਸਮੇਂ ਤੋਂ ਕੇਂਦਰੀ ਚੋਣ ਕਮਿਸ਼ਨ ਉਤੇ ਕੇਂਦਰ ਸਰਕਾਰ ਦੀ ਮਨਸ਼ਾ ਮੁਤਾਬਕ ਕੰਮ ਕਰਨ ਦੇ ਦੋਸ਼ ਲੱਗਦੇ ਰਹੇ ਹਨ। ਪੱਛਮੀ ਬੰਗਾਲ ਸਮੇਤ ਪੰਜ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਦੀਆਂ ਤਰੀਕਾਂ ਨੂੰ ਇਸ ਨਾਲ ਜੋੜ ਕੇ ਦੇਖਿਆ ਗਿਆ।

## ਅਖਿਲੇਸ਼ ਵੱਲੋਂ ਚਾਚੇ ਦੀ ਪਾਰਟੀ ਨਾਲ ਗੱਠਜੋੜ

**ਲਖਨਊ:** ਸਮਾਜਵਾਦੀ ਪਾਰਟੀ ਮੁਖੀ ਅਖਿਲੇਸ਼ ਯਾਦਵ ਨੇ ਐਲਾਨ ਕੀਤਾ ਕਿ ਉਹ ਆਪਣੇ ਚਾਚੇ ਸ਼ਿਵਪਾਲ ਸਿੰਘ ਯਾਦਵ ਦੀ ਪਾਰਟੀ ਪ੍ਰਗਤੀਸ਼ੀਲ ਸਮਾਜਵਾਦੀ ਪਾਰਟੀ ਲੋਹੀਆ (ਪੀ.ਐਸ.ਪੀ.ਐਲ.) ਨਾਲ ਗੱਠਜੋੜ ਕਰਨਗੇ। ਸ਼ਿਵਪਾਲ ਦੀ ਰਿਹਾਇਸ਼ ‘ਤੇ ਮੁਲਾਕਾਤ ਤੋਂ ਬਾਅਦ ਅਖਿਲੇਸ਼ ਨੇ ਗੱਠਜੋੜ ਦਾ ਐਲਾਨ ਕੀਤਾ। ਮੀਟਿੰਗ ਮਗਰੋਂ ਅਖਿਲੇਸ਼ ਨੇ ਟਵੀਟ ਕਰਕੇ ਕਿਹਾ,”ਮੈਂ ਪੀ.ਐਸ.ਪੀ.ਐਲ. ਦੇ ਕੌਮੀ ਪ੍ਰਧਾਨ ਨਾਲ ਮੁਲਾਕਾਤ ਕਰਕੇ ਗੱਠਜੋੜ ਨੂੰ ਅੰਤਿਮ ਰੂਪ ਦਿੱਤਾ ਹੈ। ਸਮਾਜਵਾਦੀ ਪਾਰਟੀ ਦੀ ਖੇਤਰੀ ਪਾਰਟੀਆਂ ਨੂੰ ਨਾਲ ਲੈ ਕੇ ਚੱਲਣ ਦੀ ਨੀਤੀ ਪਾਰਟੀ ਅਤੇ ਹੋਰ ਭਾਈਵਾਲਾਂ ਨੂੰ ਚੋਣਾਂ ‘ਚ ਜਿੱਤ ਵੱਲ ਲੈ ਕੇ ਜਾ ਰਹੀ ਹੈ।“ ਇਸ ਮੌਕੇ ਦੋਵੇਂ ਪਾਰਟੀਆਂ ਦੇ ਸੈਂਕੜੇ ਸਮਰਥਕ ਸ਼ਿਵਪਾਲ ਦੀ ਰਿਹਾਇਸ਼ ਦੇ ਬਾਹਰ ਜੁੜ ਗਏ ਸਨ ਅਤੇ ਉਹ ‘ਚਾਚਾ-ਭਤੀਜਾ ਜ਼ਿੰਦਾਬਾਦ‘ ਦੇ ਨਾਅਰੇ ਲਾ ਰਹੇ ਸਨ। ਸੂਤਰਾਂ ਮੁਤਾਬਕ ਅਖਿਲੇਸ਼ ਦੇ ਆਉਣ ਤੋਂ ਪਹਿਲਾਂ ਮੁਲਾਇਮ ਸਿੰਘ ਯਾਦਵ ਆਪਣੇ ਛੋਟੇ ਭਰਾ ਸ਼ਿਵਪਾਲ ਦੀ ਰਿਹਾਇਸ਼ ‘ਤੇ ਹਾਜਰ ਸਨ। ਚਾਚੇ ਅਤੇ ਭਤੀਜੇ ਵਿਚਕਾਰ ਸਬੰਧ 2016 ‘ਚ ਉਦੋਂ ਖਰਾਬ ਹੋ ਗਏ ਸਨ ਜਦੋਂ ਅਖਿਲੇਸ਼ ਨੇ ਸ਼ਿਵਪਾਲ ਨੂੰ ਪਾਰਟੀ ‘ਚੋਂ ਕੱਢ ਦਿੱਤਾ ਸੀ। ਅਖਿਲੇਸ਼ ਜਨਵਰੀ 2017 ‘ਚ ਸਮਾਜਵਾਦੀ ਪਾਰਟੀ ਦਾ ਪ੍ਰਧਾਨ ਬਣਿਆ ਸੀ ਅਤੇ ਸ਼ਿਵਪਾਲ ਨੇ ਆਪਣੀ ਪਾਰਟੀ ਬਣਾ ਲਈ ਸੀ।


# ਰਾਗੀ ਜਥੇ ਦੀ ਲੋੜ ਹੈ

ਗੁਰਦੁਆਰਾ ਸਾਹਿਬ, ਸਾਊਥ ਵੈਸਟ ਹਿਊਸਟਨ (14811 Lindita dr Houston TX 77083) ਲਈ 3 ਮੈਂਬਰੀ ਰਾਗੀ ਜਥੇ ਦੀ ਲੋੜ ਹੈ, ਜੋ ਗੁਰਮਤਿ ਦਾ ਮਨੋਹਰ ਕੀਰਤਨ ਕਰ ਸਕਦਾ ਹੋਵੇ ਅਤੇ ਹਰ ਤਰ੍ਹਾਂ ਦੀਆਂ ਧਾਰਮਿਕ ਸੇਵਾਵਾਂ ਨਿਭਾ ਸਕਦਾ ਹੋਵੇ।

**ਗੁਰਮਤਿ ਵਿਚਾਰ ਅੰਗਰੇਜ਼ੀ ਵਿਚ ਸਮਝਾਉਣ ਦੀ ਸਮਰੱਥਾ ਰੱਖਣ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ।**

ਜੇ ਕੈਨੇਡਾ ਜਾਂ ਹੋਰ ਕਿਸੇ ਮੁਲਕ ਤੋਂ ਜਥਾ ਆਉਣਾ ਚਾਹੁੰਦਾ ਹੈ ਤਾਂ ਗੁਰਦੁਆਰਾ ਸਾਹਿਬ ਵਲੋਂ ਉਸ ਨੂੰ ਸਾਰੇ ਕਾਗਜ਼ਾਤ ਮੁਹੱਈਆ ਕਰਵਾਏ ਜਾਣਗੇ ਤੇ ਵੀਜ਼ਾ ਲੈਣ ’ਚ ਮਦਦ ਕੀਤੀ ਜਾਵੇਗੀ।

**ਗੁਰਦੁਆਰੇ ਵਲੋਂ ਤਨਖਾਹ, ਰਿਹਾਇਸ਼ ਤੇ ਆਉਣ-ਜਾਣ ਦੀ ਸਹੂਲਤ ਦਿੱਤੀ ਜਾਵੇਗੀ।**

**ਸੰਪਰਕ ਕਰੋ: ਭਜਨ ਸਿੰਘ ਦੂਲਈ 832-867-5467,**
**ਹਰਦੀਪਕ ਸਿੰਘ ਮੁੰਡੇ ਫੋਨ: 281-725-3880**
E-Mail- secretarygsswh@yahoo.com


## ਕਿਰਤ ਕੋਡ ਅਗਲੇ ਵਿੱਤੀ ਵਰ੍ਹੇ ਲਾਗੂ ਕੀਤੇ ਜਾਣ ਦੀ ਸੰਭਾਵਨਾ

**ਨਵੀਂ ਦਿੱਲੀ:** ਉਜਰਤਾਂ, ਸਮਾਜਿਕ ਸੁਰੱਖਿਆ, ਸਨਅਤੀ ਸਬੰਧਾਂ ਅਤੇ ਪੇਸ਼ੇ ਦੀ ਸੁਰੱਖਿਆ ਸਬੰਧੀ ਚਾਰ ਲੇਬਰ ਕੋਡ ਅਗਲੇ ਵਿੱਤੀ ਵਰ੍ਹੇ ‘ਚ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ। ਸੀਨੀਅਰ ਅਧਿਕਾਰੀ ਨੇ ਦੱਸਿਆ ਕਿ 13 ਸੂਬਿਆਂ ਨੇ ਇਨ੍ਹਾਂ ਕਾਨੂੰਨਾਂ ਬਾਰੇ ਪਹਿਲਾਂ ਹੀ ਨੇਮਾਂ ਦੇ ਖਰੜੇ ਪ੍ਰਕਾਸ਼ਿਤ ਕਰ ਲਏ ਹਨ। ਕੇਂਦਰ ਨੇ ਪਹਿਲਾਂ ਹੀ ਇਨ੍ਹਾਂ ਕੋਡਾਂ ਤਹਿਤ ਨੇਮਾਂ ਨੂੰ ਅੰਤਿਮ ਰੂਪ ਦੇ ਦਿੱਤਾ ਹੈ ਅਤੇ ਕਿਰਤ ਦਾ ਵਿਸ਼ਾ ਸਮਵਰਤੀ ਸੂਚੀ ‘ਚ ਹੋਣ ਕਰਕੇ ਹੁਣ ਸੂਬਿਆਂ ਨੂੰ ਵੀ ਨੇਮ ਘੜਨੇ ਪੈਣਗੇ। ਇਕ ਸੀਨੀਅਰ ਅਧਿਕਾਰੀ ਨੇ ਕਿਹਾ,”ਚਾਰ ਲੇਬਰ ਕੋਡ ਅਗਲੇ ਵਿੱਤੀ ਵਰ੍ਹੇ 2022-23 ‘ਚ ਲਾਗੂ ਕੀਤੇ ਜਾਣ ਦੀ ਸੰਭਾਵਨਾ ਹੈ ਕਿਉਂਕਿ ਵੱਡੀ ਗਿਣਤੀ ‘ਚ ਸੂਬਿਆਂ ਨੇ ਨੇਮਾਂ ਦੇ ਖਰੜੇ ਨੂੰ ਅੰਤਿਮ ਰੂਪ ਦੇ ਦਿੱਤਾ ਹੈ। ਕੇਂਦਰ ਨੇ ਫਰਵਰੀ ‘ਚ ਹੀ ਇਨ੍ਹਾਂ ਕੋਡਾਂ ਦੇ ਖਰੜੇ ਨੂੰ ਅੰਤਿਮ ਰੂਪ ਦੇਣ ਦਾ ਅਮਲ ਮੁਕੰਮਲ ਕਰ ਲਿਆ ਸੀ। ਪਰ ਕਿਰਤ ਸਮਵਰਤੀ ਸੂਚੀ ਦਾ ਵਿਸ਼ਾ ਹੈ ਤਾਂ ਕੇਂਦਰ ਚਾਹੁੰਦਾ ਹੈ ਕਿ ਸੂਬੇ ਵੀ ਇਨ੍ਹਾਂ ਨੂੰ ਇਕ ਵਾਰ ‘ਚ ਹੀ ਲਾਗੂ ਕਰ ਦੇਣ।” ਕੇਂਦਰੀ ਕਿਰਤ ਮੰਤਰੀ ਭੁਪੇਂਦਰ ਯਾਦਵ ਨੇ ਪਿਛਲੇ ਹਫਤੇ ਰਾਜ ਸਭਾ ‘ਚ ਇਕ ਸਵਾਲ ਦੇ ਜਵਾਬ ‘ਚ ਕਿਹਾ ਸੀ ਕਿ ਪੇਸ਼ੇ ਦੀ ਸੁਰੱਖਿਆ, ਸਿਹਤ ਅਤੇ ਕੰਮਕਾਜ ਵਾਲੀਆਂ ਥਾਵਾਂ ‘ਤੇ ਹਾਲਾਤ ਬਾਰੇ ਕੋਡਾਂ ਦੇ ਨੇਮਾਂ ਦਾ ਖਰੜਾ 13 ਸੂਬਿਆਂ ਨੇ ਪ੍ਰਕਾਸ਼ਿਤ ਕਰ ਲਿਆ ਹੈ। ਉਜਰਤਾਂ ਬਾਰੇ ਕੋਡ ਦਾ ਪ੍ਰਕਾਸ਼ਨ 24 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵੱਲੋਂ ਕੀਤਾ ਗਿਆ ਹੈ ਜਦਕਿ ਸਨਅਤੀ ਸਬੰਧਾਂ ਬਾਰੇ ਕੋਡ ‘ਤੇ 20 ਸੂਬਿਆਂ ਅਤੇ ਸਮਾਜਿਕ ਸੁਰੱਖਿਆ ਕੋਡ ਸਬੰਧੀ 18 ਸੂਬਿਆਂ ਨੇ ਦਸਤਾਵੇਜ਼ ਤਿਆਰ ਕੀਤੇ ਹਨ।

## ਸਿੱਖਿਆ ਵਿਭਾਗ ਵਲੋਂ ਅਸਾਮੀਆਂ ਦਾ ਇਸ਼ਤਿਹਾਰ ਜਾਰੀ

**ਚੰਡੀਗੜ੍ਹ:** ਸਕੂਲ ਸਿੱਖਿਆ ਵਿਭਾਗ ਵੱਲੋਂ ਵੱਖ-ਵੱਖ ਕਾਡਰ ਦੀਆਂ 12772 ਅਸਾਮੀਆਂ ਦਾ ਇਸ਼ਤਿਹਾਰ ਜਾਰੀ ਕੀਤਾ ਗਿਆ। ਇਨ੍ਹਾਂ ਅਸਾਮੀਆਂ ਸਮੇਤ ਹੁਣ ਤੱਕ ਕੁੱਲ 20166 ਅਧਿਆਪਕਾਂ ਦੀ ਭਰਤੀ ਪ੍ਰਕਿਰਿਆ ਅਧੀਨ ਹੈ। ਸਿੱਖਿਆ ਮੰਤਰੀ ਪਰਗਟ ਸਿੰਘ ਨੇ ਦੱਸਿਆ ਕਿ ਜਾਰੀ ਕੀਤੀਆਂ ਅਸਾਮੀਆਂ ‘ਚ ਮਾਸਟਰ ਕਾਡਰ ਦੀਆਂ 4185, ਆਰਟ ਐਂਡ ਕਰਾਫਟ ਦੀਆਂ 250, ਲੈਕਚਰਾਰ ਕਾਡਰ ਦੀਆਂ 343 ਤੇ ਈ.ਟੀ.ਟੀ. ਦੀਆਂ 5994 ਅਸਾਮੀਆਂ ਤੋਂ ਇਲਾਵਾ ਪ੍ਰਾਇਮਰੀ ਸਕੂਲਾਂ ਵਿਚ ਖੇਡਾਂ ਨੂੰ ਹੁਲਾਰਾ ਦੇਣ ਲਈ ਪੀ.ਟੀ.ਆਈ. ਦੀਆਂ 2000 ਅਸਾਮੀਆਂ ਸ਼ਾਮਲ ਹਨ। ਸਿੱਖਿਆ ਮੰਤਰੀ ਨੇ ਦੱਸਿਆ ਕਿ ਪਿਛਲੇ ਸਾਢੇ ਚਾਰ ਸਾਲਾਂ ਦੇ ਅਰਸੇ ਦੌਰਾਨ ਕੁੱਲ 14534 ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 25 ਦਸੰਬਰ 2021

# ਧਾਰਮਿਕ ਮਸਲੇ ਅਤੇ ਸਿਆਸਤ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਨਿਜ਼ਾਮਪੁਰ ਵਿਚ ਬੇਅਦਬੀ ਦੀ ਕੋਸ਼ਿਸ਼ ਦੀਆਂ ਘਟਨਾਵਾਂ ਅਤੇ ਇਸ ਤੋਂ ਬਾਅਦ ਇਨ੍ਹਾਂ ਘਟਨਾਵਾਂ ਲਈ ਦੋਸ਼ੀ ਮੰਨੇ ਜਾ ਰਹੇ ਦੋ ਜਣਿਆਂ ਨੂੰ ਕੁੱਟ-ਕੁੱਟ ਕੇ ਮਾਰ ਦੇਣ ਦੀਆਂ ਵਾਰਦਾਤਾਂ ਨੇ ਦੇਸ਼-ਵਿਦੇਸ਼ ਵਿਚ ਵੱਸਦੇ ਪੰਜਾਬੀਆਂ, ਖਾਸਕਰ ਸਿੱਖਾਂ ਨੂੰ ਝੰਜੋੜ ਸੁੱਟਿਆ ਹੈ। ਇਨ੍ਹਾਂ ਵਾਰਦਾਤਾਂ ਬਾਰੇ ਅਵਾਮ ਦੀਆਂ ਵੱਖ-ਵੱਖ ਟਿੱਪਣੀਆਂ ਆ ਰਹੀਆਂ ਹਨ। ਇਕ ਧਿਰ ਦੋਸ਼ੀਆਂ ਨਾਲ ਮੌਕੇ 'ਤੇ ਹੀ ਹਿਸਾਬ-ਕਿਤਾਬ ਕੀਤੇ ਜਾਣ ਨੂੰ ਸਹੀ ਆਖ ਰਹੀ ਹੈ ਅਤੇ ਦੂਜੀ ਧਿਰ ਦਾ ਆਖਣਾ ਹੈ ਕਿ ਕਿਸੇ ਵੀ ਭੀੜ ਦੀ ਜਿਹੀ ਕਾਰਵਾਈ ਕਿਸੇ ਵੀ ਸੂਰਤ ਵਿਚ ਸਵੀਕਾਰਨਯੋਗ ਨਹੀਂ। ਇਸ ਦੇ ਨਾਲ ਹੀ ਸਿਆਸੀ ਵਿਸ਼ਲੇਸ਼ਕ ਇਸ ਸਮੁੱਚੇ ਘਟਨਾਕ੍ਰਮ ਨੂੰ ਪੰਜਾਬ, ਉਤਰ ਪ੍ਰਦੇਸ਼ (ਯੂ.ਪੀ.) ਸਮੇਤ ਪੰਜ ਰਾਜਾਂ ਵਿਚ ਅਗਲੇ ਸਾਲ ਦੇ ਆਰੰਭ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਨਾਲ ਜੋੜ ਕੇ ਦੇਖ ਰਹੇ ਹਨ। ਕੇਂਦਰ ਵਿਚ ਸੱਤਾਧਾਰੀ ਧਿਰ- ਭਾਰਤੀ ਜਨਤਾ ਪਾਰਟੀ, ਲਈ ਇਹ ਚੋਣਾਂ, ਖਾਸਕਰ ਯੂ.ਪੀ. ਅਤੇ ਪੰਜਾਬ ਵਾਲੀਆਂ, ਬਹੁਤ ਅਹਿਮੀਅਤ ਰੱਖਦੀਆਂ ਹਨ। ਉਤਰ ਪ੍ਰਦੇਸ਼ ਵਿਚ ਇਸ ਵਕਤ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ ਅਤੇ ਉਥੇ ਇਸ ਪਾਰਟੀ ਨੂੰ ਆਪਣੀ ਹਾਰ ਨਜ਼ਦੀਕੀ ਜਾਪ ਰਹੀ ਹੈ। ਹੁਣ ਤੱਕ ਆਏ ਸਰਵੇਖਣਾਂ ਮੁਤਾਬਿਕ ਉਥੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਦੀ ਸਮਾਜਵਾਦੀ ਪਾਰਟੀ ਦਾ ਹੱਥ ਉਤਾਂਹ ਹੈ। ਸਾਲ ਤੋਂ ਵੱਧ ਸਮਾਂ ਚੱਲੇ ਕਿਸਾਨ ਅੰਦੋਲਨ ਨੇ ਵੀ ਉਤਰ ਪ੍ਰਦੇਸ਼ ਦੇ ਇਕ ਹਿੱਸੇ ਵਿਚ ਭਾਰਤੀ ਜਨਤਾ ਪਾਰਟੀ ਨੂੰ ਵੱਡੀ ਢਾਹ ਲਾਈ ਹੈ। ਇਸੇ ਕਰਕੇ ਮੋਦੀ ਸਰਕਾਰ ਕਿਸਾਨਾਂ ਦੀਆਂ ਤਕਰੀਬਨ ਸਾਰੀਆਂ ਮੰਗਾਂ ਬਾਰੇ ਸਹਿਮਤ ਹੋ ਗਈ ਹਾਲਾਂਕਿ ਇਹ ਨਵੇਂ ਬਣਾਏ ਖੇਤੀ ਕਾਨੂੰਨਾਂ ਬਾਰੇ ਆਪਣੇ ਪੈਂਤੜੇ 'ਤੇ ਅੜੀ ਹੋਈ ਸੀ। ਹੁਣ ਜਦੋਂ ਇਸ ਨੂੰ ਉਤਰ ਪ੍ਰਦੇਸ਼ ਵਿਚ ਸਿਆਸੀ ਨੁਕਸਾਨ ਬਾਰੇ ਖਬਰ ਹੋਈ ਤਾਂ ਇਸ ਨੇ ਕਿਸਾਨ ਮੰਗਾਂ ਦੇ ਮਾਮਲੇ 'ਤੇ ਇਕਦਮ ਪਿਛਾਂਹ ਹਟਣ ਦਾ ਫੈਸਲਾ ਕਰ ਲਿਆ।

ਪੰਜਾਬ ਦੇ ਸਿਆਸੀ ਪਿੜ ਵਿਚ ਭਾਰਤੀ ਜਨਤਾ ਪਾਰਟੀ ਦੇ ਹਾਲਾਤ ਹੋਰ ਹਨ। ਹੁਣ ਤੱਕ ਇਹ ਪਾਰਟੀ ਸ਼੍ਰੋਮਣੀ ਅਕਾਲੀ ਦਲ ਰਲ ਕੇ ਚੋਣਾਂ ਲੜਦੀ ਰਹੀ ਹੈ ਪਰ ਜਦੋਂ ਤੋਂ ਕੇਂਦਰ ਵਿਚ ਇਸ ਪਾਰਟੀ ਦੀ ਸਰਕਾਰ ਬਣੀ ਹੈ, ਇਸ ਦੀ ਪੰਜਾਬ ਇਕਾਈ ਦੇ ਕੁਝ ਆਗੂ ਇਹ ਮੰਗ ਰੱਖਦੇ ਰਹੇ ਹਨ ਕਿ ਹੁਣ ਪਾਰਟੀ ਨੂੰ ਇਕੱਲਿਆਂ ਚੋਣਾਂ ਲੜਨੀਆਂ ਚਾਹੀਦੀਆਂ ਹਨ, ਅਕਾਲੀ ਦਲ ਦੀ ਛੋਟੀ ਧਿਰ ਬਣ ਕੇ ਨਹੀਂ। ਕਿਸਾਨ ਅੰਦੋਲਨ ਨੇ ਜਦੋਂ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਗੱਠਜੋੜ ਦਾ ਭੋਗ ਪਾ ਦਿੱਤਾ ਤਾਂ ਇਹ ਪਾਰਟੀ ਖੁਦ ਨੂੰ ਵੱਖਰੇ ਢੰਗ ਨਾਲ ਜੋਖ ਰਹੀ ਹੈ। ਕਿਸਾਨ ਅੰਦੋਲਨ ਕਰਕੇ ਇਸ ਪਾਰਟੀ ਦੇ ਆਗੂਆਂ ਦੀ ਹਾਲਤ ਤਾਂ ਇਹ ਹੋ ਗਈ ਸੀ ਕਿ ਇਨ੍ਹਾਂ ਦਾ ਸਿਆਸੀ ਸਰਗਰਮੀ ਲਈ ਘਰੋਂ ਬਾਹਰ ਨਿੱਕਲਣਾ ਵੀ ਮੁਸ਼ਕਿਲ ਹੋ ਗਿਆ ਸੀ। ਕਿਸਾਨ ਅੰਦੋਲਨ ਮੁਲਤਵੀ ਹੋਣ ਤੋਂ ਬਾਅਦ ਇਹ ਪਾਰਟੀ ਹੁਣ ਸਾਬਕਾ ਮੁੱਖ ਮੰਤਰੀ ਤੇ ਸਾਬਕਾ ਕਾਂਗਰਸੀ ਆਗੂ ਕੈਪਟਨ ਅਮਰਿੰਦਰ ਸਿੰਘ ਅਤੇ ਅਕਾਲੀ ਦਲ ਤੋਂ ਵੱਖ ਹੋਏ ਆਗੂ ਸੁਖਦੇਵ ਸਿੰਘ ਢੀਂਡਸਾ ਨਾਲ ਚੋਣ ਤਾਲਮੇਲ ਬਿਠਾ ਰਹੀ ਹੈ। ਕਨਸੋਆਂ ਇਹ ਹਨ ਕਿ ਇਹ ਪਾਰਟੀ ਹਰ ਹੀਲੇ ਪੰਜਾਬ ਵਿਚ ਆਪਣੀ ਵੱਡੀ ਹਾਜ਼ਰੀ ਲੁਆਉਣ ਲਈ ਤਿਕੜਮਾਂ ਲੜਾ ਰਹੀ ਹੈ। ਇਸ ਵਕਤ ਸੂਬੇ ਵਿਚ ਕਾਂਗਰਸ ਪਾਟੋ-ਧਾੜ ਦੀ ਸ਼ਿਕਾਰ ਹੈ। ਸ਼੍ਰੋਮਣੀ ਅਕਾਲੀ ਦਾ ਜਥੇਬੰਦਕ ਤਾਣਾ-ਬਾਣਾ ਭਾਵੇਂ ਬਾਕੀ ਸਭ ਧਿਰਾਂ ਨਾਲੋਂ ਨਰੋਆ ਹੈ ਪਰ ਬੇਅਦਬੀ ਅਤੇ ਹੋਰ ਕਈ ਮਾਮਲਿਆਂ ਕਾਰਨ ਇਸ ਦੇ ਅਜੇ ਤੱਕ ਚੋਣ ਪਿੜ ਵਿਚ ਢੰਗ ਨਾਲ ਪੈਰ ਨਹੀਂ ਲੱਗ ਰਹੇ। ਆਮ ਆਦਮੀ ਪਾਰਟੀ ਲਈ ਲੋਕਾਂ ਅੰਦਰ ਹਮਦਰਦੀ ਦੀਆਂ ਭਾਵਨਾਵਾਂ ਤਾਂ ਹਨ ਪਰ ਇਸ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਜਿਸ ਢੰਗ ਨਾਲ ਪੰਜਾਬ ਇਕਾਈ ਨੂੰ ਚਲਾ ਰਹੀ ਹੈ, ਉਸ ਤੋਂ ਇਸ ਨੂੰ ਵੱਡਾ ਨੁਕਸਾਨ ਉਠਾਉਣਾ ਪੈ ਰਿਹਾ ਹੈ।

ਇਨ੍ਹਾਂ ਹਾਲਾਤ ਵਿਚ ਬੇਅਦਬੀ ਦੀਆਂ ਤਾਜ਼ਾ ਘਟਨਾਵਾਂ ਦਾ ਵਿਸ਼ੇਸ਼ ਮਹੱਤਵ ਬਣ ਜਾਂਦਾ ਹੈ। ਇਨ੍ਹਾਂ ਘਟਨਾਵਾਂ ਨਾਲ ਇਕ ਗੱਲ ਉਭਰ ਕੇ ਸਾਹਮਣੇ ਆ ਰਹੀ ਹੈ ਕਿ ਜੇ ਸਿਆਸੀ ਪਾਰਟੀਆਂ ਨੇ ਬੇਅਦਬੀ ਦੀਆਂ ਘਟਨਾਵਾਂ ਨੂੰ ਸੰਜੀਦਗੀ ਨਾਲ ਲਿਆ ਹੁੰਦਾ ਤਾਂ ਹੁਣ ਵਾਲੀ ਨੌਬਤ ਤੋਂ ਬਚਿਆ ਜਾ ਸਕਦਾ ਸੀ। ਇਸ ਮਸਲੇ 'ਤੇ ਦੋ-ਦੋ ਕਮਿਸ਼ਨ ਬਣ ਚੁੱਕੇ ਹਨ ਪਰ ਲੋਕਾਂ, ਖਾਸਕਰ ਸਿੱਖਾਂ ਅੰਦਰ ਰੋਸ ਹੈ ਕਿ ਅਜੇ ਤੱਕ ਦੋਸ਼ੀਆਂ ਨੂੰ ਸਜ਼ਾ ਨਹੀਂ ਦਿਵਾਈ ਗਈ। ਇਸ ਤੱਥ ਨੂੰ ਆਧਾਰ ਬਣਾ ਕੇ ਹੀ ਕੁਝ ਲੋਕ ਮੌਕੇ ਉਤੇ ਹਿਸਾਬ-ਕਿਤਾਬ ਕਰਨ ਦੀਆਂ ਵਾਰਦਾਤਾਂ ਦਾ ਪੱਖ ਪੂਰ ਰਹੇ ਹਨ। ਇਸ ਸਮੁੱਚੇ ਘਮਾਸਾਨ ਦਾ ਸਿਆਸੀ ਤੌਰ 'ਤੇ ਕਿਸ ਧਿਰ ਨੂੰ ਨਫਾ ਅਤੇ ਕਿਸ ਨੂੰ ਨੁਕਸਾਨ ਹੋਵੇਗਾ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਕ ਤੱਥ ਐਨ ਸਾਫ ਹੈ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਦੀ ਸਿਆਸਤ ਦਾ ਮੁਹਾਣ ਬਦਲਣ ਲਈ ਪੂਰਾ ਜ਼ੋਰ ਲਾ ਰਹੀ ਹੈ। ਕੈਪਟਨ ਅਤੇ ਢੀਂਡਸਾ ਨਾਲ ਚੁਣਾਵੀ ਇਸੇ ਰਣਨੀਤੀ ਦਾ ਹਿੱਸਾ ਹੈ। ਇਸੇ ਰਣਨੀਤੀ ਤਹਿਤ ਹੀ ਦੂਜੀਆਂ ਪਾਰਟੀਆਂ ਦੇ ਸਰਕਰਦਾ ਲੀਡਰਾਂ ਨੂੰ ਪਾਰਟੀ ਵਿਚ ਸ਼ਾਮਿਲ ਕਰਨ ਦੀ ਮੁਹਿੰਮ ਵੀ ਜ਼ੋਰ-ਸ਼ੋਰ ਨਾਲ ਚਲਾਈ ਜਾ ਰਹੀ ਹੈ। ਇਸ ਪੱਖ ਤੋਂ ਇਸ ਵਾਰ ਦੀਆਂ ਵਿਧਾਨ ਸਭਾ ਚੋਣਾਂ ਪਹਿਲੀ ਚੋਣਾਂ ਤੋਂ ਬਿਲਕੁਲ ਵੱਖਰੀਆਂ ਹੋਣਗੀਆਂ। ਭਾਰਤੀ ਜਨਤਾ ਪਾਰਟੀ ਮਿਥ ਕੇ ਫਿਰਕੂ ਨਫਰਤ ਵਾਲਾ ਪੱਤਾ ਖੇਡਣ ਦੀ ਕੋਸ਼ਿਸ਼ ਵਿਚ ਹੈ। ਇਸ ਪ੍ਰਸੰਗ ਵਿਚ ਇਸ ਦੇ ਸਿੱਖ ਚਿਹਰੇ ਅਤੇ ਕੌਮੀ ਘੱਟਗਿਣਤੀ ਕਮਿਸ਼ਨ ਦੇ ਮੁਖੀ ਇਕਬਾਲ ਸਿੰਘ ਲਾਲਪੁਰਾ ਅਤੇ ਹੋਰ ਆਗੂਆਂ ਦੇ ਪਿਛਲੇ ਦਿਨਾਂ ਵਿਚ ਆਏ ਬਿਆਨਾਂ ਨੂੰ ਵਾਚਿਆ ਜਾ ਸਕਦਾ ਹੈ। ਬਿਨਾ ਸ਼ੱਕ, ਧਾਰਮਿਕ ਮਸਲਿਆਂ ਦੇ ਮਾਮਲੇ 'ਤੇ ਅੱਜ ਪੰਜਾਬ ਬਹੁਤ ਨਾਜ਼ੁਕ ਮੋੜ 'ਤੇ ਖੜ੍ਹਾ ਹੈ। ਇਸ ਲਈ ਪੰਜਾਬ ਦੀਆਂ ਸਭ ਸੰਜੀਦਾ ਧਿਰਾਂ ਨੂੰ ਇਸ ਬਾਰੇ ਸੁਚੇਤ ਹੁੰਦਿਆਂ ਆਪੋ-ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ ਅਤੇ ਗੁਰੂ ਸਾਹਿਬਾਨ ਵੱਲੋਂ ਦਿੱਤੇ ਸਾਂਝੀਵਾਲਤਾ ਦੇ ਸੁਨੇਹੇ ਦਾ ਪੱਲਾ ਘੁੱਟ ਕੇ ਫੜਨਾ ਚਾਹੀਦਾ ਹੈ। ਧਾਰਮਿਕ ਮਸਲੇ ਕਿਸੇ ਵੀ ਹਾਲਤ ਵਿਚ ਸਿਆਸਤ ਉਤੇ ਭਾਰੂ ਨਹੀਂ ਹੋਣੇ ਚਾਹੀਦੇ। ਇਹ ਅੱਜ ਦੇ ਨਾਜ਼ੁਕ ਸਮੇਂ ਦੀ ਲੋੜ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਦਿੱਲੀ ਦਾ ਬਿੱਲੀ ਵਰਗਾ ਦਾਅ

ਪੰਜੇ ਕੋਲ਼ ਹੁਣ ਗਿਣਤੀ ਦੇ ਦਿਨ ਰਹਿੰਦੇ, ਗੱਲਾਂ ਕਰ ਰਿਹਾ ਬਹੁਤ ਲੁਭਾਉਣੀਆਂ ਜੀ।
ਲੈ ਕੇ ਝਾੜੂ 'ਗਰੰਟੀਆਂ' ਫਿਰ ਰਿਹਾ ਏ, ਪਾਈਆਂ ਕੇਜਰੀਵਾਲ ਨੇ ਛਾਉਣੀਆਂ ਜੀ।
ਚੜ੍ਹ ਕੇ ਹਾਥੀ 'ਤੇ ਤੱਕੜੀ ਕਰੇ ਕੋਸ਼ਿਸ਼, ਕਰੀਆਂ ਗਲਤੀਆਂ ਚਾਹੇ ਬਖਸ਼ਾਉਣੀਆਂ ਜੀ।
ਲੈ ਕੇ ਆਸਰਾ ਕਿਸੇ ਨੇ 'ਕਮਲ' ਵਾਲ਼ਾ, ਕਿਤੇ ਲਾਉਣੀਆਂ ਕਿਤੇ ਬੁਝਾਉਣੀਆਂ ਜੀ।
'ਖੇਡ' ਖੇਡੇਗੀ ਏਦਾਂ ਦੀ ਜਾਪਦੀ ਐ, ਸਭ ਨੂੰ ਵਿਚ ਹੈਰਾਨੀ ਦੇ ਪਾਉਣ ਵਾਲ਼ੀ।
ਦਿੱਲੀ ਬੈਠਦੀ ਜਿਸ ਤਰ੍ਹਾਂ ਘਾਤ ਲਾ ਕੇ, ਦਿੱਲੀ ਦਾਅ ਪੰਜਾਬ ਵਿਚ ਲਾਉਣ ਵਾਲ਼ੀ!

# ਚੋਣਾਂ ਅਤੇ ਸਿਆਸੀ ਮਾਹੌਲ

**ਐਤਕੀਂ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਦਾ ਪਿੜ ਬਿਲਕੁਲ ਵੱਖਰਾ ਰੂਪ ਅਖਤਿਆਰ ਕਰ ਗਿਆ ਹੈ। ਨਿਸ਼ਚੇ ਹੀ ਇਸ ਵਾਰ ਇਹ ਚੋਣਾਂ ਪਹਿਲੀਆਂ ਚੋਣਾਂ ਨਾਲੋਂ ਵੱਖਰੇ ਤੌਰ 'ਤੇ ਲੜੀਆਂ ਜਾਣਗੀਆਂ। ਇਸ ਦਾ ਮੁੱਖ ਕਾਰਨ ਕਿਸਾਨੀ ਸੰਘਰਸ਼ ਦੀ ਜਿੱਤ ਨਾਲ ਪੈਦਾ ਹੋਈ ਸਿਆਸੀ ਚੇਤਨਾ ਅਤੇ ਵਿਸ਼ਵਾਸ ਹੈ। ਹੁਣ ਰਵਾਇਤੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਲੋਕਾਂ ਦੁਆਰਾ ਉਠਾਏ ਸਵਾਲਾਂ ਦੇ ਜਵਾਬ ਦੇਣੇ ਪੈਣਗੇ। ਇਸ ਸਮੁੱਚੇ ਹਾਲਾਤ ਬਾਰੇ ਚਰਚਾ ਜਗਰੂਪ ਸਿੰਘ ਸੇਖੋਂ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।**

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਸਿਰ 'ਤੇ ਹਨ। ਇਸੇ ਕਾਰਨ ਪੰਜਾਬ ਦੀ ਸਿਆਸੀ, ਆਰਥਿਕ, ਸਮਾਜਿਕ ਅਤੇ ਧਾਰਮਿਕ ਵਿਵਸਥਾ ਵਿਚ ਬੇਚੈਨੀ ਹੈ। ਅਜਿਹੀ ਬੇਚੈਨੀ ਸ਼ਾਇਦ ਪਹਿਲਾਂ ਕਦੀ ਚੋਣਾਂ ਤੋਂ ਪਹਿਲਾਂ ਦੇਖਣ ਨੂੰ ਨਹੀਂ ਮਿਲੀ। ਇਸ ਵਿਗੜੀ ਵਿਵਸਥਾ ਲਈ ਭਾਵੇਂ ਇਥੋਂ ਦੀਆਂ ਰਾਜ ਕਰਨ ਵਾਲੀਆਂ ਧਿਰਾਂ ਤੇ ਕੁਝ ਲੋਕ ਜ਼ਿੰਮੇਵਾਰ ਹਨ ਪਰ ਸਭ ਤੋਂ ਵੱਡਾ ਯੋਗਦਾਨ ਪਿਛਲੇ 30 ਸਾਲ ਤੋਂ ਰਾਜ ਕਰ ਰਹੀਆਂ ਪਾਰਟੀਆਂ ਤੇ ਉਨ੍ਹਾਂ ਦੇ ਬਹੁਤ ਸਾਰੇ ਆਪਹੁਦਰੇ ਨੇਤਾ ਹਨ ਜਿਨ੍ਹਾਂ ਨੇ ਨਾ ਸਿਰਫ ਪੰਜਾਬ ਦੀ ਆਰਥਿਕ, ਸਿਆਸੀ, ਸਮਾਜਿਕ ਆਦਿ ਵਿਵਸਥਾ ਵਿਚ ਵਿਗਾੜ ਲਿਆਂਦਾ ਸਗੋਂ ਇਸ ਵਿਗਾੜ ਨੇ ਬਹੁਤ ਸਾਰੀਆਂ ਬਿਮਾਰੀਆਂ ਜਿਵੇਂ ਨਸ਼ਾ,

ਜਗਰੂਪ ਸਿੰਘ ਸੇਖੋਂ
ਫੋਨ: +91-94170-75563

ਤਸਕਰੀ, ਗੁੰਡਾਗਰਦੀ, ਬਦਲਾਖੋਰੀ, ਗੈਂਗਸਟਰਵਾਦ, ਰਿਸ਼ਵਤਖੋਰੀ, ਬੇਰੁਜ਼ਗਾਰੀ, ਅਨਪੜ੍ਹਤਾ ਨੂੰ ਵੀ ਵਧਾਇਆ। ਇਸ ਦੇ ਨਾਲ ਹੀ, ਖੇਤੀ ਨਾਲ ਸੰਬੰਧਿਤ ਨਵੇਂ ਕਾਨੂੰਨ ਬਣਾਉਣ ਵਿਚ ਕਾਂਗਰਸ, ਅਕਾਲੀ ਦਲ, ਬੀ.ਜੇ.ਪੀ. ਤਕਰੀਬਨ ਇੱਕੋ ਜਿਹੀਆਂ ਹੀ ਜ਼ਿੰਮੇਵਾਰ ਹਨ। ਉਂਜ, ਜਦੋਂ ਕਿਸਾਨਾਂ ਨੇ ਆਪਣੇ ਸੰਘਰਸ਼ ਨਾਲ ਇਨ੍ਹਾਂ ਤੇ ਸ਼ਿਕੰਜਾ ਕੱਸਿਆ ਤਾਂ ਇਹ ਇਕ ਦੂਜੇ ਤੇ ਦੂਸ਼ਣ ਲਾਉਣ ਲੱਗ ਪਈਆਂ ਅਤੇ ਵੱਖ ਵੱਖ ਹੱਥਕੰਡੇ ਅਪਣਾ ਕੇ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਸਾਬਿਤ ਕਰਨ ਵਿਚ ਲੱਗ ਗਈਆਂ। ਇਹ ਚੰਗੀ ਗੱਲ ਹੈ ਕਿ ਕਿਸਾਨੀ ਜੱਥੇਬੰਦੀਆਂ ਦੇ ਸਮਝਦਾਰ ਪੈਂਤੜੇ ਨੇ ਇਨ੍ਹਾਂ ਦੇ ਪੱਲੇ ਕੁਝ ਨਹੀਂ ਪੈਣ ਦਿੱਤਾ।

ਇਸ ਗੱਲ ਵਿਚ ਸਚਾਈ ਹੈ ਕਿ ਪਿਛਲੀਆਂ ਸਾਰੀਆਂ ਸਰਕਾਰਾਂ ਦੇ ਲੀਡਰਾਂ ਨੇ ਲੋਕਾਂ ਦੇ ਮੁੱਦੇ ਅੱਖੋਂ ਓਹਲੇ ਕੀਤੇ, ਕੇਵਲ ਆਪਣਾ ਏਜੰਡਾ ਹੀ ਧਿਆਨ ਵਿਚ ਰੱਖਿਆ। ਨਤੀਜੇ ਵਜੋਂ ਪੰਜਾਬ ਹਾਸ਼ੀਏ ਵੱਲ ਧੱਕਿਆ ਗਿਆ। ਹਾਲਾਤ ਇੱਥੋਂ ਤੱਕ ਪਹੁੰਚ ਗਏ ਕਿ ਪੰਜਾਬ ਦੀ ਜਵਾਨੀ ਅਨਪੜ੍ਹਤਾ, ਬੇਰੁਜ਼ਗਾਰੀ ਤੇ ਨਸ਼ਿਆਂ ਦੀ ਦਲਦਲ ਵਿਚ ਧੱਕੀ ਗਈ ਅਤੇ ਬਾਕੀ ਰਹਿੰਦੇ ਪਰਵਾਸ ਕਰ ਗਏ ਜਾਂ ਕਰਨ ਦੀ ਉਡੀਕ ਵਿਚ ਹਨ। ਪਿੰਡਾਂ ਵੱਲ ਜਾਂਦੀਆਂ ਸੜਕਾਂ ਕੰਢੇ ਰੁੱਖਾਂ ਅਤੇ ਖੰਭਿਆਂ ਉੱਤੇ ਬਾਹਰ ਜਾਣ ਦੇ ਲੱਗੇ ਇਸ਼ਤਿਹਾਰ ਦੇਖ ਕੇ ਲੱਗਦਾ ਹੈ ਕਿ ਰਹਿੰਦੇ ਪਿੰਡ ਵੀ ਖਾਲੀ ਹੋਣ ਵਾਲੇ ਹਨ। ਇੱਥੇ ਉਹੀ ਲੋਕ ਹੀ ਵੱਸਣਗੇ ਜਿਹੜੇ ਰਵਾਇਤੀ ਪਾਰਟੀਆਂ ਦੇ ਪੈਰੋਕਾਰ ਬਣ ਕੇ ਰਾਜ ਤੇ ਸਮਾਜ ਲਈ ਵੱਡੇ ਮਸਲੇ ਪੈਦਾ ਕਰਨਗੇ। ਚੋਣਾਂ ਦੇ ਮੱਦੇਨਜ਼ਰ ਹੁਣ ਤਕਰੀਬਨ ਸਾਰੀਆਂ ਪਾਰਟੀਆਂ ਪੰਜਾਬ ਦੇ ਬੱਚਿਆਂ ਨੂੰ ਬਾਹਰ ਜਾ ਕੇ ਪੜ੍ਹਾਈ ਕਰਨ ਲਈ ਮਾਲੀ ਮਦਦ ਦੀ ਗੱਲ ਕਰ ਰਹੀਆਂ ਹਨ। ਇਸ ਤੋਂ ਇਲਾਵਾ ਇਨ੍ਹਾਂ ਪਾਰਟੀਆਂ ਦੇ ਲੋਕਾਂ ਨਾਲ ਕੀਤੇ ਜਾ ਰਹੇ ਵਾਅਦਿਆਂ ਤੋਂ ਲੱਗਦਾ ਹੈ ਕਿ ਪੰਜਾਬ ਦੇ ਲੋਕ ਬੇਆਸਰਾ ਤੇ ਬੇਉਮੀਦ ਹੋ ਗਏ ਹਨ। ਸਭ ਕੁਝ ਹੋਣ ਦੇ ਬਾਵਜੂਦ ਲੋਕ ਆਪਣੀ ਮਿੱਟੀ ਦਾ ਮੋਹ ਛੱਡ ਰਹੇ ਹਨ। ਸਰਹੱਦੀ ਪੱਟੀ ਦੇ ਪਿੰਡਾਂ ਵਿਚ ਚੁੱਪ-ਚੁਪੀਤੇ ਧਰਮ ਪਰਿਵਰਤਨ ਹੋ ਰਿਹਾ ਹੈ। ਇਕ ਅਫਸਰ ਮੁਤਾਬਕ, ਅਗਲੇ 20 ਸਾਲ ਬਾਅਦ ਪੰਜਾਬ ਦਾ ਜਨਸੰਖਿਆ ਢਾਂਚਾ ਬਿਲਕੁੱਲ ਬਦਲ ਜਾਵੇਗਾ ਜਿਸ ਨਾਲ ਹੋਰ ਬਹੁਤ ਸਾਰੇ ਮਸਲੇ ਪੈਦਾ ਹੋਣਗੇ। ਇਹ ਸਾਰਾ ਕੁਝ ਪੰਜਾਬ ਦੀਆਂ ਹਾਕਮ ਜਮਾਤਾਂ ਦੇ ਕਾਰਨਾਮਿਆਂ ਦਾ ਸਿੱਟਾ ਹੈ।

ਲੱਗਦਾ ਹੈ ਕਿ ਵਿਧਾਨ ਸਭਾ ਚੋਣਾਂ ਵਿਚ ਬਹੁਤ ਸਾਰੇ ਮੁੱਦਿਆਂ ਤੋਂ ਇਲਾਵਾ ਜ਼ਿਆਦਾ ਬਹਿਸ ਕਿਸਾਨਾਂ ਦੁਆਰਾ ਸਫਲਤਾ ਨਾਲ ਚਲਾਇਆ ਮੋਰਚਾ ਸਿਆਸਤ ਦਾ ਕੇਂਦਰ ਬਿੰਦੂ ਬਣ ਰਿਹਾ ਹੈ। ਲੋਕ ਹੁਣ ਚੁਣੇ ਨੁਮਾਇੰਦਿਆ ਅੱਗੇ ਹੱਥ ਜੋੜਨ ਦੀ ਬਜਾਇ ਅੱਖਾਂ ਵਿਚ ਅੱਖਾਂ ਪਾ ਕੇ ਸਵਾਲ ਕਰ ਰਹੇ ਹਨ। ਇਸ ਵਰਤਾਰੇ ਦਾ ਸਭ ਤੋਂ ਜ਼ਿਆਦਾ ਅਸਰ ਚੋਣਾਂ ਲੜਨ ਵਾਲੇ ਉਮੀਦਵਾਰਾਂ ਤੇ ਪੈਣ ਦੀ ਸੰਭਾਵਨਾ ਹੈ। ਇਕ ਸਾਲ ਤੋਂ ਵੱਧ ਚੱਲੇ ਕਿਸਾਨ ਅੰਦੋਲਨ ਨੇ ਪੇਂਡੂ ਜਨ ਸਾਧਾਰਨ ਨੂੰ ਨਾ ਕੇਵਲ ਸਿਆਸੀ ਤੌਰ ਤੇ ਚੇਤੰਨ ਕੀਤਾ ਹੈ ਸਗੋਂ ਕਾਫੀ ਹੱਦ ਤੱਕ ਉਨ੍ਹਾਂ ਨੂੰ ਸਿਆਸੀ ਮਨੁੱਖ ਬਣਾਇਆ ਹੈ। ਕਿਸਾਨ ਅੰਦੋਲਨ ਦੀ ਸਫਲਤਾ ਤੋਂ ਆਸ ਕੀਤੀ ਜਾਂਦੀ ਹੈ ਕਿ ਪੰਜਾਬ ਦੀ ਸਿਆਸਤ ਦੇ ਨਾਲ ਨਾਲ ਭਾਰਤੀ ਲੋਕਤੰਤਰ ਅਤੇ ਗਣਤੰਤਰ ਨਵੀਂ ਤਰ੍ਹਾਂ ਪਰਿਭਾਸ਼ਤ ਹੋਵੇਗਾ।

ਚੋਣਾਂ ਵਿਚ ਇਸ ਵਾਰ ਚਾਰ ਦਲਾਂ/ਗੱਠਜੋੜਾਂ ਵਿਚਕਾਰ ਮੁਕਾਬਲੇ ਦੀ ਸੰਭਾਵਨਾ ਹੈ ਜਿਸ ਵਿਚ ਅਕਾਲੀ-ਬੀ.ਐਸ.ਪੀ. ਗੱਠਜੋੜ, ਅਮਰਿੰਦਰ-



ਬੀ.ਜੇ.ਪੀ. ਤੇ ਹੋਰ ਛੋਟੀਆਂ ਪਾਰਟੀਆਂ ਦਾ ਗੱਠਜੋੜ, ਕਾਂਗਰਸ ਅਤੇ ਆਮ ਆਦਮੀ ਪਾਰਟੀ ਸ਼ਾਮਿਲ। ਅਜਿਹੇ ਮਾਹੌਲ ਵਿਚ ਚੋਣਾਂ ਦੇ ਨਤੀਜਿਆਂ ਬਾਰੇ ਭਵਿੱਖਬਾਣੀ ਕਾਫੀ ਮੁਸ਼ਕਿਲ ਹੈ। ਅਮਰਿੰਦਰ ਸਿੰਘ ਵਾਲੀ ਧਿਰ ਕਾਂਗਰਸ ਪਾਰਟੀ ਲਈ ਕੁਝ ਸੰਕਟ ਪੈਦਾ ਕਰ ਸਕਦੀ ਹੈ ਪਰ ਪੰਜਾਬ ਦੇ ਵੋਟਰ ਜਾਣਦੇ ਹਨ ਕਿ ਅਮਰਿੰਦਰ ਸਿੰਘ ਨੇ ਆਪਣੇ ਸਾਢੇ ਚਾਰ ਸਾਲ ਦੇ ਸ਼ਾਸਨ ਵਿਚ 2017 ਦੀਆਂ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਵਫਾ ਨਹੀਂ ਕੀਤੇ। ਉਸ ਦੇ ਰਾਜ ਵਿਚ ਸਭ ਸੰਭਾਵਨਾਵਾਂ ਹੋਣ ਦੇ ਬਾਵਜੂਦ ਲੋਕਾਂ ਦੇ ਮੁੱਦੇ, ਭਾਵ ਰੁਜ਼ਗਾਰ, ਭ੍ਰਿਸ਼ਟਾਚਾਰ, ਰੇਤ ਬਜਰੀ, ਸ਼ਰਾਬ ਮਾਫੀਆ ਦਾ ਖਾਤਮਾ, ਬੇਅਦਬੀ ਮਾਮਲੇ ਆਦਿ ਦਾ ਕੋਈ ਸੰਤੋਖਜਨਕ ਹੱਲ ਨਹੀਂ ਨਿਕਲ ਸਕਿਆ। ਉਂਜ, ਅਮਰਿੰਦਰ ਸਿੰਘ ਦੇ ਬੀ.ਜੇ.ਪੀ. ਨਾਲ ਗੱਠਜੋੜ ਦਾ ਚੋਣਾਂ ਦੇ ਨਤੀਜਿਆਂ ਤੇ ਪ੍ਰਭਾਵ ਆਸਾਨੀ ਨਾਲ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ।

ਅਕਾਲੀ-ਬੀ.ਐਸ.ਪੀ. ਗੱਠਜੋੜ ਅਜੇ ਤੱਕ ਲੋਕਾਂ ਦੀ ਸਿਆਸੀ ਸਮਝ ਦਾ ਹਿੱਸਾ ਨਹੀਂ ਬਣ ਸਕਿਆ। ਸਭ ਤੋਂ ਵੱਡੀ ਮੁਸ਼ਕਿਲ ਦੋਹਾਂ ਪਾਰਟੀਆਂ ਦੀ ਸਿਖਰਲੀ ਲੀਡਰਸ਼ਿਪ ਵਿਚ ਲੋਕਾਂ ਵਿਚ ਭਰੋਸੇ ਦੀ ਕਮੀ ਹੈ। ਅਕਾਲੀ ਦਲ ਦੇ ਦੋ ਵੱਡੇ ਲੀਡਰ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਵੱਡੀ ਗਿਣਤੀ ਵੋਟਰਾਂ ਦੇ ਮਨਾਂ ਅੰਦਰ ਨਹੀਂ ਉਤਰ ਰਹੇ। ਇਸ ਦਾ ਮੁੱਖ ਕਾਰਨ ਇਨ੍ਹਾਂ ਲੋਕਾਂ ਦੀ ਇਹ ਸੋਚ ਹੈ ਕਿ ਪੰਜਾਬ ਦੇ ਮੌਜੂਦਾ ਹਾਲਾਤ ਲਈ ਮੁੱਖ ਤੌਰ ਤੇ ਇਹੀ ਜ਼ਿੰਮੇਵਾਰ ਹਨ। ਅਕਾਲੀ ਦਲ ਦੇ ਤਿੰਨ ਖੇਤੀ ਕਾਨੂੰਨਾਂ ਵਿਚ ਨਿਭਾਏ ਰੋਲ ਦਾ ਵੀ ਲੋਕ ਮਖੌਲ ਉਡਾਉਂਦੇ ਦਿਸਦੇ ਹਨ। ਬੇਅਦਬੀ ਦੇ ਮਾਮਲੇ, ਨਸ਼ਾ ਤਸਕਰੀ, ਗੁੰਡਾਗਰਦੀ ਦੀ ਸਿਆਸਤ, ਰਿਸ਼ਵਤਖੋਰੀ, ਸਰਕਾਰੀ ਜਾਇਦਾਦਾਂ ਵੇਚਣਾ ਜਾਂ ਕਬਜ਼ਾ ਕਰਨਾ ਆਦਿ ਲਈ ਵੀ ਜ਼ਿਆਦਾ ਜ਼ਿੰਮੇਵਾਰ ਅਕਾਲੀ-ਬੀ.ਜੇ.ਪੀ. ਗੱਠਜੋੜ ਸਰਕਾਰ ਨੂੰ ਹੀ ਮੰਨਿਆ ਜਾਂਦਾ ਹੈ। ਬਹੁਜਨ ਸਮਾਜ ਪਾਰਟੀ ਦੀਆਂ ਬਹੁਤ ਸਾਰੀਆਂ ਸਮੱਸਿਆਵਾਂ ਵਿਚੋਂ ਇਸ ਕੋਲ ਪਾਰਟੀ ਦੇ ਢਾਂਚੇ ਦੀ ਕਮੀ ਹੈ ਤੇ ਇਸ ਦੇ ਨਾਲ ਨਾਲ ਲੀਡਰਸ਼ਿਪ ਦੀ ਕਮਜ਼ੋਰੀ ਵੀ ਇਸ ਦੇ ਰਸਤੇ ਵਿਚ ਵੱਡੀ ਰੁਕਾਵਟ ਹੈ। ਪਾਰਟੀ ਦੇ ਚੁਣੇ ਨੁਮਾਇੰਦਿਆਂ ਦਾ ਪੰਜਾਬ ਤੇ ਪੰਜਾਬ ਤੋਂ ਬਾਹਰ ਦੇ ਪ੍ਰਦੇਸ਼ਾਂ ਵਿਚ ਸਿਆਸੀ ਵਰਤਾਰਾ ਬਹੁਤ ਭਰੋਸੇਯੋਗ ਨਹੀਂ ਹੈ।

ਹੁਣ ਕਾਂਗਰਸ ਦੀ ਗੱਲ। ਅਮਰਿੰਦਰ ਸਿੰਘ ਤੋਂ ਨਾਟਕੀ ਢੰਗ ਨਾਲ ਕੁਰਸੀ ਖਾਲੀ ਕਰਵਾ ਕੇ ਅਤੇ ਇਕ ਆਮ ਵਿਅਕਤੀ ਨੂੰ ਮੁੱਖ ਮੰਤਰੀ ਬਣਾਉਣ ਨਾਲ ਕਾਂਗਰਸ ਨੇ ਇਕ ਤੀਰ ਨਾਲ ਦੋ ਨਿਸ਼ਾਨ ਸਾਧੇ ਹਨ। ਪਹਿਲਾ ਅਮਰਿੰਦਰ ਸਿੰਘ ਸਰਕਾਰ ਦੀ ਸਾਢੇ ਚਾਰ ਸਾਲ ਦੀ ਕਾਰਗੁਜ਼ਾਰੀ ਦੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਕੇ ਅਤੇ ਦੂਸਰਾ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਵਾਲੀ ਕਾਵਾਂਰੌਲੀ ਦਾ ਮੁਕਾਬਲਾ ਕਰਕੇ। ਇਹ ਫੈਸਲਾ ਉਸ ਸਮੇਂ ਕੀਤਾ ਗਿਆ ਜਦੋਂ ਨਵੀਂ ਸਰਕਾਰ ਕੋਲ ਆਪਣੀ ਕਾਰਗੁਜ਼ਾਰੀ ਦਿਖਾਉਣ ਤੇ ਜ਼ਿੰਮੇਵਾਰੀ ਲੈਣ ਦਾ ਬਹੁਤ ਘੱਟ ਸਮਾਂ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਆਮ ਲੋਕਾਂ ਨਾਲ ਵਰਤਾਰਾ ਅਤੇ ਕਾਂਗਰਸ ਸਰਕਾਰ ਤੇ ਪਾਰਟੀ ਦੀ ਕਿਸਾਨ ਅੰਦੋਲਨ ਪ੍ਰਤੀ ਨਰਮ ਰਵੱਈਏ ਨੇ ਲੋਕਾਂ ਵਿਚ ਹਮਦਰਦੀ ਪੈਦਾ ਕੀਤੀ ਹੈ। ਇਸ ਤੋਂ ਇਲਾਵਾ ਪੰਜਾਬ ਨਾਲ ਸੰਬੰਧਿਤ ਮਸਲੇ, ਖਾਸਕਰ ਸਰਹੱਦੀ ਪੱਟੀ ਦਾ ਘੇਰਾ ਵਧਾਉਣ ਦੇ ਕੇਂਦਰ ਦੇ ਇਕਤਰਫੇ ਫੈਸਲੇ ਨੂੰ ਅਦਾਲਤ ਵਿਚ ਚੁਣੌਤੀ ਤੇ ਉਸ ਤੋਂ ਇਲਾਵਾ ਹਜ਼ਾਰਾਂ ਨੌਕਰੀਆਂ ਦੇਣ ਦੇ ਉਪਰਾਲੇ ਨਾਲ ਹਮਦਰਦੀ ਬਟੋਰਨ ਦਾ ਯਤਨ ਕੀਤਾ ਜਾ ਰਿਹਾ ਹੈ। ਉਂਜ, ਪਾਰਟੀ ਨੂੰ ਸਭ ਤੋਂ ਵੱਡੀ ਚੁਣੌਤੀ ਹੋਰ ਕਿਸੇ ਪਾਰਟੀ ਨਾਲੋਂ ਜ਼ਿਆਦਾ ਆਪਣੀ ਪਾਰਟੀ ਦੇ ਨੇਤਾਵਾਂ ਤੋਂ ਹੈ ਜਿਹੜੇ ਹਰ ਰੋਜ਼ ਕੋਈ ਨਵਾਂ ਪੁਆੜਾ ਪਾ ਰਹੇ ਹਨ। ਪੰਜਾਬ ਕਾਂਗਰਸ ਬਹੁਤ ਬੁਰੀ ਤਰ੍ਹਾਂ ਵੰਡੀ ਹੋਈ ਹੈ ਜਿਸ ਦਾ ਮੁੱਖ ਕਾਰਨ ਕੇਂਦਰੀ ਲੀਡਰਸ਼ਿਪ ਦਾ ਕਮਜ਼ੋਰ ਹੋਣਾ ਅਤੇ ਸਰਕਾਰ ਤੇ ਪਾਰਟੀ ਵਿਚ ਤਾਲਮੇਲ ਦੀ ਘਾਟ ਹੈ। ਇਸ ਪਾਰਟੀ ਦੀ ਜਿੱਤ ਦੇ ਨਤੀਜੇ ਸਿੱਧੇ ਤੌਰ ਤੇ ਅਮਰਿੰਦਰ ਸਿੰਘ ਦੀ ਬਣਾਈ ਪੰਜਾਬ ਲੋਕ ਕਾਂਗਰਸ ਅਤੇ ਬੀ.ਜੇ.ਪੀ. ਗੱਠਜੋੜ 'ਤੇ ਨਿਰਭਰ ਹਨ। ਪਿਛਲੀਆਂ ਚੋਣਾਂ ਵਿਚ ਕਾਂਗਰਸ ਦੀ ਵੱਡੀ ਜਿੱਤ ਸ਼ਹਿਰੀ ਵੋਟਰਾਂ ਕਰ ਕੇ ਹੋਈ ਸੀ। ਨਵੇਂ ਸਮੀਕਰਨ ਕਾਂਗਰਸ ਲਈ ਚੁਣੌਤੀ ਪੈਦਾ ਕਰ ਸਕਦੇ ਹਨ।

ਚਰਨਜੀਤ ਸਿੰਘ ਚੰਨੀ ਦੇ ਮੁੱਖ ਮੰਤਰੀ ਬਣਨ ਨਾਲ ਆਮ ਆਦਮੀ ਪਾਰਟੀ ਦੀ ਮੁਸ਼ਕਿਲ ਕੁਝ ਹੱਦ ਤੱਕ ਵਧ ਗਈ ਲੱਗਦੀ ਹੈ। ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ ਆਮ ਆਦਮੀ ਪਾਰਟੀ ਪ੍ਰਤੀ ਲੋਕਾਂ ਦਾ ਝੁਕਾਅ ਵਧ ਗਿਆ ਸੀ। ਇਸ ਦਾ ਮੁੱਖ ਕਾਰਨ ਅਮਰਿੰਦਰ ਸਿੰਘ ਸਰਕਾਰ ਦੀ ਕਾਰਗੁਜ਼ਾਰੀ, ਵਿਧਾਇਕਾਂ ਤੇ ਹੋਰ ਲੀਡਰਾਂ ਵਿਚ ਅਸੰਤੁਸ਼ਟੀ, ਮਸਲਿਆਂ ਦੇ ਹੱਲ ਕੱਢਣ ਦੀ ਬਜਾਇ ਉਨ੍ਹਾਂ ਨੂੰ ਲਮਕਾਉਣਾ, ਚੁਣੇ ਹੋਏ ਨੁਮਾਇੰਦਿਆਂ ਦੀ ਜਗ੍ਹਾ ਆਪਣੇ ਨਿੱਜੀ ਸਲਾਹਾਕਾਰਾਂ ਤੇ ਜ਼ਿਆਦਾ ਭਰੋਸਾ ਕਰਨਾ ਆਦਿ ਸਨ। ਲੀਡਰਸ਼ਿਪ ਬਦਲਣ ਅਤੇ ਨਵੀਂ ਲੀਡਰਸ਼ਿਪ ਦੁਆਰਾ ਕੁਝ ਲੋਕ ਲੁਭਾਊ ਫੈਸਲੇ ਕਰਨ ਨਾਲ ਕਾਂਗਰਸ ਨੇ ਕਾਫੀ ਹੱਦ ਤੱਕ ਆਮ ਆਦਮੀ ਪਾਰਟੀ ਲਈ ਵੱਡੀ ਚੁਣੌਤੀ ਪੈਦਾ ਕੀਤੀ ਹੈ। ਦੂਸਰੇ ਪਾਸੇ ਆਮ ਆਦਮੀ ਪਾਰਟੀ ਵਿਚ ਵੱਡੀ ਟੁੱਟ-ਭੱਜ, ਵਿਚਾਰਧਾਰਾ ਦੀ ਅਣਹੋਂਦ, ਸ਼ਕਤੀਆਂ ਦਾ ਕੇਂਦਰੀਕਰਨ, ਸਥਾਨਕ ਲੀਡਰਾਂ ਨੂੰ ਅਣਗੌਲਣਾ, ਪਾਰਟੀ ਢਾਂਚੇ ਦੀ ਅਣਹੋਂਦ, ਸਥਾਨਕ ਲੀਡਰਾਂ ਤੇ ਵਿਸ਼ਵਾਸ਼ ਦੀ ਘਾਟ ਆਦਿ ਆਮ ਆਦਮੀ ਪਾਰਟੀ ਦੀ ਜਿੱਤ ਵਿਚ ਵੱਡੇ ਰੋੜੇ ਹਨ। ਕਾਂਗਰਸ ਨੇ ਜਵਾਨ ਦਲਿਤ ਨੇਤਾ ਨੂੰ ਪੰਜਾਬ ਦੀ ਵਾਗਡੋਰ ਦੇ ਕੇ ਪੰਜਾਬ ਦੀ ਸਿਆਸਤ ਨੂੰ ਨਵੇਂ ਢੰਗ ਨਾਲ ਪਰਿਭਾਸ਼ਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਉਂ ਹੁਣ ਤੱਕ ਤਾਂ ਆਮ ਆਦਮੀ ਪਾਰਟੀ ਕਾਂਗਰਸ ਨਾਲ ਮੁਕਾਬਲੇ ਵਿਚ ਲੱਗਦੀ ਹੈ ਪਰ ਬੀ.ਜੇ.ਪੀ. ਦਾ ਅਮਰਿੰਦਰ ਸਿੰਘ ਨਾਲ ਸਮਝੌਤਾ ਤੇ ਹੋਰ ਛੋਟੇ ਮੋਟੇ ਦਲਾਂ ਨੂੰ ਨਾਲ ਲੈ ਕੇ ਚੋਣਾਂ ਲੜਨ ਦੀ ਜੁਗਤ ਇਨ੍ਹਾਂ ਦਾ ਖੇਲ ਵਿਗਾੜ ਸਕਦੀ ਹੈ। ਇਹ ਗੱਲ ਜੱਗ-ਜ਼ਾਹਿਰ ਹੈ ਕਿ ਲੋਕ ਰਵਾਇਤੀ ਪਾਰਟੀਆਂ ਤੋਂ ਖਹਿੜਾ ਛੁਡਾਉਣਾ ਚਾਹੁੰਦੇ ਹਨ ਪਰ ਉਹ ਕੋਈ ਟਿਕਾਊ ਅਤੇ ਪੰਜਾਬ ਹਿਤੈਸ਼ੀ ਬਦਲ ਚਾਹੁੰਦੇ ਹਨ। ਆਮ ਆਦਮੀ ਪਾਰਟੀ ਪ੍ਰਤੀ ਲੋਕਾਂ ਦਾ ਉਭਾਰ 2017 ਦੀਆਂ ਚੋਣਾਂ ਤੋਂ ਪਹਿਲਾਂ ਵੀ ਸੀ ਪਰ ਅਖੀਰ ਤੇ ਇਹ ਸਾਰਾ ਕੁਝ ਧਰਿਆ-ਧਰਾਇਆ ਰਹਿ ਗਿਆ। ਪੰਜਾਬ ਦੇ ਲੋਕ ਉਨ੍ਹਾਂ ਸਾਰੇ ਕਾਰਨਾਂ ਬਾਰੇ ਜਾਣਦੇ ਹਨ ਜਿਨ੍ਹਾਂ ਕਰਕੇ ਉਨ੍ਹਾਂ ਨੂੰ ਕਾਂਗਰਸ ਨੂੰ ਚੁਣਨਾ ਪਿਆ। ਧਰਾਤਲ ਤੇ ਅੱਜ ਵੀ ਪੂਰੀਆਂ ਸੰਭਾਵਨਾਵਾਂ ਹੋਣ ਦੇ ਬਾਵਜੂਦ ਆਮ ਆਦਮੀ ਪਾਰਟੀ ਲਈ ਪੰਜਾਬ ਵਿਚ ਸਰਕਾਰ ਬਣਾਉਣ ਲਈ ਲੋਕਾਂ ਵਿਚ ਭਰੋਸਾ ਪੈਦਾ ਕਰਨਾ ਜ਼ਰੂਰੀ ਹੈ। ਇਸ ਪਾਰਟੀ ਵੱਲੋਂ ਕੇਂਦਰ ਦੁਆਰਾ ਬਣਾਏ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਅਤੇ ਧਾਰਾ 370 ਤੇ 35-ਏ ਦੇ ਖਾਤਮੇ ਦੀ ਹਮਾਇਤ ਤੇ ਉਸ ਦੇ ਨਰਮ ਹਿੰਦੂਤਵ ਵਾਲਾ ਅਕਸ ਪੰਜਾਬ ਦੇ ਇਕ ਵੱਡੇ ਤਬਕੇ ਦੇ ਲੋਕਾਂ ਲਈ ਸਵਾਲ ਪੈਦਾ ਕਰਦੇ ਹਨ।

ਐਤਕੀਂ ਵਿਧਾਨ ਸਭਾ ਚੋਣਾਂ ਪਹਿਲੀਆਂ ਚੋਣਾਂ ਨਾਲੋਂ ਵੱਖਰੇ ਤੌਰ 'ਤੇ ਲੜੀਆਂ ਜਾਣਗੀਆਂ। ਇਸ ਦਾ ਮੁੱਖ ਕਾਰਨ ਕਿਸਾਨੀ ਸੰਘਰਸ਼ ਨਾਲ ਪੈਦਾ ਹੋਈ ਸਿਆਸੀ ਚੇਤਨਾ ਅਤੇ ਵਿਸ਼ਵਾਸ ਹੈ। ਹੁਣ ਰਵਾਇਤੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਲੋਕਾਂ ਦੁਆਰਾ ਉਠਾਏ ਸਵਾਲਾਂ ਦੇ ਜਵਾਬ ਦੇਣੇ ਪੈਣਗੇ।

# ਪੰਜਾਬ ਦੇ ਬੁਨਿਆਦੀ ਮਸਲੇ ਅਤੇ ਚੋਣ ਸਿਆਸਤ



**ਸਰਦਾਰਾ ਸਿੰਘ ਮਾਹਿਲ**
**ਫੋਨ: 75268-45180**

ਪੰਜਾਬ ਚੋਣਾਂ ਲਈ ਮਾਹੌਲ ਭਖ ਚੁੱਕਿਆ ਹੈ। ਖੇਤੀ ਕਾਨੂੰਨ ਵਾਪਸ ਹੋਣ ਨਾਲ ਕਿਸਾਨ ਮੋਰਚੇ ਦੀ ਜਿੱਤ ਹੋਈ ਹੈ, ਇਸ ਨਾਲ ਕਿਸਾਨ ਜੱਥੇਬੰਦੀਆਂ ਦਾ ਚੋਣ ਮੁਹਿੰਮ ਦਾ ਵਿਰੋਧ ਲਗਭਗ ਖਤਮ ਹੈ। ਹੁਣ ਚੋਣਾਂ ਲਈ ਮਾਹੌਲ ਮੋਕਲਾ ਹੈ ਅਤੇ ਸਿਆਸੀ ਪਾਰਟੀਆਂ ਨੇ ਚੋਣ ਮੁਹਿੰਮ ਭਖਾ ਦਿੱਤੀ ਹੈ। ਅਕਾਲੀ ਦਲ-ਬਸਪਾ ਗੱਠਜੋੜ 'ਚੋਂ ਅਕਾਲੀਆਂ ਨੇ ਆਪਣੇ ਹਿੱਸੇ ਦੀਆਂ ਲਗਭਗ ਸਾਰੀਆਂ ਸੀਟਾਂ 'ਤੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। 'ਆਪ' ਮੁਖੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਗੇੜੇ ਵਧਾ ਦਿੱਤੇ ਹਨ, ਉਹ ਹਰ ਗੇੜੇ ਕੋਈ ਨਾ ਕੋਈ ਐਲਾਨ ਕਰ ਰਹੇ ਹਨ। ਕਾਂਗਰਸ ਵੀ ਚੋਣ ਮੋਡ ਵਿਚ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਵਾਅਦਿਆਂ/ਐਲਾਨਾਂ ਦਾ ਮੁਕਾਬਲਾ ਚੱਲ ਰਿਹਾ ਹੈ। ਭਾਜਪਾ ਤਰ੍ਹਾਂ ਤਰ੍ਹਾਂ ਦੇ ਸਿਆਸਤਦਾਨਾਂ ਨੂੰ ਆਪਣੀ ਪਾਰਟੀ ਵਿਚ ਸ਼ਾਮਿਲ ਕਰ ਰਹੀ ਹੈ; ਨਾਲ ਹੀ ਅਮਰਿੰਦਰ ਤੇ ਢੀਂਡਸਾ ਨਾਲ ਗੱਠਜੋੜ ਕਰ ਰਹੀ ਹੈ।

ਮੁਲਕ ਨੂੰ ਹਾਕਮ ਜਮਾਤਾਂ ਅਤੇ ਉਨ੍ਹਾਂ ਦੇ ਢੰਡੋਰਚੀ ਬਹੁਤ ਵੱਡੀ ਜਮਹੂਰੀਅਤ ਅਤੇ ਚੋਣਾਂ ਨੂੰ ਜਮਹੂਰੀਅਤ ਦਾ ਜਸ਼ਨ ਕਹਿੰਦੇ ਹਨ। ਸਿਆਸੀ ਮਾਹਿਰਾਂ ਅਨੁਸਾਰ ਜਿਸ ਤਰ੍ਹਾਂ ਦੇ ਐਲਾਨ ਹੋ ਰਹੇ ਹਨ, ਉਹ ਪੰਜਾਬ ਦੇ ਲੋਕਾਂ ਦਾ ਅਪਮਾਨ ਹੈ। ਕੇਜਰੀਵਾਲ ਕਹਿੰਦਾ ਕਿ ਮੈਂ ਪੰਜਾਬ ਦੀਆਂ ਔਰਤਾਂ ਨੂੰ ਹਜ਼ਾਰ ਰੁਪਏ ਮਹੀਨਾ ਦੇਊਂ, ਬਿਜਲੀ ਸਸਤੀ ਕਰੂੰ, ਅਧਿਆਪਕਾਂ ਨੂੰ ਪੱਕੇ ਕਰੂੰ। ਅਕਾਲੀ ਦਲ ਵਿੱਦਿਆ ਕਰਜ਼ੇ ਦੇਣ, ਨੀਲੇ ਕਾਰਡਾਂ ਤੇ ਆਲੂ ਦੇਣ ਦੇ ਵਾਅਦੇ ਕਰ ਰਿਹਾ ਹੈ। ਸਮਾਰਟ ਫੋਨ, ਲੈਪਟਾਪ, ਨੌਕਰੀਆਂ ਹੋਰ ਅਨੇਕਾਂ ਲਾਲਚ ਦਿੱਤੇ ਜਾ ਰਹੇ ਹਨ। ਲੋਕਾਂ ਵਿਚ ਇਹ ਪ੍ਰਭਾਵ ਹੈ ਕਿ ਇਉਂ ਲਾਲਚ ਦੇ ਕੇ ਜਾਂ ਵਾਅਦੇ ਕਰਕੇ ਵੋਟਾਂ ਮੰਗਣੀਆਂ ਹੋਰ ਕੁਝ ਨਹੀਂ ਬਲਕਿ ਵੋਟਾਂ ਖਰੀਦਣਾ ਹੈ। ਇਹ ਇਕ ਤਰ੍ਹਾਂ ਦਾ ਸਿਆਸੀ ਭ੍ਰਿਸ਼ਟਾਚਾਰ ਹੈ।

ਦਰਅਸਲ, ਪ੍ਰਬੰਧ ਇਸ ਕਦਰ ਨਿੱਘਰ ਚੁੱਕਾ ਹੈ ਕਿ ਸਿਆਸੀ ਜਮਾਤ ਸਮਝਦੀ ਹੈ ਕਿ ਲੋਕਾਂ ਅੱਗੇ ਬੁਰਕੀਆਂ ਸੁੱਟ ਕੇ ਵੋਟਾਂ ਲਈਆਂ ਜਾ ਸਕਦੀਆਂ ਹਨ। ਜੇ ਹਕੀਕੀ ਜਮਹੂਰੀਅਤ ਹੋਵੇ ਤਾਂ ਪਾਰਟੀਆਂ ਨੂੰ ਚਾਹੀਦਾ ਹੈ ਕਿ ਉਹ ਲੋਕਾਂ ਦੇ ਮੁੱਖ ਤੇ ਬੁਨਿਆਦੀ ਮਸਲਿਆਂ ਦੀ ਨਿਸ਼ਾਨਦੇਹੀ ਕਰਨ; ਲੋਕਾਂ ਸਾਹਮਣੇ ਰੱਖ ਕੇ ਇਨ੍ਹਾਂ ਮਸਲਿਆਂ ਦੇ ਹੱਲ ਲਈ ਪ੍ਰੋਗਰਾਮ ਦੱਸਣ; ਇਹ ਦੱਸਣ ਕਿ ਇਹ ਆਉਣ ਵਾਲੇ ਪੰਜਾਂ ਸਾਲਾਂ ਵਿਚ ਇਨ੍ਹਾਂ ਬਾਰੇ ਕੀ ਕਰਨਗੀਆਂ ਪਰ ਅਜਿਹਾ ਨਹੀਂ ਹੋ ਰਿਹਾ। ਲੋਕਾਂ ਦੇ ਬੁਨਿਆਦੀ ਮਸਲਿਆਂ ਬਾਰੇ ਕੋਈ ਪਾਰਟੀ ਨਹੀਂ ਬੋਲ ਰਹੀ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਖੇਤੀ ਇਸ ਦੀ ਆਰਥਿਕਤਾ ਦੀ ਰੀੜ੍ਹ ਹੈ। ਇਹ ਖੇਤਰ ਗੰਭੀਰ ਸੰਕਟ 'ਚੋਂ ਗੁਜ਼ਰ ਰਿਹਾ ਹੈ। ਕਿਸਾਨੀ ਕਰਜ਼ੇ ਹੇਠ ਹੈ ਅਤੇ ਆਏ ਸਾਲ ਕਰਜ਼ੇ ਦੀ ਪੰਡ ਭਾਰੀ ਹੋ ਰਹੀ ਹੈ। ਕਰਜ਼ੇ ਕਾਰਨ ਕਿਸਾਨ ਖੁਦਕੁਸ਼ੀਆਂ ਲਈ ਮਜਬੂਰ ਹਨ। ਕਿਸਾਨੀ ਦੀ ਨਵੀਂ ਪੀੜ੍ਹੀ ਆਪਣੇ ਭਵਿੱਖ ਦੇ ਵਿਹੜੇ ਵਿਚ ਪਸਰਿਆ ਹਨੇਰਾ ਦੇਖ ਕੇ ਯੂਰੋਪ ਅਤੇ ਉਤਰੀ ਅਮਰੀਕਾ ਦੇ ਮੁਲਕਾਂ ਵੱਲ ਪਰਵਾਸ ਕਰ ਰਹੀ ਹੈ। ਛੋਟੀ ਕਿਸਾਨੀ ਜੋ ਵਧੇਰੇ ਪੈਸਾ ਨਹੀ ਖਰਚ ਸਕਦੀ, ਉਨ੍ਹਾਂ ਦੀ ਨਵੀਂ ਪੀੜ੍ਹੀ ਖਾੜੀ ਮੁਲਕਾਂ ਵਿਚ ਸਖਤ ਮੁਸ਼ੱਕਤ ਕਰਨ ਲਈ ਮਜਬੂਰ ਹੈ। ਜੋ ਬਾਹਰ ਨਹੀਂ ਜਾ ਸਕਦੇ ਜਾਂ ਖਾੜੀ ਮੁਲਕਾਂ ਵਿਚ ਜਾਣ ਲਈ ਤਿਆਰ ਨਹੀਂ, ਉਹ ਨਸ਼ਿਆਂ ਦੀ ਦਲਦਲ ਵਿਚ ਗ਼ਲਤਾਨ ਹੋ ਜਾਂਦੇ ਹਨ। ਮਹਿੰਗੇ ਨਸ਼ਿਆਂ ਲਈ ਪੈਸੇ ਨਾ ਹੋਣ ਕਰਕੇ ਉਹ ਲੁੱਟਾਂ-ਖੋਹਾਂ, ਚੋਰੀਆਂ-ਚਕਾਰੀਆਂ ਕਰਨ ਲਗਦੇ ਹਨ ਜਾਂ ਗੁੰਡਾ ਗਰੋਹਾਂ ਵਿਚ ਜਾ ਰਲਦੇ ਹਨ। ਖੇਤੀ ਸੰਕਟ ਦੇ ਸੰਭਾਵੀ ਹੱਲ ਬਾਰੇ ਕਿਸੇ ਪਾਰਟੀ ਕੋਲ ਕਹਿਣ ਲਈ ਕੁਝ ਨਹੀਂ ਹੈ।

ਦੂਸਰਾ, ਪੰਜਾਬ ਵਿਚ ਬੇਰੁਜ਼ਗਾਰੀ ਦਾ ਮੁੱਦਾ ਹੈ। ਬੇਰੁਜ਼ਗਾਰੀ ਦੇ ਦੋ ਪਹਿਲੂ ਹਨ। ਇਕ ਤਾਂ ਪੜ੍ਹੇ-ਲਿਖੇ ਲੋਕਾਂ ਲਈ ਰੁਜ਼ਗਾਰ ਦਾ ਮਾਮਲਾ ਹੈ। ਨਿੱਜੀਕਰਨ ਤੇ ਠੇਕਾਕਰਨ ਨਾਲ ਚਿੱਟ-ਕੱਪੜੀਆ ਨੌਕਰੀਆਂ ਨੂੰ ਪੱਕੇ ਰੁਜ਼ਗਾਰ ਦੀਆਂ ਸੰਭਾਵਨਾਵਾਂ ਬਹੁਤ ਘਟੀਆਂ ਹਨ। ਪੱਕੇ ਰੁਜ਼ਗਾਰ ਲਈ ਪੜ੍ਹੇ-ਲਿਖੇ ਲੋਕਾਂ ਦੇ ਸੰਘਰਸ਼ ਹੋ ਰਹੇ ਹਨ। ਬੇਰੁਜ਼ਗਾਰੀ ਦਾ ਦੂਸਰਾ ਪਹਿਲੂ ਕਿਰਤੀਆਂ ਦੀ ਬੇਰੁਜ਼ਗਾਰੀ ਹੈ; ਖਾਸਕਰ ਪਿੰਡਾਂ ਵਿਚ ਮਜ਼ਦੂਰਾਂ/ਦਲਿਤਾਂ ਲਈ ਰੁਜ਼ਗਾਰ ਦਾ ਮਸਲਾ ਹੈ। ਖੇਤੀ ਵਿਚ ਮਸ਼ੀਨੀਕਰਨ ਨਾਲ ਖੇਤੀ ਖੇਤਰ ਵਿਚ ਕੰਮ ਦੇ ਮੌਕੇ ਘਟੇ ਹਨ ਪਰ ਕਿਸੇ ਪਾਰਟੀ ਕੋਲ ਇਨ੍ਹਾਂ ਦੋਵੇਂ ਤਰ੍ਹਾਂ ਦੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਕੋਈ ਪ੍ਰੋਗਰਾਮ ਨਹੀਂ।

ਪੰਜਾਬ ਸਨਅਤੀ ਤੌਰ ਤੇ ਪਛੜਿਆ ਹੋਇਆ ਹੈ। ਸਹਿਕਾਰੀ ਖੇਤਰ ਵਿਚ ਖੇਤੀ ਆਧਾਰਿਤ ਸਨਅਤਾਂ ਵਿਚੋਂ ਬਹੁਤੀਆਂ ਬੰਦ ਹੋ ਗਈਆਂ ਹਨ ਅਤੇ ਕਈ ਸੰਕਟਗ੍ਰਸਤ ਹਨ। ਖਾਲਿਸਤਾਨੀ ਦਹਿਸ਼ਤ ਦੌਰਾਨ ਕਾਫ਼ੀ ਸਨਅਤ, ਖਾਸਕਰ ਸਰਹੱਦੀ ਖੇਤਰਾਂ ਵਿਚੋਂ, ਦੂਸਰੇ ਸੂਬਿਆਂ ਵਿਚ ਚਲੀ ਗਈ। ਕੇਂਦਰ ਸਰਕਾਰ ਵੱਲੋਂ ਪਹਾੜੀ ਖੇਤਰਾਂ ਦੇ ਵਿਕਾਸ ਦੇ ਨਾਮ ਤੇ ਸਨਅਤਾਂ ਲਈ ਦਿੱਤੀਆਂ ਰਿਆਇਤਾਂ ਕਾਰਨ ਵੀ ਸਨਅਤਾਂ ਗੁਆਂਢੀ ਪਹਾੜੀ ਰਾਜਾਂ ਵਿਚ ਚਲੀਆਂ ਗਈਆਂ। ਪੰਜਾਬ ਦਾ ਸਨਅਤੀ ਪਿਛੜੇਵਾਂ ਨਾ ਸਿਰਫ਼ ਬਰਕਰਾਰ ਹੈ ਬਲਕਿ ਵਧਿਆ ਹੈ। ਪੰਜਾਬ ਦਾ ਸਨਅਤੀਕਰਨ ਕਿਵੇਂ ਹੋਵੇ, ਇਸ ਦਾ ਕਿਸੇ ਪਾਰਟੀ ਕੋਲ ਕੋਈ ਪ੍ਰੋਗਰਾਮ ਨਹੀਂ।

ਇਸ ਤੋਂ ਬਿਨਾ ਸਿਹਤ, ਸਿੱਖਿਆ ਅਤੇ ਵਾਤਾਵਰਨ ਦਾ ਮੁੱਦਾ ਹੈ। ਨਿੱਜੀਕਰਨ ਦੀਆਂ ਨੀਤੀਆਂ ਨਾਲ ਕੁਆਲਿਟੀ ਸਿਹਤ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਈ। ਇਕ ਪਾਸੇ ਪੰਜ ਤਾਰਾ ਹਸਪਤਾਲ ਹਨ ਜਿਨ੍ਹਾਂ ਦਾ ਖਰਚਾ ਕਿਰਤੀ ਲੋਕ ਤਾਂ ਇਕ ਪਾਸੇ, ਮੱਧਵਰਗ ਦੇ ਵੀ ਵੱਸ ਦੀ ਗੱਲ ਨਹੀਂ। ਦੂਜੇ ਪਾਸੇ ਸਰਕਾਰੀ ਹਸਪਤਾਲ ਹਨ ਜੋ ਇਲਾਜ ਨਾਲੋਂ ਵੱਧ ਬਿਮਾਰੀਆਂ ਦੇ ਕੇਂਦਰ ਜਾਪਦੇ ਹਨ। ਮਸ਼ੀਨਰੀ ਬੇਕਾਰ ਪਈ ਹੈ, ਮਾਹਿਰ ਡਾਕਟਰਾਂ ਦੀਆਂ ਅਸਾਮੀਆਂ ਖਾਲੀ ਹਨ। ਦਵਾਈਆਂ ਨਹੀਂ ਮਿਲਦੀਆਂ। ਇਸੇ ਤਰ੍ਹਾਂ ਸਿੱਖਿਆ ਦੀਆਂ ਦੋ ਪ੍ਰਣਾਲੀਆਂ ਹਨ: ਇਕ ਸਰਕਾਰੀ ਅਤੇ ਦੂਜੀ ਨਿੱਜੀ। ਸਰਕਾਰੀ ਸਕੂਲਾਂ ਦੀ ਬੁਰੀ ਹਾਲਤ ਹੈ ਅਤੇ ਨਿੱਜੀ ਅਦਾਰਿਆਂ ਵਿਚ ਪੜ੍ਹਾਈ ਮਿਹਨਤਕਸ਼ ਲੋਕਾਂ ਦੀ ਪਹੁੰਚ ਵਿਚ ਨਹੀਂ। ਇਕ ਸਰਵੇਖਣ ਅਨੁਸਾਰ ਯੂਨੀਵਰਸਿਟੀ ਵਿਚ ਸਿਰਫ਼ 2 ਪ੍ਰਤੀਸ਼ਤ ਪੇਂਡੂ ਵਿਦਿਆਰਥੀ ਹੀ ਪਹੁੰਚਦੇ ਹਨ। ਉਹ ਵੀ ਪੇਂਡੂ ਸਮਾਜ ਦੇ ਉੱਪਰਲੇ ਤਬਕੇ ਨਾਲ ਸਬੰਧਤ ਹੁੰਦੇ ਹਨ।

ਪੰਜਾਬ ਦਾ ਇਕ ਹੋਰ ਮਹੱਤਵਪੂਰਨ ਮੁੱਦਾ ਪਾਣੀਆਂ ਦਾ ਹੈ। ਕੌਮਾਂਤਰੀ ਕਾਨੂੰਨ ਅਨੁਸਾਰ ਦਰਿਆਵਾਂ ਦੇ ਪਾਣੀਆਂ ਦੀ ਵੰਡ ਦਾ ਰਿਪੇਰੀਅਨ ਅਧਿਕਾਰ ਦਾ ਕਾਨੂੰਨ ਮਾਨਤਾ ਪ੍ਰਾਪਤ ਹੈ ਪਰ ਇਸ ਕਾਨੂੰਨ ਦੀ ਉਲੰਘਣਾ ਕਰ ਕੇ ਪੰਜਾਬ ਦਾ ਦਰਿਆਈ ਪਾਣੀ ਦੂਸਰੇ ਸੂਬਿਆਂ ਨੂੰ ਦਿੱਤਾ ਗਿਆ ਹੈ ਅਤੇ ਸਤਲੁਜ-ਯਮੁਨਾ ਲਿੰਕ ਨਹਿਰ ਬਣਾ ਕੇ ਹੋਰ ਪਾਣੀ ਹਰਿਆਣਾ ਨੂੰ ਦੇਣ ਦੀਆਂ ਕੋਸ਼ਿਸ਼ਾਂ ਹਨ। ਇਹੀ ਨਹੀਂ, ਪੰਜਾਬ ਦੇ ਹੈੱਡ ਵਰਕਸ ਨੂੰ ਕੇਂਦਰ ਨੇ ਆਪਣੇ ਕਬਜ਼ੇ ਵਿਚ ਰੱਖਿਆ ਹੋਇਆ ਹੈ। ਪੰਜਾਬ ਦੀ ਰਾਜਧਾਨੀ, ਚੰਡੀਗੜ੍ਹ ਵੀ ਕੇਂਦਰ ਦੇ ਅਧਿਕਾਰ ਵਿਚ ਹੈ। ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਬਣਾਉਣ ਦੀਆਂ ਕੋਸ਼ਿਸ਼ਾਂ ਹਨ। ਪੰਜਾਬ ਤੋਂ ਬਾਹਰ ਰਹਿ ਗਏ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਿਲ ਕਰਨ ਦਾ ਮੁੱਦਾ ਜਿਉਂ ਦਾ ਤਿਉਂ ਹੈ। ਇਨ੍ਹਾਂ ਮੁੱਦਿਆਂ ਦੇ ਹੱਲ ਲਈ ਕੋਈ ਪਾਰਟੀ ਨਹੀਂ ਬੋਲ ਰਹੀ। ਕਿਸੇ ਸਮੇਂ ਅਕਾਲੀ ਦਲ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਮੋਰਚੇ ਲਾਉਂਦਾ ਰਿਹਾ ਪਰ ਸੱਤਾ ਵਿਚ ਆ ਕੇ ਇਨ੍ਹਾਂ ਨੂੰ ਠੰਡੇ ਬਸੇ ਪਾ ਦਿੰਦਾ ਰਿਹਾ।

ਹੁਣ ਇਨ੍ਹਾਂ ਮੁੱਦਿਆਂ ਦੇ ਹੱਲ ਬਾਰੇ ਚਰਚਾ ਕਰੀਏ। ਖੇਤੀ ਖੇਤਰ ਦੇ ਸੰਕਟ ਦੀ ਬੁਨਿਆਦ/ਜੜ੍ਹ ਹਰੇ ਇਨਕਲਾਬ ਦੇ ਕੁ-ਨਾਂ ਨਾਲ ਪ੍ਰਚੱਲਿਤ ਖੇਤੀ ਮਾਡਲ ਵਿਚ ਹੈ। 'ਵੱਧ ਤੋਂ ਵੱਧ ਵਰਤੋ' ਦੇ ਸਿਧਾਂਤ ਤੇ ਆਧਾਰਿਤ ਇਸ ਮਾਡਲ ਨੇ ਧਰਤੀ ਹੇਠਲੇ ਪਾਣੀ ਦੀਆਂ ਉੱਪਰਲੀਆਂ ਤੱਗੀਆਂ ਖਾ ਲਈਆਂ। ਰਸਾਇਣਾਂ ਦੀ ਬਾਹਲੀ ਵਰਤੋਂ ਨੇ ਜ਼ਮੀਨ ਦੀ ਉਪਜਾਊ ਸ਼ਕਤੀ ਨਸ਼ਟ ਕਰ ਦਿੱਤੀ ਜਿਸ ਕਰਕੇ ਪੈਦਾਵਾਰ ਦਾ ਪੱਧਰ ਬਰਕਰਾਰ ਰੱਖਣ ਲਈ ਖੇਤੀ ਖਰਚਿਆਂ ਵਿਚ ਬੇਹੱਦ ਵਾਧਾ ਹੋਇਆ ਹੈ। ਇਸ ਦਾ ਸਿੱਟਾ ਕਿਸਾਨੀ ਦੇ ਕਰਜ਼ਈ ਹੋਣ ਵਿਚ ਨਿਕਲਿਆ ਹੈ। ਦੂਸਰੇ, ਕੀਮਤ ਕੰਡਾ ਕਾਰਪੋਰੇਟ ਦੇ ਹਿੱਤ ਵਿਚ ਝੁਕਿਆ ਹੋਇਆ ਹੈ। ਸਨਅਤੀ ਖੇਤਰ ਦੀ ਪੈਦਾਵਾਰ, ਖੇਤੀ ਲਾਗਤ ਵਸਤਾਂ ਦੀਆਂ ਕੀਮਤਾਂ ਵਿਚ 1967 ਤੋਂ ਲੈ ਕੇ ਖੇਤੀ ਵਸਤਾਂ ਦੀਆਂ ਕੀਮਤਾਂ ਨਾਲੋਂ ਢਾਈ ਤੋਂ ਚਾਰ ਗੁਣਾ ਤੱਕ ਵਾਧਾ ਹੋਇਆ ਹੈ। ਇਸ ਨਾਲ ਖੇਤੀ ਘਾਟੇਵੰਦਾ ਧੰਦਾ ਬਣ ਗਿਆ ਹੈ। ਇਹ ਖੇਤੀ ਸੰਕਟ ਦਾ ਦੂਸਰਾ ਵੱਡਾ ਕਾਰਨ ਹੈ। ਤੀਸਰੇ ਇਹ ਖੇਤੀ ਮਾਡਲ ਵੱਡੇ ਫਾਰਮਾਂ ਲਈ ਹੈ। ਪੰਜਾਬ ਦੀ ਛੋਟੀ ਮਾਲਕੀ ਵਾਲੀ ਖੇਤੀ ਤੇ ਠੋਸਿਆ ਮਾਡਲ ਸੰਕਟ ਦਾ ਕਾਰਨ ਹੈ। ਇਸ ਲਈ ਖੇਤੀ ਸੰਕਟ ਦੇ ਹੱਲ ਲਈ ਸਥਾਨਕ ਹਾਲਤਾਂ ਅਨੁਸਾਰੀ ਖੇਤੀ ਮਾਡਲ ਬਣਾਉਣਾ ਤੇ ਲਾਗੂ ਕਰਨਾ ਹੈ। ਦੂਸਰੇ ਖੇਤੀ ਵਸਤਾਂ ਦੇ ਭਾਅ ਸੀ2+50 ਵਾਲੇ ਸਵਾਮੀਨਾਥਨ ਦੇ ਫਾਰਮੂਲੇ ਅਨੁਸਾਰ ਮਿੱਥੇ ਜਾਣ। ਕਿਸਾਨੀ ਦੇ ਕਰਜ਼ੇ ਮੁਆਫ਼ ਕੀਤੇ ਜਾਣ। ਸੰਕਟ ਦਾ ਸਭ ਤੋਂ ਵਧੇਰੇ ਬੋਝ ਛੋਟੇ, ਗ਼ਰੀਬ ਅਤੇ ਬੇਜ਼ਮੀਨੇ ਕਿਸਾਨਾਂ ਤੇ ਹੈ। ਇਸ ਕਰਕੇ ਜ਼ਮੀਨ ਦੀ ਮੁੜ-ਵੰਡ ਕਰਕੇ, ਵਾਫ਼ਰ ਜ਼ਮੀਨ ਦਲਿਤਾਂ, ਬੇਜ਼ਮੀਨੇ ਤੇ ਗ਼ਰੀਬ ਕਿਸਾਨਾਂ ਵਿਚ ਵੰਡੀ ਜਾਵੇ ਪਰ ਇਹ ਪ੍ਰੋਗਰਾਮ ਕਿਸੇ ਵੀ ਪਾਰਟੀ ਦਾ ਨਹੀਂ।

ਦੂਜਾ ਵੱਡਾ ਮਸਲਾ ਬੇਰੁਜ਼ਗਾਰੀ ਹੈ। ਨਸ਼ੇ, ਵਿਦੇਸ਼ਾਂ ਨੂੰ ਪਰਵਾਸ ਅਤੇ ਗੁੰਡਾ ਗਰੋਹ ਇਸੇ ਦੀ ਪੈਦਾਵਾਰ ਹਨ। ਬੇਰੁਜ਼ਗਾਰੀ ਦਾ ਹੱਲ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਨਾ ਹੈ। ਰੁਜ਼ਗਾਰ ਦਾ ਬੁਨਿਆਦੀ ਸੋਮਾ ਪੈਦਾਵਾਰ ਹੈ। ਚਿੱਟ-ਕਪੜੀਆ ਰੁਜ਼ਗਾਰ ਵੀ ਇਸੇ ਬੁਨਿਆਦ ਦੁਆਲੇ ਹੀ ਪੈਦਾ ਹੁੰਦਾ ਹੈ। ਜ਼ਮੀਨ ਲਗਭਗ ਸਾਰੀ ਵਾਹੀ ਹੇਠ ਹੈ। ਇਹ ਵਧ ਨਹੀਂ ਸਕਦੀ ਬਲਕਿ ਸੜਕਾਂ ਅਤੇ ਉਸਾਰੀ ਹੇਠ ਆਉਣ ਨਾਲ ਘਟ ਰਹੀ ਹੈ। ਪੇਂਡੂ ਖੇਤਰ ਵਿਚ ਬਹੁਤ ਸਾਰੀ ਅਰਧ ਬੇਰੁਜ਼ਗਾਰੀ ਅਤੇ ਲੁਕਵੀਂ ਬੇਰੁਜ਼ਗਾਰੀ ਹੈ। ਇਸ ਦਾ ਇਕੋ ਇੱਕ ਹੱਲ ਪੰਜਾਬ ਦਾ ਸਨਅਤੀਕਰਨ ਹੈ। ਇਸ ਦੇ ਰਾਹ ਵਿਚ ਵੱਡੀ ਰੁਕਾਵਟ ਹੈ ਕਿ ਤਕਨੀਕ, ਕੱਚੇ ਮਾਲ ਦੇ ਸੋਮੇ ਅਤੇ ਮੰਡੀ ਉੱਤੇ ਸਾਮਰਾਜੀ ਅਤੇ ਉਸ ਦੇ ਜੋਟੀਦਾਰ ਭਾਰਤੀ ਕਾਰਪੋਰੇਟ ਦਾ ਏਕਾਧਿਕਾਰ ਹੈ। ਪੰਜਾਬ ਖੇਤੀ ਆਧਾਰਿਤ ਸਨਅਤਾਂ ਦਾ ਆਧਾਰ ਤਾਂ ਹੈ ਪਰ ਤਕਨੀਕ ਅਤੇ ਮੰਡੀ ਤੇ ਬਹੁਕੌਮੀ ਕੰਪਨੀਆਂ ਦਾ ਕਬਜ਼ਾ ਹੋਣ ਕਰ ਕੇ ਇਹ ਸਨਅਤ ਟਿਕ ਨਹੀਂ ਸਕਦੀ। ਇਸ ਦਾ ਹੱਲ ਪੰਜਾਬ ਵਿਚ ਨਹੀਂ, ਇਹ ਹੱਲ ਭਾਰਤ ਸਰਕਾਰ ਹੀ ਕਰ ਸਕਦੀ ਹੈ ਪਰ ਡਾਕਟਰ ਮਨਮੋਹਨ ਸਿੰਘ ਵੱਲੋਂ ਨਵੀਂ ਆਰਥਿਕ ਨੀਤੀ ਅਤੇ ਸੰਸਾਰ ਵਪਾਰ ਸੰਗਠਨ ਬਣਨ ਨਾਲ, ਦੇਸੀ ਵਿਦੇਸ਼ੀ ਕਾਰਪੋਰੇਟ ਤੇ ਜਿਹੜੀਆਂ ਥੋੜ੍ਹੀਆਂ ਬਹੁਤ ਰੋਕਾਂ ਸਨ, ਉਹ ਵੀ ਖਤਮ ਕਰ ਦਿੱਤੀਆਂ। ਏਕਾਧਿਕਾਰ ਰੋਕੂ ਕਾਨੂੰਨ ਅਤੇ ਕਮਿਸ਼ਨ ਖਤਮ ਕਰ ਦਿੱਤੇ। ਵਿਦੇਸ਼ੀ ਦਰਾਮਦ ਤੇ ਮਾਤਰਿਕ ਰੋਕਾਂ ਖਤਮ ਕਰ ਦਿੱਤੀਆਂ, ਡਿਊਟੀ ਘਟਾ ਦਿੱਤੀ। ਘਰੇਲੂ, ਛੋਟੇ ਅਤੇ ਦਰਮਿਆਨੇ ਉਦਯੋਗ ਲਈ ਰਿਜ਼ਰਵ ਖੇਤਰਾਂ ਨੂੰ ਡੀ-ਰਿਜ਼ਰਵ ਕਰ ਦਿੱਤਾ ਗਿਆ ਹੈ। ਜਨਤਕ ਖੇਤਰ ਨੂੰ ਕੌਡੀਆਂ ਦੇ ਭਾਅ ਕਾਰਪੋਰੇਟ ਹਵਾਲੇ ਕੀਤਾ ਜਾ ਰਿਹਾ ਹੈ। ਇਸ ਨੀਤੀ ਢਾਂਚੇ ਵਿਚ ਪੰਜਾਬ ਦਾ ਸਨਅਤੀਕਰਨ ਕਿਸੇ ਹਾਲਤ ਵਿਚ ਵੀ ਸੰਭਵ ਨਹੀਂ। ਇਸ ਦਾ ਇਕੋ ਹੱਲ ਹੈ ਕਿ ਵਿਦੇਸ਼ੀ ਕਾਰਪੋਰੇਟ ਅਤੇ ਉਸ ਦੇ ਸੰਗੀ ਦੇਸੀ ਕਾਰਪੋਰੇਟ ਦਾ ਸਰਮਾਇਆ ਜ਼ਬਤ ਕੀਤਾ ਜਾਵੇ। ਕੌਮੀ ਮੁੜ-ਨਿਰਮਾਣ ਨੀਤੀ ਲਿਆਂਦੀ ਜਾਵੇ। ਕੌਮਾਂਤਰੀ ਵਪਾਰ ਬਰਾਬਰੀ ਦੇ ਅਧਾਰ 'ਤੇ ਕੀਤਾ ਜਾਵੇ। ਸਵੈ-ਨਿਰਭਰ ਵਿਕਾਸ ਨੂੰ ਕੌਮੀ ਨਿਸ਼ਾਨਾ ਮਿੱਥਿਆ ਜਾਵੇ।

ਸਭ ਲਈ ਵਧੀਆ ਸਿੱਖਿਆ ਤੇ ਸਿਹਤ ਅਤੇ ਬਿਨਾ ਕਿਸੇ ਮੁਨਾਫੇ ਤੋਂ, ਵਿਸ਼ਾਲ ਜਨ-ਸਮੂਹ ਦਾ ਬੁਨਿਆਦੀ ਮੁੱਦਾ ਹੈ। ਇਸ ਸਮੇਂ ਕੁਆਲਿਟੀ ਸਿੱਖਿਆ ਅਤੇ ਸਿਹਤ ਮੰਡੀ ਦੀਆਂ ਵਸਤੂਆਂ ਬਣੀਆਂ ਹੋਈਆਂ ਹਨ। ਇਨ੍ਹਾਂ ਖੇਤਰਾਂ, ਖਾਸਕਰ ਸਿਹਤ ਦੇ ਖੇਤਰ ਵਿਚ ਕਾਰਪੋਰੇਟ ਦਾ ਬੋਲਬਾਲਾ ਹੈ। ਇਸ ਦਾ ਇਕੋ ਹੱਲ ਹੈ ਕਿ ਸਾਰੀਆਂ ਜਨਤਕ ਸੇਵਾਵਾਂ ਨੂੰ ਸਰਕਾਰੀ ਖੇਤਰ ਵਿਚ ਲਿਆਂਦਾ ਜਾਵੇ, ਕੌਮੀਕਰਨ ਕੀਤਾ ਜਾਵੇ। ਨਿੱਜੀਕਰਨ ਦੀਆਂ ਨੀਤੀਆਂ ਨੂੰ ਬੁਨਿਆਦੀ ਮੋੜਾ ਦਿੱਤੇ ਬਿਨਾ ਇਹ ਸੰਭਵ ਨਹੀਂ। ਇਸ ਕਰ ਕੇ ਇਹ ਕਿਸੇ ਪਾਰਟੀ ਦਾ ਏਜੰਡਾ ਨਹੀਂ। ਪੰਜਾਬ ਦੇ ਪਾਣੀਆਂ ਤੇ ਪੰਜਾਬ ਦਾ ਹੱਕ ਤਸਲੀਮ ਕਰਨਾ ਚਾਹੀਦਾ ਹੈ। ਪਹਿਲਾਂ ਦਿੱਤੇ ਜਾ ਰਹੇ ਪਾਣੀ ਦੀ ਰਾਇਲਟੀ ਮਿਲਣੀ ਚਾਹੀਦੀ ਹੈ। ਪੰਜਾਬ ਦੇ ਹੈੱਡ ਵਰਕਸ ਪੰਜਾਬ ਦੇ ਹਵਾਲੇ ਕੀਤੇ ਜਾਣ। ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਮਿਲਾਏ ਜਾਣ। ਪੰਜਾਬੀ ਭਾਸ਼ਾ ਹਰ ਪੱਧਰ ਤੇ ਲਾਗੂ ਹੋਵੇ ਪਰ ਇਹ ਕਿਸੇ ਪਾਰਟੀ ਦਾ ਏਜੰਡਾ ਨਹੀਂ।

ਮੁਲਕ ਦਾ ਸਿਆਸੀ ਪ੍ਰਬੰਧ ਨਿਘਾਰ ਵੱਲ ਜਾ ਰਿਹਾ ਹੈ। ਕਿਸੇ ਸਮੇਂ ਛਲਾਵਾ ਦੇਣ ਦੀ ਪੱਧਰ 'ਤੇ ਹੀ ਸਹੀ ਪਰ ਮੁੱਦਿਆਂ ਦੀ ਸਿਆਸਤ ਹੁੰਦੀ ਸੀ। ਇੰਦਰਾ ਗਾਂਧੀ ਨੇ ਕੌਮੀਕਰਨ ਤੇ ਜਮਹੂਰੀ ਸਮਾਜਵਾਦ ਦੇ ਨਾਅਰੇ ਨਾਲ ਚੋਣ ਜਿੱਤੀ। 1977 'ਚ ਚੋਣ ਫਾਸ਼ੀਵਾਦ ਬਨਾਮ ਜਮਹੂਰੀਅਤ ਦੇ ਮੁੱਦੇ ਤੇ ਹੋਈ ਪਰ 1980 ਤੱਕ ਇਨ੍ਹਾਂ ਮੁੱਦਿਆਂ ਦਾ ਹੀਜ-ਪਿਆਜ ਨੰਗਾ ਹੋ ਗਿਆ। 1980 ਦੀ ਚੋਣ 'ਸਰਕਾਰ ਚੁਣੋ ਜੋ ਕੰਮ ਕਰੇ' ਦੇ ਨਾਅਰੇ ਨਾਲ ਜਿੱਤੀ ਗਈ। ਅਗਲੇ ਦਹਾਕਿਆਂ ਵਿਚ ਬੁਨਿਆਦੀ ਮੁੱਦਿਆਂ ਤੋਂ ਹਟ ਕੇ ਗੱਲ ਭ੍ਰਿਸ਼ਟਾਚਾਰ ਜਿਹੇ ਮੁੱਦਿਆਂ ਤੇ ਟਿਕੀ ਰਹੀ। 1983 ਤੋਂ ਸਿਆਸਤ ਵਿਚ ਫ਼ਿਰਕਾਪ੍ਰਸਤੀ ਦਾ ਬੋਲਬਾਲਾ ਸ਼ੁਰੂ ਹੋ ਗਿਆ। ਕਾਂਗਰਸ ਨੇ 1984 ਦੀ ਚੋਣ ਬਹੁਗਿਣਤੀ ਸ਼ਾਵਨਵਾਦ ਵਰਤ ਕੇ ਜਿੱਤੀ। ਇੱਕੀਵੀਂ ਸਦੀ ਵਿਚ ਬਹੁਗਿਣਤੀ ਸ਼ਾਵਨਵਾਦ ਦੇ ਹਥਿਆਰ ਦੀ ਵਰਤੋਂ ਲਈ ਕਾਂਗਰਸ-ਭਾਜਪਾ ਮੁਕਾਬਲਾ ਚੱਲਦਾ ਰਿਹਾ ਅਤੇ ਜਿੱਤ ਭਾਜਪਾ ਦੀ ਹੋਈ। ਹੁਣ ਮੁੱਦੇ ਪਿਛਾਂਹ ਛੁੱਟ ਗਏ ਹਨ।

---

# ਚੋਣਾਂ ਅਤੇ ਕਿਸਾਨ ਜਥੇਬੰਦੀਆਂ

**ਅਭੈ ਕੁਮਾਰ ਦੂਬੇ**

ਅੰਦੋਲਨਾਂ ਅਤੇ ਚੋਣਾਂ ਦਾ ਰਿਸ਼ਤਾ ਇਸ ਤਰ੍ਹਾਂ ਗੁੰਝਲਦਾਰ ਹੈ ਕਿ ਅੱਜ ਤੱਕ ਇਨ੍ਹਾਂ ਦੋਵਾਂ ਦੇ ਸਮੀਕਰਨ ਕਿਸੇ ਅੰਤਿਮ ਨਤੀਜੇ 'ਤੇ ਨਹੀਂ ਪਹੁੰਚ ਸਕੇ। ਛੱਤੀਸਗੜ੍ਹ 'ਚ ਸ਼ੰਕਰ ਗੁਹਾ ਨਿਯੋਗੀ ਦੀ ਅਗਵਾਈ 'ਚ ਚੱਲਿਆ ਅੰਦੋਲਨ, ਨਕਸਲੀ ਅੰਦੋਲਨ, ਵਿਦਿਆਰਥੀ-ਨੌਜਵਾਨ ਸੰਘਰਸ਼ ਵਾਹਿਨੀ ਦਾ ਅੰਦੋਲਨ ਅਤੇ ਲੋਕਪਾਲ ਦੀ ਸਥਾਪਨਾ ਦੇ ਲਈ ਚੱਲਿਆ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨ, ਸਾਰੇ ਇਸ ਉਲਝਣ ਦਾ ਸਾਹਮਣਾ ਕਰ ਚੁੱਕੇ ਹਨ। ਕਿਸੇ ਵੀ ਅੰਦੋਲਨ 'ਚ ਚੋਣ ਲੜਨ ਜਾਂ ਨਾ ਲੜਨ ਦੇ ਸਵਾਲ 'ਤੇ ਇਕਮੱਤ ਨਹੀਂ ਬਣ ਸਕਿਆ। ਚੋਣਾਂ ਸੱਤਾ ਹਾਸਲ ਕਰਨ ਲਈ ਲੜੀਆਂ ਜਾਂਦੀਆਂ ਹਨ ਅਤੇ ਅੰਦੋਲਨ ਸਮਾਜ-ਪਰਿਵਰਤਨ ਦੀ ਦਾਅਵੇਦਾਰੀਆਂ ਦੇ ਨਾਲ ਸਾਹਮਣੇ ਆਉਂਦਾ ਹੈ। ਇਨ੍ਹਾਂ ਦੋਵਾਂ ਟੀਚਿਆਂ ਦੇ ਦਰਮਿਆਨ ਅਜਿਹਾ ਵਿਰੋਧ ਰਹਿੰਦਾ ਹੈ ਜਿਸ ਦਾ ਹੱਲ ਅੱਜ ਤੱਕ ਨਹੀਂ ਹੋ ਸਕਿਆ। ਚੋਣਾਂ ਦੇ ਜ਼ਰੀਏ ਸੱਤਾ ਹਾਸਲ ਕਰਨ ਨੂੰ ਕਈ ਅੰਦੋਲਨਕਾਰੀ ਇਕ 'ਅਸ਼ੁੱਧ' ਅਤੇ 'ਅਨੈਤਿਕ' ਕਿਸਮ ਦੀ ਕੋਸ਼ਿਸ਼ ਦੇ ਰੂਪ 'ਚ ਦੇਖਦੇ ਹਨ। ਨਤੀਜਾ ਇਹ ਨਿਕਲਦਾ ਹੈ ਕਿ ਚੋਣਾਂ ਦੇ ਸਵਾਲ 'ਤੇ ਅੰਦੋਲਨਕਾਰੀਆਂ 'ਚ ਵੰਡ ਹੋ ਜਾਂਦੀ ਹੈ। ਜੋ ਲੋਕ ਮੋਢੇ ਨਾਲ ਮੋਢਾ ਜੋੜ ਕੇ ਸਾਲਾਂ ਤੱਕ ਲੜਦੇ ਰਹਿੰਦੇ ਹਨ, ਉਹ ਮਿਲ ਕੇ ਚੋਣਾਂ ਲੜਨ ਲਈ ਤਿਆਰ ਨਹੀਂ ਹੁੰਦੇ। ਫਿਰ ਇਕ-ਦੂਜੇ 'ਤੇ ਦੋਸ਼ ਲੱਗਦੇ ਹਨ ਅਤੇ ਬਹਿਸ ਹੁੰਦੀ ਹੈ। ਅੰਦੋਲਨ ਕਿਸੇ ਵੀ ਵਿਚਾਰਧਾਰਾ ਦਾ ਹੋਵੇ, ਚੋਣਾਂ ਦੇ ਸਵਾਲ 'ਤੇ ਸਮੱਸਿਆਵਾਂ ਆ ਜਾਂਦੀਆਂ ਹਨ।

ਅਜਿਹੀ ਉਲਝਣ ਹੁਣ ਕਿਸਾਨ ਅੰਦੋਲਨ ਦੇ ਸਾਹਮਣੇ ਹੈ। ਇਹ ਅੰਦੋਲਨ ਫਿਲਹਾਲ ਭਾਰਤੀ ਇਤਿਹਾਸ ਦੀ ਸਭ ਤੋਂ ਵੱਡੀ ਜਿੱਤ ਹਾਸਲ ਕਰਕੇ ਮੁਲਤਵੀ ਹੋ ਚੁੱਕਾ ਹੈ ਅਤੇ ਹੁਣ ਸੰਯੁਕਤ ਕਿਸਾਨ ਮੋਰਚੇ ਦੇ ਨੇਤਾਵਾਂ 'ਚ ਇਸ ਗੱਲ ਨੂੰ ਲੈ ਕੇ ਬਹਿਸ ਹੋ ਰਹੀ ਹੈ ਕਿ ਉਨ੍ਹਾਂ ਨੂੰ ਪੰਜਾਬ 'ਚ ਚੋਣਾਂ ਲੜਨੀਆਂ ਚਾਹੀਦੀਆਂ ਹਨ ਜਾਂ ਨਹੀਂ। ਪੰਜਾਬ ਦੇ ਹਾਲਾਤ 'ਤੇ ਨੇੜਿਉਂ ਨਜ਼ਰ ਰੱਖਣ ਵਾਲੇ ਕੁਝ ਸਮੀਖਿਅਕਾਂ ਦਾ ਮੰਨਣਾ ਹੈ ਕਿ ਜੇਕਰ ਸੰਯੁਕਤ ਕਿਸਾਨ ਮੋਰਚਾ ਰਾਜਨੀਤਕ ਇਰਾਦਾ ਬਣਾ ਕੇ ਸਾਰੇ ਪੰਜਾਬ 'ਚ ਆਪਣੇ ਉਮੀਦਵਾਰ ਖੜ੍ਹੇ ਕਰਦਾ ਹੈ ਤਾਂ ਉਹ ਚੋਣ ਪ੍ਰਕਿਰਿਆ ਨੂੰ ਯਕੀਨਨ ਤੌਰ 'ਤੇ ਪ੍ਰਭਾਵਿਤ ਕਰ ਸਕਦਾ ਹੈ। ਇਹ ਵੀ ਕਿਹਾ ਜਾਂਦਾ ਰਿਹਾ ਹੈ ਕਿ ਜਿਨ੍ਹਾਂ ਕਿਸਾਨ ਪਰਿਵਾਰਾਂ ਨੇ ਆਪਣੇ ਲੋਕਾਂ ਨੂੰ ਸਾਲ ਭਰ ਚੱਲੇ ਧਰਨਿਆਂ ਦੌਰਾਨ ਗੁਆਇਆ ਹੈ, ਜੇਕਰ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਟਿਕਟਾਂ ਦਿੱਤੀਆਂ ਜਾਣ ਤਾਂ ਵੋਟਰ ਉਨ੍ਹਾਂ ਨੂੰ ਵੋਟ ਦੇਣ ਬਾਰੇ ਜ਼ਰੂਰ ਸੋਚਣਗੇ। ਉਸ ਸੂਰਤ 'ਚ ਹੋਰ ਪਾਰਟੀਆਂ ਨੂੰ ਵੀ ਕਿਸਾਨ ਅੰਦੋਲਨ ਦੀ ਇਸ ਚੁਣਾਵੀਂ ਪਹਿਲਕਦਮੀ ਦੇ ਨਾਲ ਕੁਝ ਨਾ ਕੁਝ ਵਿਵਸਥਾ ਕਰਨੀ ਪਵੇਗੀ।

ਅਜਿਹੀ ਸਮਝ ਤਹਿਤ ਕਿਸਾਨ ਨੇਤਾ ਗੁਰਨਾਮ ਸਿੰਘ ਚੜੂਨੀ ਨੇ ਨਵੀਂ ਪਾਰਟੀ ਬਣਾਉਣ ਦਾ ਐਲਾਨ ਕਰਦੇ ਹੋਏ ਕਿਹਾ ਹੈ ਕਿ ਉਹ ਖੁਦ ਚੋਣਾਂ ਨਹੀਂ ਲੜਨਗੇ ਪਰ ਲੜਾਉਣਗੇ ਜ਼ਰੂਰ। ਚੜੂਨੀ ਪਹਿਲਾਂ ਵੀ ਚੋਣ ਲੜਨ ਦਾ ਇਰਾਦਾ ਜ਼ਾਹਿਰ ਕਰਦੇ ਰਹੇ ਹਨ। ਦੂਜੇ ਪਾਸੇ ਪੰਜਾਬ 'ਚ ਇਹ ਵੀ ਚਰਚਾ ਰਹੀ ਹੈ ਕਿ ਇਕ ਹੋਰ ਨੇਤਾ ਬਲਬੀਰ ਸਿੰਘ ਰਾਜੇਵਾਲ ਆਮ ਆਦਮੀ ਪਾਰਟੀ ਵਲੋਂ ਮੁੱਖ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਐਲਾਨੇ ਜਾ ਸਕਦੇ ਹਨ; ਹਾਲਾਂਕਿ ਰਾਜੇਵਾਲ ਨੇ ਇਸ ਦਾ ਖੰਡਨ ਕਰ ਦਿੱਤਾ ਹੈ ਪਰ ਬਹਿਸ ਹੈ ਕਿ ਰੁਕਣ ਦਾ ਨਾਂਅ ਨਹੀਂ ਲੈ ਰਹੀ। ਮੋਰਚੇ ਅੰਦਰ ਵੱਖ-ਵੱਖ ਤਰ੍ਹਾਂ ਦੀਆਂ ਸ਼ਕਤੀਆਂ ਸਰਗਰਮ ਹਨ। ਇਸ 'ਚ ਮਾਰਕਸਵਾਦੀ-ਲੈਨਿਨਵਾਦੀ ਗੁੱਟਾਂ ਦੇ ਲੋਕ ਵੀ ਹਨ। ਚੋਣਾਂ ਲੜਨ ਬਾਰੇ ਅਜਿਹੀਆਂ ਸ਼ਕਤੀਆਂ ਦਰਮਿਆਨ ਮੱਤਭੇਦ ਹਨ। ਲਿਬਰੇਸ਼ਨ ਗੁੱਟ ਚੋਣਾਂ ਲੜਨ ਦੇ ਪੱਖ 'ਚ ਹੈ ਅਤੇ ਬਿਹਾਰ ਸਮੇਤ ਦੇਸ਼ 'ਚ ਜਿੱਥੇ ਵੀ ਮੌਕਾ ਮਿਲਦਾ ਹੈ, ਉਹ ਚੋਣਾਂ ਲੜਦੇ ਹਨ ਪਰ ਨਾਗੀ ਰੈਡੀ ਗੁੱਟ ਇਸ ਮਾਮਲੇ 'ਚ ਵੱਖਰੀ ਰਾਏ ਰੱਖਦਾ ਹੈ। ਕੁੱਲ ਮਿਲਾ ਕੇ ਸਥਿਤੀ ਬੇਯਕੀਨੀ ਵਾਲੀ ਹੈ।

ਪੰਦਰਾਂ-ਸੋਲਾਂ ਦਸੰਬਰ ਨੂੰ ਮੈਨੂੰ ਪਟਿਆਲਾ ਦੀ ਪੰਜਾਬੀ ਯੂਨੀਵਰਸਿਟੀ 'ਚ ਇਕ ਪ੍ਰੋਗਰਾਮ ਦੇ ਸਿਲਸਿਲੇ 'ਚ ਜਾਣਾ ਪਿਆ। ਉੱਥੇ ਕੁਝ ਕਾਰਕੁਨਾਂ-ਬੁੱਧੀਜੀਵੀਆਂ ਨਾਲ ਚੋਣਾਂ ਬਾਰੇ ਹੋਈ ਗੈਰ ਰਸਮੀ ਚਰਚਾ ਨਾਲ ਵੀ ਇਹੀ ਗੱਲ ਨਿਕਲ ਕੇ ਸਾਹਮਣੇ ਆਈ ਕਿ ਪੰਜਾਬ ਦੀਆਂ ਚੋਣਾਂ ਦੀ ਦਿਸ਼ਾ ਕਾਫੀ ਹੱਦ ਤੱਕ ਕਿਸਾਨ ਅੰਦੋਲਨਕਾਰੀਆਂ ਦੁਆਰਾ ਅਪਣਾਈ ਜਾਣ ਵਾਲੀ ਰਣਨੀਤੀ 'ਤੇ ਨਿਰਭਰ ਹੈ। ਇਸ ਅਣ-ਰਸਮੀ ਚਰਚਾ ਦੀ ਖਾਸ ਗੱਲ ਇਹ ਸੀ ਕਿ ਕਾਰਕੁਨਾਂ-ਬੁੱਧੀਜੀਵੀਆਂ ਦੀ ਚੋਣ ਸਮੀਖਿਆ ਇਕ ਤਰ੍ਹਾਂ ਦੀ ਅਨਿਸ਼ਚਤਾ 'ਚ ਫਸੀ ਹੋਈ ਸੀ। ਸ਼ਾਇਦ ਇਸ ਦਾ ਵੱਡਾ ਕਾਰਨ ਇਹ ਹੈ ਕਿ ਕਾਂਗਰਸ ਦੇ ਅੰਦਰੂਨੀ ਕਲੇਸ਼ ਕਾਰਨ ਉਸ ਦੀਆਂ ਸੰਭਾਵਨਾਵਾਂ 'ਚ ਗਿਰਾਵਟ ਆਈ ਹੈ। ਆਮ ਆਦਮੀ ਪਾਰਟੀ ਦੀਆਂ ਸੰਭਾਵਨਾਵਾਂ ਪਹਿਲਾਂ ਦੇ ਮੁਕਾਬਲੇ ਵਧੀਆਂ ਹਨ। ਉੱਧਰ ਕੈਪਟਨ ਅਮਰਿੰਦਰ ਸਿੰਘ ਅਤੇ ਭਾਰਤੀ ਜਨਤਾ ਪਾਰਟੀ ਦੇ ਗੱਠਜੋੜ ਨੇ ਇਕ ਹੋਰ ਧਿਰ ਨੂੰ ਮੰਚ 'ਤੇ ਪੇਸ਼ ਕਰ ਦਿੱਤਾ ਹੈ। ਕੈਪਟਨ ਅਮਰਿੰਦਰ ਸਿੰਘ ਦਾ ਜੱਟ ਸਿੱਖਾਂ 'ਚ ਕੁਝ ਪ੍ਰਭਾਵ ਹੈ ਅਤੇ ਭਾਜਪਾ ਸ਼ਹਿਰ ਦੇ ਹਿੰਦੂ ਵਪਾਰੀਆਂ ਦੀ ਪਾਰਟੀ ਮੰਨੀ ਜਾਂਦੀ ਹੈ। ਇਹ ਹਿੰਦੂ ਵੋਟਰ ਨਰਿੰਦਰ ਮੋਦੀ ਨੂੰ ਬਹੁਤ ਪਸੰਦ ਕਰਦੇ ਹਨ, ਬਾਵਜੂਦ ਇਸ ਦੇ ਕਿ ਪੰਜਾਬ 'ਚ ਕੁੱਲ ਮਿਲਾ ਕੇ ਪ੍ਰਧਾਨ ਮੰਤਰੀ ਦੀ ਲੋਕਪ੍ਰਿਅਤਾ ਦਾ ਗਰਾਫ ਹੇਠਾਂ ਹੀ ਹੈ। ਇਹ ਵੀ ਦੱਸਿਆ ਗਿਆ ਹੈ ਕਿ ਭਾਜਪਾ ਦੀ ਮਦਦ ਨਾਲ ਦੋ ਛੋਟੀਆਂ-ਛੋਟੀਆਂ ਪਾਰਟੀਆਂ ਖੜ੍ਹੀਆਂ ਹੋ ਗਈਆਂ ਹਨ। ਫਿਰ ਅਕਾਲੀ ਦਲ ਤਾਂ ਹੈ ਹੀ। ਉਸ ਦੀ ਹਾਲਤ ਨੂੰ ਘੱਟ ਸਮਝਣਾ ਇਕ ਭੁੱਲ ਹੋਵੇਗੀ। ਅਕਾਲੀ ਦਲ ਪੰਜਾਬ ਦੀ ਸਭ ਤੋਂ ਵੱਧ ਜਥੇਬੰਦ ਅਤੇ ਪਿੰਡ ਪੱਧਰ ਤੱਕ ਪਹੁੰਚ ਰੱਖਣ ਵਾਲੀ ਪਾਰਟੀ ਹੈ।

ਆਮ ਆਦਮ ਪਾਰਟੀ ਦੀ ਦਾਅਵੇਦਾਰੀ ਇਸ ਸਮੇਂ ਸਭ ਤੋਂ ਵੱਧ ਮਜ਼ਬੂਤ ਲੱਗ ਰਹੀ ਹੈ ਪਰ ਉਸ ਦੇ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਮੁੱਖ ਮੰਤਰੀ ਦੇ ਅਹੁਦੇ ਦੇ ਚਿਹਰੇ ਵਜੋਂ ਕਿਸ ਨੂੰ ਪੇਸ਼ ਕਰੇ? ਇਸ ਸਮੇਂ ਲੋਕਪ੍ਰਿਅਤਾ ਦੀ ਦੌੜ 'ਚ ਅਰਵਿੰਦ ਕੇਜਰੀਵਾਲ ਕਾਂਗਰਸ ਦੇ ਦਲਿਤ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਮੁਕਾਬਲੇ ਦੂਜੇ ਨੰਬਰ 'ਤੇ ਹਨ। ਜੇਕਰ ਆਮ ਆਦਮੀ ਪਾਰਟੀ ਇਕ ਚੰਗਾ ਸਿੱਖ ਚਿਹਰਾ ਵੋਟਰਾਂ ਦੇ ਸਾਹਮਣੇ ਪੇਸ਼ ਕਰ ਸਕਦੀ ਹੈ ਤਾਂ ਉਹ ਪੰਜਾਬ ਦੀ ਮੌਜੂਦਾ ਰਾਜਨੀਤਕ ਹਾਲਾਤ 'ਚ ਇਕ ਦਿੱਲੀ ਕੇਂਦਰਿਤ ਪਾਰਟੀ ਹੋਣ ਦੇ ਅਕਸ 'ਚੋਂ ਬਾਹਰ ਨਿਕਲ ਸਕਦੀ ਹੈ। ਪੰਜਾਬ ਦੀਆਂ ਚੋਣਾਂ ਜਿੱਤਣ ਦਾ ਮਤਲਬ ਹੋਵੇਗਾ ਦਿੱਲੀ ਦੇ ਪ੍ਰਸ਼ਾਸਨਿਕ ਮਾਡਲ ਨੂੰ ਇਕ ਵੱਡੇ ਸੂਬੇ 'ਚ ਲਾਗੂ ਕਰਨ ਦਾ ਮੌਕਾ। ਜੇਕਰ ਪਹਿਲੇ ਸਾਲ ਦੌਰਾਨ ਇਹ ਮਾਡਲ ਪੰਜਾਬ 'ਚ ਕਾਮਯਾਬ ਹੁੰਦਾ ਹੈ ਤਾਂ ਫਿਰ ਇਸ ਨੂੰ ਪੂਰੇ ਦੇਸ਼ ਲਈ ਕੌਮੀ ਮੰਚ 'ਤੇ ਪੇਸ਼ ਕੀਤਾ ਜਾ ਸਕਦਾ ਹੈ। ਨਰਿੰਦਰ ਮੋਦੀ ਦੇ ਗੁਜਰਾਤ ਮਾਡਲ ਦੇ ਮੁਕਾਬਲੇ ਦਿੱਲੀ ਦਾ ਮਾਡਲ ਸਕਾਰਾਤਮਕ ਰਾਜਨੀਤਕ ਮੁਕਾਬਲੇ ਦਾ ਦਿਲਚਸਪ ਨਮੂਨਾ ਬਣ ਸਕਦਾ ਹੈ।

# ਖੋਜੀ ਰੁਸਤਮ ਰਾਜਿੰਦਰ ਪਾਲ ਸਿੰਘ ਬਰਾੜ

ਪੰਜਾਬੀ ਖੇਡ ਸਾਹਿਤ



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

ਡਾ. ਰਾਜਿੰਦਰ ਪਾਲ ਸਿੰਘ ਬਰਾੜ ਖੋਜ ਅਖਾੜੇ ਦਾ ਰੁਸਤਮ ਹੈ। ਉਹ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦਾ ਮੁਖੀ ਰਿਹਾ। ਉਸ ਨੇ ਪੰਜਾਬੀ ਸਾਹਿਤ ਦੇ ਖੋਜਾਰਥੀਆਂ ਨੂੰ ਪੰਜਾਬੀ ਖੇਡ ਸਾਹਿਤ ਦੇ ਅਧਿਐਨ ਵੱਲ ਪ੍ਰੇਰ ਕੇ ਐੱਮ.ਫਿਲ ਤੇ ਪੀ.ਐਚਡੀ. ਦੀਆਂ ਡਿਗਰੀਆਂ ਕਰਵਾਈਆਂ ਹਨ। ਖ਼ੁਦ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਿਆ ਹੈ। ਖੇਡ ਪੁਸਤਕਾਂ ਦੇ ਮੁੱਖ ਬੰਦ ਲਿਖਦਿਆਂ ਖੇਡ ਭੂਮਿਕਾਵਾਂ ਬੰਨ੍ਹੀਆਂ ਹਨ। ਉਸ ਦੇ ਲਿਖੇ ਸ਼ਬਦ ਚਿੱਤਰਾਂ ਦੀਆਂ ਪੁਸਤਕਾਂ ਦੇ ਨਾਂ ਹਨ 'ਦਾਨਿਸ਼ਮੰਦ ਦਰਵੇਸ਼' ਤੇ 'ਰਲ਼ ਫ਼ਕੀਰਾਂ ਮਜਲਿਸ ਕੀਤੀ'। ਇਨ੍ਹਾਂ ਵਿਚ 'ਸੰਤਾ ਮਾਮਾ ਉਰਫ਼ ਮੱਤੇ ਵਾਲਾ ਮੱਲ' ਤੇ 'ਸਿਕਸਰ ਸਿੱਧੂ ਤੋਂ ਸਿਆਸਤਦਾਨ ਸਿੱਧੂ ਵਾਇਆ ਕਰਤਾਰਪੁਰ' ਸਿਰਲੇਖਾਂ ਵਾਲੇ ਸ਼ਬਦ ਚਿੱਤਰ ਉਲੀਕੇ ਹਨ। ਲੋਕ ਖੇਡਾਂ ਬਾਰੇ ਵੀ ਖੋਜ ਭਰਪੂਰ ਪਰਚਾ ਲਿਖਿਆ ਹੈ। ਪੰਜਾਬੀ ਖੇਡ ਸਾਹਿਤ ਦੀ ਪਹਿਲੀ ਪੀ.ਐਚਡੀ ਕਰਨ ਵਾਲੇ ਡਾ. ਸੁਖਦਰਸ਼ਨ ਸਿੰਘ ਚਹਿਲ ਦਾ ਉਹ ਪਹਿਲਾ ਗਾਈਡ ਸੀ। ਸ਼ਾਇਦ ਹੀ ਸਾਹਿਤ ਦੀ ਕੋਈ ਸਿਨਫ਼ ਉਹਦੀ ਕਲਮ ਦੀ ਛੋਹ ਤੋਂ ਬਚੀ ਹੋਵੇ। ਉਸ ਨੂੰ ਕਲਮਕਾਰੀ ਤੇ ਭਾਸ਼ਨਕਾਰੀ ਦਾ ਅਫਲਾਤੂਨ ਕਿਹਾ ਜਾ ਸਕਦੈ।

ਪ੍ਰੋ. ਰਾਜਿੰਦਰ ਸਿੰਘ ਪਾਲ ਬਰਾੜ ਪ੍ਰੌਢ ਅਧਿਆਪਕ ਹੋਣ ਦੇ ਨਾਲ-ਨਾਲ ਮੌਲਿਕ ਲੇਖਕ ਵੀ ਹੈ। ਨਾਮਵਰ ਆਲੋਚਕ, ਅਨੁਵਾਦਕ, ਸੰਪਾਦਕ, ਖੋਜੀ ਵਿਦਵਾਨ, ਗੋਸ਼ਟੀਆ, ਭਾਸ਼ਨਕਾਰ, ਮੀਡੀਆਕਾਰ, ਪਟਕਥਾ ਲੇਖਕ, ਕਾਲਮ ਨਵੀਸ, ਰੇਖਾ ਚਿੱਤਰਕਾਰ, ਵਿਸ਼ਾ ਮਾਹਿਰ, ਮੇਲ ਮੁਲਾਕਾਤੀਆ, ਰੂਬਰੀਆ, ਜਥੇਬੰਦੀਆ, ਗੱਲ ਕੀ ਉਹ ਕਿਹੜੀ ਗਲੀ ਜਿੱਥੇ ਭਾਗੋ ਨਹੀਂ ਖਲੀ। ਅਨੇਕਾਂ ਯੂਨੀਵਰਸਿਟੀਆਂ, ਕਾਲਜਾਂ, ਸਾਹਿਤ ਸਭਾਵਾਂ, ਸੈਮੀਨਾਰਾਂ, ਗੋਸ਼ਟੀਆਂ ਤੇ ਕਾਨਫਰੰਸਾਂ ਵਿਚ ਪਰਚੇ ਪੜ੍ਹ ਚੁੱਕਾ ਹੈ, ਭਾਸ਼ਨ ਦੇ ਚੁੱਕਾ ਅਤੇ ਭਾਰਤ ਦੇ ਛੋਟੇ-ਵੱਡੇ ਸ਼ਹਿਰ ਗਾਹੁਣ ਪਿੱਛੋਂ ਇੰਗਲੈਂਡ, ਅਮਰੀਕਾ, ਕੈਨੇਡਾ, ਆਸਟ੍ਰੇਲੀਆ ਤੇ ਪਾਕਿਸਤਾਨ ਦੇ ਲਾਹੌਰ ਵਰਗੇ ਸ਼ਹਿਰਾਂ ਤਕ ਗਾਹ ਪਾ ਚੁੱਕਾ ਹੈ। ਇਓਂ 'ਜੀਹਨੇ ਲਾਹੌਰ ਨਹੀਂ ਵੇਖਿਆ, ਉਹ ਜੰਮਿਆ ਹੀ ਨਹੀਂ' ਕਹਿਣ ਕਹਾਉਣ ਤੋਂ ਬਚ ਚੁੱਕਾ ਹੈ। ਜੁੱਸੇ ਵੱਲੋਂ ਤਾਂ ਸੁੱਖ ਨਾਲ ਸੂਤ ਸਿਰ ਹੀ ਹੈ ਪਰ ਹੈ ਮੱਤੇ ਵਾਲੇ ਮਾਮੇ ਸੰਤੇ ਮੱਲ ਦਾ ਭਾਣਜਾ। ਉਹੀ ਸੰਤਾ ਮੱਲ, ਜੋ ਕਿਹਾ ਕਰਦਾ ਸੀ, 'ਪਹਿਲਵਾਨੀ ਦਾਅ ਤੇ ਦਮ ਦੀ ਖੇਡ ਹੈ। ਤਾਕਤ ਨਾਲ ਜੁਗਤ ਵੀ ਚਾਹੀਦੀ ਹੈ। ਨੂਰਾ ਕੁਸ਼ਤੀ ਤੇ ਨੁਮਾਇਸ਼ੀ ਘੋਲ ਟਿਕਟਾਂ ਲਾ ਕੇ ਪੈਸੇ 'ਕੱਠੇ ਕਰਨ ਦੇ ਢੰਗ ਹਨ, ਜਿਨ੍ਹਾਂ ਵਿਚ ਉਹ ਬਿਲਕੁਲ ਨਹੀਂ ਪਿਆ।'

ਮੱਤੇ ਵਾਲਾ ਸੰਤਾ ਮੱਲ ਜੁੱਸੇ ਦਾ ਏਨਾ ਤਕੜਾ ਤੇ ਦਰਸ਼ਨੀ ਸੀ ਕਿ ਲੋਕ ਰਾਹ ਜਾਂਦੇ ਨੂੰ ਮੱਥਾ ਟਕਦੇ। ਖਾਣ-ਪੀਣ ਦੀ ਸੇਵਾ ਕਰਦੇ। ਇਕ ਵਾਰ ਉਹ ਛਿੰਝ ਦੀ ਮਾਲੀ ਜਿੱਤਿਆ ਤਾਂ ਉਹਦਾ ਇਕ ਪ੍ਰਸ਼ੰਸਕ ਖਹਿੜੇ ਪੈ ਗਿਆ, "ਆਓ ਭਲਵਾਨ ਜੀ, ਆਪਣੇ ਸ਼ਿੰਗਾਰੇ ਹੋਏ ਰਿਕਸ਼ੇ 'ਤੇ ਚੜ੍ਹਾ ਕੇ ਸ਼ਹਿਰ ਦੀ ਸੈਰ ਕਰਾਵਾਂ।" ਉਹਨੂੰ ਲੱਗਦਾ ਸੀ ਕਿ ਦਰਸ਼ਨੀ ਮੱਲ ਦੀ ਸਵਾਰੀ ਨਾਲ ਉਹਦੇ ਰਿਕਸ਼ੇ ਦੀ ਵੀ ਬੜੀ ਮਸ਼ਹੂਰੀ ਹੋਊ। ਜਕੋਤਕੀ ਵਿਚ ਸੰਤਾ ਮੱਲ ਰਿਕਸ਼ੇ 'ਚ ਚੜ੍ਹਿਆ ਤਾਂ ਭਾਰ ਨਾਲ ਟਾਇਰ ਦਾ ਪਟਾਕਾ ਬੋਲ ਗਿਆ ਅਤੇ ਰਿਕਸ਼ਾ ਉਲਟ ਗਿਆ। ਗਰੀਬ ਦੇ ਰਿਕਸ਼ੇ ਦਾ ਨੁਕਸਾਨ ਹੋਇਆ ਵੇਖ ਸੰਤਾ ਮੱਲ ਨੇ ਜਿੱਤੀ ਮਾਲੀ ਦੇ ਪੈਸੇ ਮੱਲੋ-ਮੱਲੀ ਉਸ ਦੇ ਬੋਝੇ ਪਾਏ ਤੇ 'ਯਾਰ ਤਾਂ ਚੱਲੇ' ਕਹਿ ਕੇ ਆਪ ਪੈਦਲ ਅੱਗੇ ਤੁਰ ਪਿਆ।

ਰੁਸਤਮ-ਏ-ਹਿੰਦ ਸੰਤਾ ਮੱਲ ਦਾ ਭਾਣਜਾ ਹੋਣ ਕਰਕੇ ਰਾਜਿੰਦਰ ਪਾਲ ਵੀ ਨਿੱਕਾ ਹੁੰਦਾ ਨਿੱਕੇ ਮੱਲਾਂ 'ਚ ਰੁਸਤਮ ਰਿਹਾ। ਕੁਸ਼ਤੀ ਦੇ ਘੋਲ ਤਾਂ ਬੇਸ਼ੱਕ ਉਸ ਨੇ ਘੱਟ ਹੀ ਘੁਲੇ ਪਰ ਕਲਮ ਦੇ ਘੋਲ ਘੁਲਦਿਆਂ 28 ਪੁਸਤਕਾਂ, 78 ਖੋਜ ਪੱਤਰ, 92 ਪੁਸਤਕਾਂ ਦੇ ਰਿਵੀਊ ਤੇ 99 ਅਖ਼ਬਾਰੀ/ਮੈਗਜ਼ੀਨੀ ਆਰਟੀਕਲ ਛਪਵਾਏ। ਇਹ ਸੂਚੀ ਕਾਫੀ ਪਹਿਲਾਂ ਦੀ ਹੈ, ਹੁਣ ਤਾਂ ਉਹ ਕਿਤੇ ਅੱਗੇ ਲੰਘ ਗਿਆ ਹੋਵੇਗਾ। ਹਾਲੇ ਉਹ 58 ਸਾਲਾਂ ਦਾ ਹੋਇਆ ਹੈ, ਜਦੋਂ ਖੁਸ਼ਵੰਤ ਸਿੰਘ ਜਾਂ ਜਸਵੰਤ ਸਿੰਘ ਕੰਵਲ ਦੀ ਉਮਰ ਜਿੱਡਾ ਹੋਇਆ ਤਾਂ ਪਤਾ ਨਹੀਂ ਕਿੱਥੇ ਜਾ ਕੇ ਬੱਸ ਕਰੇਗਾ?

ਉਸ ਦਾ ਜਨਮ 26 ਨਵੰਬਰ, 1963 ਨੂੰ ਉਸ ਸ਼ਹਿਰ ਵਿਚ ਹੋਇਆ ਸੀ, ਜਿਸ ਬਾਰੇ ਦੀਦਾਰ ਸੰਧੂ ਨੇ ਗੀਤ ਜੋੜਿਆ: ਬੰਦ ਪਿਆ ਦਰਵਾਜ਼ਾ, ਜਿਓਂ ਫਾਟਕ ਕੋਟਕਪੂਰੇ ਦਾ। ਰਾਜਿੰਦਰ ਪਾਲ ਆਪਣੇ ਸ਼ਹਿਰ ਕੋਟਕਪੂਰੇ ਦੇ ਸੀਨੀਅਰ ਸੈਕੰਡਰੀ ਸਕੂਲ ਤੋਂ ਗਿਆਰਾਂ ਪੜ੍ਹ ਕੇ ਬਰਜਿੰਦਰਾ ਕਾਲਜ ਫਰੀਦਕੋਟ ਤੋਂ 14 ਪੜ੍ਹਿਆ, ਜਿਥੋਂ ਦੇ ਲੇਖਕ ਪ੍ਰੋਫ਼ੈਸਰਾਂ ਨੇ ਉਸ ਨੂੰ ਸਾਹਿਤ ਪੜ੍ਹਨ ਦੀ ਚੇਟਕ ਲਾ ਦਿੱਤੀ। ਫਿਰ ਐੱਮ.ਏ. ਤੇ ਪੀ.ਐੱਚਡੀ ਦੀਆਂ ਡਿਗਰੀਆਂ ਪੰਜਾਬੀ ਯੂਨੀਵਰਸਿਟੀ ਤੋਂ ਹਾਸਲ ਕਰ ਕੇ ਉਹ 1992 ਤੋਂ ਉਸੇ ਯੂਨੀਵਰਸਿਟੀ ਵਿਚ ਪੜ੍ਹਾ ਰਿਹੈ। ਉਸ ਦੀ ਜੀਵਨ ਸਾਥਣ ਬੀਬੀ ਚਰਨਜੀਤ ਕੌਰ ਬਰਾੜ ਵੀ ਪੰਜਾਬੀ ਦੀ ਪ੍ਰੋਫ਼ੈਸਰ ਹੈ। ਕਦੇ ਉਹ 'ਕੱਠੇ ਪੜ੍ਹਦੇ ਸਨ।



ਨਰਿੰਦਰ ਸਿੰਘ ਕਪੂਰ ਲਿਖਦਾ ਹੈ, 'ਰਾਜਿੰਦਰ ਪਾਲ ਸਿੰਘ ਬਰਾੜ ਨੂੰ ਮਿਲਣਾ ਇੱਕ ਸਬੱਬ ਸੀ, ਜੋ ਸੁਭਾਗ ਸਾਬਤ ਹੋਇਆ। ਉਹ ਮੇਰਾ ਵਿਦਿਆਰਥੀ ਸੀ ਜੋ ਬਾਅਦ ਵਿਚ ਕੁਲੀਗ ਵੀ ਬਣਿਆ। ਹੁਣ ਉਹ ਇੱਕ ਗੰਭੀਰ ਵਿਦਿਆਰਥੀ ਤੋਂ ਸੁਯੋਗ ਅਧਿਆਪਕ, ਸੁਚੇਤ ਆਲੋਚਕ, ਦਿਲਚਸਪ ਵਿਆਖਿਆਕਾਰ ਅਤੇ ਸਪੱਸ਼ਟ ਧਾਰਨਾਵਾਂ ਵਾਲਾ ਲੇਖਕ ਬਣ ਕੇ ਉਭਰਿਆ ਹੈ। ਉਸ ਵਿਚ ਹੋਰਾਂ ਨੂੰ ਜਾਣਨ, ਪਛਾਣਨ, ਮਾਪਣ, ਤੋਲਣ, ਮੈਲ ਕੱਢਣ, ਧੋਣ ਅਤੇ ਨਚੋੜਨ ਦੀ ਹੈਰਾਨ ਕਰਨ ਵਾਲੀ ਯੋਗਤਾ ਹੈ। ਲੋਕ ਮਸਲਿਆਂ ਨੂੰ ਸਮਝਣ, ਕਾਰਨਾਂ ਦਾ ਵਿਸ਼ਲੇਸ਼ਣ ਕਰਨ, ਅੰਤਰੀਵ ਅਤੇ ਬਾਹਰੀ ਕਾਰਨਾਂ ਨੂੰ ਸਮਝ ਕੇ ਸਥਿਤੀਆਂ ਦਾ ਮੁਲਾਂਕਣ ਕਰਨ ਵਾਲੀ ਉਸ ਦੀ ਪ੍ਰਤਿਭਾ ਸੁਣਨ-ਪੜ੍ਹਨ ਵਾਲਿਆਂ ਨੂੰ ਹਮੇਸ਼ਾਂ ਪ੍ਰਭਾਵਿਤ ਕਰਦੀ ਹੈ। ਉਸ ਕੋਲ ਗੱਲਾਂ ਵਿਚੋਂ ਗੱਲ ਕੱਢਣ, ਗੱਲਾਂ ਬਣਾਉਣ, ਤਰਕ ਉਸਾਰਨ ਅਤੇ ਗੱਲ ਨੂੰ ਮੰਨਣਯੋਗ ਬਣਾਉਣ ਲਈ ਮਨਚਾਹੇ ਮੋੜ ਦੇਣ ਦੀ ਵੀ ਜਾਚ ਹੈ। ਮਸਲਾ ਅਤੇ ਸਮੱਸਿਆ ਕੋਈ ਹੋਵੇ, ਉਹ ਉਸ ਦੇ ਸਮਾਜਿਕ, ਆਰਥਿਕ, ਰਾਜਨੀਤਕ, ਸੱਭਿਆਚਾਰਕ ਤੇ ਇਤਿਹਾਸਕ ਪਰਿਪੇਖ ਪਛਾਣਨ ਦੀ ਸੁਭਾਵਿਕ ਆਦਤ ਰੱਖਦਾ ਹੈ, ਜਿਹੜੀ ਉਸ ਦੇ ਪ੍ਰਗਟਾਵੇ ਵਿਚ ਰੌਚਕਤਾ ਭਰਦੀ ਹੈ। ਉਸ ਦਾ ਦ੍ਰਿਸ਼ਟੀਕੋਣ ਤਰਕਸ਼ੀਲ ਅਤੇ ਮਾਨਵਵਾਦੀ ਹੈ। ਆਸ ਹੈ, ਰਜਿੰਦਰ ਪਾਲ ਸਿੰਘ ਆਪਣੇ ਇਸ ਹੁਨਰ ਨੂੰ ਜਾਰੀ ਰੱਖੇਗਾ, ਇਸ ਨੂੰ ਹੋਰ ਲਿਸ਼ਕਾਏਗਾ, ਚਮਕਾਏਗਾ ਤੇ ਭਵਿਖ ਵਿਚ ਪੰਜਾਬੀ ਵਾਰਤਕ ਵਿਚ ਯੋਗਦਾਨ ਪਾਵੇਗਾ ਅਤੇ ਨਵਾਂ ਰੰਗ ਭਰੇਗਾ।'

ਪੇਸ਼ ਹਨ ਉਹਦੇ ਲਿਖੇ ਦੋ ਰੇਖਾ ਚਿੱਤਰਾਂ ਦੇ ਸੰਖੇਪ ਅੰਸ਼:

### ਨਵਜੋਤ ਸਿੰਘ ਸਿੱਧੂ: ਸਿਕਸਰ ਸਿੱਧੂ


ਨਵਜੋਤ ਸਿੰਘ ਸਿੱਧੂ ਮੈਥੋਂ 46 ਦਿਨ ਵੱਡਾ ਹੈ ਪਰ ਪਟਿਆਲੇ ਦਾ ਹੋਣ ਦੇ ਬਾਵਜੂਦ ਉਸ ਨੂੰ ਕਦੇ ਮਿਲਣ ਦਾ ਸਬੱਬ ਨਹੀਂ ਸੀ ਬਣਿਆ। ਪੰਜਾਬ ਸਰਕਾਰ ਦਾ ਸੱਭਿਆਚਾਰਕ ਮੰਤਰੀ ਬਣਨ ਬਾਅਦ ਵੀ ਕੁੱਝ ਮੀਟਿੰਗਾਂ ਵਿਚ ਰਸਮੀ ਤੌਰ 'ਤੇ ਮਿਲਿਆ ਹਾਂ ਪਰ ਇੰਝ ਲੱਗਦਾ ਹੈ ਜਿਵੇਂ ਮੈਂ ਉਸ ਨੂੰ ਜਨਮ-ਜਨਮਾਂਤਰਾਂ ਤੋਂ ਜਾਣਦਾ ਹਾਂ। ਇਸਦਾ ਕਾਰਨ ਜਵਾਨੀ ਸਮੇਂ ਦੀ ਕ੍ਰਿਕਟ ਤੋਂ ਲੈ ਕੇ ਕਪਿਲ ਸ਼ਰਮਾ ਦੇ ਸ਼ੋਅ ਤਕ ਵਾਇਆ ਰਾਜਨੀਤੀ ਉਹ ਰੇਡੀਓ, ਟੈਲੀਵਿਜ਼ਨ ਅਤੇ ਸਿਆਸੀ ਮੰਚਾਂ 'ਤੇ ਐਨਾ ਹਾਜ਼ਰ ਹੈ ਕਿ ਤੁਹਾਨੂੰ ਭੁਲੇਖਾ ਪੈ ਜਾਂਦਾ ਹੈ ਕਿ ਤੁਸੀਂ ਉਸ ਨੂੰ ਨਿੱਜੀ ਤੌਰ 'ਤੇ ਜਾਣਦੇ ਹੋ। ਅਸਲ ਵਿਚ ਇੰਝ ਮੈਂ ਉਸ ਨੂੰ ਉਸ ਸਮੇਂ ਤੋਂ ਜਾਣਦਾਂ ਜਦੋਂ ਹਰ ਕੋਈ ਕ੍ਰਿਕਟ ਕੁਮੈਂਟਰੀ ਸੁਣਨ ਲਈ ਛੋਟਾ ਟ੍ਰਾਂਜ਼ਿਸਟਰ ਕੰਨਾਂ ਨੂੰ ਲਗਾਈ ਫਿਰਦਾ ਸੀ। ਟ੍ਰਾਂਜਿਸਟਰ ਵਿਚ ਹਰ ਸਮੇਂ ਦਰਸ਼ਕਾਂ ਦੇ ਸ਼ੋਰ ਵਿਚ ਆਮ ਕਰਕੇ ਜਸਦੇਵ ਸਿੰਘ ਦੀ ਹੀ ਆਵਾਜ਼ ਸੁਣਾਈ ਦਿੰਦੀ ਸੀ। ਸਾਰਾ ਦਿਨ ਲੋਕ ਇੱਕ ਦੂਸਰੇ ਤੋਂ ਸਕੋਅਰ ਕਿੰਨੇ ਨੇ ਅਤੇ ਕੌਣ ਆਊਟ ਹੋਇਆ ਪੁੱਛ ਕੇ ਆਪਣੀ ਜਗਿਆਸਾ ਸ਼ਾਂਤ ਕਰਦੇ ਰਹਿੰਦੇ ਸਨ, ਪਰ ਜਦੋਂ ਹੀ ਨਵਜੋਤ ਸਿੰਘ ਸਿੱਧੂ ਕਰੀਜ 'ਤੇ ਆ ਜਾਂਦਾ ਤਾਂ ਕ੍ਰਿਕਟ ਦੇ ਸ਼ੌਕੀਨ ਸਾਰੇ ਕੰਮ ਛੱਡ ਕੇ ਰੇਡੀਓ ਨਾਲ ਆ ਜੁੜਦੇ ਜਿਵੇਂ ਮਖਿਆਲ ਦੇ ਛੱਤ 'ਤੇ ਮੱਖੀਆਂ ਬੈਠੀਆਂ ਹੁੰਦੀਆਂ ਹਨ। ਭੱਜ ਕੇ ਤਾਂ ਉਹ ਬਹੁਤ ਘੱਟ ਰਨ ਬਣਾਉਂਦਾ ਸੀ, ਖੜ੍ਹਾ ਖੜੋਤਾ ਹੀ ਚੌਕੇ-ਛਿੱਕੇ ਜੜੀ ਜਾਂਦਾ। ਕਦੇ ਸੈਂਕੜਾ, ਕਦੇ ਅਰਧ ਸੈਂਕੜਾ, ਹਾਂ ਕਈ ਵਾਰ ਜ਼ੀਰੋ 'ਤੇ ਵੀ ਉੱਡ ਜਾਂਦਾ ਸੀ ਪਰ ਜਦੋਂ ਪਿੱਚ 'ਤੇ ਆਉਂਦਾ ਸੀ ਹਨੇਰੀ ਵਾਂਗ ਆਉਂਦਾ ਸੀ।

ਭਾਰਤ ਦੀ ਕ੍ਰਿਕਟ ਟੀਮ ਵਿਚ ਪੰਜਾਬੀ ਖਿਡਾਰੀ ਮੁੱਢੋਂ ਹੀ ਸ਼ਾਮਲ ਰਹੇ ਹਨ ਪਰ ਸਰਦਾਰ ਖਿਡਾਰੀ ਬਿਸ਼ਨ ਸਿੰਘ ਬੇਦੀ ਤੋਂ ਬਾਅਦ ਨਵਜੋਤ ਸਿੰਘ ਸਿੱਧੂ ਹੀ ਸੀ, ਜਿਹੜਾ ਵਧੇਰੇ ਮਸ਼ਹੂਰ ਹੋਇਆ। ਰਾਜਿੰਦਰ ਸਿੰਘ, ਮਨਿੰਦਰ ਸਿੰਘ, ਹਰਭਜਨ ਸਿੰਘ ਆਦਿ ਬਾਅਦ ਵਿਚ ਆਉਂਦੇ ਹਨ। ਅੰਤਰਰਾਸ਼ਟਰੀ ਕ੍ਰਿਕਟ ਵਿਚ 12 ਨਵੰਬਰ, 1983 ਨੂੰ ਨਵਜੋਤ ਸਿੱਧੂ ਪਹਿਲੀ ਵਾਰ ਵੈਸਟ ਇੰਡੀਜ਼ ਵਿਰੁੱਧ ਟੈਸਟ ਮੈਚ ਖੇਡਿਆ ਅਤੇ ਆਖਰੀ ਵਾਰ 6 ਨਵੰਬਰ, 1999 ਨੂੰ ਨਿਊਜ਼ੀਲੈਂਡ ਖ਼ਿਲਾਫ਼ ਖੇਡਿਆ। ਪਹਿਲਾ ਇੱਕ ਰੋਜ਼ਾ ਮੈਚ 9 ਅਕਤੂਬਰ, 1987 ਨੂੰ ਆਸਟਰੇਲੀਆ ਖ਼ਿਲਾਫ਼ ਅਤੇ ਆਖ਼ਰੀ ਮੈਚ 20 ਸਤੰਬਰ, 1998 ਨੂੰ ਪਾਕਿਸਤਾਨ ਖ਼ਿਲਾਫ਼ ਖੇਡਿਆ। ਉਸ ਨੇ ਸੋਲਾਂ ਸਾਲ ਅੰਤਰਰਾਸ਼ਟਰੀ ਕ੍ਰਿਕਟ ਤੇ ਵੀਹ ਸਾਲ ਪਹਿਲੇ ਦਰਜੇ ਦੀ ਘਰੇਲੂ ਕ੍ਰਿਕਟ ਖੇਡੀ। ਉਸਨੇ ਟੈਸਟ ਮੈਚਾਂ ਵਿਚ ਨੌਂ ਸੈਂਕੜੇ ਤੇ ਪੰਦਰਾਂ ਅਰਧ ਸੈਂਕੜਿਆਂ ਨਾਲ 42.13 ਦੌੜਾਂ ਦੀ ਔਸਤ ਪਾ ਕੇ 51 ਮੈਚਾਂ ਵਿਚ3202 ਰਨ ਬਣਾਏ। ਇੱਕ ਰੋਜ਼ਾ ਮੈਚਾਂ ਵਿਚ ਛੇ ਸੈਂਕੜੇ ਤੇ 36 ਅਰਧ ਸੈਂਕੜਿਆਂ ਨਾਲ 136 ਮੈਚਾਂ ਵਿਚ 4413 ਦੌੜਾਂ ਬਣਾਈਆਂ।

ਇਹ ਬੜੀ ਦਿਲਚਸਪ ਅਤੇ ਪ੍ਰੇਰਨਾ ਦੇਣ ਵਾਲੀ ਗੱਲ ਹੈ ਕਿ ਪਹਿਲੀ ਵਾਰ ਜਦੋਂ ਉਸਨੂੰ ਮਾੜੇ ਪ੍ਰਦਰਸ਼ਨ ਕਾਰਨ ਟੀਮ ਵਿਚੋਂ ਕੱਢ ਦਿੱਤਾ ਗਿਆ ਤਾਂ ਉਸ ਨੇ ਟੀਮ ਵਿਚ ਮੁੜ ਦਾਖ਼ਲਾ ਪਾਉਣ ਲਈ ਸਖ਼ਤ ਮਿਹਨਤ ਕੀਤੀ। ਉਸ ਨੇ ਦਿਨ ਰਾਤ ਇੱਕ ਕਰ ਦਿੱਤਾ ਅਤੇ ਚਾਕਲੇਟ ਦਾ ਲਾਲਚ ਦੇ ਕੇ ਸਾਥੀਆਂ ਤੋਂ ਉਦੋਂ ਤਕ ਗੇਂਦਬਾਜ਼ੀ ਕਰਾਉਂਦਾ ਰਹਿੰਦਾ ਜਦੋਂ ਤਕ ਉਸ ਦਾ ਨਿਸ਼ਚਿਤ ਕੀਤਾ ਹਰ ਰੋਜ਼ ਦਾ ਨਿਸ਼ਾਨਾ ਪੂਰਾ ਨਾ ਹੋ ਜਾਂਦਾ। ਲਗਾਤਾਰ ਬੈਟਿੰਗ ਕਰਨ ਨਾਲ ਉਸ ਦੇ ਹੱਥਾਂ ਵਿਚੋਂ ਖ਼ੂਨ ਵਗਣ ਲੱਗ ਪੈਂਦਾ, ਖ਼ੂਨ ਨੂੰ ਸੋਖਣ ਲਈ ਉਸ ਨੇ ਵਿਸ਼ੇਸ਼ ਦਸਤਾਨੇ ਬਣਵਾਏ। ਆਖ਼ਰ ਉਸ ਦੀ ਮਿਹਨਤ ਮੁੜ ਰੰਗ ਲਿਆਈ ਤੇ ਉਸ ਨੂੰ ਮੁੜ ਟੀਮ ਵਿਚ ਵਾਪਸ ਲੈ ਲਿਆ ਗਿਆ। ਉਸ ਨੂੰ ਸਚਿਨ ਤੇਂਦੁਲਕਰ ਵਰਗਿਆਂ ਨਾਲ ਕਰੀਜ਼ ਸਾਂਝੀ ਕਰਨ ਦਾ ਮੌਕਾ ਮਿਲਿਆ। ਇਮਰਾਨ ਖ਼ਾਨ ਵਰਗਿਆਂ ਨੇ ਉਹਦੇ ਸਿਆਲਕੋਟ ਦੇ ਮੈਦਾਨ ਵਿਚ ਜੌਹਰ ਵੇਖੇ ਹੋਏ ਨੇ। ਦੋਵਾਂ ਦੀ ਉਸੇ ਵੇਲੇ ਤੋਂ ਹੀ ਯਾਰੀ ਹੈ।

ਸਿੱਧੂ ਅਤੇ ਵਿਵਾਦਾਂ ਦਾ ਚੋਲੀ ਦਾਮਨ ਦਾ ਸਾਥ ਹੈ। ਕ੍ਰਿਕਟ ਟੀਮ ਵਿਚ ਰੱਖੇ, ਕੱਢੇ ਅਤੇ ਮੁੜ ਰੱਖੇ ਜਾਣ ਦੇ ਅਨੇਕ ਕਿੱਸੇ ਹਨ। ਇੰਗਲੈਂਡ ਦੌਰੇ ਸਮੇਂ ਕਪਤਾਨ ਮੁਹੰਮਦ ਅਜ਼ਹਰੂਦੀਨ ਨਾਲ ਮਨ-ਮੁਟਾਵ ਤਾਂ ਜੱਗ ਜ਼ਾਹਰ ਹੈ। ਜੇ ਉਹ ਕ੍ਰਿਕਟ ਦਾ ਕੁਮੈਂਟੇਟਰ ਬਣਿਆ ਤਾਂ ਉਹਦੀ ਟਿੱਪਣੀ ਨੂੰ ਲੈ ਕੇ ਵਿਵਾਦ ਛਿੜਿਆ। ਪਟਿਆਲੇ ਕਾਲੀ ਦੇਵੀ ਦੇ ਮੰਦਰ ਅੱਗੇ ਸੜਕੀ ਝਗੜੇ ਵਿਚ ਬੰਦਾ ਮਰ ਗਿਆ, ਉਸ ਘਟਨਾ ਵਿਚ ਨਾਂ ਆਉਣ ਕਾਰਨ ਵਿਵਾਦ ਹੋਇਆ। ਹੋਰ ਤਾਂ ਹੋਰ ਘਰਵਾਲੀ ਦੀ ਖੁਦਕੁਸ਼ੀ ਦੀਆਂ ਅਫ਼ਵਾਹਾਂ ਉੱਡੀਆਂ। ਪਿੱਛੋਂ ਪਤਾ ਚੱਲਿਆ ਕਿ ਇਹ ਤਾਂ ਫੂਡ ਪੁਆਇਜ਼ਨਿੰਗ ਸੀ। ਜਦੋਂ ਭਾਜਪਾ ਵਿਚ ਸੀ ਤਾਂ ਕਾਂਗਰਸ ਦੇ ਨੇਤਾਵਾਂ ਦੀ ਖਿੱਲੀ ਉਡਾਉਣ ਕਾਰਨ ਵਾਦ-ਵਿਵਾਦ, ਜਦੋਂ ਕਾਂਗਰਸ ਵਿਚ ਆਇਆ ਤਾਂ ਪੁਰਾਣੇ ਬਿਆਨਾਂ ਕਰਕੇ ਵਿਵਾਦ ਹੋਣੇ ਹੀ ਸਨ। ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਸਮੇਂ ਪਾਕਿਸਤਾਨ ਦੇ ਚੀਫ਼ ਆਫ਼ ਆਰਮੀ ਸਟਾਫ ਜਨਰਲ ਕਮਰ ਜਾਵੇਦ ਬਾਜਵਾ ਨੂੰ ਜੱਫੀ ਪਾਉਣ 'ਤੇ ਵਿਵਾਦ। ਖ਼ਾਲਿਸਤਾਨੀ ਗੁਰਦੀਪ ਸਿੰਘ ਚਾਵਲਾ ਨਾਲ਼ ਫੋਟੋ 'ਤੇ ਵਿਵਾਦ ਹਾਲਾਂਕਿ ਉਹੋ ਜੇਹੀ ਉਸੇ ਹੀ ਸਥਾਨ 'ਤੇ ਫੋਟੋ ਹਰਸਿਮਰਤ ਕੌਰ ਬਾਦਲ ਤੇ ਗੋਬਿੰਦ ਸਿੰਘ ਲੌਂਗੋਵਾਲ ਨਾਲ ਵੀ ਖਿੱਚੀ ਗਈ ਸੀ।

ਸਰਦਾਰ ਭਗਵੰਤ ਸਿੰਘ ਸਿੱਧੂ ਤੇ ਮਾਤਾ ਨਿਰਮਲ ਸਿੱਧੂ ਦੇ ਘਰ ਪਟਿਆਲੇ 'ਚ ਪੈਦਾ ਹੋਇਆ 'ਸ਼ੈਰੀ' ਹੀ ਪੱਕੇ ਨਾਂ ਨਵਜੋਤ ਸਿੰਘ ਸਿੱਧੂ ਨਾਲ ਮਸ਼ਹੂਰ ਹੋਇਆ। ਉਸ ਦੀ ਪਤਨੀ ਦਾ ਨਾਂ ਵੀ ਨਵਜੋਤ ਕੌਰ ਸਿੱਧੂ ਹੀ ਹੈ। ਉਹ ਪੇਸ਼ੇ ਵਜੋਂ ਡਾਕਟਰ ਹੈ ਅਤੇ ਅੰਮ੍ਰਿਤਸਰ ਤੋਂ ਵਿਧਾਨ ਸਭਾ ਦੀ ਚੋਣ ਵਿਚ ਜਿੱਤ ਕੇ ਪਾਰਲੀਮਾਨੀ ਸਕੱਤਰ ਰਹਿ ਚੁੱਕੀ ਹੈ। ਉਨ੍ਹਾਂ ਦੇ ਪੁੱਤਰ ਦਾ ਨਾਂ ਕਰਨ ਸਿੱਧੂ ਤੇ ਧੀ ਦਾ ਨਾਂ ਰਾਬੀਆ ਸਿੱਧੂ ਹੈ। ਨਵਜੋਤ ਸਿੱਧੂ ਦੀ ਸਕੂਲੀ ਸਿੱਖਿਆ ਯਾਦਵਿੰਦਰ ਪਬਲਿਕ ਸਕੂਲ ਪਟਿਆਲਾ ਦੀ ਹੈ। ਸਿੱਧੂ ਨੂੰ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਤਿੰਨਾਂ ਭਾਸ਼ਾਵਾਂ 'ਤੇ ਆਬੂਰ ਹਾਸਲ ਹੈ। ਸਿੱਧੂ ਉੱਚਾ ਖੂਬਸੂਰਤ ਦਰਸ਼ਨੀ ਜਵਾਨ ਹੈ। ਉਹ ਸਿੱਖਾਂ ਦੀ ਆਨ ਬਾਨ ਸ਼ਾਨ ਪੱਗ ਦਾ ਚਲਦਾ ਫਿਰਦਾ ਇਸ਼ਤਿਹਾਰ ਹੈ। ਸੋਫ਼ੀ ਅਤੇ ਸ਼ਾਕਾਹਾਰੀ ਸਿੱਧੂ ਆਪਣੇ ਹੀ ਢੰਗ ਦਾ ਧਾਰਮਿਕ ਕੱਟੜਤਾ ਤੋਂ ਮੁਕਤ ਧਾਰਮਿਕ ਬੰਦਾ ਹੈ ਜੋ ਕਦੇ-ਕਦੇ ਧਿਆਨਵੀ ਲਗਾਉਂਦਾ ਹੈ।




ਡਾ. ਰਾਜਿੰਦਰ ਪਾਲ ਸਿੰਘ ਬਰਾੜ ਦੀ ਪੁਸਤਕ 'ਦਾਨਿਸ਼ਮੰਦ ਦਰਵੇਸ਼' ਦਾ ਮੁਖੜਾ

ਸਿੱਧੂ ਨੂੰ ਸਦਾ ਮਾੜੇ ਸਮੇਂ ਵਿਚੋਂ ਨਿਕਲਣਾ ਆਉਂਦਾ ਹੈ। ਕ੍ਰਿਕਟ ਟੀਮ ਵਿਚੋਂ ਨਿਕਲਿਆ ਮੁੜ ਵਾਪਸ ਲਿਆ ਗਿਆ ਤੇ ਸਿਕਸਰ ਸਿੱਧੂ ਅਤੇ ਜੌਂਟੀ ਸਿੰਘ ਅਖਵਾਇਆ। ਸੜਕੀ ਝਗੜੇ ਵਿਚ ਉਲਝਿਆ ਤਾਂ ਕਾਨੂੰਨ ਵਿਚ ਆਸਥਾ ਬਣਾਈ ਰੱਖੀ ਅਤੇ ਬਚ ਨਿਕਲਿਆ। ਟੈਕਸ ਨਾ ਭਰਨ ਦਾ ਕੇਸ ਬਣਿਆ ਤਾਂ ਪਤਾ ਚੱਲਿਆ ਕਿ ਜਿੱਥੇ ਟੈਕਸ ਵਾਲੇ ਨੋਟਿਸ ਭੇਜੀ ਜਾਂਦੇ ਸਨ, ਉੱਥੇ ਤਾਂ ਉਹ ਰਹਿੰਦਾ ਹੀ ਨਹੀਂ ਸੀ ਤੇ ਜਿੱਥੇ ਰਹਿੰਦਾ ਸੀ ਉੱਥੇ ਬਣਦਾ ਟੈਕਸ ਭਰਿਆ ਸੀ। ਅਕਾਲੀਆਂ ਨੇ ਭਾਜਪਾਈ ਯਾਰਾਂ ਨੂੰ ਕਹਿ ਕੇ ਐਮਪੀ ਦੀ ਟਿਕਟ ਕਟਵਾਈ ਤਾਂ ਕਾਂਗਰਸ ਦੀ ਟਿਕਟ 'ਤੇ ਵਿਧਾਨ ਸਭਾ ਸੀਟ ਜਿੱਤ ਕੇ ਕੈਬਨਿਟ ਮੰਤਰੀ ਬਣ ਗਿਆ। ਦਸਹਿਰੇ ਮੌਕੇ ਰੇਲ ਹਾਦਸੇ ਸਮੇਂ ਪਤਨੀ ਨਵਜੋਤ ਕੌਰ ਦੀ ਮੌਜੂਦਗੀ ਨੂੰ ਕੁੱਝ ਲੋਕਾਂ ਨੇ ਮੁੱਦਾ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਪੀੜਤ ਪਰਿਵਾਰਾਂ ਨੇ ਕੰਨ ਨਾ ਧਰਿਆ। ਇਮਰਾਨ ਖ਼ਾਨ ਪਾਕਿਸਤਾਨ ਦਾ ਪ੍ਰਧਾਨ ਮੰਤਰੀ ਬਣਿਆ ਤਾਂ ਉਸਨੇ ਸਹੁੰ ਚੁੱਕ ਸਮਾਗਮ ਸਮੇਂ ਆਉਣ ਦਾ ਸੱਦਾ ਦਿੱਤਾ। ਉੱਥੇ ਗਿਆ ਤਾਂ ਜਨਰਲ ਬਾਜਵਾ ਵੱਲੋਂ ਜੱਫੀ ਪਾ ਕੇ ਮਿਲਣ 'ਤੇ ਵਿਵਾਦ ਹੋਇਆ ਪਰ ਉਸ ਨੇ ਪਾਕਿਸਤਾਨ ਵਾਲੇ ਪਾਸਿਓਂ ਕਰਤਾਰਪੁਰ ਲਾਂਘੇ ਦੀ ਪਹਿਲਕਦਮੀ ਕਰਾ ਕੇ ਦਿੱਲੀ ਦਰਬਾਰ ਨੂੰ ਭਾਜੜਾਂ ਪਾ ਦਿੱਤੀਆਂ। ਕਰਤਾਰਪੁਰ ਲਾਂਘਾ ਹੀ ਉਸ ਨੂੰ ਤਾਰੀ ਜਾ ਰਿਹੈ।

ਸਿੱਧੂ, ਸਿਆਸੀ ਲੀਡਰਾਂਵਾਲੇ ਆਮ ਔਗੁਣਾਂ ਭ੍ਰਿਸ਼ਟਾਚਾਰੀ, ਨਸ਼ੇਬਾਜ਼ੀ, ਤੀਵੀਂਬਾਜ਼ੀ, ਗੁੰਡਾਗਰਦੀ ਤੋਂ ਮੁਕਤ ਹੈ। ਕਹਿਣੀ ਅਤੇ ਕਥਨੀ ਦਾ ਪੂਰਾ ਹੈ। ਉਸ ਨੂੰ ਆਪਣੀ ਸਚਾਈ ਅਤੇ ਇਮਾਨਦਾਰੀ ਦਾ ਸਵੈਮਾਣ ਭਰਿਆ ਗਰੂਰ ਹੈ। ਪੰਜਾਬ ਦਾ ਸੱਭਿਆਚਾਰਕ ਮੰਤਰੀ ਬਣਿਆ ਤਾਂ ਪੰਜਾਬੀ ਦੇ ਮਕਬੂਲ ਸ਼ਾਇਰ ਸੁਰਜੀਤ ਪਾਤਰ ਨੂੰ ਪੰਜਾਬ ਕਲਾ ਅਕਾਦਮੀ ਦਾ ਪ੍ਰਧਾਨ ਬਣਾਉਣ ਲਈ ਉਹਦੇ ਘਰੇ ਪਹੁੰਚ ਗਿਆ। ਪਾਤਰ ਸਾਹਿਬ ਨੇ ਅਕਾਦਮੀ ਕੋਲ ਤਸੱਲੀਬਖ਼ਸ਼ ਵਿੱਤੀ ਪ੍ਰਬੰਧ ਨਾ ਹੋਣ ਦੀ ਗੱਲ ਕੀਤੀ ਤਾਂ ਪੰਜ ਕਰੋੜ ਰੁਪਏ ਸ਼ੈਂਕਸ਼ਨ ਕਰ ਦਿੱਤੇ ਜੋ ਅਕਾਦਮੀ ਨੂੰ ਮਿਲੀ ਉਦੋਂ ਤਕ ਦੀ ਸਭ ਤੋਂ ਵੱਡੀ ਰਕਮ ਸੀ। ਸਭਿਆਚਾਰਕ ਨੀਤੀ ਬਾਰੇ ਵਿਚਾਰਾਂ ਕਰਨ ਲਈ ਮੀਟਿੰਗ ਸੱਦੀ। ਸੋਚਿਆ ਜਾਂ ਤਾਂ ਸਿੱਧੂ ਆਏਗਾ ਨਹੀਂ, ਜੇ ਆਇਆ ਤਾਂ ਲੇਟ ਆਏਗਾ, ਜੇ ਪਹਿਲਾਂ ਆਇਆ ਤਾਂ ਆਪਣੀਆਂ ਸੁਣਾ ਕੇ ਤੁਰ ਜਾਏਗਾ। ਕੁੱਝ ਦੋਸਤ ਤਾਂ ਉਸ ਤੋਂ ਸ਼ਿਅਰਾਂ ਟੋਟਕਿਆਂ ਤੇ ਠਹਾਕਿਆਂ ਦੀ ਹੀ ਆਸ ਰੱਖੀ ਬੈਠੇ ਸਨ ਪਰ ਉਹ ਆਇਆ ਤੇ ਮੁਖਤਸਰ ਬੋਲ ਕੇ ਬੈਠ ਗਿਆ ਅਤੇ ਸਭ ਨੂੰ ਧਿਆਨ ਨਾਲ ਸੁਣਨ ਲੱਗਿਆ। ਦਸ ਵਜੇ ਸ਼ੁਰੂਹੋਈ ਮੀਟਿੰਗ ਸਾਢੇ ਤਿੰਨ ਤਕ ਚੱਲੀ। ਮੇਰੇ ਸਮੇਤ ਸਾਰੇ ਪ੍ਰੋਫ਼ੈਸਰਾਂ ਨੇ ਰੱਜ ਕੇ ਪੀਰੀਅਡ ਲਿਆ। ਉਸ ਦੀ ਸਬਰ ਸਮਰੱਥਾ ਵੇਖ ਕੇ ਮੈਂ ਹੈਰਾਨ ਹੋਇਆ।

ਕੁੱਝ ਲੋਕਾਂ ਨੂੰ ਲੱਗਦਾ ਹੋਊ ਕਿ ਨਵਜੋਤ ਸਿੰਘ ਸਿੱਧੂ ਬਹੁਤ ਅਮੀਰ ਹੋਵੇਗਾ। ਹਾਂ ਉਹ ਬਹੁਤ ਅਮੀਰ ਹੈ ਪਰ ਬੇਨਾਮੀ ਜਾਇਦਾਦਾਂ ਵਾਲਾ ਅਮੀਰ ਨਹੀਂ। ਉਸਦੀ ਪਤਨੀ ਡਾਕਟਰ ਅਤੇ ਪੁੱਤਰ ਵਕੀਲ ਪਰ ਉਸਦੀ ਅਸਲ ਅਮੀਰੀ ਦਿਲ ਦੀ ਹੈ। ਉਸ ਨੂੰ ਦੌਲਤ, ਸ਼ੋਹਰਤ, ਤਾਕਤ ਮਾਣਨੀ ਹੀ ਨਹੀਂ ਤਿਆਗਣੀ ਵੀ ਆਉਂਦੀ ਹੈ। ਰਾਜ ਸਭਾ ਦੀ ਮੈਂਬਰੀ ਛੱਡ ਦਿੱਤੀ, ਕਿਸੇ ਉਂਗਲ ਉਠਾਈ ਤਾਂ ਪੁੱਤ ਤੋਂ ਪੰਜਾਬ ਸਰਕਾਰ ਦੀ ਐਡਵੋਕੇਸੀ ਛੁਡਵਾ ਦਿੱਤੀ। ਅਸਤੀਫ਼ਾ ਤਾਂ ਉਹਦੀ ਜੇਬ 'ਚ ਹੀ ਹੁੰਦੈ!

ਨਵਜੋਤਸਿੰਘ ਸਿੱਧੂ ਵਧੀਆ ਕ੍ਰਿਕਟਰ, ਕਮਾਲ ਦਾ ਕੁਮੈਂਟੇਟਰ, ਅਜੋਕੇ ਯੁੱਗ ਵਿਚ ਬੇਦਾਗ ਸਿਆਸਤਦਾਨ ਅਤੇ ਸ਼ਾਨਦਾਰ ਇਨਸਾਨ ਹੈ। ਸਿੱਧੂ ਨਾ ਇਨਕਲਾਬੀ ਪਾਰਟੀ ਨਾਲ ਸਬੰਧ ਰੱਖਦਾ ਹੈ ਤੇ ਨਾ ਉਸਨੇ ਕਦੇ ਇਨਕਲਾਬੀ ਹੋਣ ਦਾ ਦਾਅਵਾ ਕੀਤਾ ਹੈ ਪਰ ਉਸਦੇ ਕੁੱਝ ਫੈਸਲੇ ਉਸ ਨੂੰ ਇਨਕਲਾਬੀਆਂ ਦੀ ਕਤਾਰ ਵਿਚ ਜ਼ਰੂਰ ਖੜ੍ਹਾ ਕਰ ਦਿੰਦੇ ਹਨ। ਉਸ ਨੂੰ ਪੰਜਾਬ ਦੇ ਹਿੱਤਾਂ ਲਈ ਆਪਣੀ ਜ਼ੁਰਅਤ ਭਰੀ ਪਹਿਲਕਦਮੀ ਜਾਰੀ ਰੱਖਣੀ ਚਾਹੀਦੀ ਹੈ।

### ਸ਼ਬਦਾਂ ਦਾ ਖਿਡਾਰੀ ਸਰਵਣ ਸਿੰਘ

ਪ੍ਰਿੰ. ਸਰਵਣ ਸਿੰਘ ਖੇਡ ਵਾਰਤਕ ਦੇ ਸ਼ਾਹਸਵਾਰ ਹਨ। ਅਸੀਂ ਵਾਰਤਕ ਦੀਆਂ ਜਿਹੜੀਆਂ ਵਿਧਾਵਾਂ ਲੇਖ, ਨਿਬੰਧ, ਜੀਵਨੀ, ਸਵੈ-ਜੀਵਨੀ, ਰੇਖਾ ਚਿੱਤਰ, ਸਫ਼ਰਨਾਮਾ, ਯਾਦਾਂ, ਡਾਇਰੀ, ਖ਼ਤ, ਰਿਪੋਰਟਤਾਜ਼ ਆਦਿ ਨੂੰ ਪਛਾਣਦੇ ਹਾਂ, ਉਨ੍ਹਾਂ ਦੀਆਂ ਰਚਨਾਵਾਂ ਇਨ੍ਹਾਂ ਤੋਂ ਪਾਰ ਜਾਂਦੀਆਂ ਹਨ। ਉਹ ਜਦੋਂ ਕਿਸੇ ਖੇਡ, ਖਿਡਾਰੀ ਜਾਂ ਖੇਡ

*(ਬਾਕੀ ਅਗਲੇ ਸਫੇ 'ਤੇ)*

# ਸੱਚ ਬੋਲਣ ਦੀ ਸਜ਼ਾ-ਜੂਲੀਅਨ ਅਸਾਂਜ ਦੀ ਕਹਾਣੀ

**ਹਰੀਪਾਲ**
**ਫੋਨ: 403-714-4816**

ਇਸ ਦੁਨੀਆ ਵਿਚ ਸਰਕਾਰਾਂ ਸਭ ਤੋਂ ਵੱਧ ਪੱਤਰਕਾਰਾਂ/ਲੇਖਕਾਂ ਤੋਂ ਡਰਦੀਆਂ ਹਨ। ਇਸ ਲੇਖ ਵਿਚ ਆਪਾਂ ਨਿਧੜਕ ਅਤੇ ਨਿਰਪੱਖ ਪੱਤਰਕਾਰੀ ਦੀ ਗੱਲ ਕਰਾਂਗੇ। ਇਹ ਪੱਤਰਕਾਰ ਹੀ ਹਨ ਜੋ ਸਰਕਾਰਾਂ ਦੇ ਗੁੱਝੇ ਭੇਦ ਪਬਲਿਕ ਸਾਹਮਣੇ ਰੱਖਦੇ ਹਨ। ਸਰਕਾਰਾਂ ਜੋ ਵੀ ਆਪਣੇ ਲੋਕਾਂ ਵਿਰੁੱਧ ਜਾਂ ਦੂਜੇ ਦੇਸ਼ਾਂ ਦੀਆਂ ਸਰਕਾਰਾਂ ਦੇ ਵਿਰੁੱਧ ਪੁੱਠੀਆਂ-ਸਿੱਧੀਆਂ ਸਾਜਿਸ਼ਾਂ ਰਚਦੀਆਂ ਹਨ, ਪੱਤਰਕਾਰ ਹੀ ਜੱਗ ਜਾਹਰ ਕਰਦੇ ਹਨ। ਕਈ ਵਾਰ ਲੋਕਾਂ ਦਾ ਧਿਆਨ ਕਿਸੇ ਹੋਰ ਪਾਸੇ ਲਾ ਕੇ ਅੰਦਰਖਾਤੇ ਕੁੱਝ ਹੋਰ ਹੀ ਪਕਾ ਦਿੱਤਾ ਜਾਂਦਾ ਹੈ। ਜਿਸ ਤਰ੍ਹਾਂ ਬਹੁਤੇ ਮੁਲਕਾਂ ਦੀਆਂ ਸਰਕਾਰਾਂ ਨੂੰ ਕਰੋਨਾ ਕਾਲ ਇੱਕ ਸੰਜੀਵਨੀ ਬੂਟੀ ਦੀ ਤਰ੍ਹਾਂ ਮਿਲਿਆ ਹੈ। ਸਰਕਾਰਾਂ ਦਾ ਬਹੁਤਾ ਧਿਆਨ ਮੀਡੀਆ ਨੂੰ ਕੰਟਰੋਲ ਕਰਨ 'ਤੇ ਲੱਗਦਾ ਹੈ ਪਰ ਫਿਰ ਵੀ ਕੁੱਝ ਮੀਡੀਆ ਸਰਕਾਰਾਂ ਤੋਂ ਨਾਬਰ ਹੁੰਦਾ ਹੈ। ਸਰਕਾਰ ਪੱਖੀ ਪੱਤਰਕਾਰਾਂ ਨੂੰ ਇਨਾਮ-ਸਨਮਾਨ, ਸੁੱਖ-ਸਹੂਲਤਾਂ ਦਿੱਤੀਆਂ ਜਾਂਦੀਆਂ ਹਨ ਪਰ ਨਿਧੜਕ ਅਤੇ ਨਿਰਪੱਖ ਪੱਤਰਕਾਰਾਂ ਲਈ ਇਨਾਮ ਕੁੱਝ ਹੋਰ ਤਰ੍ਹਾਂ ਦੇ ਹੁੰਦੇ ਹਨ। ਸੀ.ਪੀ.ਜੇ (ਕਮੇਟੀ ਟੂ ਪਰੋਟੈਕਟ ਜਰਨਲਿਸਟਸ) ਦੀ ਰਿਪੋਰਟ ਮੁਤਾਬਿਕ ਇਸ ਸਮੇਂ 293 ਪੱਤਰਕਾਰ ਜੇਲ੍ਹਾਂ ਵਿਚ ਬੰਦ ਹਨ, 24 ਪੱਤਰਕਾਰ ਰਿਪੋਰਟ ਕਰਦੇ ਹੋਏ ਮਾਰੇ ਗਏ ਅਤੇ 18 ਜਖ਼ਮੀ ਹੋਏ ਹਨ। ਜਿਹੜੇ 24 ਪੱਤਰਕਾਰ ਮਾਰੇ ਗਏ ਹਨ, ਇਨ੍ਹਾਂ ਵਿਚੋਂ ਤਿੰਨ ਪੱਤਰਕਾਰ ਭਾਰਤ ਵਿਚ ਮਾਰੇ ਗਏ ਹਨ।

2020 ਵਿਚ ਅਮਰੀਕਾ ਵਿਚ ਵੀ 110 ਪੱਤਰਕਾਰ ਗ੍ਰਿਫਤਾਰ ਕੀਤੇ ਗਏ, 300 ਪੱਤਰਕਾਰਾਂ 'ਤੇ ਪੁਲੀਸ ਵੱਲੋਂ ਹਮਲੇ ਕੀਤੇ ਗਏ ਅਤੇ 12 ਪੱਤਰਕਾਰ ਅਜੇ ਵੀ ਅਮਰੀਕਾ ਦੀਆਂ ਜੇਲ੍ਹਾਂ ਵਿਚ ਝੂਠੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ ਜਦ ਕਿ ਅਮਰੀਕਾ ਦੂਸਰੇ ਮੁਲਕਾਂ ਵਿਚ ਆਜ਼ਾਦ ਪਰੈਸ ਦੀ ਗੱਲ ਕਰਦਾ ਹੈ। ਹੋਰ ਵੀ ਬਹੁਤ ਸਾਰੇ ਦੇਸ਼ਾਂ ਵਿਚ ਨਿਧੱੜਕ ਅਤੇ ਨਿਰਪੱਖ ਪੱਤਰਕਾਰ ਜੇਲ੍ਹਾਂ ਵਿਚ ਸੜ ਰਹੇ ਹਨ। ਪਿੱਛੇ ਜਿਹੇ ਨਿਊਯਾਰਕ ਟਾਈਮਜ਼ ਦੇ ਪੱਤਰਕਾਰ ਜਮਾਲ ਕਿਸ਼ੋਗੀ ਦੀ ਮੌਤ ਦਾ ਕਿੰਨਾਂ ਰੌਲਾ ਪਿਆ, ਜਿਸਨੂੰ ਸਾਊਦੀ ਅਰਬ ਦੀ ਸਰਕਾਰ ਨੇ, ਟਰਕੀ ਵਿਚ ਬੰਦੇ ਭੇਜ ਕੇ ਖ਼ਤਮ ਕਰਾ ਦਿੱਤਾ, ਉਸਦਾ ਮੁੱਦਾ ਵੀ ਨਹੀਂ ਲੱਭਿਆ। ਵੀਅਤਨਾਮ, ਬੈਲਾਰੂਸ, ਬਰਾਜੀਲ ਅਤੇ ਅਰਬ ਮੁਲਕਾਂ ਵਿਚ ਵੀ ਸੈਂਕੜੇ ਪੱਤਰਕਾਰ ਜੇਲ੍ਹਾਂ ਵਿਚ ਬੰਦ ਹਨ। ਇਜ਼ਰਾਈਲ ਨੇ ਇੱਕ ਸੌਫਟ ਵੇਅਰ 'ਪੈਗਾਸਾਸ' ਬਣਾਇਆ ਹੈ, ਜਿਸਦੇ ਜਰੀਏ ਕਿਸੇ ਦੀ ਵੀ ਜਸੂਸੀ ਕੀਤੀ ਜਾ ਸਕਦੀ ਹੈ।

ਇਹੋ ਜਿਹਾ ਹੀ ਇੱਕ ਨਿਧੱੜਕ ਪੱਤਰਕਾਰ ਹੈ 'ਜੂਲੀਅਨ ਅਸਾਂਜ' ਅਤੇ ਅਮਰੀਕਾ ਜਿਸ ਨੂੰ ਇੱਕ ਜਿਊਂਦੀ ਮੌਤ ਦੇਣੀ ਚਾਹੁੰਦਾ ਹੈ। ਜੂਲੀਅਨ ਅਸਾਂਜ ਨੇ ਐਡਾ ਕਿਹੜਾ ਜੁਰਮ ਕੀਤਾ ਹੈ ਕਿ ਅਮਰੀਕਾ ਦੀ ਸਰਕਾਰ ਉਸ ਨੂੰ ਫਾਹੇ ਟੰਗਣ ਲਈ ਪੱਬਾਂ-ਭਾਰ ਹੋਈ ਫਿਰਦੀ ਹੈ।

ਜੂਲੀਅਨ ਅਸਾਂਜ ਦਾ ਕੀ ਦੋਸ਼ ਹੈ: ਅਸਾਂਜ ਅਤੇ ਉਸ ਦੇ ਸਾਥੀਆਂ ਨੇ 2006 ਵਿਚ ਵਿੱਕੀਲੀਕਸ ਦੀ ਸਥਾਪਨਾ ਕੀਤੀ। ਜੂਲੀਅਨ ਅਸਾਂਜ ਉਸਦਾ ਮੁੱਖ ਸੰਪਾਦਕ ਬਣਿਆ। ਵਿੱਕੀਲੀਕਸ ਦੀ ਸਥਾਪਨਾ ਕਰਨ ਦਾ ਮੁੱਖ ਮਕਸਦ ਇੱਕ ਇਹੋ ਜਿਹਾ ਮੀਡੀਆ ਕਾਇਮ ਕਰਨਾ ਸੀ ਜੋ ਬਿਨਾ ਕਿਸੇ ਵੀ ਡਰ ਤੋਂ ਸਰਕਾਰਾਂ ਦੀਆਂ ਕੂਟਨੀਤਿਕ ਨੀਤੀਆਂ ਨੂੰ ਲੋਕਾਂ ਸਾਹਮਣੇ ਉਜਾਗਰ ਕਰੇ, ਜੋ ਕਿ ਸਰਕਾਰ ਪ੍ਰਸਤ ਮੀਡੀਆ ਬਿਲਕੁਲ ਵੀ ਨਹੀਂ ਦਿਖਾਉਂਦਾ। ਸਰਕਾਰਾਂ ਦੇ ਉਹ ਝੂਠ ਫਰੇਬ ਜਿਸ 'ਤੇ ਸਰਕਾਰਾਂ ਪਰਦੇ ਪਾਉਂਦੀਆਂ ਹਨ, ਨੂੰ ਲੋਕ ਕਚਹਿਰੀ ਵਿਚ ਪੇਸ਼ ਕਰਨਾ ਅਤੇ ਲੋਕਾਂ ਨੂੰ ਆਉਣ ਵਾਲੀਆਂ ਸਮੱਸਿਆਵਾਂ ਵਾਰੇ ਸੁਚੇਤ ਕਰਨਾ। ਅਸਾਂਜ ਨੇ 2007 ਤੋਂ ਲੈ ਕੇ 2010 ਤੱਕ ਅਮਰੀਕਾ, ਏਸ਼ੀਆ, ਯੂਰਪ ਅਤੇ ਦੱਖਣੀ ਅਮਰੀਕਾ ਦੀ ਯਾਤਰਾ ਕੀਤੀ ਅਤੇ ਇਨ੍ਹਾਂ ਦੇਸ਼ਾਂ ਵਿਚ ਲੱਗੀ ਇੰਟਰਨੈਟ ਸੈਂਸਰਸ਼ਿੱਪ 'ਤੇ ਲੇਖ ਪ੍ਰਕਾਸ਼ਿਤ ਕੀਤੇ। ਇਹ ਲੇਖ ਦਰਸਾਉਂਦੇ ਸਨ ਕਿ ਕਿਵੇਂ ਸਰਕਾਰਾਂ ਆਪਦੇ ਵਿਰੋਧੀਆਂ ਦੀ ਜਾਸੂਸੀ ਕਰਦੀਆਂ ਹਨ, ਉਨ੍ਹਾਂ 'ਤੇ ਝੂਠੇ ਦੋਸ਼ ਲਾ ਕੇ ਜੇਲਾਂ ਵਿਚ ਸੁੱਟ ਦਿੰਦੀਆਂ ਹਨ। ਵਿੱਕੀਲੀਕਸ ਨੇ ਯਮਨ ਵਿਚ ਹੋ ਰਹੀਆਂ ਡਰੋਨ ਸਟਰਾਈਕਸ ਬਾਰੇ ਲਿਖਿਆ ਕਿ ਇਸ ਸਭ ਕਾਸੇ ਦੇ ਪਿੱਛੇ ਕੌਣ ਹੈ। ਅਰਬ ਦੇਸ਼ਾਂ ਦੇ ਸ਼ਹਿਨਸ਼ਾਹ ਕਿਸ ਤਰ੍ਹਾਂ ਰਿਸ਼ਵਤਾਂ ਲੈ ਕੇ ਬਾਹਰਲੀਆਂ ਕੰਪਨੀਆਂ ਨੂੰ ਕੰਮ ਕਰਨ ਦੇ ਠੇਕੇ ਦਿੰਦੇ ਹਨ। ਪਿੱਛੇ ਜਿਹੇ ਮੀਡੀਆ ਵਿਚ ਇਹ ਵੀ ਆਇਆ ਸੀ ਕਿ ਕੈਨੇਡਾ ਦੀ ਕੰਪਨੀ ਐਸ. ਐਨ. ਸੀ. ਲੈਵਲੈਨ, ਐਨੀ ਗਿਰੀ ਹੋਈ ਹੱਦ ਤੱਕ ਜਾ ਸਕਦੀ ਹੈ ਕਿ ਲਿੱਬੀਆ ਦੇ ਏਅਰਪੋਰਟ ਦੀ ਕੰਸਟਰੱਕਸ਼ਨ ਦਾ ਠੇਕਾ ਲੈਣ ਲਈ, ਉਸ ਸਮੇਂ ਦੇ ਸ਼ਾਸ਼ਕ 'ਗਦਾਫੀ' ਦੇ ਮੁੰਡੇ ਨੂੰ ਕੁੜੀਆਂ ਤੱਕ ਸਪਲਾਈ ਕਰ ਸਕਦੀ ਹੈ। ਕੈਨੇਡਾ ਦੀ ਅਟਾਰਨੀ ਜਨਰਲ ਨੇ ਜਦ 'ਐਸ ਐਨ ਸੀ ਲੈਵਲੈਨ' ਦਾ ਇਹ ਕੇਸ ਪਬਲਿਕ ਸਾਹਮਣੇ ਨਸ਼ਰ ਕੀਤਾ ਤਾਂ ਐਸ ਐਨ ਸੀ ਲੈਵਲੈਨ ਨੂੰ ਤਾਂ ਕੁੱਝ ਨਹੀਂ ਕਿਹਾ ਗਿਆ ਪਰ ਅਟਾਰਨੀ ਜਨਰਲ ਆਪਦੀ ਨੌਕਰੀ ਗੁਆ ਬੈਠੀ। ਇਹ ਹੈ ਸੱਚ ਬੋਲਣ ਦੀ ਸਜਾ ਜੋ ਕੈਨੇਡਾ ਦੀ ਅਟਾਰਨੀ ਜਨਰਲ ਨੂੰ ਝੱਲਣੀ ਪਈ।



ਵਿੱਕੀਲੀਕਸ ਨੇ ਕੀਨੀਆਂ ਦੀ ਪੁਲੀਸ ਵੱਲੋਂ ਕੀਤੇ ਗਏ ਝੂਠੇ ਮੁਕਾਬਲੇ, ਤਿੱਬਤ ਵਿਚ ਚੀਨ ਦੇ ਵਿਰੁੱਧ ਹੁੰਦੀ ਬਗਾਵਤ ਅਤੇ ਪੀਰੂ ਵਿਚ ਪੈਟਰੋਲ ਦੇ ਸਕੈਂਡਲ ਬਾਰੇ ਵਿਸਥਾਰ ਵਿਚ ਲਿਖਿਆ।

2004 ਤੋਂ 2009 ਤੱਕ, ਅਮਰੀਕਾ ਵੱਲੋਂ ਇਰਾਕ ਵਿਚ ਕੀਤੀਆਂ ਗਈਆਂ ਧਾਂਦਲ਼ੀਆਂ, ਅਮਰੀਕੀ ਫੌਜਾਂ ਦੇ ਜ਼ੁਲਮ ਦੀਆਂ ਕਹਾਣੀਆਂ ਪ੍ਰਕਾਸ਼ਿਤ ਕੀਤੀਆਂ ਗਈਆਂ।

2008 ਵਿਚ ਵਿੱਕੀਲੀਕਸ ਨੇ ਸਵਿੱਸ ਬੈਂਕਾਂ ਵਿਚ ਹੋ ਰਹੀਆਂ ਹੇਰਾ-ਫੇਰੀਆਂ ਦਾ ਜਿਕਰ ਕੀਤਾ ਤਾਂ ਵਿੱਕੀਲੀਕਸ ਸੰਸਾਰ ਪੱਧਰ 'ਤੇ ਦੁਨੀਆ ਦੀਆਂ ਅੱਖਾਂ ਖੋਲ੍ਹਣ ਵਾਲਾ ਮੀਡੀਆ ਬਣ ਗਿਆ। ਅਸਾਂਜ ਨੇ ਕਿਹਾ ਕਿ ਇਹ ਬੈਂਕ ਸਭ ਤਰ੍ਹਾਂ ਦੇ ਕਨੂੰਨ ਤੋੜ ਕੇ ਚਲਦੇ ਹਨ, ਇਸ ਨਾਲ ਅਸਾਂਜ ਨੂੰ ਮਨੁੱਖੀ ਅਧਿਕਾਰ ਸੰਗਠਨ ਅਤੇ ਬੋਲਣ ਦੀ ਅਜਾਦੀ ਵਰਗੀਆਂ ਸੰਸਥਾਵਾਂ ਦਾ ਸਮੱਰਥਨ ਮਿਲਿਆ।

ਸਤੰਬਰ 2008 ਦੀਆਂ ਅਮਰੀਕੀ ਚੋਣਾਂ ਵਿਚ, ਵਿੱਕੀਲੀਕਸ ਨੇ ਇਹ ਸੱਚ ਸਾਹਮਣੇ ਲਿਆਂਦਾ ਕਿ ਕਿਵੇਂ ਇੰਗਲੈਂਡ ਦੀ ਸੱਜੇਪੱਖੀ ਪਾਰਟੀ, ਅਮਰੀਕਾ ਦੀਆਂ ਚੋਣਾਂ ਵਿਚ ਦਖ਼ਲ ਦਿੰਦੀ ਹੈ। 2009 ਵਿਚ ਵਿੱਕੀਲੀਕਸ ਨੇ ਇਰਾਨ ਦੀ 'ਨੰਤਾਜ ਨਿਊਕਲੀਅਰ ਫੈਸਿਲਟੀ' ਵਿਚ ਹੋਈ ਪ੍ਰਮਾਣੂ ਦੁਰਘਟਨਾ ਦੀ ਖਬਰ ਨਸ਼ਰ ਕੀਤੀ। ਵਿੱਕੀਲੀਕਸ ਨੇ ਇਹ ਖਦਸ਼ਾ ਜ਼ਾਹਰ ਕੀਤਾ ਕਿ ਇਸ ਪਿੱਛੇ ਅਮਰੀਕਾ ਅਤੇ ਇਜ਼ਰਾਈਲ ਦੇ ਸਾਈਬਰ ਐਕਸਪਰਟ ਦਾ ਹੱਥ ਹੈ।

ਅਪਰੈਲ 2010 ਵਿਚ ਵਿੱਕੀਲੀਕਸ ਨੇ ਇੱਕ ਵੀਡੀਓ ਰੀਲੀਜ਼ ਕੀਤੀ, ਜਿਸ ਵਿਚ ਦਿਖਾਇਆ ਗਿਆ ਕਿ ਕਿਸ ਤਰ੍ਹਾਂ ਅਮਰੀਕਨ ਫੌਜੀਆਂ ਨੇ ਹੈਲੀਕਾਪਟਰ ਰਾਹੀਂ ਫਾਇਰਿੰਗ ਕਰਕੇ 18 ਸਿਵਲੀਅਨ ਮੌਤ ਦੇ ਘਾਟ ਉਤਾਰੇ, ਜਿਨ੍ਹਾਂ ਵਿਚ ਸੰਸਾਰ ਪ੍ਰਸਿੱਧ ਅਖਬਾਰ 'ਰਿਊਟਰ' ਦਾ ਪੱਤਰਕਾਰ ਨਮੀਰ ਨੂਰ ਅਤੇ ਉਸਦਾ ਸਹਾਇਕ ਸਈਅਦ ਚਮਾਗ ਮਾਰੇ ਗਏ।

2010 ਵਿਚ ਹੀ ਅਫਗਾਨਿਸਤਾਨ ਦੀ ਲੜਾਈ ਦੀ ਰਿਪੋਰਟ ਅਤੇ ਅਪਰੈਲ 2011 ਵਿਚ ਗੁਆਟਾਨਮੋ ਬੇਅ ਵਿਚ ਅਮਰੀਕੀ ਅਧਿਕਾਰੀਆਂ ਵੱਲੋਂ ਅਫਗਾਨੀ ਜੰਗੀ ਕੈਦੀਆਂ 'ਤੇ ਕੀਤੇ ਜਾ ਰਹੇ ਜ਼ੁਲਮਾਂ ਦੀਆਂ ਰਿਪੋਰਟਾਂ ਪ੍ਰਕਾਸ਼ਿਤ ਕੀਤੀਆਂ। ਵਿੱਕੀਲੀਕਸ ਨੇ ਕੇਬਲਗੇਟ ਰਾਹੀਂ ਅਮਰੀਕਾ ਦੀਆਂ ਢਾਈ ਲੱਖ ਤਾਰਾਂ ਦੇ ਮੈਸੇਜ ਜੱਗ ਜ਼ਾਹਰ ਕੀਤੇ ਕਿ ਕਿਵੇਂ ਅਮਰੀਕਾ ਯੂ.ਐਨ.ਓ. ਅਤੇ ਦੁਨੀਆ ਭਰ ਦੇ ਲੀਡਰਾਂ ਬਾਰੇ ਸਾਜਿਸ਼ਾਂ ਰਚਦਾ ਰਿਹਾ ਹੈ।

2016 ਵਿਚ ਵਿੱਕੀਲੀਕਸ ਨੇ ਡੈਮੋਕਰੇਟਿਕ ਪਾਰਟੀ ਦੀ ਇੱਕ ਈ-ਮੇਲ ਰੀਲੀਜ ਕਰ ਦਿੱਤੀ, ਜਿਸ ਵਿਚ ਪਾਰਟੀ 'ਬਰਨੀ ਸੈਂਡਰਜ' ਦੀ ਜਗ੍ਹਾ 'ਤੇ ਹਿਲੇਰੀ ਕਲਿੰਟਨ ਨੂੰ ਤਰਜੀਹ ਦਿੰਦੀ ਸੀ।

ਅਸਾਂਜ 'ਤੇ ਅਮਰੀਕਾ ਵੱਲੋਂ ਮੁਕੱਦਮਾ: ਜਿਸ ਤਰ੍ਹਾਂ ਇੱਕ ਪੁਰਾਣੀ ਕਹਾਵਤ ਹੈ ਕਿ 'ਕੌਣ ਕਹੇ ਰਾਣੀ ਅੱਗਾ ਢੱਕ' ਪਰ ਹੁਣ ਦੀ ਨਵੀਂ ਰਾਣੀ (ਅਮਰੀਕਾ) ਤਾਂ ਸਭ ਕੁੱਝ ਹੀ ਢੱਕ ਕੇ ਰੱਖਦੀ ਹੈ, ਇਹ ਤਾਂ ਜੋ ਕੁੱਝ ਵੀ ਕਰਦੀ ਹੈ, ਪਰਦੇ ਦੇ ਪਿਛੇ ਹੀ ਕਰਦੀ ਹੈ ਅਤੇ ਜੂਲੀਅਨ ਅਸਾਂਜ ਨੇ ਇਸ ਦਾ ਪਰਦਾ ਚੱਕ ਕੇ ਇਸ ਦਾ ਕਰੂਪ ਚਿਹਰਾ ਜੱਗ-ਜ਼ਾਹਰ ਕਰ ਦਿੱਤਾ। ਇਨ੍ਹਾਂ ਰਿਪੋਰਟਾਂ ਤੋਂ ਬਾਅਦ ਅਮਰੀਕਾ ਨੇ ਵਿੱਕੀਲੀਕਸ ਦੀਆਂ ਕਾਰਗੁਜਾਰੀਆਂ ਤੇ ਕਰਿੱਮੀਨਲ ਇਨਵੈਸਟੀਗੇਸ਼ਨ ਸ਼ੁਰੂ ਕਰ ਦਿੱਤੀ। ਨਵੰਬਰ 2010 ਵਿਚ ਹੀ ਅਮਰੀਕਾ ਦੇ ਕਹਿਣ 'ਤੇ ਸਪੇਨ ਨੇ ਅਸਾਂਜ ਤੇ ਇੱਕ ਫਰਜ਼ੀ ਸੈਕਸੂਅਲ ਕੇਸ ਪਾ ਕੇ ਅੰਤਰ-ਰਾਸ਼ਟਰੀ ਗ੍ਰਿਫਤਾਰੀ ਵਾਰੰਟ ਜਾਰੀ ਕਰ ਦਿੱਤੇ। ਅਸਾਂਜ ਨੇ ਗ੍ਰਿਫਤਾਰੀ ਤੋਂ ਬਚਣ ਲਈ ਇਕੁਆਡੋਰ ਦੀ ਅੰਬੈਸੀ ਵਿਚ ਸ਼ਰਨ ਲਈ। ਉਸ ਨੂੰ ਪਤਾ ਸੀ ਕਿ ਜੇਕਰ ਉਸ ਨੂੰ ਸਵੀਡਨ ਭੇਜ ਦਿੱਤਾ ਗਿਆ ਤਾਂ ਸਵੀਡਨ ਸਰਕਾਰ ਉਸ ਨੂੰ ਅਮਰੀਕਾ ਦੇ ਹਵਾਲੇ ਕਰ ਦੇਵੇਗੀ ਅਤੇ ਉਸ ਨੂੰ ਉਮਰ ਭਰ ਲਈ ਜੇਲ੍ਹ ਵਿਚ ਸੁੱਟ ਦਿੱਤਾ ਜਾਵੇਗਾ। ਸਵੀਡਨ ਦੀ ਸਰਕਾਰ ਨੂੰ ਸਬੂਤਾਂ ਦੀ ਘਾਟ ਕਰਕੇ ਇਹ ਕੇਸ ਵਾਪਸ ਲੈਣਾ ਪਿਆ। ਫਿਰ ਅਮਰੀਕਾ ਦਾ ਦਬਾਅ ਨਾ ਝੱਲਣ ਕਾਰਨ ਇੱਕੁਆਡੋਰ ਨੇ ਅਸਾਂਜ ਦੀ ਸ਼ਰਣ ਖਤਮ ਕਰ ਦਿੱਤੀ ਅਤੇ ਉਸ ਨੂੰ ਇੰਗਲੈਂਡ ਦੀ ਪੁਲੀਸ ਹਵਾਲੇ ਕਰ ਦਿੱਤਾ ਗਿਆ। ਅਮਰੀਕਾ ਨੇ ਇੰਗਲੈਂਡ ਦੀ ਹਾਈਕੋਰਟ ਵਿਚ ਅਸਾਂਜ ਨੂੰ ਗ੍ਰਿਫਤਾਰ ਕਰਨ ਲਈ ਅਪੀਲ ਕਰ ਦਿੱਤੀ। ਅਮਰੀਕਾ ਇਹ ਅਪੀਲ ਜਿੱਤ ਗਿਆ, ਇਹ ਸਤਰ੍ਹਾਂ ਲਿਖੀਆਂ ਜਾਣ ਤੱਕ ਅਸਾਂਜ ਨੇ ਇੰਗਲੈਂਡ ਦੀ ਸੁਪਰੀਮ ਕੋਰਟ ਵਿਚ ਅਪੀਲ ਕਰ ਦਿੱਤੀ, ਹੁਣ ਅੱਗੇ ਦੇਖੋ ਕੀ ਬਣਦਾ ਹੈ, ਪਰ ਅਮਰੀਕਾ ਕਿਸੇ ਵੀ ਹਾਲਤ ਵਿਚ ਅਸਾਂਜ ਨੂੰ ਨਹੀਂ ਛੱਡਣਾ ਚਾਹੁੰਦਾ। ਜੇਕਰ ਅਸਾਂਜ ਅਮਰੀਕਾ ਭੇਜ ਦਿੱਤਾ ਜਾਂਦਾ ਹੈ ਤਾਂ ਉਸ ਨੂੰ ਅਮਰੀਕਾ ਦੀ ਜੇਲ੍ਹ ਵਿਚ ਜਿਉਂਦੀ-ਜਾਗਦੀ ਮੌਤ (ਲਿਵਿੰਗ ਡੈਥ) ਹੰਢਾਉਣੀ ਪਵੇਗੀ। ਅਸਾਂਜ ਨੂੰ ਸੱਚ ਬੋਲਣ ਦੀ, ਦਲੇਰ ਅਤੇ ਬੇਬਾਕ ਪੱਤਰਕਾਰ ਹੋਣ ਦੀ ਸਜਾ ਮਿਲੀ ਹੈ, ਇਹ ਇਨਸਾਫ ਨਹੀਂ ਸਗੋਂ ਇਨਸਾਫ ਦਾ ਬਲਾਤਕਾਰ ਹੈ। ਸੱਚ ਲਿਖਣ ਵਾਲ਼ੇ ਅਸਾਂਜ ਲਈ ਇਸ ਧਰਤੀ 'ਤੇ ਇੱਕ ਨਰਕ ਤਿਆਰ ਕੀਤਾ ਜਾ ਰਿਹਾ ਹੈ। ਹੇਠ ਲਿਖੇ ਕੁੱਝ ਨੁਕਤੇ ਸਿੱਧ ਕਰਦੇ ਹਨ ਕਿ ਕਿਵੇਂ ਸੱਚ ਨੂੰ ਫਾਂਸੀ ਚਾੜ੍ਹਨ ਲਈ ਫੰਦਾ ਤਿਆਰ ਕੀਤਾ ਜਾ ਰਿਹਾ ਹੈ:

** ਐਫ.ਬੀ.ਆਈ. ਦੇ ਇੱਕ ਏਜੰਟ ਨੇ ਮੰਨਿਆ ਕਿ ਉਸਨੇ ਅਸਾਂਜ ਵਿਰੁੱਧ ਸਾਰੇ ਦੋਸ਼ ਮਨਘੜਤ ਬਣਾਏ ਹਨ ਪਰ ਇੰਗਲੈਂਡ ਦੀ ਅਦਾਲਤ ਨੇ ਇਸ ਨੂੰ ਵੀ ਨਕਾਰ ਦਿੱਤਾ।

** ਜਦ ਅਸਾਂਜ ਇਕੁਆਡੋਰ ਦੀ ਅੰਬੈਸੀ ਵਿਚ ਸ਼ਰਨ ਲੈ ਰਿਹਾ ਸੀ, ਉਸ ਸਮੇਂ ਸੀ.ਆਈ.ਏ, ਅਸਾਂਜ ਦੇ ਵਕੀਲਾਂ, ਡਾਕਟਰਾਂ ਦੀ ਜਾਸੂਸੀ ਕਰ ਰਹੀ ਸੀ-ਇਸ ਗੱਲ 'ਤੇ ਵੀ ਪਰਦਾ ਪਾ ਦਿੱਤਾ ਗਿਆ ਹੈ।

** ਇੰਗਲੈਂਡ ਦੀ ਹਾਈ ਕੋਰਟ ਨੂੰ, ਪੱਤਰਕਾਰਾਂ ਵੱਲੋਂ ਦਿੱਤਾ ਗਿਆ ਗ੍ਰਾਫਿਕ ਸਬੂਤ ਕਿ ਸੀ.ਆਈ.ਏ ਨੇ ਅਸਾਂਜ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਹੈ, ਉਸ ਦੀ ਵੀ ਕੋਈ ਪਰਵਾਹ ਨਹੀਂ ਕੀਤੀ ਗਈ।

** ਇਹ ਜਿੰਨੇ ਵੀ ਸਬੂਤ ਸੀ ਜੋ ਜੱਜ ਦੇ ਸਾਹਮਣੇ ਪੇਸ਼ ਕੀਤੇ ਗਏ, ਕਾਫੀ ਸੀ ਅਸਾਂਜ ਨੂੰ ਬਰੀ ਕਰਨ ਲਈ ਪਰ ਵਿਕੀਆਂ ਹੋਈਆਂ ਅਦਾਲਤਾਂ ਖੁਦ ਫੈਸਲੇ ਨਹੀਂ ਕਰਦੀਆਂ, ਸਗੋਂ ਪਿੱਛੋਂ ਆਏ ਫੈਸਲੇ ਲਾਗੂ ਕਰਦੀਆਂ ਹਨ।

** ਸਭ ਤੋਂ ਹੈਰਾਨੀ ਕਰਨ ਵਾਲੀ ਗੱਲ ਸੀ ਕਿ ਇੰਗਲੈਂਡ ਹਾਈ ਕੋਰਟ ਦੇ ਜੱਜ 'ਲਾਰਡ ਬਰੂਨੈਟ' ਅਤੇ 'ਲਾਰਡ ਜਸਟਿਸ ਟਿਮਥੀ ਹੋਲੀਰੋਡ' ਨੇ ਬਿਨਾ ਕਿਸੇ ਹਿਚਕਿਚਾਹਟ ਦੇ ਅਸਾਂਜ ਨੂੰ ਇੱਕ ਜਿਉਂਦੀ ਮੌਤ ਝੱਲਣ (ਅਮਰੀਕਾ ਦੇ ਹਵਾਲੇ ਕਰਨ ਦੀ) ਦੀ ਸਜਾ ਸੁਣਾ ਦਿੱਤੀ।

ਬੇਸ਼ੱਕ ਅਮਰੀਕਾ ਨੇ ਕਿਹਾ ਹੈ ਕਿ ਅਸਾਂਜ ਨੂੰ ਇਨਸਾਫ ਮਿਲੇਗਾ, ਪਰ ਇਸਦੀ ਕੋਈ ਗਰੰਟੀ ਨਹੀਂ ਦਿੱਤੀ। ਐਮਨੈਸਟੀ ਇੰਟਰਨੈਸ਼ਨਲ ਨੇ ਵੀ ਕਿਹਾ ਹੈ ਕਿ ਇਸਦਾ ਮਤਲਬ ਅਮਰੀਕਾ ਨੂੰ ਆਪਦੇ ਸਾਰੇ ਵਾਅਦੇ ਤੋੜਨ ਦੀ ਖੁੱਲ ਹੋਵੇਗੀ। ਇਹ ਜਿਹੇ ਵਾਅਦੇ ਤੋੜਨ ਦੀਆਂ ਅਮਰੀਕਾ ਦੀਆਂ ਬਹੁਤ ਉਦਾਹਰਣਾਂ ਹਨ। ਸਪੇਨ ਦੇ ਇੱਕ ਨਾਗਰਿਕ 'ਮੈਨਡੋਜਾ' ਨੂੰ ਜਦ ਅਮਰੀਕਾ ਦੇ ਹਵਾਲੇ ਕੀਤਾ ਗਿਆ ਸੀ, ਉਦੋਂ ਅਮਰੀਕਾ ਨੇ ਇਹ ਵਾਅਦਾ ਕੀਤਾ ਸੀ ਕਿ ਮੈਨਡੋਜਾ ਨੂੰ ਸਜਾ ਕੱਟਣ ਲਈ ਵਾਪਸ ਸਪੇਨ ਭੇਜਿਆ ਜਾਵੇਗਾ ਪਰ ਬਾਦ ਵਿਚ ਆਪਣੇ ਇਸ ਵਆਦੇ ਤੋਂ ਮੁੱਕਰ ਗਿਆ ਸੀ। ਅਮਰੀਕਾ ਦਾ ਇਹ ਰਿਕਾਰਡ ਹੈ ਕਿ ਇਸ ਨੇ ਹਜ਼ਾਰਾਂ ਹੀ ਸੰਧੀਆ ਤੋੜੀਆਂ ਹਨ, ਇਰਾਨ ਨਾਲ਼ ਹੋਇਆ ਪਰਮਾਣੂ ਸਮਝੌਤਾ ਇਸਦੀ ਤਾਜ਼ਾ ਮਿਸਾਲ ਹੈ। ਹੁਣ ਤਾਂ ਖੁਦ ਅਮਰੀਕੀ ਪੱਤਰਕਾਰ ਵੀ ਇਹ ਮੰਨਣ ਲੱਗ ਪਏ ਹਨ ਕਿ ਲੋਕਤੰਤਰ ਦਾ ਚੌਥਾ ਥੰਮ, ਦਲੇਰ ਅਤੇ ਨਿਰਪੱਖ ਪੱਤਰਕਾਰੀ ਦਾ ਖਾਤਮਾ ਹੋ ਰਿਹਾ ਹੈ। ਸਿਰਫ ਉਹੀ ਪੱਤਰਕਾਰੀ ਪ੍ਰਫੁੱਲਿਤ ਹੋ ਰਹੀ ਹੈ ਜੋ ਕਾਰਪੋਰੇਸ਼ਨਾਂ ਅਤੇ ਸਰਕਾਰਾਂ ਦੀ ਤਰਫ਼ਦਾਰੀ ਕਰਦੀ ਹੈ। ਅੱਜ ਲੋੜ ਹੈ ਦੁਨੀਆ ਭਰ ਦੇ ਅਗਾਂਹਵਧੂ ਲੋਕਾਂ, ਬੁੱਧੀਜੀਵੀਆਂ ਨੂੰ ਇਕੱਠੇ ਹੋ ਕੇ ਇੱਕ ਲਹਿਰ ਚਲਾਉਣ ਦੀ, ਤਾਂ ਕਿ ਅਸਾਂਜ ਦੀ ਜਾਨ ਹੀ ਨਹੀਂ, ਸਗੋਂ ਪਰੈਸ ਦੀ ਆਜ਼ਾਦੀ ਵੀ ਬਚਾਈ ਜਾ ਸਕੇ। ਜੇਕਰ ਪਰੈੱਸ ਆਜ਼ਾਦ ਨਾ ਰਹੀ ਤਾਂ ਲੋਕਾਂ ਨੂੰ ਸੱਚਾਈ ਕੌਣ ਦੱਸੂਗਾ। ਆਜ਼ਾਦ ਪਰੈੱਸ ਤੋਂ ਬਿਨਾ ਤਾਂ ਇਹ ਅਖੌਤੀ ਲੋਕਤੰਤਰ ਵੀ ਤਾਨਾਸ਼ਾਹੀ ਦਾ ਰੂਪ ਧਾਰਨ ਕਰ ਲਵੇਗਾ।

---

ਮੇਲੇ ਬਾਰੇ ਲਿਖ ਰਹੇ ਹੁੰਦੇ ਹਨ ਤਾਂ ਉਹ ਰਚਨਾ ਸਬੰਧਤ ਖਿਡਾਰੀ ਦੀ ਜੀਵਨੀ ਦਾ ਭਾਗ ਵੀ ਹੁੰਦੀ ਹੈ, ਇਹ ਲੇਖਕ ਦੇ ਜੀਵਨ ਵਿਚ ਵਾਪਰੀ ਹੋਣ ਕਰਕੇ ਉਸ ਦੀ ਸਵੈ-ਜੀਵਨੀ ਵੀ ਹੁੰਦੀ ਹੈ, ਲੇਖਕ ਤੇ ਖਿਡਾਰੀ ਦੀ ਸਾਂਝੀ ਅਤੇ ਲਘੂ ਆਕਾਰੀ ਹੋਣ ਕਰਕੇ ਰੇਖਾ ਚਿੱਤਰ ਨਾਲ ਵੀ ਮੇਲ ਖਾਂਦੀ ਹੈ ਅਤੇ ਕਈ ਵਾਰ ਯਾਦਾਂ ਦਾ ਭਾਗ ਬਣ ਜਾਂਦੀ ਹੈ। ਕਦੇ ਇਹ ਘਟਨਾ ਦੂਰ-ਦੁਰਾਡੇ ਦੇਸ਼ ਵਿਚ ਵਾਪਰੀ ਹੋਣ ਕਰਕੇ ਸਫਰਨਾਮੇ ਦਾ ਪ੍ਰਭਾਵ ਦਿੰਦੀ ਹੈ ਤੇ ਕਦੇ ਅੰਕੜਿਆਂ ਨਾਲ ਭਰਪੂਰ ਹੋਣ ਕਰਕੇ ਤੱਥਗਤ ਹੁੰਦੀ ਹੈ। ਇਸੇ ਕਰਕੇ ਇਹ ਡਾਇਰੀ ਦਾ ਪੰਨਾ, ਨਿਬੰਧ ਜਾਂ ਲੇਖ ਬਣ ਜਾਂਦੀ ਹੈ। ਘਟਨਾ ਦੀ ਜਾਣਕਾਰੀ, ਅਖ਼ਬਾਰ ਰਾਹੀਂ ਜਦੋਂ ਪਾਠਕਾਂ ਤਕ ਪੁੱਜਦੀ ਹੈ ਤਾਂ ਰਿਪੋਰਟ ਦਾ ਪ੍ਰਭਾਵ ਪਾਉਂਦੀ ਹੈ। ਇੰਜ ਉਨ੍ਹਾਂ ਦੀ ਲੇਖਣੀ ਕਈ ਵਿਧਾਵਾਂ ਦਾ ਜੋੜਮੇਲ ਹੁੰਦੀ ਹੈ ਪਰ ਉਸ ਦੀ ਕੇਂਦਰੀ ਚੂਲ਼ ਖੇਡ ਖਿਡਾਰੀ ਹੀ ਰਹਿੰਦੀ ਹੈ। ਇਸੇ ਕਰਕੇ ਇਹ ਖੇਡ ਸਾਹਿਤ ਹੈ। ਖੇਡ ਸਾਹਿਤ ਆਪਣੀ ਵਿਸ਼ਾਗਤ ਵਿਲੱਖਣਤਾ ਅਤੇ ਰੂਪਗਤ ਵਿਸ਼ੇਸ਼ਤਾਈਆਂ ਕਾਰਨ ਵੱਖਰੀ ਵਾਰਤਕ ਵਿਧਾ ਬਣ ਗਿਆ ਹੈ, ਜਿਸ ਦਾ ਜਨਮ ਦਾਤਾ ਸਰਵਣ ਸਿੰਘ ਹੈ।

ਸ਼ੈਲੀ ਪੱਖੋਂ ਸਰਵਣ ਸਿੰਘ ਦੀ ਹੋਰ ਖ਼ਾਸੀਅਤ ਹੈ ਕਿ ਉਹ ਲਿਖਤ ਦਾ ਸਿਰਲੇਖ ਬੜਾ ਢੁਕਵਾਂ ਰੱਖਦਾ ਹੈ। ਉਹ ਕਵਿਤਾ ਵਾਂਗ ਕਾਫੀਏ ਮੇਲਦਾ ਹੈ ਪਰ ਕਾਫੀਆ ਮੇਲਣ ਦੇ ਨਾਲ-ਨਾਲ ਸਾਰੀ ਰਚਨਾ ਦੀ ਰੂਹ ਦਾ ਸਾਰ ਵੀ ਸਾਹਮਣੇ ਰੱਖਦਾ ਹੈ। ਉਦਾਹਰਨ ਵਜੋਂ ਸਿਰਲੇਖ ਦੇਖੇ ਜਾ ਸਕਦੇ ਹਨ: ਕਬੱਡੀ ਦਾ ਲਾਲ ਦੇਵੀ ਦਿਆਲ, ਕਬੱਡੀ ਦਾ ਧੱਕੜ ਧਾਵੀ ਫਿੱਡਾ, ਟਰਾਂਟੋ ਦੇ ਟੂਰਨਾਮੈਂਟਾਂ 'ਤੇ ਇੱਕ ਝਾਤ, ਨਜ਼ਾਰੇ ਨਿਊ ਯਾਰਕ ਦੀ ਕਬੱਡੀ ਦੇ, ਕਬੱਡੀ ਨੂੰ ਡਰੱਗ ਦਾ ਜੱਫਾ, ਬੱਲੇ ਬਾਬਿਆਂ ਦੀ ਕਬੱਡੀ ਦੇ, ਫੁੱਟਬਾਲ ਦੇ ਜਰਨੈਲ ਦੀ ਯਾਦ ਆਦਿ। ਇਨ੍ਹਾਂ ਸਭ ਸਿਰਲੇਖਾਂ ਵਿਚ ਇੱਕ ਗੱਲ ਸਾਂਝੀ ਹੈ ਕਿ ਇਹ ਕੇਵਲ ਕੰਨਾਂ ਨੂੰ ਹੀ ਚੰਗੇ ਨਹੀਂ ਲੱਗਦੇ ਸਗੋਂ ਇਹ ਵਿਸ਼ੇ ਨੂੰ ਵੀ ਸਪੱਸ਼ਟ ਕਰਦੇ ਹਨ ਅਤੇ ਨਾਲ ਦੀ ਨਾਲ ਰਮਜ਼ ਵੀ ਸੁੱਟਦੇ ਹਨ। ਉਹ ਅਨੁਪ੍ਰਾਸ ਸਿਰਜਣ ਲਈ ਨਿਊ ਯਾਰਕ ਨਾਲ ਨਜ਼ਾਰੇ, ਟੋਰਾਂਟੋ ਨਾਲ ਟੂਰਨਾਮੈਂਟ ਜੋੜਦਾ ਹੈ ਅਤੇ ਇੰਜ ਹੀ ਬਾਬਿਆਂ ਅੱਗੇ ਬੱਲੇ ਤੇ ਫਿੱਡੇ ਧਾਵੀ ਨੂੰ ਧੱਕੜ ਧਾਵੀ ਦਰਸਾਉਂਦਾ ਹੈ। ਸਰਵਣ ਸਿੰਘ ਦੀ ਇੱਕ ਹੋਰ ਖਾਸੀਅਤ ਹੈ ਕਿ ਉਸ ਨੂੰ ਪੇਂਡੂ ਠੇਠ ਸ਼ਬਦਾਵਲੀ ਤੇ ਆਬੂਰ ਹਾਸਿਲ ਹੈ। ਉਸ ਦੇ ਨਾਲ ਹੀ ਉਸ ਨੂੰ ਦੇਸੀ ਵਿਦੇਸ਼ੀ ਜਨਜੀਵਨ ਵਿਚ ਰਚ ਚੁੱਕੇ ਅੰਗਰੇਜ਼ੀ ਸ਼ਬਦਾਂ ਤੋਂ ਵੀ ਕੋਈ ਪਰਹੇਜ਼ ਨਹੀਂ, ਸਗੋਂ ਇਨ੍ਹਾਂ ਦੀ ਸਾਂਝੀ ਵਰਤੋਂ ਕਰ ਕੇ ਉਹ ਦੋਹਾਂ ਦੇ ਸੁਮੇਲ ਨਾਲ ਠੁੱਕਦਾਰ ਪੰਜਾਬੀ ਵਾਰਤਕ ਸਿਰਜਦਾ ਹੈ: "ਨਿਊ ਵੈੱਸਟਮਿਨਸਟਰ ਦਾ ਸੁਖਸਾਗਰ ਟੂਰਨਾਮੈਂਟ ਆਪਣੇ ਨਾਂ ਵਾਂਗ ਹੀ ਸੁਖਾਵਾਂ ਤੇ ਸ਼ਾਂਤਮਈ ਰਿਹਾ। ਵੈਨਕੂਵਰ ਵੱਲ ਵੈਸੇ ਪੁਲੀਸ ਤੇ ਸਕਿਉਰਟੀ ਤੋਂ ਬਿਨਾਂ ਕਬੱਡੀ ਟੂਰਨਾਮੈਂਟ ਨੇਪਰੇ ਨਹੀਂ ਚੜ੍ਹਦੇ। ਤਰਾਰੇ 'ਚ ਆਏ ਬੰਦਿਆਂ ਦੇ ਗੇਅਰ 'ਚੋਂ ਨਿਕਲ ਜਾਣ ਦਾ ਪੂਰਾ ਡਰ ਹੁੰਦੈ। ਚੰਗੇ ਭਲੇ ਖੇਡ ਮੇਲੇ 'ਚ ਬਦਮਗਜ਼ੀ ਹੋ ਜਾਂਦੀ ਹੈ। ਕਲੱਬਾਂ ਦੇ ਤੱਤੇ ਹਮਾਇਤੀ ਆਪੋ ਆਪਣੇ ਖਿਡਾਰੀਆਂ ਦੀ ਹਮਾਇਤ ਵਿਚ ਠਹਿਕ ਪੈਂਦੇ ਹਨ।"


ਇਸ ਪੈਰ੍ਹੇ ਵਿਚ ਟੂਰਨਾਮੈਂਟ, ਪੁਲਿਸ, ਸਕਿਉਰਟੀ, ਗੇਅਰ, ਕਲੱਬ, ਅੰਗਰੇਜ਼ੀ ਸ਼ਬਦਾਂ ਦੇ ਨਾਲੋ ਨਾਲ ਨੇਪਰੇ, ਤਰਾਰੇ, ਤੱਤੇ, ਠਹਿਕ, ਠੇਠ ਪੰਜਾਬੀ ਸ਼ਬਦ ਸਜਾਏ ਪਏ ਹਨ। ਇਸੇ ਪ੍ਰਕਾਰ ਇਸੇ ਪੈਰ੍ਹੇ ਵਿਚ ਹੀ ਸੁਖਸਾਗਰ, ਸੁਖਾਵਾਂ, ਸ਼ਾਂਤਮਈ ਸ਼ਬਦਾਂ ਦਾ ਦੁਹਰਾਓ ਕੰਨਾਂ ਵਿਚ ਸੰਗੀਤ ਪੈਦਾ ਕਰਦਾ ਹੈ। ਇਨ੍ਹਾਂ ਦੀ ਲਿਖਤ ਵਿਚ ਜਸਵੰਤ ਸਿੰਘ ਕੰਵਲ ਵਰਗਾ ਕਥਾ ਰਸ, ਦਵਿੰਦਰ ਸਤਿਆਰਥੀ ਦੇ ਲੋਕ ਗੀਤਾਂ ਵਰਗੀ ਖੇਡਾਂ ਲਈ ਅਣਥੱਕ ਅਵਾਰਗੀ, ਤਾਰਾ ਸਿੰਘ ਕਾਮਲ ਵਰਗਾ ਲਤੀਫੇ ਸੁਣਾਉਣ ਦਾ ਅੰਦਾਜ਼, ਗੁਰਬਚਨ ਭੁੱਲਰ ਵਰਗਾ ਵਿਅੰਗ, ਬਲਵੰਤ ਗਾਰਗੀ ਵਾਂਗ ਰੇਖਾ ਚਿੱਤਰ ਉਲੀਕਣ ਦੀ ਜਾਚ ਅਤੇ ਹਰਿਭਜਨ ਸਿੰਘ ਵਰਗੀ ਕਾਵਿਮਈ ਆਲੋਚਨਾ ਦੇ ਗੁਣ ਸਮਾਏ ਹੋਏ ਹਨ। ਇਸੇ ਲਈ ਜਦੋਂ ਉਹ ਆਪਣੀ ਲਿਖਤ ਦੀ ਆਪੇ ਪੜਚੋਲ ਕਰਦੇ ਹਨ ਤਾਂ ਖੁਦ ਹੀ ਸਪੱਸ਼ਟ ਕਰ ਦਿੰਦੇ ਹਨ, ਦਰਅਸਲ ਵਾਰਤਕ ਦਾ ਆਪਣਾ ਪਿੰਗਲ ਹੈ। ਨਜ਼ਮ ਵਾਂਗ ਹੀ ਨਸਰ ਵਿਚ ਵੀ ਧੁਨੀ ਅਲੰਕਾਰ ਅਤੇ ਅਰਥ ਅਲੰਕਾਰਾਂ ਦੀ ਵਰਤੋਂ ਕਰੀਦੀ ਹੈ। ਵਾਕ ਮੰਜੇ ਦੀ ਦੌਣ ਵਾਂਗ ਕੱਸਣੇ ਤੇ ਮੀਢੀਆਂ ਵਾਂਗ ਗੁੰਦਣੇ ਪੈਂਦੇ ਨੇ। ਸ਼ਬਦ ਬੀੜਨ ਵੇਲੇ ਵੇਖੀਦੈ ਕਿ ਵਾਕ ਲਮਕ ਨਾ ਜਾਵੇ, ਉਹਦੇ 'ਚ ਝੋਲ ਨਾ ਪੈਜੇ। ਕਲਾਮਈ ਵਾਰਤਕ ਲਿਖਣੀ ਕਵਿਤਾ ਲਿਖਣ ਦੇ ਤੁੱਲ ਹੈ। ਜਿਵੇਂ ਖਿਡਾਰੀ ਆਪਣੀ ਖੇਡ ਦਾ ਅਭਿਆਸ ਕਰਦੈ ਉਵੇਂ ਮੈਂ ਵੀ ਵਗਦੇ ਪਾਣੀ ਤੇ ਰੁਮਕਦੀ ਪੌਣ ਜਿਹੀ ਨਸਰ ਰਚਣ ਦਾ ਰਿਆਜ਼ ਕਰਦਾ ਰਹਿਨਾਂ।

ਪ੍ਰਿੰ. ਸਰਵਣ ਸਿੰਘ ਦੀ ਲਿਖਤ ਦੇ ਇਕ ਇਕ ਪੈਰ੍ਹੇ 'ਤੇ ਇਕ ਇਕ ਲੇਖ ਅਤੇ ਇਕ ਇਕ ਲੇਖ 'ਤੇ ਇਕ ਇਕ ਪੁਸਤਕ ਲਿਖੀ ਜਾ ਸਕਦੀ ਹੈ ਪਰ ਮੈਨੂੰ ਜਾਪਦਾ ਹੈ ਕਿ ਆਪਣੀ ਲਿਖਤ ਬਾਰੇ ਜਿੰਨਾ ਸੁੰਦਰ ਪ੍ਰਮਾਣ ਉਨ੍ਹਾਂ ਨੇ ਇਸ ਪੈਰ੍ਹੇ ਵਿਚ ਦਿੱਤਾ ਹੈ, ਉਸ ਤੋਂ ਵਧੀਕ ਮੇਰੇ ਸ਼ਬਦਾਂ ਰਾਹੀਂ ਨਹੀਂ ਦਿੱਤਾ ਜਾ ਸਕਦਾ।

# ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ

*24 ਦਸੰਬਰ 1704 ਦਾ ਦਿਨ ਆਇਆ, ਠੰਢੇ ਬੁਰਜ ਵਿਚੋਂ ਦੋਵਾਂ ਸਾਹਿਬਜ਼ਾਦਿਆਂ ਨੂੰ ਲੈਣ ਲਈ ਮੁਗਲ ਹਕੂਮਤ ਦੇ ਸਿਪਾਹੀ ਆਏ। ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਂ ਦੀ ਕਚਿਹਰੀ ਵਿਚ ਪੇਸ਼ ਕੀਤਾ ਗਿਆ। ਬਹਾਦਰ ਪਿਤਾ ਦੇ ਬਹਾਦਰ ਪੁੱਤਰਾਂ ਨੇ ਕਚਹਿਰੀ ਵਿਚ ਵਜ਼ੀਰ ਖਾਂ ਦੇ ਸਾਹਮਣੇ ਖੜ੍ਹ ਕੇ ਪੂਰੇ ਜੋਸ਼ ਨਾਲ ਗੱਜ ਕੇ ਫਤਹਿ ਬੁਲਾਈ ਅਤੇ ਆਪਣੇ ਜੋਸ਼ ਤੇ ਚੜ੍ਹਦੀਕਲਾ ਦਾ ਇਜ਼ਹਾਰ ਕੀਤਾ। ਨਿੱਕੇ-ਨਿੱਕੇ ਬੱਚਿਆਂ ਤੋਂ ਇਹ ਸੁਣ ਅਤੇ ਦੇਖ ਕੇ ਇੱਕ ਵਾਰ ਤਾਂ ਸੂਬਾ ਸਰਹਿੰਦ ਕੰਬ ਗਿਆ।*





*ਮਾਤਾ ਗੁਜਰੀ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਨਾਲ ਅਤੇ (ਸੱਜੇ) ਸਾਹਿਬਜ਼ਾਦਿਆਂ ਨੂੰ ਕੰਧ ਵਿਚ ਚਿਣੇ ਜਾਣ ਦਾ ਇਕ ਚਿੱਤਰ।*

ਸਿੱਖ ਧਰਮ ਵਿਚ ਸ਼ਹੀਦੀ ਪਰੰਪਰਾ ਦੇ ਆਗਾਜ਼ ਦਾ ਪ੍ਰਮਾਣ ਗੁਰੂ ਨਾਨਕ ਦੇਵ ਵੱਲੋਂ ਉਚਾਰਨ ਕੀਤੀ ਬਾਣੀ 'ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥' ਤੋਂ ਮਿਲ ਜਾਂਦਾ ਹੈ। ਵੱਡਾ ਘੱਲੂਘਾਰਾ, ਛੋਟਾ ਘੱਲੂਘਾਰਾ, ਖਾਲਸੇ ਵੱਲੋਂ ਮੁਗਲਾਂ ਤੇ ਹੋਰ ਰਾਜਿਆਂ ਨਾਲ ਲੜੀਆਂ ਜੰਗਾਂ ਅਤੇ ਚਾਂਦਨੀ ਚੌਕ ਦੇ ਸਮੁੱਚੇ ਘਟਨਾ ਕਾਂਡ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਸਾਕੇ ਇਸ ਦੀਆਂ ਇਤਿਹਾਸਕ ਗਵਾਹੀਆਂ ਭਰਦੇ ਹਨ। ਸਾਰੇ ਸ਼ਹੀਦਾਂ ਦੀ ਸ਼ਹਾਦਤ ਆਪੋ-ਆਪਣੀ ਵਿਲੱਖਣਤਾ ਪੇਸ਼ ਕਰਦੀ ਹੈ ਪਰ ਸਾਕਾ ਚਮਕੌਰ ਸਾਹਿਬ ਅਤੇ ਸਾਕਾ ਸਰਹਿੰਦ ਅੱਜ ਵੀ ਸਿੱਖ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿੰਦਾ ਹੈ।

ਗੁਰੂ ਗੋਬਿੰਦ ਸਿੰਘ ਨੇ 20 ਦਸੰਬਰ 1704 ਨੂੰ ਆਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰ ਦਿੱਤਾ ਸੀ। ਕਿਲ੍ਹਾ ਛੱਡਣ ਵੇਲੇ ਗੁਰੂ ਸਾਹਿਬ ਨਾਲ ਗਿਣਤੀ ਦੇ ਸਿੰਘ ਹੀ ਸਨ। ਜਦੋਂ ਉਹ ਸਰਸਾ ਪਾਰ ਕਰਨ ਲੱਗੇ ਤਾਂ ਨਦੀ ਪੂਰੀ ਚੜ੍ਹੀ ਹੋਈ ਸੀ ਤੇ ਪਾਣੀ ਛੱਲਾਂ ਮਾਰ ਰਿਹਾ ਸੀ। ਮੁਗਲ ਫੌਜਾਂ ਅਤੇ ਪਹਾੜੀ ਰਾਜਿਆਂ ਵੱਲੋਂ ਸਾਰੀਆਂ ਝੂਠੀਆਂ ਕਸਮਾਂ ਤੋੜ ਕੇ ਸਿੰਘਾਂ 'ਤੇ ਕੀਤੇ ਹਮਲੇ ਦੌਰਾਨ

ਗੁਰਮੇਲ ਸਿੰਘ ਗਿੱਲ

ਸਾਹਿਤ ਦਾ ਅਨਮੋਲ ਖਜ਼ਾਨਾ, ਹੱਥ ਲਿਖਤ ਗ੍ਰੰਥ, ਕਵੀਆਂ ਦੀਆਂ ਰਚਨਾਵਾਂ ਆਦਿ ਇਸ ਯੁੱਧ ਅਤੇ ਨਦੀ ਦੇ ਤੇਜ਼ ਵਹਾਅ ਦੀ ਭੇਟ ਚੜ੍ਹ ਗਏ। ਅਫਰਾ-ਤਫਰੀ 'ਚ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ (ਜਨਮ 17 ਨਵੰਬਰ 1696), ਬਾਬਾ ਫਤਹਿ ਸਿੰਘ (ਜਨਮ 26 ਫਰਵਰੀ 1699) ਅਤੇ ਮਾਤਾ ਗੁਜਰੀ ਗੁਰੂ ਸਾਹਿਬ ਦੇ ਜਥੇ ਤੋਂ ਵੱਖ ਹੋ ਗਏ। ਇਸ ਬਾਰੇ ਹਕੀਮ ਅੱਲ੍ਹਾ ਯਾਰ ਖਾਂ ਜੋਗੀ ਇੰਝ ਲਿਖਦੇ ਹਨ:

ਜ਼ੋਰਾਵਰ ਔਰ ਫਤਹ ਜੋ ਦਾਦੀ ਕੇ ਸਾਥ ਥੇ।
ਦਾਯੇਂ ਕੀ ਜਗਹ ਚਲ ਦੀਯੇ ਵੁਹ ਬਾਯੇਂ ਹਾਥ ਥੇ।

ਕਵੀ ਸੰਤੋਖ ਸਿੰਘ ਦੀ ਰਚਨਾ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਬਹੁਤੇ ਉਤਰਕਾਲੀ ਇਤਿਹਾਸਕਾਰ ਲਿਖਦੇ ਹਨ ਕਿ ਇਸ ਦੌਰਾਨ ਗੁਰੂ ਘਰ ਵਿਚ ਲੰਗਰ ਦੀ ਸੇਵਾ ਕਰਨ ਵਾਲਾ ਗੰਗੂ ਮਾਤਾ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਮਿਲਿਆ। ਉਸ ਨੇ ਮਾਤਾ ਜੀ ਨੂੰ ਕਿਹਾ ਕਿ ਇਸ ਔਖੀ ਘੜੀ ਵਿਚ ਉਹ ਉਸ ਦੇ ਘਰ ਟਿਕਾਣਾ ਕਰ ਲੈਣ। ਇਸ ਮਗਰੋਂ ਲਾਲਚ ਕਾਰਨ ਉਸ 'ਤੇ ਗ੍ਰਿਫਤਾਰ ਕਰਾਉਣ ਦਾ ਦੋਸ਼ ਲੱਗਦਾ ਆਇਆ ਹੈ ਪਰ ਸਮਕਾਲੀ ਕਵੀ ਦੁੰਨਾ ਸਿੰਘ ਹੰਡੂਰੀਆ ਦੀ ਕ੍ਰਿਤ 'ਕਥਾ ਗੁਰ ਕੇ ਸੁਤਨ ਕੀ' ਅਨੁਸਾਰ ਚਮਕੌਰ ਦੀ ਜੰਗ ਸਮੇ ਦੋਵੇਂ ਛੋਟੇ ਸਾਹਿਬਜ਼ਾਦੇ, ਮਾਤਾ ਗੁਜਰੀ, ਇੱਕ ਦਾਸੀ ਅਤੇ ਖੁਦ ਕਵੀ ਦੁੰਨਾ ਸਿੰਘ ਹੰਡੂਰੀਆ ਕੁੰਮੇ ਮਾਸ਼ਕੀ ਦੇ ਘਰ ਠਹਿਰੇ ਹੋਏ ਸਨ। ਇੱਥੇ ਉਨ੍ਹਾਂ ਨੂੰ ਲੱਛਮੀ ਨਾਂ ਦੀ ਲੜਕੀ ਰੋਟੀ ਬਣਾ ਕੇ ਛਕਾਉਂਦੀ ਸੀ। ਇਸ ਗੱਲ ਦਾ ਪਤਾ ਸਹੇੜੀ ਦੇ ਰਹਿਣ ਵਾਲੇ ਦੋ ਮਸੰਦਾਂ ਧੁੰਮੇ ਤੇ ਦਰਬਾਰੀ (ਜੋ ਬੀਤੇ ਸਮੇਂ ਗੁਰੂ ਗੋਬਿੰਦ ਸਿੰਘ ਵੱਲੋਂ ਦਰਬਾਰ 'ਚੋਂ ਕੱਢ ਦਿੱਤੇ ਗਏ ਸਨ) ਨੂੰ ਲੱਗਿਆ। ਉਹ ਮਾਤਾ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਨਾਲ ਲੈ ਗਏ। ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਮਾਤਾ ਜੀ ਕੋਲ ਸੋਨੇ ਦੀਆਂ ਮੋਹਰਾਂ ਹਨ। ਮਸੰਦਾਂ ਦਾ ਮਨ ਲਾਲਚ ਵੱਸ ਬੇਈਮਾਨ ਹੋ ਗਿਆ। ਉਨ੍ਹਾਂ ਨੇ ਰਾਤ ਨੂੰ ਸੁੱਤੇ ਪਏ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੀਆਂ ਮੋਹਰਾਂ ਚੁਰਾ ਲਈਆਂ। ਸਵੇਰ ਹੋਈ ਤਾਂ ਮਾਤਾ ਜੀ ਵੱਲੋਂ ਮੋਹਰਾਂ ਦੇ ਗੁੰਮ ਹੋ ਜਾਣ ਬਾਰੇ ਪੁੱਛਣ 'ਤੇ ਉਹ ਕਹਿਣ ਲੱਗੇ, "ਅਸੀਂ ਤੁਹਾਨੂੰ ਰਾਤ ਨੂੰ ਰਹਿਣ ਲਈ ਨਿਵਾਸ ਦਿੱਤਾ ਹੈ, ਫਿਰ ਤੁਸੀਂ ਹੀ ਸਾਡੇ 'ਤੇ ਚੋਰੀ ਦਾ ਇਲਜ਼ਾਮ ਲਗਾ ਰਹੇ ਹੋ।" ਉਨ੍ਹਾਂ ਮੋਰਿੰਡੇ ਦੇ ਕੋਤਵਾਲ ਨੂੰ ਸੱਦਿਆ ਅਤੇ ਮਾਤਾ ਜੀ ਅਤੇ ਦੋਵਾਂ ਸਾਹਿਬਜ਼ਾਦਿਆਂ ਨੂੰ ਘਰੋਂ ਕੱਢ ਕੇ ਗ੍ਰਿਫਤਾਰ ਕਰਵਾ ਦਿੱਤਾ। ਕੋਤਵਾਲ ਨੇ ਉਨ੍ਹਾਂ ਨੂੰ 23 ਦਸੰਬਰ 1704 ਈਸਵੀ ਨੂੰ ਸਰਹਿੰਦ ਦੇ ਨਵਾਬ ਵਜ਼ੀਰ ਖਾਂ ਦੇ ਹਵਾਲੇ ਕਰ ਦਿੱਤਾ। ਪੋਹ ਦਾ ਮਹੀਨਾ ਅੰਤਾਂ ਦੀ ਠੰਢ, ਧੁੰਦ ਅਤੇ ਕੋਰੇ ਦੇ ਮੌਸਮ ਵਿਚ ਸਰਹਿੰਦ ਦੇ ਨਵਾਬ ਨੇ ਦਾਦੀ ਅਤੇ ਦੋਹਾਂ ਪੋਤਰਿਆਂ ਨੂੰ 'ਠੰਢੇ ਬੁਰਜ' ਵਿਚ ਕੈਦ ਕਰ ਲਿਆ। ਇਸ ਸਮੇਂ ਹੀ ਗੁਰੂ ਘਰ ਦਾ ਇੱਕ ਪ੍ਰੇਮੀ ਭਾਈ ਮੋਤੀ ਰਾਮ ਮਹਿਰਾ ਜੋ ਵਜ਼ੀਰ ਖਾਂ ਦੇ ਲੰਗਰ ਵਿਚ ਨੌਕਰੀ ਕਰਦਾ ਸੀ, ਦੁੱਧ ਦਾ ਗੜਵਾ ਲੈ ਕੇ ਬੁਰਜ ਵਿਚ ਪਹੁੰਚਿਆ। ਰਸਤੇ ਵਿਚ ਕਿਸੇ ਪਹਿਰੇਦਾਰ ਨੇ ਭਾਈ ਸਾਹਿਬ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਮੋਹਰਾਂ ਅਤੇ ਪੈਸੇ ਦੇਣੇ ਪਏ। ਮਾਤਾ ਗੁਜਰੀ ਜੀ ਨੇ ਦੁੱਧ ਪੋਤਰਿਆਂ ਨੂੰ ਛਕਾਇਆ ਅਤੇ ਮੋਤੀ ਰਾਮ ਮਹਿਰਾ ਨੂੰ ਅਸੀਸ ਦਿੱਤੀ:

ਪਿਖ ਕੇ ਪ੍ਰੇਮ ਸੁ ਮੋਤੀ ਕੇਰਾ,
ਮਾਤਾ ਕਹਯੋ ਭਲਾ ਹੋਵੇ ਤੇਰਾ।

ਕੈਦ ਦੇ ਸਮੇਂ ਦੌਰਾਨ ਦਾਦੀ ਮਾਂ ਨੇ ਆਪਣੇ ਪੋਤਰਿਆਂ ਨੂੰ ਉਨ੍ਹਾਂ ਦੇ ਦਾਦਾ ਗੁਰੂ ਤੇਗ ਬਹਾਦਰ, ਪੰਜਵੇਂ ਗੁਰੂ ਅਰਜਨ ਦੇਵ ਤੇ ਹੋਰ ਸ਼ਹੀਦਾਂ ਦੀਆਂ ਕਹਾਣੀਆਂ ਸੁਣਾ ਕੇ ਉਨ੍ਹਾਂ ਨੂੰ ਹਮੇਸ਼ਾ ਦਲੇਰਾਨਾ ਸੋਚ ਰੱਖਣ ਦੀ ਪ੍ਰੇਰਨਾ ਦਿੱਤੀ।

24 ਦਸੰਬਰ 1704 ਦਾ ਦਿਨ ਆਇਆ, ਠੰਢੇ ਬੁਰਜ ਵਿਚੋਂ ਦੋਵਾਂ ਸਾਹਿਬਜ਼ਾਦਿਆਂ ਨੂੰ ਲੈਣ ਲਈ ਮੁਗਲ ਹਕੂਮਤ ਦੇ ਸਿਪਾਹੀ ਆਏ। ਸਾਹਿਬਜ਼ਾਦਿਆਂ ਨੂੰ ਵਜ਼ੀਰ ਖਾਂ ਦੀ ਕਚਿਹਰੀ ਵਿਚ ਪੇਸ਼ ਕੀਤਾ ਗਿਆ। ਬਹਾਦਰ ਪਿਤਾ ਦੇ ਬਹਾਦਰ ਪੁੱਤਰਾਂ ਨੇ ਕਚਹਿਰੀ ਵਿਚ ਵਜ਼ੀਰ ਖਾਂ ਦੇ ਸਾਹਮਣੇ ਖੜ੍ਹ ਕੇ ਪੂਰੇ ਜੋਸ਼ ਨਾਲ ਗੱਜ ਕੇ ਫਤਹਿ ਬੁਲਾਈ ਅਤੇ ਆਪਣੇ ਜੋਸ਼ ਤੇ ਚੜ੍ਹਦੀਕਲਾ ਦਾ ਇਜ਼ਹਾਰ ਕੀਤਾ। ਨਿੱਕੇ-ਨਿੱਕੇ ਬੱਚਿਆਂ ਤੋਂ ਇਹ ਸੁਣ ਅਤੇ ਵੇਖ ਕੇ ਇੱਕ ਵਾਰ ਸੂਬਾ ਸਰਹਿੰਦ ਕੰਬ ਗਿਆ। ਉਸ ਨੇ ਸਾਹਿਬਜ਼ਾਦਿਆਂ ਨੂੰ ਧਰਮ ਛੱਡਣ ਲਈ ਅਨੇਕਾਂ ਯਤਨ ਕੀਤੇ:

ਸਾਹਿਬਜ਼ਾਦਿਓ ਪਿਤਾ ਤੁਹਾਰਾ।
ਗੜ੍ਹ ਚਮਕੌਰ ਘੇਰ ਗਹਿ ਮਾਰਾ।
ਤਹਿ ਤੁਮਰੇ ਦੈ ਭ੍ਰਾਤ ਪ੍ਰਹਾਰੇ।
ਸੰਗੀ ਸਿੰਘ ਸਕਲ ਸੋ ਮਾਰੇ।
(ਸੂਰਜ ਪ੍ਰਕਾਸ਼, ਕਵੀ ਭਾਈ ਸੰਤੋਖ ਸਿੰਘ)

ਸੂਬਾ ਸਰਹਿੰਦ ਦੇ ਡਰਾਵਿਆਂ ਨੂੰ ਸੁਣ ਕੇ ਨਿਡਰ ਤੇ ਨਿਰਭੈ ਸਾਹਿਬਜ਼ਾਦਿਆਂ ਨੇ ਉਸ ਨੂੰ ਮੋੜਵਾਂ ਜਵਾਬ ਦਿੱਤਾ:

ਸ੍ਰੀ ਸਤਿਗੁਰੂ ਜੋ ਪਿਤਾ ਹਮਾਰਾ।
ਜਗ ਮਹਿ ਕੌਨ ਸਕੇ ਤਿਹ ਮਾਰਾ।
ਜਿੰਮ ਆਕਾਸ਼ ਕੋ ਕਿਆ ਕੋਈ ਮਾਰਹਿ।
ਕੌਨ ਅੰਧੇਰੀ ਕੋ ਨਿਰਵਾਰਹਿ।
(ਸੂਰਜ ਪ੍ਰਕਾਸ਼, ਕਵੀ ਭਾਈ ਸੰਤੋਖ ਸਿੰਘ)

ਸਾਹਿਬਜ਼ਾਦਿਆਂ ਦੇ ਮੋੜਵੇਂ ਜਵਾਬ ਸੁਣ ਕੇ ਸੂਬਾ ਸਰਹਿੰਦ ਨੇ ਸੋਚਿਆ ਕਿ ਉਸ ਦੀ ਕੋਈ ਵੀ ਗੱਲ ਨਹੀਂ ਬਣ ਰਹੀ ਤਾਂ ਉਸ ਨੇ ਕਚਹਿਰੀ ਬਰਖਾਸਤ ਕਰਕੇ ਅਗਲੇ ਦਿਨ ਫਿਰ ਪੇਸ਼ੀ ਲਈ ਕਿਹਾ ਅਤੇ ਸਾਹਿਬਜ਼ਾਦਿਆਂ ਨੂੰ ਫਿਰ ਠੰਢੇ ਬੁਰਜ ਵਿਚ ਦਾਦੀ ਮਾਂ ਕੋਲ ਰੱਖਣ ਦਾ ਹੁਕਮ ਦਿੱਤਾ ਗਿਆ।

ਅਗਲੇ ਦਿਨ 25 ਦਸੰਬਰ 1704 ਈਸਵੀ ਨੂੰ ਫਿਰ ਦੋਵੇਂ ਸਾਹਿਬਜ਼ਾਦੇ ਪੇਸ਼ ਕਰਨ ਮਗਰੋਂ ਗੱਜ ਕੇ ਫਤਹਿ ਬੁਲਾਉਂਦੇ ਹੋਏ ਚੜ੍ਹਦੀ ਕਲਾ ਵਿਚ ਸੂਬਾ ਸਰਹਿੰਦ ਦੀ ਕਚਿਹਰੀ ਵਿਚ ਪੇਸ਼ ਹੋਏ। ਫਿਰ ਅਨੇਕਾਂ ਲਾਲਚ ਦਿੱਤੇ ਗਏ, ਇਸਲਾਮ ਕਬੂਲ ਕਰਨ ਲਈ ਪ੍ਰੇਰਿਆ ਗਿਆ। ਸਾਹਿਬਜ਼ਾਦਿਆਂ ਦੇ ਨਾ ਮੰਨਣ 'ਤੇ ਹਾਜ਼ਰ ਕਾਜ਼ੀ ਨੂੰ ਫਤਵਾ ਸੁਣਾਉਣ ਦਾ ਹੁਕਮ ਦਿੱਤਾ ਗਿਆ। ਇਸਲਾਮ ਦੀ ਮਰਿਆਦਾ ਅਨੁਸਾਰ ਕਾਜ਼ੀ ਨੇ ਕਿਹਾ, "ਬੱਚਿਆਂ ਤੇ ਬਜ਼ੁਰਗਾਂ 'ਤੇ ਕੋਈ ਫਤਵਾ ਨਹੀਂ ਲਗਾਇਆ ਜਾ ਸਕਦਾ", ਤਾਂ ਕੋਲ ਬੈਠੇ ਦੀਵਾਨ ਸੁੱਚਾ ਨੰਦ ਨੇ ਸੂਬਾ ਸਰਹਿੰਦ ਨੂੰ ਭੜਕਾਉਂਦਿਆਂ ਫਤਵਾ ਸੁਣਾਉਣ ਲਈ ਉਕਸਾਇਆ। ਗੁਰੂ ਦੇ ਲਾਲਾਂ ਨੇ ਕਿਹਾ, "ਅਸੀਂ ਗੁਰੂ ਗੋਬਿੰਦ ਸਿੰਘ ਦੇ ਸ਼ੇਰ ਪੁੱਤਰ ਹਾਂ, ਸਾਨੂੰ ਆਪਣਾ ਧਰਮ ਤੇ ਸਿੱਖੀ ਸਿਦਕ ਜਾਨ ਤੋਂ ਵੱਧ ਪਿਆਰਾ ਹੈ। ਅਸੀਂ ਕਿਸੇ ਤੋਂ ਵੀ ਡਰਦੇ ਨਹੀਂ ਤੇ ਨਾ ਹੀ ਧਰਮ ਤਬਦੀਲ ਕਰਨਾ ਕਬੂਲ ਕਰਾਂਗੇ।" ਪੇਸ਼ੀ ਫਿਰ ਅਗਲੇ ਦਿਨ ਦੀ ਪਾ ਦਿੱਤੀ ਗਈ।

26 ਦਸੰਬਰ 1704 ਨੂੰ ਵੀ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਪੇਸ਼ ਕਰਨ ਲਈ ਸਿਪਾਹੀ ਠੰਢੇ ਬੁਰਜ 'ਚ ਪਹੁੰਚੇ। ਫਿਰ ਉਸੇ ਤਰ੍ਹਾਂ ਪੇਸ਼ੀ ਪਈ ਅਤੇ ਫਿਰ ਸਾਹਿਬਜ਼ਾਦੇ ਆਪਣੇ ਇਰਾਦਿਆਂ 'ਤੇ ਦ੍ਰਿੜ ਰਹੇ। ਪੇਸ਼ੀ ਫਿਰ ਅਗਲੇ ਦਿਨ ਦੀ ਪਾ ਦਿੱਤੀ ਗਈ।

27 ਦਸੰਬਰ 1704 ਨੂੰ ਫਿਰ ਸਿਪਾਹੀ ਪੇਸ਼ੀ ਲਈ ਸਾਹਿਬਜ਼ਾਦਿਆਂ ਨੂੰ ਲੈਣ ਆਏ। ਦਾਦੀ ਮਾਂ ਨੇ ਪੋਤਰਿਆਂ ਨੂੰ ਲਾਡਾਂ ਨਾਲ ਤਿਆਰ ਕੀਤਾ। ਇਨ੍ਹਾਂ ਅਹਿਮ ਪਲਾਂ ਨੂੰ ਕਵੀ ਅੱਲ੍ਹਾ ਯਾਰ ਖਾਂ ਜੋਗੀ ਨੇ ਆਪਣੇ ਸ਼ਬਦਾਂ ਵਿਚ ਇੰਝ ਬਿਆਨ ਕੀਤਾ ਹੈ:

ਜਾਨੇ ਸੇ ਪਹਲੇ ਆਓ ਗਲੇ ਸੇ ਲਗਾ ਤੋ ਲੂੰ।
ਕੇਸੋਂ ਕੋ ਕੰਘੀ ਕਰ ਦੂੰ ਜ਼ਰਾ ਮੂੰਹ ਧੁਲਾ ਤੋ ਲੂੰ।
ਪਯਾਰੇ ਸਰੋਂ ਪੇ ਨਨ੍ਹੀ ਸੀ ਕਲਗੀ ਸਜਾ ਤੋ ਲੂੰ।
ਮਰਨੇ ਸੇ ਪਹਲੇ ਤੁਮ ਕੋ ਮੈਂ ਦੂਲ੍ਹਾ ਬਨਾ ਤੋ ਲੂੰ।

ਕਚਹਿਰੀ 'ਚ ਪੇਸ਼ ਕਰਨ ਸਮੇਂ ਫਿਰ ਲਾਲਚ ਅਤੇ ਡਰਾਵਿਆਂ ਦਾ ਦੌਰ ਚਲਾਇਆ ਗਿਆ। ਗੁਰੂ ਜੀ ਦੇ ਲਾਡਲੇ ਆਪਣੇ ਇਰਾਦਿਆਂ 'ਤੇ ਦ੍ਰਿੜ ਰਹੇ। ਕਚਹਿਰੀ ਵਿਚ ਸਾਰੇ ਵਜ਼ੀਰ, ਸਲਾਹਕਾਰ ਅਤੇ ਦੀਵਾਨ ਹਾਜ਼ਰ ਸਨ। ਮਾਲੇਰਕੋਟਲੇ ਦਾ ਨਵਾਬ ਸ਼ੇਰ ਮੁਹੰਮਦ ਖਾਂ ਵੀ ਹਾਜ਼ਰ ਸੀ, ਤਾਂ ਉਸ ਨੂੰ ਉਕਸਾਉਂਦਿਆਂ ਸੂਬਾ ਸਰਹਿੰਦ ਨੇ ਕਿਹਾ ਕਿ ਇਨ੍ਹਾਂ ਦੇ ਪਿਤਾ ਨੇ ਤੇਰੇ ਭਰਾ ਨੂੰ ਕਤਲ ਕਰ ਦਿੱਤਾ ਹੈ, ਤੇਰੇ ਲਈ ਹੁਣ ਉਸ ਦਾ ਬਦਲਾ ਲੈਣ ਦਾ ਢੁੱਕਵਾਂ ਮੌਕਾ ਹੈ ਪਰ ਨਵਾਬ ਸ਼ੇਰ ਮੁਹੰਮਦ ਖਾਂ ਨੇ 'ਹਾਅ ਦਾ ਨਾਅਰਾ' ਮਾਰਦਿਆਂ ਅਜਿਹਾ ਕਰਨ ਤੋਂ ਨਾਂਹ ਕਰ ਦਿੱਤੀ ਅਤੇ ਕਿਹਾ:

ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇ ਬਾਪ ਸੇ।
ਮਹਫੂਜ਼ ਰੱਖੇ ਹਮ ਕੋ ਖੁਦਾ ਐਸੇ ਪਾਪ ਸੇ।
(ਅੱਲ੍ਹਾ ਯਾਰ ਖਾਂ ਜੋਗੀ)

ਉਕਤ ਜਵਾਬ ਦਿੰਦਿਆਂ ਅੱਲ੍ਹਾ ਦਾ ਖੌਫ ਮੰਨਣ ਵਾਲਾ ਇਨਸਾਨ ਨਵਾਬ ਸ਼ੇਰ ਮੁਹੰਮਦ ਖਾਂ ਕਚਹਿਰੀ 'ਚੋਂ ਉਠ ਕੇ ਬਾਹਰ ਚਲਾ ਗਿਆ।

ਦੀਵਾਨ ਸੁੱਚਾ ਨੰਦ ਨੇ ਸੂਬਾ ਸਰਹਿੰਦ ਨੂੰ ਫਿਰ ਭੜਕਾਉਂਦਿਆਂ ਕਿਹਾ, "ਇਹ ਸੱਪ ਦੇ ਬੱਚੇ ਸਪੋਲੀਏ ਹਨ, ਇਨ੍ਹਾਂ ਨੂੰ ਜਲਦੀ ਤੋਂ ਜਲਦੀ ਖਤਮ ਕੀਤਾ ਜਾਵੇ।" ਦੀਵਾਨ ਸੁੱਚਾ ਨੰਦ ਅਤੇ ਸੂਬਾ ਸਰਹਿੰਦ ਨੇ ਜ਼ੋਰ ਦੇ ਕੇ ਕਾਜ਼ੀ ਪਾਸੋਂ ਫਤਵਾ ਜਾਰੀ ਕਰਵਾ ਦਿੱਤਾ ਕਿ ਇਹ ਬੱਚੇ ਭਵਿੱਖ ਵਿਚ ਬਗਾਵਤ ਕਰਨ ਲਈ ਤੁਲੇ ਹੋਏ ਹਨ, ਇਸ ਲਈ ਇਨ੍ਹਾਂ ਨੂੰ ਜ਼ਿੰਦਾ ਦੀਵਾਰ ਵਿਚ ਚਿਣ ਕੇ ਸ਼ਹੀਦ ਕਰ ਦਿੱਤਾ ਜਾਏ।

ਹਾਥੋਂ ਮੇਂ ਹਾਥ ਡਾਲ ਕੇ ਦੋਨੋਂ ਵਹ ਨੌਨਿਹਾਲ।
ਕਹਤੇ ਹੁਏ ਜ਼ਬਾਂ ਸੇ ਬੜ੍ਹੇ ਸਤਿ ਸ੍ਰੀ ਅਕਾਲ।
ਚਿਹਰੋਂ ਪਿ ਗ਼ਮ ਕਾ ਨਾਮ ਨਾ ਥਾ ਔਰ ਨਾ ਥਾ ਮਲਾਲ।
ਜਾ ਠਹਰੇ ਸਰ ਪਿ ਮੌਤ ਕੇ ਫਿਰ ਭੀ ਨਾ ਥਾ ਖਯਾਲ।

ਅੰਤਮ ਘੜੀਆਂ ਆ ਗਈਆਂ। 27 ਦਸੰਬਰ 1704 ਨੂੰ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਨੀਹਾਂ ਵਿਚ ਚਿਣਵਾ ਦਿੱਤਾ ਗਿਆ। ਹਾਲੇ ਕੰਧ ਦੀ ਚਿਣਾਈ ਛਾਤੀ ਅਤੇ ਮੋਢਿਆਂ ਤੱਕ ਹੀ ਪਹੁੰਚੀ ਸੀ ਕਿ ਇੱਟਾਂ ਦਾ ਸਾਰਾ ਢਾਂਚਾ ਡਿੱਗ ਪਿਆ। ਸਾਹਿਬਜ਼ਾਦੇ ਬੇਹੋਸ਼ੀ ਦੀ ਹਾਲਤ ਵਿਚ ਜ਼ਮੀਨ 'ਤੇ ਪਏ ਸਨ। ਗਿਆਨੀ ਗਿਆਨ ਸਿੰਘ ਅਨੁਸਾਰ ਸਯਦ ਸਾਸ਼ਲ ਬੇਗ ਅਤੇ ਸਯਦ ਬਾਸ਼ਲ ਬੇਗ ਨਾਂ ਦੇ ਦੋ ਜੱਲਾਦਾਂ, ਜਿਨ੍ਹਾਂ ਨਾਲ ਸਾਹਿਬਜ਼ਾਦਿਆਂ ਨੂੰ ਕੰਧ ਵਿਚ ਚਿਣ ਕੇ ਮੌਤ ਦੀ ਸਜ਼ਾ ਦੇਣ ਦੇ ਵਾਅਦੇ ਬਦਲੇ ਉਨ੍ਹਾਂ ਦੀ ਕਿਸੇ ਹੋਰ ਮੁਕੱਦਮੇ ਵਿਚ ਚਲਦੀ ਕੈਦ ਦੀ ਸਜ਼ਾ ਮੁਆਫ ਕਰਨ ਦਾ ਵਾਅਦਾ ਕੀਤਾ ਗਿਆ, ਉਨ੍ਹਾਂ ਜੱਲਾਦ ਭਰਾਵਾਂ ਨੇ ਹੀ ਬੇਹੋਸ਼ ਸਾਹਿਬਜ਼ਾਦਿਆਂ ਦੇ ਸਿਰ ਕਲਮ ਕਰਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ:

ਸਾਸ਼ਲ ਬੇਗ ਅਰ ਬਾਸ਼ਲ ਬੇਗ।
ਉਭੈ ਜਲਾਦਨ ਖਿਚ ਕੈ ਤੇਗ।
ਤਿਸਹੀ ਠੌਰ ਖਰਿਓ ਕੇ ਸੀਸ।
ਤੁਰਤ ਉਤਾਰੇ ਦੁਸਟੈ ਰੀਸ।
(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ)

ਹੁਤੋ ਉਹਾਂ ਥੋ ਛੁਰਾ ਇੱਕ ਵਾਰੇ,
ਦੈ ਗੋਡੇ ਹੇਠ, ਕਰ ਜ਼ਿਬਹ ਡਾਰੇ,
ਤੜਫ ਤੜਫ ਗਈ ਜਿੰਦ ਉਡਾਇ,
ਇਮ ਸ਼ੀਰ ਖੋਰ ਦੁਇ ਦਏ ਕਤਲਾਇ।
(ਭਾਈ ਰਤਨ ਸਿੰਘ ਭੰਗੂ)

ਸ਼ਹਾਦਤ ਵੇਲੇ ਬਾਬਾ ਜ਼ੋਰਾਵਰ ਸਿੰਘ ਦੀ ਉਮਰ 8 ਸਾਲ 40 ਦਿਨ ਸੀ ਅਤੇ ਬਾਬਾ ਫਤਿਹ ਸਿੰਘ ਦੀ ਉਮਰ 5 ਸਾਲ 9 ਮਹੀਨੇ 29 ਦਿਨਾਂ ਦੀ ਸੀ। ਮਾਸੂਮ ਜਿੰਦਾਂ ਦੀ ਸ਼ਹਾਦਤ ਦੀ ਖਬਰ ਸੁਣ ਕੇ ਦਾਦੀ ਮਾਂ ਨੇ ਅਕਾਲ ਪੁਰਖ ਨੂੰ ਯਾਦ ਕੀਤਾ, ਅਟੱਲ ਸਮਾਧੀ ਵਿਚ ਲੀਨ ਹੋ ਗਏ ਅਤੇ ਜੋਤੀ ਜੋਤ ਸਮਾ ਗਏ।

ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਦੀਵਾਨ ਟੋਡਰ ਮੱਲ ਨੇ ਸੂਬਾ ਸਰਹਿੰਦ ਅੱਗੇ ਸੋਨੇ ਦੀਆਂ ਮੋਹਰਾਂ ਖੜ੍ਹਵੇਂ ਰੁਖ ਵਿਚ ਰੱਖ ਕੇ ਸਸਕਾਰ ਲਈ ਲੋੜੀਦੀ ਜ਼ਮੀਨ ਖਰੀਦੀ। 27 ਦਸੰਬਰ 1704 ਨੂੰ ਇਨ੍ਹਾਂ ਤਿੰਨਾਂ ਰੂਹਾਂ ਦਾ ਸਸਕਾਰ ਕਰ ਦਿੱਤਾ ਗਿਆ। ਇਸੇ ਪਾਵਨ ਅਸਥਾਨ 'ਤੇ ਅੱਜ ਕੱਲ੍ਹ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਬਣਿਆ ਹੋਇਆ ਹੈ।



*ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ।*

# ਪੰਜਾਂ ਰਾਜਾਂ ਦੀਆਂ ਚੋਣਾਂ ਦੌਰਾਨ ਭਾਜਪਾ ਅੰਦਰ ਕੱਟੜਪੰਥੀਆਂ ਵਿਚਾਲੇ ਖਿੱਚੋਤਾਣ ਜਾਰੀ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਇਸ ਵੇਲੇ ਜਦੋਂ ਹਰ ਕੋਈ ਚੋਣਾਂ ਦੀ ਗੱਲ ਅਤੇ ਫਿਰ ਅੱਗੋਂ ਸਿਰਫ ਪੰਜਾਬ ਦੀਆਂ ਚੋਣਾਂ ਦੀ ਗੱਲ ਕਹਿੰਦਾ ਅਤੇ ਸੁਣਦਾ ਜਾਪਦਾ ਹੈ ਤਾਂ ਅਸੀਂ ਵੀ ਗੱਲ ਚੋਣਾਂ ਦੀ ਹੀ ਕਰਨੀ ਹੈ। ਭਾਰਤ ਦੇ ਕੌਮੀ ਨਕਸ਼ੇ ਉੱਤੇ ਉੱਭਰਦੇ ਚੋਣਾਂ ਦੇ ਪ੍ਰਭਾਵ ਅਤੇ ਇਨ੍ਹਾਂ ਚੋਣਾਂ ਪਿੱਛੇ ਲੁਕੇ ਦਾਅ-ਪੇਚਾਂ ਦੀ ਗੱਲ ਕਰਨੀ ਜ਼ਰੂਰੀ ਹੈ। ਫਰਵਰੀ ਤੇ ਮਾਰਚ ਦੇ ਦੋ ਮਹੀਨੇ ਚੋਣਾਂ ਦੀ ਪ੍ਰਕਿਰਿਆ ਚੱਲਣੀ ਹੈ, ਜਿਸ ਵਿਚ ਪੰਜਾਬ ਸਣੇ ਪੰਜ ਰਾਜਾਂ ਦੀਆਂ ਚੋਣਾਂ ਹੋਣਗੀਆਂ। ਇਨ੍ਹਾਂ ਵਿਚੋਂ ਤਿੰਨ ਰਾਜਾਂ, ਉੱਤਰਾਖੰਡ, ਗੋਆ ਤੇ ਮਨੀਪੁਰ ਵਿਚ ਕਿਸੇ ਬਾਹਰਲੇ ਦੀ ਖਾਸ ਦਿਲਚਸਪੀ ਨਹੀਂ ਹੋਣੀ ਜਦਕਿ ਚੌਥੇ ਸੂਬੇ ਉੱਤਰ ਪ੍ਰਦੇਸ਼ ਨੇ ਪੰਜਾਬ 'ਚ ਚੋਣਾਂ ਦੇ ਬਾਵਜੂਦ ਇਥੋਂ ਦੇ ਲੋਕਾਂ ਦਾ ਧਿਆਨ ਆਪਣੀਆਂ ਚੋਣਾਂ ਵੱਲ ਵਾਰ-ਵਾਰ ਖਿੱਚਣਾ ਹੈ। ਇਸ ਪਿੱਛੇ ਕਾਰਨ ਸਿਰਫ ਇਹ ਨਹੀਂ ਕਿ ਉੱਤਰ ਪ੍ਰਦੇਸ਼ ਵਿਚ ਦੇਸ਼ ਦੀ ਪੰਜ ਸੌ ਤਿਰਤਾਲੀ ਮੈਂਬਰੀ ਲੋਕ ਸਭਾ ਦੀਆਂ ਅੱਸੀ ਸੀਟਾਂ ਇੱਕੋ ਥਾਂ ਹੋਣ ਕਾਰਨ ਭਲਕ ਨੂੰ ਦੇਸ਼ ਦੀ ਉੱਚੀ ਗੱਦੀ ਦੀ ਲੜਾਈ ਵਿਚ ਉਸ ਦਾ ਅਹਿਮ ਰੋਲ ਹੋਣਾ ਹੈ, ਸਗੋਂ ਇਹ ਕਾਰਨ ਵੀ ਹੈ ਕਿ ਭਾਜਪਾ ਦੀ ਅਗੇਤ ਅਤੇ ਪ੍ਰਧਾਨ ਮੰਤਰੀ ਮੋਦੀ ਦੀ ਸਥਿਤੀ ਉਤੇ ਇਸ ਦਾ ਅਸਰ ਪੈ ਸਕਦਾ ਹੈ। ਭਾਰਤੀ ਜਨਤਾ ਪਾਰਟੀ ਵਿਚਲੀ ਜਿਹੜੀ ਧੜੇਬੰਦੀ ਅਜੇ ਬਾਹਰ ਨਹੀਂ ਆਈ, ਉੱਤਰ ਪ੍ਰਦੇਸ਼ ਵਿਚ ਉਹ ਸਰਗਰਮ ਹੋ ਚੁੱਕੀ ਹੈ।

ਇੱਕ ਵਕਤ ਹੁੰਦਾ ਸੀ, ਜਦੋਂ ਭਾਜਪਾ ਅੰਦਰ ਅਟਲ ਬਿਹਾਰੀ ਵਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ ਦੋਵੇਂ ਜਣੇ ਇਕੱਠੇ ਹੁੰਦਿਆਂ ਵੀ ਇੱਕ ਦੂਸਰੇ ਦੇ ਅਣ-ਐਲਾਨੇ ਪੱਕੇ ਸ਼ਰੀਕ ਹੁੰਦੇ ਸਨ। ਨਰਸਿਮਹਾ ਰਾਓ ਦੇ ਵੇਲੇ ਕਾਂਗਰਸ ਦੀ ਮੰਦੀ ਹਾਲਤ ਮੌਕੇ ਜਦੋਂ ਭਾਜਪਾ ਦੀ ਚੜ੍ਹਾਈ ਵੇਖ ਕੇ ਅਮਰੀਕਾ ਵਰਗੇ ਦੇਸ਼ਾਂ ਦੀਆਂ ਸਰਕਾਰਾਂ ਨੇ ਭਾਜਪਾ ਨਾਲ ਤਾਲਮੇਲ ਦਾ ਮੁੱਢ ਬੰਨ੍ਹਿਆ ਸੀ, ਓਦੋਂ ਭਾਜਪਾ ਦਾ ਜਨਰਲ ਸੈਕਟਰੀ ਗੋਵਿੰਦਾਚਾਰੀਆ ਅਮਰੀਕੀ ਰਾਜਦੂਤ ਨੂੰ ਮਿਲਣ ਗਿਆ ਤਾਂ ਵੱਡਾ ਪੁਆੜਾ ਪੈ ਗਿਆ ਸੀ। ਅਮਰੀਕੀ ਦੂਤਘਰ ਵਿਚੋਂ ਇਹ ਗੱਲ ਲੀਕ ਹੋਈ ਜਾਂ ਕੀਤੀ ਗਈ ਕਿ ਗੋਵਿੰਦਾਚਾਰੀਆ ਨੇ ਉਸ ਮਿਲਣੀ ਮੌਕੇ ਅਮਰੀਕੀ ਰਾਜਦੂਤ ਨੂੰ ਕਿਹਾ ਸੀ ਕਿ ਵਾਜਪਾਈ ਸਾਡਾ ਮੁਖੌਟਾ ਹੈ, ਅਸਲ ਚਿਹਰਾ ਲਾਲ ਕ੍ਰਿਸ਼ਨ ਅਡਵਾਨੀ ਹੈ। ਉਸ ਨੇ ਗਲਤ ਨਹੀਂ ਸੀ ਕਿਹਾ, ਹਕੀਕਤ ਇਹੀ ਸੀ। ਵਾਜਪਾਈ ਨੂੰ ਇਸ ਨਾਲ ਏਨੀ ਕੌੜ ਚੜ੍ਹੀ ਕਿ ਪਾਰਟੀ ਪਾਟਕ ਦੇ ਕੰਢੇ ਪਹੁੰਚ ਗਈ ਸੀ ਅਤੇ ਇੱਕ ਸਮਾਗਮ ਵਿਚ ਪ੍ਰਧਾਨਗੀ ਕਰਨ ਗਿਆ ਵਾਜਪਾਈ ਇਹ ਕਹਿ ਕੇ ਨਿਕਲ ਆਇਆ ਸੀ ਕਿ ਬਾਕੀ ਦਾ ਸਮਾਗਮ ਤੁਸੀਂ ਆਪੇ ਚਲਾ ਲਿਓ, ਉਂਜ ਵੀ ਮੈਂ ਇਸ ਪਾਰਟੀ ਦਾ ਮੁੱਖ ਨਹੀਂ, ਸਿਰਫ ਮੁਖੌਟਾ ਹੋ ਗਿਆ ਹਾਂ। ਦਿੱਲੀ ਵਿਚਲੀ ਭਾਜਪਾ ਹਾਈ ਕਮਾਨ ਤੋਂ ਲੈ ਕੇ ਨਾਗਪੁਰ ਵਿਚ ਬੈਠੇ ਆਰ.ਐੱਸ.ਐੱਸ. ਆਗੂ ਤਕ ਇਸ ਨਾਲ ਹਿੱਲ ਗਏ ਸਨ ਕਿ ਜੇ ਵਾਜਪਾਈ ਖਿਸਕ ਗਿਆ ਤਾਂ ਬਿਸਤਰਾ ਗੋਲ ਹੋ ਜਾਵੇਗਾ। ਬਹੁਤ ਮੁਸ਼ਕਲ ਨਾਲ ਉਸ ਨੂੰ ਮਨਾ ਕੇ ਵਾਪਸ ਲਿਆਂਦਾ ਗਿਆ ਸੀ, ਪਰ ਉਸ ਨੂੰ ਪ੍ਰਧਾਨ ਮੰਤਰੀ ਵਜੋਂ ਪੇਸ਼ ਕਰਨ ਪਿੱਛੋਂ ਵੀ ਬਖੇੜਾ ਖਤਮ ਨਹੀਂ ਸੀ ਹੋਇਆ। ਭਾਜਪਾ ਦੇ ਇੱਕ ਆਗੂ ਨੇ ਜਦੋਂ ਇਹ ਕਹਿ ਦਿੱਤਾ ਕਿ ਸਾਡੇ ਲਈ ਵਾਜਪਾਈ ਅਤੇ ਅਡਵਾਨੀ ਦੋਵੇਂ ਸਤਿਕਾਰਤ ਹਨ ਤੇ ਅਗਲੀ ਚੋਣ ਵਿਚ ਦੋਵੇਂ ਮਿਲ ਕੇ ਸਾਨੂੰ ਅਗਵਾਈ ਦੇਣਗੇ



ਤਾਂ ਵਾਜਪਾਈ ਨੇ ਫਿਰ ਪਲਟਵਾਂ ਵਾਰ ਕਰ ਕੇ ਇਹ ਕਿਹਾ ਸੀ, 'ਮੇਰੀ ਕੋਈ ਲੋੜ ਨਹੀਂ, ਅਗਲੀ ਵਾਰੀ ਅਡਵਾਨੀ ਜੀ ਇਕੱਲੇ ਹੀ ਅਗਵਾਈ ਕਰਨਗੇ,' ਅਤੇ ਇਸ ਹਮਲੇ ਨਾਲ ਭਾਜਪਾ ਏਨੀ ਬੌਂਦਲ ਗਈ ਸੀ ਕਿ ਚੋਣਾਂ ਤੋਂ ਚੋਖਾ ਪਹਿਲਾਂ ਵਾਜਪਾਈ ਦੇ ਹੱਥ ਹੀ ਅਗਵਾਈ ਦੇਣ ਦਾ ਐਲਾਨ ਕਰਨਾ ਪਿਆ ਸੀ।

ਐਨ ਉਦੋਂ ਵਰਗੀ ਖਿੱਚੋਤਾਣ ਇਸ ਸਮੇਂ ਭਾਜਪਾ ਵਿਚ ਕੌਮੀ ਪੱਧਰ ਉੱਤੇ ਫਿਰ ਛਿੜ ਚੁੱਕੀ ਹੈ। ਨਰਿੰਦਰ ਮੋਦੀ ਦੀ ਜਿਹੜੀ ਕਮਾਂਡ ਕਿਸੇ ਸਮੇਂ ਆਰ.ਐੱਸ.ਐੱਸ. ਅਤੇ ਭਾਜਪਾ ਨੂੰ ਸਭ ਤੋਂ ਵੱਧ ਠੀਕ ਲੱਗਦੀ ਸੀ, ਉਸ ਦੇ ਬਦਲ ਵਜੋਂ ਅੱਜ-ਕੱਲ੍ਹ ਯੋਗੀ ਆਦਿੱਤਿਆਨਾਥ ਨੂੰ ਪੇਸ਼ ਕੀਤਾ ਜਾਣ ਲੱਗਾ ਹੈ। ਅਜੇ ਤਕ ਭਾਜਪਾ ਨੇ ਉਸ ਨੂੰ ਸਪੱਸ਼ਟ ਤੌਰ ਉੱਤੇ ਭਾਵੇਂ ਕਿਤੇ ਵੀ ਪੇਸ਼ ਨਾ ਕੀਤਾ ਹੋਵੇ, ਅੰਦਰ-ਖਾਤੇ ਦੀ ਜੰਗ ਵਿਚ ਪਿਛਲੇ ਸਤੰਬਰ ਵਿਚ ਹਾਲਤ ਇਹ ਬਣੀ ਵੇਖੀ ਗਈ ਸੀ ਕਿ ਨਾਗਪੁਰ ਵਾਲੇ ਆਰ.ਐੱਸ.ਐੱਸ. ਹੈੱਡਕੁਆਰਟਰ ਵਰਗਾ ਇੱਕ ਕੇਂਦਰ ਉੱਤਰੀ ਭਾਰਤ ਵਾਸਤੇ ਲਖਨਊ ਵਿਚ ਬਣਾਉਣ ਦੀ ਗੱਲ ਸੁਣੀ ਜਾਣ ਲੱਗ ਪਈ ਸੀ। ਉਹ ਸੋਚ ਅਸਲ ਵਿਚ ਨਰਿੰਦਰ ਮੋਦੀ ਨੂੰ ਅੱਖਾਂ ਦਿਖਾਉਣ ਅਤੇ ਯੋਗੀ ਨੂੰ ਉਭਾਰਨ ਵਾਸਤੇ ਸੀ, ਜਿਸ ਵਿਚ ਮੋਦੀ ਟੀਮ ਕਿਸੇ ਵਕਤ ਦੇ ਵਾਜਪਾਈ ਦੇ ਪੈਂਤੜੇ ਨਾਲ ਯੋਗੀ ਵਾਲੇ ਧੜੇ ਨੂੰ ਪਿਛਾਂਹ ਧੱਕਣ ਵਿਚ ਕਾਮਯਾਬ ਰਹੀ, ਪਰ ਖਿੱਚੋਤਾਣ ਹਾਲੇ ਤਕ ਚੱਲੀ ਜਾਂਦੀ ਹੈ। ਕਾਂਵੜੀਆਂ ਉੱਤੇ ਜਹਾਜ਼ਾਂ ਨਾਲ ਫੁੱਲਾਂ ਦੀ ਵਰਖਾ ਕਰਵਾਉਣ ਅਤੇ ਅਯੁੱਧਿਆ ਵਿਚ ਰਾਮ-ਲੀਲਾ ਮੌਕੇ ਰਾਮ, ਸੀਤਾ ਅਤੇ ਲਛਮਣ ਬਣੇ ਅਦਾਕਾਰ ਉਚੇਚੇ ਹੈਲੀਕਾਪਟਰ ਵਿਚ ਲਿਆ ਕੇ ਆਰਤੀ ਉਤਾਰਨ ਦੇ ਯੋਗੀ ਆਦਿੱਤਿਆਨਾਥ ਦੇ ਪੈਂਤੜੇ ਦੀ ਕਾਟ ਲਈ ਨਰਿੰਦਰ ਮੋਦੀ ਵੀ ਕਾਸ਼ੀ ਜਾ ਕੇ ਸਾਧੂ-ਸੰਤਾਂ ਦੇ ਚਰਨ ਪਰਸਦੇ ਵੇਖੇ ਜਾ ਰਹੇ ਹਨ। ਮਾਮਲਾ ਨਿਰੀ ਸ਼ਰਧਾ ਦਾ ਹੋਵੇ ਤਾਂ ਨਰਿੰਦਰ ਮੋਦੀ ਸਾਹਿਬ ਚੁੱਪ-ਚੁਪੀਤੇ ਵੀ ਇਹ ਸੇਵਾ ਪੂਰੀ ਕਰ ਸਕਦੇ ਹਨ, ਪਰ ਮੀਡੀਆ ਕੈਮਰੇ ਫਿੱਟ ਕਰਵਾਉਣ ਦੇ ਬਾਅਦ ਓਥੇ ਜਾਣ ਦਾ ਸਿਆਸੀ ਮਹੱਤਵ ਕਿਸੇ ਵੀ ਹੋਸ਼ਮੰਦ ਵਿਅਕਤੀ ਨੂੰ ਸਮਝ ਆ ਸਕਦਾ ਹੈ। ਇਸ ਮੁਕਾਬਲੇਬਾਜ਼ੀ ਵਿਚ ਦੋਵਾਂ ਧਿਰਾਂ ਦੇ ਲੋਕ ਪੂਰੀ ਤਨਦੇਹੀ ਨਾਲ ਆਪੋ-ਆਪਣੀ ਰਾਜਨੀਤੀ ਵੀ ਕਰੀ ਜਾਂਦੇ ਹਨ ਅਤੇ ਲੋਕਾਂ ਸਾਹਮਣੇ ਏਕੇ ਦਾ ਭਰਮ ਵੀ ਪਾਈ ਜਾ ਰਹੇ ਹਨ।

ਅੰਦਰੋਂ ਲੜਦਿਆਂ ਬਾਹਰ ਏਕੇ ਦਾ ਭਰਮ ਪਾਉਣਾ ਵੀ ਭਾਜਪਾ ਦੇ ਇਨ੍ਹਾਂ ਦੋਵਾਂ ਧੜਿਆਂ ਦੇ ਆਗੂਆਂ ਦੀ ਮਜਬੂਰੀ ਬਣਦਾ ਹੈ। ਦਿੱਲੀ ਤੋਂ ਆਈਆਂ ਕਨਸੋਆਂ ਕਹਿੰਦੀਆਂ ਹਨ ਕਿ ਕੇਂਦਰ ਸਰਕਾਰ ਚਲਾ ਰਹੀ ਨਰਿੰਦਰ ਮੋਦੀ ਟੀਮ ਉੱਤਰ ਪ੍ਰਦੇਸ਼ ਵਿਚ ਯੋਗੀ ਆਦਿੱਤਿਆਨਾਥ ਦੇ ਪਰ ਕੁਤਰਨਾ ਚਾਹੁੰਦੀ ਹੈ, ਤਾਂ ਕਿ ਉਹ ਦਿੱਲੀ ਨੂੰ ਮੂੰਹ ਕਰਨ ਦੀ ਸਮਰੱਥਾ ਵਾਲਾ ਆਗੂ ਨਾ ਰਹਿ ਜਾਵੇ, ਪਰ ਉਸ ਦੇ ਪਰ ਕੁਤਰਨ ਵੇਲੇ ਇਹ ਵੀ ਚਿੰਤਾ ਹੈ ਕਿ ਜੇ ਉੱਤਰ ਪ੍ਰਦੇਸ਼ ਵਿਚ ਰਾਜਸੀ ਚੋਟ ਵੱਡੀ ਲਾ ਬੈਠੇ ਤਾਂ ਅਗਲੀ ਵਾਰੀ ਉਸ ਦਾ ਅਸਰ ਲੋਕ ਸਭਾ ਚੋਣਾਂ ਉੱਤੇ ਪੈ ਸਕਦਾ ਹੈ। ਕੇਂਦਰ ਸਰਕਾਰ ਦੀ ਵਾਗ ਸਾਂਭਣ ਲਈ ਲੋਕ ਸਭਾ ਵਿਚ ਜਿਹੜਾ ਬਹੁਮੱਤ ਚਾਹੀਦਾ ਹੈ, ਉਸ ਦੀਆਂ ਅੱਸੀ ਸੀਟਾਂ ਇੱਕੋ ਰਾਜ ਉੱਤਰ ਪ੍ਰਦੇਸ਼ ਵਿਚ ਹਨ ਤੇ ਇਸ ਵਕਤ ਇਨ੍ਹਾਂ ਅੱਸੀਆਂ ਵਿਚੋਂ ਪੈਂਹਠ ਦੇ ਕਰੀਬ ਨਰਿੰਦਰ ਮੋਦੀ ਦੇ ਨਾਲ ਹਨ, ਜੇ ਉਹ ਪੈਂਹਠ ਪਾਸੇ ਰੱਖੋ ਤਾਂ ਕੇਂਦਰ ਵਿਚ ਭਾਜਪਾ ਦੀ ਹਾਲਤ ਪਤਲੀ ਹੋਣ ਕਾਰਨ ਉਹ ਭਾਈਵਾਲ ਧਿਰਾਂ ਦੀ ਮਦਦ ਦੀ ਮੁਥਾਜ ਹੋ ਕੇ ਰਹਿ ਜਾਂਦੀ ਹੈ। ਇਸ ਹਾਲਤ ਤੋਂ ਬਚਣ ਲਈ ਨਰਿੰਦਰ ਮੋਦੀ ਟੀਮ ਦੀ ਮਜਬੂਰੀ ਹੈ ਕਿ ਯੋਗੀ ਆਦਿੱਤਿਆਨਾਥ ਨੂੰ ਹੋਰ ਉਭਾਰ ਤੋਂ ਰੋਕਦੇ ਵਕਤ ਵੀ ਇਹ ਖਿਆਲ ਰੱਖਿਆ ਜਾਵੇ ਕਿ ਉਸ ਨੂੰ ਛਾਂਗਣ ਦੀ ਮਾਰ ਕੇਂਦਰ ਸਰਕਾਰ ਲਈ ਹੋਰ ਦੋ ਸਾਲਾਂ ਨੂੰ ਹੋਣ ਵਾਲੀਆਂ ਚੋਣਾਂ ਤਕ ਨਾ ਪਹੁੰਚ ਜਾਵੇ।

ਲਖੀਮਪੁਰ ਖੀਰੀ ਵਾਲੇ ਕੇਸ ਵਿਚ ਫਸਿਆ ਅਜੈ ਕੁਮਾਰ ਮਿਸ਼ਰਾ ਏਸੇ ਹਾਲਾਤ ਵਿਚ ਇਨ੍ਹਾਂ ਦੋਵਾਂ ਧਿਰਾਂ ਵਿਚਾਲੇ ਰੰਗ ਦਾ ਪੱਤਾ ਬਣਿਆ ਵਜ਼ੀਰੀ ਮਾਣ ਰਿਹਾ ਹੈ, ਕਿਉਂਕਿ ਉਸ ਪਿੱਛੇ ਇੱਕ ਖਾਸ ਭਾਈਚਾਰਾ ਖੜ੍ਹਾ ਹੋਣ ਕਾਰਨ ਉਸ ਦੀ ਨਾਰਾਜ਼ਗੀ ਮਹਿੰਗੀ ਪੈ ਸਕਦੀ ਹੈ। ਜਦੋਂ ਯੋਗੀ ਆਦਿੱਤਿਆਨਾਥ ਦੀ ਟੀਮ ਵਿਧਾਨ ਸਭਾ ਚੋਣਾਂ ਵਿਚ ਲੋਕਾਂ ਸਾਹਮਣੇ ਸਾਫ-ਸੁਥਰਾ ਅਕਸ ਲੈ ਕੇ ਜਾਣ ਲਈ ਕੇਂਦਰੀ ਮੰਤਰੀ ਅਜੈ ਕੁਮਾਰ ਮਿਸ਼ਰਾ ਦੀ ਬਲੀ ਦੇਣ ਵਾਸਤੇ ਮਨ ਬਣਾਈ ਬੈਠੀ ਜਾਪਦੀ ਹੈ, ਨਰਿੰਦਰ ਮੋਦੀ ਟੀਮ ਏਦਾਂ ਹੋਣ ਤੋਂ ਇਸ ਲਈ ਰੋਕਦੀ ਹੈ ਕਿ ਉਸ ਦਾ ਜਾਣਾ ਯੋਗੀ ਲਈ ਕੁਝ ਫਾਇਦੇ ਵਾਲਾ ਹੋਵੇ ਜਾਂ ਨਾ, ਪਾਰਲੀਮੈਂਟ ਚੋਣਾਂ ਦੀ ਜੰਗ ਵਿਚ ਭਾਜਪਾ ਦੀ ਬੇੜੀ ਬਹਾ ਸਕਦਾ ਹੈ।

ਐਨ ਓਦੋਂ, ਜਦੋਂ ਲੋਕ ਅਗਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਅਗਲੇ ਪੰਜ ਸਾਲਾਂ ਦੇ ਰਾਜਕਰਤੇ ਚੁਣਨ ਦੀ ਚਿੰਤਾ ਕਰ ਰਹੇ ਹਨ, ਦੇਸ਼ ਦੀ ਸਰਕਾਰ ਚਲਾ ਰਹੀ ਪਾਰਟੀ ਭਾਜਪਾ ਦੀ ਲੀਡਰਸ਼ਿਪ ਇੱਕ ਵਾਰ ਫਿਰ ਲਾਲ ਕ੍ਰਿਸ਼ਨ ਅਡਵਾਨੀ ਤੇ ਅਟਲ ਬਿਹਾਰੀ ਵਾਜਪਾਈ ਵਾਲੀ ਖਿੱਚੋਤਾਣ ਵਿਚ ਫਸੀ ਨਜ਼ਰੀਂ ਪੈਂਦੀ ਹੈ। ਉਸ ਵੇਲੇ ਵਾਜਪਾਈ ਧੜੇ ਦੀ ਉਠਾਣ ਨਾਲ ਕੱਟੜਪੰਥੀਆਂ ਦਾ ਅਡਵਾਨੀ ਧੜਾ ਪਿੱਛੇ ਹਟਣ ਲਈ ਮਜਬੂਰ ਹੁੰਦਾ ਸੀ, ਇਸ ਵਾਰ ਉਨ੍ਹਾਂ ਨਾਲੋਂ ਵੱਡੇ ਕੱਟੜਪੰਥੀਆਂ ਦਾ ਨਰਿੰਦਰ ਮੋਦੀ ਧੜਾ ਆਪਣੇ ਤੋਂ ਵੱਡੇ ਕੱਟੜਪੰਥੀ ਯੋਗੀ ਆਦਿੱਤਿਆਨਾਥ ਦੇ ਧੜੇ ਅੱਗੇ ਕਮਜ਼ੋਰ ਪੈਂਦਾ ਜਾਪਦਾ ਹੈ, ਜਿਨ੍ਹਾਂ ਦੀ ਬਿਨਾਂ ਲੁਕਾਈ ਇੱਛਾ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਹੈ।

ਸੰਸਾਰ ਪੱਧਰ ਦੇ ਆਪਣੇ ਅਕਸ ਅਤੇ ਇਸ ਅਕਸ ਨਾਲ ਮਿਲਦੇ ਮਾਣ-ਸਨਮਾਨ ਦੇ ਬੋਝ ਹੇਠ ਨਰਿੰਦਰ ਮੋਦੀ ਉਸ ਕੱਟੜਪੰਥੀ ਧੜੇ ਅੱਗੇ ਇੱਕਦਮ ਝੁਕਣ ਤੋਂ ਇਸ ਵਕਤ ਬਚਦਾ ਅਤੇ ਉਨ੍ਹਾਂ ਦਾ ਰਾਹ ਰੋਕਦਾ ਜਾਪਦਾ ਹੈ, ਪਰ ਇੱਕ ਗੱਲ ਪੱਕੀ ਹੈ ਕਿ ਜੇ ਉਸ ਦੀ ਇਹ ਕੋਸ਼ਿਸ਼ ਕਮਜ਼ੋਰ ਪੈਂਦੀ ਲੱਗੀ ਤਾਂ ਉਹ ਕੱਟੜਪੰਥੀਆਂ ਤੋਂ ਵੱਡਾ ਕੱਟੜਪੰਥੀ ਵੀ ਬਣ ਸਕਦਾ ਹੈ। ਭਾਰਤ ਦੇ ਪੰਜ ਰਾਜਾਂ ਦੀਆਂ ਇਹ ਚੋਣਾਂ ਭਵਿੱਖ ਦੇ ਭਾਰਤ ਨੂੰ ਏਨਾ ਬਦਲਣ ਵਾਲੀਆਂ ਵੀ ਹੋ ਸਕਦੀਆਂ ਹਨ ਕਿ ਜੇ ਯੋਗੀ ਧੜਾ ਹੋਰਨਾਂ ਧੜਿਆਂ ਨੂੰ ਕੱਟੜਪੰਥੀ ਠਿੱਬੀ ਲਾ ਗਿਆ ਤਾਂ ਜਿਹੜੇ ਬੁੱਧੀਜੀਵੀ ਅੱਜ ਵਾਜਪਾਈ ਦੇ ਨਾਲ ਅਡਵਾਨੀ ਨੂੰ ਵੀ ਮੋਦੀ ਮੁਕਾਬਲੇ 'ਕੁਝ ਮਾਡਰੇਟ' ਕਹਿੰਦੇ ਸੁਣੇ ਜਾਣ ਲੱਗੇ ਹਨ, ਉਹ ਕੁਝ ਸਮਾਂ ਲੰਘਾ ਕੇ ਮੋਦੀ ਬਾਰੇ ਵੀ ਇਹੋ ਕਹਿਣ ਲੱਗ ਜਾਣਗੇ। ਹਿੰਦੁਤਵ ਦੇ ਨਾਂਅ ਉੱਤੇ ਚੱਲਦੀ ਰਾਜਨੀਤੀ ਦਾ ਇਹੋ ਪੱਖ ਵਿਸ਼ੇਸ਼ ਹੈ ਕਿ ਹਰ ਲੀਡਰ ਪਹਿਲਿਆਂ ਤੋਂ ਵੱਧ ਕੱਟੜਪੰਥੀ ਨਿਕਲਦਾ ਹੈ। ਅਗਲੇ ਸਾਲ ਦੀਆਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦਾ ਇਹ ਅਲੋਕਾਰ ਪੱਖ ਦੇਸ਼ ਦੀ ਬਹਿਸ ਦਾ ਹਿੱਸਾ ਨਹੀਂ ਬਣ ਰਿਹਾ।

# ਰਸਮਾਂ ਦਾ ਖੰਡਨ ਤੇ ਸਕੂਨ

ਅਭੈ ਸਿੰਘ
ਸੰਪਰਕ: 98783-75903

ਪਿਛਲੇ ਸਾਲ ਦਸੰਬਰ ਵਿਚ ਮੇਰੀ ਘਰਵਾਲੀ ਸਾਡੇ ਵਿਆਹ ਦੀ ਗੋਲਡਨ ਜੁਬਲੀ ਦੇ ਸਿਰਫ ਤਿੰਨ ਮਹੀਨੇ ਬਾਅਦ ਸਦੀਵੀ ਵਿਛੋੜਾ ਦੇ ਗਈ। ਅਕਸਰ ਕਿਹਾ ਜਾਂਦਾ ਹੈ ਕਿ ਵੱਡੀ ਉਮਰ ਵਿਚ ਸਾਥ ਦੀ ਬਹੁਤ ਲੋੜ ਹੁੰਦੀ ਹੈ, ਹਾਲਾਂਕਿ ਇਕ ਨੇ ਤਾਂ ਪਹਿਲਾਂ ਜਾਣਾ ਹੀ ਹੁੰਦਾ ਹੈ। ਮੌਤ ਦੁਖਦਾਈ ਹੈ ਪਰ ਮੌਤ ਤੋਂ ਬਾਅਦ ਵਾਲੀਆਂ ਰਸਮਾਂ ਵੀ ਘੱਟ ਦੁਖਦਾਈ ਨਹੀਂ, ਤੇ ਇਹ ਹੁਣ ਵਧਦੀਆਂ ਜਾਂਦੀਆਂ ਹਨ।

ਦੁਪਹਿਰ ਵੇਲੇ ਮੇਰਾ ਇਹ ਦੁਖਾਂਤ ਵਾਪਰਿਆ ਤੇ ਮੁਹੱਲੇ ਦੇ ਲੋਕ ਮੇਰੇ ਘਰ ਆਣ ਪਹੁੰਚੇ। ਗੁਆਂਢੀਆਂ ਦੁੱਖ ਵੰਡਾਇਆ ਤੇ ਇਸ ਨਾਲ ਸਚਮੁੱਚ ਦੁੱਖ ਘਟਦਾ ਹੈ। ਮੈਨੂੰ ਕਿਹਾ ਗਿਆ ਕਿ ਚਾਹ-ਰੋਟੀ ਦਾ ਫਿਕਰ ਨਾ ਕਰਾਂ, ਉਹ ਬਣਾ ਕੇ ਭੇਜਦੇ ਰਹਿਣਗੇ। ਧੰਨਵਾਦ ਕਰਦਿਆਂ ਮੈਂ ਕਹਿ ਦਿੱਤਾ ਕਿ ਕੋਈ ਗੱਲ ਨਹੀਂ, ਮੇਰੇ ਕੋਲ ਦੁੱਧ ਵਗੈਰਾ ਸਭ ਕੁਝ ਹੈ। ਇਸ ਬਾਰੇ ਕਿਹਾ ਗਿਆ ਕਿ ਮਰਗ ਵਾਲੇ ਘਰ ਚੁੱਲ੍ਹਾ ਨਹੀਂ ਜਲਾਇਆ ਜਾਂਦਾ। ਮੈਨੂੰ ਕਹਿਣਾ ਪਿਆ ਕਿ ਐਸਾ ਕਿਧਰੇ ਨਹੀਂ ਲਿਖਿਆ।

ਹੋਰ ਦੋ ਘੰਟਿਆਂ ਤੱਕ ਮੇਰਾ ਛੋਟਾ ਭਰਾ-ਭੈਣ ਤੇ ਹੋਰ ਰਿਸ਼ਤੇਦਾਰ ਪਹੁੰਚ ਗਏ। ਰੋਣਾ-ਧੋਣਾ ਤਾਂ ਹੋਣਾ ਹੀ ਸੀ ਤੇ ਉਸ ਤੋਂ ਬਾਅਦ ਸੁਭਾਵਕ ਹੀ ਸਿੱਧਾ ਵਿਚਾਰ ਰਸਮਾਂ ਦੇ ਵਿਸਥਾਰ ਦਾ ਸੀ। ਮੈਂ ਕੋਈ ਧਾਰਮਿਕ ਰਸਮ ਜਾਂ ਅਰਦਾਸੇ ਵਗੈਰਾ ਨਹੀਂ ਕਰਵਾਉਣੇ ਸਨ। ਮੇਰੇ ਵਿਚਾਰ ਧਾਰਮਿਕ ਨਹੀਂ। ਹਾਂ ਜੇ ਮੇਰੀ ਸਾਥਣ ਦੇ ਅਜਿਹੇ ਵਿਚਾਰ ਹੁੰਦੇ ਤਾਂ ਮੈਂ ਉਸ ਦੇ ਸਤਿਕਾਰ ਵਜੋਂ ਇਹ ਰਸਮਾਂ ਨਿਭਾ ਵੀ ਸਕਦਾ ਸਾਂ ਪਰ ਉਸ ਨੇ ਸਾਰੀ ਜ਼ਿੰਦਗੀ ਕਦੇ ਮੱਥਾ ਨਹੀਂ ਟੇਕਿਆ ਸੀ, ਕਦੇ ਰੱਬ ਦਾ ਨਾਂ ਨਹੀਂ ਲਿਆ ਸੀ। ਉਸ ਨੇ ਕਦੇ ਦੋ ਹਰਫੀ ਅਰਦਾਸ ਵੀ ਨਹੀਂ ਕੀਤੀ ਸੀ ਕਿ ਰੱਬਾ ਇਸ ਤਰ੍ਹਾਂ ਕਰੀਂ ਜਾਂ ਇਸ ਤਰ੍ਹਾਂ ਨਾ ਕਰੀਂ। ਇਸ ਵਾਸਤੇ ਉਸ ਦੀ ਦੇਹ ਤੋਂ ਇਹ ਕੰਮ ਜ਼ਬਰਦਸਤੀ ਮੈਂ ਨਹੀਂ ਕਰਵਾ ਸਕਦਾ ਸੀ। ਮੈਨੂੰ ਖੁਸ਼ੀ ਹੈ ਕਿ ਮੇਰੀ ਭੈਣ, ਮੇਰੇ ਭਰਾ ਤੇ ਹੋਰ ਦੋਸਤਾਂ ਰਿਸ਼ਤੇਦਾਰਾਂ ਨੇ ਮੇਰੇ ਜਜ਼ਬਿਆਂ ਨੂੰ ਪੂਰਾ ਸਤਿਕਾਰ ਦਿੱਤਾ।



ਸ਼ਮਸ਼ਾਨ ਘਾਟ ਦੇ ਕਰਮਚਾਰੀਆਂ ਨੇ ਚਿਤਾ ਦੀ ਤਿਆਰੀ ਕਰਕੇ ਕਿਹਾ ਕਿ ਲਓ ਹੁਣ ਅਰਦਾਸਾ ਕਰ ਲਵੋ। ਮੇਰੇ ਦੋ ਬਰਖੁਰਦਾਰ ਹੀ ਅੱਗੇ ਆਏ ਪਰ ਮੈਂ ਨਾਂਹ ਕਰ ਦਿੱਤੀ। ਫਿਰ ਉਸ ਪੁੱਛਿਆ, ਅਗਨੀ ਕੌਣ ਛੁਹਾਏਗਾ। ਮੇਰਾ ਪੁੱਤਰ ਬਾਹਰ ਸੀ, ਨਹੀਂ ਆ ਸਕਿਆ ਸੀ। ਮੇਰੀ ਭਾਣਜੀ ਖੜ੍ਹੀ ਸੀ ਜਿਸ ਦਾ ਆਪਣੀ ਮਾਮੀ ਨਾਲ ਬਹੁਤ ਹੀ ਗਹਿਰਾ ਰਿਸ਼ਤਾ ਸੀ। ਮੈਂ ਬੋਲਿਆ, 'ਇਹ ਖੜ੍ਹਾ ਹੈ ਉਸ ਦਾ ਵੱਡਾ ਪੁੱਤਰ ਸ਼ਰਨਬੀਰ ਕੌਰ।' ਇਕ ਦਮ ਆਵਾਜ਼ ਆਈ, ਔਰਤਾਂ ਇਹ ਕੰਮ ਨਹੀਂ ਕਰਦੀਆਂ। ਮੈਂ ਕਿਹਾ, ਕਰਦੀਆਂ ਹਨ ਤੇ ਹੁਣ ਕਰਿਆ ਵੀ ਕਰਨਗੀਆਂ। ਸ਼ਰਨਬੀਰ ਨੇ ਅਗਨੀ ਛੁਹਾਈ ਤੇ ਉਸ ਦੇ ਛੋਟੇ ਮਾਮੇ ਅਤੇ ਸਿੰਘ ਨੇ ਮਦਦ ਕੀਤੀ।

ਸਸਕਾਰ ਤੋਂ ਫੌਰੀ ਬਾਅਦ ਆਮ ਹੀ ਪੁੱਛਿਆ ਜਾਂਦਾ ਕਿ ਹੁਣ ਭੋਗ ਕਦੋਂ ਪਾਏ ਜਾਣਗੇ। ਲੋਕਾਂ ਵਾਸਤੇ ਸੁਭਾਵਕ ਸਵਾਲ ਹੈ ਪਰ ਮੇਰੇ ਵਾਸਤੇ ਬਹੁਤ ਮੁਸ਼ਕਿਲ। ਭੋਗ ਦਾ ਤਸੱਵਰ ਹੀ ਔਖਾ। ਪੈਸੇ ਦੇ ਕੇ ਪਾਠ ਕਰਵਾ'', ਸੁਣੇ-ਵਿਚਾਰੇ ਬਿਨਾ, ਬੱਸ ਲਾਊਡਸਪੀਕਰ ਵਜਾਓ ਤੇ ਫਿਰ ਅਰਦਾਸਾ ਹੋਵੇ ਕਿ ਰੂਹ ਨੂੰ ਚਰਨਾਂ ਵਿਚ ਨਿਵਾਸ ਮਿਲੇ। ਮੈਨੂੰ ਪਤਾ ਹੈ ਕਿ ਮੇਰੇ ਸਾਥੀ ਦਾ ਹੁਣ ਕੋਈ ਵਜੂਦ ਨਹੀਂ, ਕਿਸੇ ਵੀ ਰੂਪ ਵਿਚ ਨਹੀਂ, ਫਿਰ ਵੀ ਆਪਣੇ ਪਿਆਰੇ ਨੂੰ ਕਿਸੇ ਦੇ ਚਰਨਾਂ ਵਿਚ ਜਗ੍ਹਾ ਮਿਲਣ ਦਾ ਕਿਆਸ ਸੁਖਾਵਾਂ ਨਹੀਂ, ਦਿਲ ਵਿਚ ਜਗ੍ਹਾ ਦਾ ਕਿਆਸ ਵੱਖਰਾ ਹੈ। ਫਿਰ ਜਿਸ ਕੋਲੋਂ ਇਹ ਸਥਾਨ ਮੰਗਿਆ ਜਾਂਦਾ ਹੈ, ਧਾਰਮਿਕ ਰਹਿਨੁਮਾਵਾਂ ਦੇ ਅਨੁਸਾਰ ਹੀ ਉਸ ਦਾ ਨਾ ਰੂਪ ਹੈ ਨਾ ਅਕਾਰ; ਭਾਵ ਨਾ ਚਰਨ ਹਨ ਤੇ ਨਾ ਦਿਲ। ਬੇਤੁਕੇ ਕੰਮ ਦੁਨੀਆ ਕਰਦੀ ਫਿਰੇ, ਮੈਂ ਕਿਉਂ ਕਰਾਂ।

ਹਾਂ ਏਨਾ ਦਿਲ ਜ਼ਰੂਰ ਕਰਦਾ ਸੀ ਕਿ ਸਕੇ ਸਬੰਧੀ ਤੇ ਦੋਸਤ ਮਿੱਤਰਾਂ ਦੀ ਕੋਈ ਮਿਲ ਬੈਠਣੀ ਹੋਵੇ ਜਿਸ ਵਿਚ ਵਿਛੜੇ ਜੀਵ ਦੀਆਂ ਯਾਦਾਂ ਹੋ ਜਾਣ ਤੇ ਰਸਮਾਂ ਬਾਰੇ ਵੀ ਚਾਰ ਗੱਲਾਂ ਹੋ ਜਾਣ। ਇਕ ਕੋਵਿਡ ਦੀ ਘੁਟਨ ਤੇ ਦੂਜੇ ਸਾਡੇ ਪੁੱਤਰ ਦੇ ਵਿਦੇਸ਼ ਤੋਂ ਨਾ ਆ ਸਕਣ ਕਰਕੇ ਅਜਿਹਾ ਨਹੀਂ ਹੋ ਸਕਿਆ। ਕੋਵਿਡ ਦੀਆਂ ਪਾਬੰਦੀਆਂ ਕਾਰਨ ਹੀ ਮੇਰਾ ਪੁੱਤਰ ਨਾ ਆਪਣੀ ਮਾਂ ਦੀ ਬਿਮਾਰੀ ਵੇਲੇ ਆ ਸਕਿਆ ਤੇ ਨਾ ਉਸ ਦੇ ਪੂਰੀ ਹੋਣ ਵੇਲੇ। ਅਸੀਂ ਟੈਲੀਫੋਨ ਉੱਪਰ ਹੀ, ਬਿਨਾ ਗਲੇ ਲੱਗਿਆਂ ਰੋ-ਰੋ ਕੇ ਦਿਲ ਹੌਲਾ ਕਰਦੇ ਰਹੇ। ਸਭ ਕੁਝ ਆਨਲਾਈਨ ਹੋ ਜਾਂਦਾ ਹੈ ਪਰ ਗਲ ਲੱਗਣ ਦੇ ਨਿੱਘ ਨਹੀਂ ਮਿਲਦੇ। ਅਖੀਰ ਉਹ ਪਿਛਲੇ ਮਹੀਨੇ ਆਸਟਰੇਲੀਆ ਤੋਂ ਉਡਾਣਾਂ ਖੁੱਲ੍ਹਦਿਆਂ ਹੀ ਆ ਗਿਆ।

ਪੁੱਤਰ ਦੇ ਆਉਂਦਿਆਂ ਹੀ ਅਸਾਂ ਦੋ ਅਜਿਹੀਆਂ ਮਿਲ ਬੈਠਣੀਆਂ ਉਰਫ ਸੋਗ ਸਭਾਵਾਂ ਕਰ ਲਈਆਂ। ਇਕ ਏਧਰ ਘਰ ਦੇ ਨਜ਼ਦੀਕ ਕਲਾ ਗਰਾਮ ਵਿਚ ਤੇ ਦੂਸਰੀ ਹਰੀਕੇ ਦੀ ਹਵੇਲੀ ਵਿਚ। ਦੋਵੇਂ ਜਗ੍ਹਾ ਅਸਾਂ ਆਪਣੇ ਪਿਆਰੇ ਨੂੰ ਯਾਦ ਕੀਤਾ ਤੇ ਰਸਮਾਂ ਰਿਵਾਜਾਂ ਬਾਰੇ ਆਪਣੀ ਆਵਾਜ਼ ਵੀ ਉਠਾਈ। ਕਲਾ ਗਰਾਮ ਵਿਚ ਤਰਕਸ਼ੀਲ ਲਹਿਰ ਵੱਲੋਂ ਜਸਵੰਤ ਮੁਹਾਲੀ ਵੀ ਹਾਜ਼ਰ ਹੋਏ ਤੇ ਹਾਜ਼ਰੀਨ ਨੂੰ ਵਿਗਿਆਨਕ ਸੋਚ ਧਾਰਨ ਦੀ ਪੈਰਵੀ ਕੀਤੀ। ਇਨ੍ਹਾਂ ਦੋਹਾਂ ਇਕੱਠਾਂ ਨਾਲ ਸਾਨੂੰ ਪਿਓ-ਪੁੱਤਰ ਨੂੰ ਬਹੁਤ ਵੱਡਾ ਸਕੂਨ ਮਿਲਿਆ। 'ਬਣੀਆਂ-ਬਣਾਈਆਂ' ਰਸਮਾਂ ਦੇ ਸਾਡੇ ਵੱਲੋਂ ਤਿਆਗ ਦਾ ਖੁਸ਼ ਗਵਾਰ ਹੁੰਗਾਰਾ ਮਿਲਿਆ।

ਇਕ ਸੁਖਾਵੇਂ ਮਾਹੌਲ ਵਿਚ ਹੀ ਕਿਧਰੇ ਮੇਰੀ ਘਰ ਵਾਲੀ ਨੇ ਪੁੱਛਿਆ ਸੀ, 'ਤੈਨੂੰ ਪਤੈ, ਤੇਰੇ ਘਰ ਵੜਦਿਆਂ ਹੀ ਮੈਨੂੰ ਕੀ ਮਿਲਿਆ ਸੀ?' ਮੈਨੂੰ ਸਮਝ ਨਹੀਂ ਲੱਗੀ ਤਾਂ ਉਸ ਕਿਹਾ-'ਧੱਕੇ ਮਿਲੇ ਸਨ।' ਹੋਇਆ ਇਹ ਕਿ ਮੇਰੇ ਵਿਆਹ ਵੇਲੇ ਡੋਲੇ ਵਾਲੀ ਜੀਪ ਸਾਡੇ ਘਰ ਲਾਗੇ ਵੱਡੀ ਗਲੀ ਵਿਚ ਜਾ ਰੁਕੀ। ਅਸੀਂ ਦੋਵੇਂ ਰਵਾਂ-ਰਵੀਂ ਘਰ ਦੇ ਅੰਦਰ ਚਲੇ ਗਏ। ਇਕ ਬੀਬੀ ਨੇ ਅਚਾਨਕ ਦੇਖ ਲਿਆ ਕਿ ਇਹ ਤਾਂ ਵਹੁਟੀ ਆ ਗਈ ਹੈ। ਉਸ ਨੇ ਦੌੜ ਕੇ ਮੇਰੀ ਘਰ ਵਾਲੀ ਨੂੰ ਮੋਢਿਓਂ ਫੜਿਆ ਤੇ ਬਾਹਰ ਨੂੰ ਧੱਕਦੀ ਦਰਵਾਜ਼ੇ ਤੋਂ ਬਾਹਰ ਲੈ ਗਈ। ਫਿਰ ਰੌਲਾ ਪਾਇਆ ਕਿ ਕੋਈ ਤੇਲ ਚੋਵੇ।

ਇਸ ਦਾ ਅਚੇਤ ਜਵਾਬ ਮੇਰੀ ਘਰ ਵਾਲੀ ਨੇ ਆਪਣੀ ਨੂੰਹ ਦੇ ਆਉਣ ਵੇਲੇ ਦਿੱਤਾ। ਕੋਈ ਤੇਲ ਨਹੀਂ ਚੋਇਆ, ਪਾਣੀ ਨਹੀਂ ਵਾਰਿਆ, ਚੌਲ ਨਹੀਂ ਰੁੜ੍ਹਵਾਏ, ਸਿਰਫ ਘੁੱਟ ਕੇ ਜੱਫੀ ਪਾ ਕੇ ਕਿਹਾ, 'ਸਾਡੀ ਅੰਨੂ ਆਪਣੇ ਘਰ ਆ ਗਈ ਹੈ।' ਅਸਾਂ ਇੱਧਰ-ਉੱਧਰ ਮੱਥੇ ਟੇਕਣ ਵਗੈਰਾ ਦੀ ਵੀ ਕੋਈ ਰਸਮ ਨਹੀਂ ਕੀਤੀ।

ਇਸ ਲੇਖ ਨੂੰ ਸਮੇਟਦਾ ਹੁਣ ਮੈਂ ਉਹਨੂੰ ਕਹਿਣਾ ਚਾਹੁੰਦਾ ਹਾਂ: 'ਰਸਮਾਂ ਦਾ ਖੰਡਨ ਜਿਤਨਾ ਹੋ ਸਕਿਆ, ਕਰ ਕੇ ਮੈਂ ਤੇ ਤੇਰੇ ਪੁੱਤਰ ਨੇ ਤੈਨੂੰ ਮਿਲੇ ਧੱਕਿਆਂ ਦਾ ਮੋੜ ਦੇ ਦਿੱਤਾ ਈ।'

# ਪਹੁ ਫੁਟਾਲੇ ਦੀ ਲੋਅ

**ਦਿੱਲੀ ਦੀਆਂ ਬਰੂਹਾਂ ਉਤੇ ਸਾਲ ਭਰ ਚੱਲੇ ਕਿਸਾਨ ਅੰਦੋਲਨ ਨੇ ਸਮਾਜ ਦੇ ਹੋਰ ਤਬਕਿਆਂ ਦੇ ਨਾਲ-ਨਾਲ ਲਿਖਾਰੀਆਂ ਨੂੰ ਵੀ ਚੋਖਾ ਪ੍ਰਭਾਵਿਤ ਕੀਤਾ ਹੈ। ਇਸ ਅੰਦੋਲਨ ਬਾਰੇ ਲੇਖਾਂ ਤੋਂ ਇਲਾਵਾ ਕਵਿਤਾ, ਕਹਾਣੀਆਂ ਵੱਡੀ ਪੱਧਰ 'ਤੇ ਲਿਖੀਆਂ ਗਈਆਂ ਹਨ। ਉਘੇ ਲਿਖਾਰੀ ਦੀਪ ਦੇਵਿੰਦਰ ਸਿੰਘ ਨੇ ਇਸ ਵਿਲੱਖਣ ਲਿਖਤ ਵਿਚ ਅੰਦੋਲਨ ਦੇ ਨਾਲ-ਨਾਲ ਸਾਹਿਤ ਅਤੇ ਸਾਹਿਤਕਾਰਾਂ ਨੂੰ ਵੀ ਰੂਹ ਨਾਲ ਯਾਦ ਕੀਤਾ ਹੈ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ।**

## ਕਲਾ ਪਰਿਕਰਮਾ

ਸੋਹਣ ਸਿੰਘ ਸੀਤਲ ਦੇ ਸ਼ਬਦ ਹਨ: "ਦਾਈਆ ਸੂਰਮੇ ਦਾ ਸਿਰ ਦੇ ਨਾਲ ਹੁੰਦਾ, ਜਿੱਤ ਹਾਰ ਦੀ ਜਾਣੇ ਕਰਤਾਰ ਸਿੰਘੋ।" ਸੰਘਰਸ਼ੀ ਅਖਾੜਿਆਂ 'ਚ ਬੈਠੇ ਯੋਧੇ ਸਿਰ ਦੇ ਦਾਈਏ ਨਾਲ ਜੂਝੇ। ਸਰਕਾਰਾਂ ਸਿਰੜ ਅੱਗੇ ਝੁਕੀਆਂ। ਤਿੰਨ ਖੇਤੀ ਕਾਨੂੰਨ ਮੂਲੋਂ ਰੱਦ ਹੋ ਗਏ। ਇੱਕੀਵੀਂ ਸਦੀ ਦੇ ਇਸ ਸੰਘਰਸ਼ ਨੇ ਮਨੁੱਖੀ ਜੀਵਨ ਸ਼ੈਲੀ ਵਿਚ ਨਵੀਆਂ ਪੈੜਾਂ ਸਿਰਜੀਆਂ ਜਿਹੜੀਆਂ ਦਿੱਲੀ ਦੀਆਂ ਬਰੂਹਾਂ 'ਤੇ ਜਾ ਵਸੇ ਉਨ੍ਹਾਂ ਸੰਘਰਸ਼ੀ ਪਿੰਡਾਂ ਤੋਂ ਨਵੇਂ ਸੁਨੇਹੇ ਦੇ ਰਹੀਆਂ ਹਨ।

ਵੇਖਣ ਵਾਲੇ ਨੂੰ ਪਹਿਲੀ ਨਜ਼ਰੇ ਭਾਵੇਂ ਉਹ ਕੋਈ ਬੇਤਰਤੀਬਾ ਜਿਹਾ ਹੀ ਪਿੰਡ ਵਿਖਾਈ ਦਿੰਦਾ ਹੋਵੇ, ਜਸਬੀਰ ਭੁੱਲਰ ਦੀਆਂ ਕਹਾਣੀਆਂ ਵਿਚਲੇ ਪਿੰਡਾਂ ਵਰਗਾ ਪਿੰਡ। ਕਿਤੋਂ ਉਚਾ, ਕਿਤੋਂ ਨੀਵਾਂ, ਰੰਗ



**ਦੀਪ ਦੇਵਿੰਦਰ ਸਿੰਘ**
**ਫੋਨ: +91-98721-65707**

ਬਿਰੰਗੀਆਂ ਤਰਪਾਲਾਂ ਦੀਆਂ ਛੱਤਾਂ ਵਾਲਾ ਪਿੰਡ। ਬੇਤਰਤੀਬੇ ਢੰਗ ਨਾਲ ਖੜ੍ਹੇ ਟਰੈਕਟਰ ਟਰਾਲੀਆਂ ਨੂੰ ਆਪਣਾ ਪੱਕਾ ਟਿਕਾਣਾ ਬਣਾ ਕੇ ਬੈਠੇ ਉਨ੍ਹਾਂ ਲੋਕਾਂ ਦੀ ਜੀਵਨ ਸ਼ੈਲੀ ਕਿੰਨੀ ਤਰਤੀਬ 'ਚ ਹੈ ਇਸ ਦਾ ਅੰਦਾਜ਼ਾ ਉਨ੍ਹਾਂ ਦੇ ਵਿਚ ਜਾ ਕੇ ਹੀ ਲਗਾਇਆ ਜਾ ਸਕਦਾ ਸੀ।

ਜਿਸ ਦਿਨ ਅਸੀਂ ਗਏ, ਆਸਮਾਨ 'ਚ ਪੂਰੀ ਬੱਦਲਵਾਈ ਸੀ। ਲੰਘੀ ਰਾਤ ਵੀ ਰੁਕ ਰੁਕ ਕੇ ਭਰਵਾਂ ਮੀਂਹ ਪੈਂਦਾ ਰਿਹਾ ਸੀ। ਤਿੱਖੀਆਂ ਤੇ ਬਾਰੀਕ ਕਣੀਆਂ ਦਿਨ ਚੜ੍ਹੇ ਵੀ ਉਂਝ ਹੀ ਪੈਂਦੀਆਂ ਰਹੀਆਂ। ਊਬੜ-ਖਾਬੜ ਰਾਹ ਵਿਚ ਚਿੱਕੜ ਸੀ ਤੇ ਨੀਵੀਆਂ ਥਾਵਾਂ 'ਤੇ ਪਾਣੀ। ਮੈਂ ਦੇਖਿਆ ਕਿ ਗੱਭਰੂ ਮੁੰਡੇ ਚਿੱਕੜ ਖੋਭੇ ਦੀ ਪਰਵਾਹ ਕੀਤੇ ਬਗੈਰ ਆਪੋ ਆਪਣੇ ਕੰਮਾਂ ਨੂੰ ਲੱਗੇ ਹੋਏ। ਕੋਈ ਹੱਥ ਵਿਚ ਫੜੇ ਝਾੜੂ ਨਾਲ ਰਾਹ ਵਿਚਲਾ ਖਿਲਾਰਾ ਪਾਸੇ ਹਟਾ ਰਿਹਾ ਬਿਨਾ ਆਪਣੇ ਗਲ ਪਾਏ ਲੀੜੇ ਕੱਪੜੇ ਦੀ ਪਰਵਾਹ ਕੀਤਿਆਂ। ਕੁਝ ਹੋਰ ਆਉਂਦੀਆਂ ਜਾਂਦੀਆਂ ਗੱਡੀਆਂ ਦਾ ਜਾਮ ਨਹੀਂ ਲੱਗਣ ਦਿੰਦੇ ਸਨ। ਚੜ੍ਹਦੀ ਉਮਰ ਦੇ ਇਨ੍ਹਾਂ ਮੁੰਡਿਆਂ ਦੇ ਚਿਹਰਿਆਂ 'ਤੇ ਖੇੜਾ ਸੀ। ਖਿੱਝ ਖਿਝਾਹਟ ਦਾ ਕਿਤੇ ਨਾਮੋ-ਨਿਸ਼ਾਨ ਵੀ ਨਹੀਂ। ਨਾ ਕੋਈ ਪੁਲਿਸ ਮੁਲਾਜ਼ਮ ਤੇ ਨਾ ਹੀ ਕੋਲ ਕੋਈ ਹੋਰ ਵੱਡਾ ਵਡੇਰਾ ਜਿਹੜਾ ਉਨ੍ਹਾਂ ਨੂੰ ਦਿਸ਼ਾ ਨਿਰਦੇਸ਼ ਦੇ ਰਿਹਾ ਹੋਵੇ। ਇਨ੍ਹਾਂ ਗੱਭਰੂਆਂ ਨੂੰ ਦੇਖਦਿਆਂ ਮੈਂ ਸੋਚਿਆ ਕਿ ਇਸ ਪੀੜ੍ਹੀ ਬਾਰੇ ਲੋਕਾਂ ਵਿਚ ਧਾਰਨਾ ਬਣੀ ਰਹੀ ਹੈ ਕਿ ਇਨ੍ਹਾਂ ਪੱਲੇ ਤਲਖੀ





ਹੈ, ਇਹ ਛੋਟੇ ਵੱਡੇ ਦੀ ਕਦਰ ਨਹੀਂ ਕਰਦੇ, ਘਰ ਦੇ ਕੰਮਕਾਰ ਅਤੇ ਸਮਾਜਕ ਕਾਰ-ਵਿਹਾਰ ਤੋਂ ਹਮੇਸ਼ਾ ਕੰਨੀ ਕਤਰਾਉਂਦੇ ਹਨ ਪਰ ਕਿਰਸਾਨੀ ਸੰਘਰਸ਼ ਤੋਂ ਅਜੋਕੀ ਨੌਜਵਾਨ ਪੀੜ੍ਹੀ ਨੇ ਸਮਾਜਕ ਕਾਰ-ਵਿਹਾਰ ਦੀ ਨਵੀਂ ਸੇਧ ਲਈ ਜਿਸ ਦੀ ਮਿਸਾਲ ਸਾਡੇ ਸਾਹਮਣੇ ਹੈ।

ਮੈਂ ਦੇਖਿਆ ਕਿ ਚਾਰੇ ਪਾਸੇ ਜਾਗਦੇ ਲੋਕਾਂ ਦਾ ਮੇਲਾ ਲੱਗਿਆ ਸੀ। ਜੁਝਾਰੂ ਨਾਹਰੇ ਸੁਣਾਈ ਦਿੰਦੇ। ਕਿਰਸਾਨੀ ਝੰਡਿਆਂ ਦਾ ਹੜ੍ਹ ਆਇਆ ਲੱਗਦਾ। ਹਰੇ ਤੇ ਕੇਸਰੀ ਦੁਪੱਟੇ ਸਿਰਾਂ 'ਤੇ ਲਈ ਹਰ ਉਮਰ ਦੀਆਂ ਔਰਤਾਂ ਅਗਵਾਈ ਕਰਦੀਆਂ ਦਿਖਾਈ ਦਿੰਦੀਆਂ। ਪ੍ਰੋ. ਮੋਹਨ ਸਿੰਘ ਦੀ ਦੇਸ਼ ਭਗਤੀ ਵਾਲੀ ਨਜ਼ਮ ਮੇਰੇ ਜ਼ਿਹਨ ਵਿਚੋਂ ਉਭਰਦੀ ਹੈ: 'ਵਾਗਾਂ ਛੱਡ ਦੇ ਹੰਝੂਆਂ ਵਾਲੀਏ ਨੀ, ਪੈਰ ਧਰਨ ਦੇ ਮੈਨੂੰ ਰਕਾਬ ਉਤੇ'। ਇੱਥੋਂ ਦਾ ਨਜ਼ਾਰਾ ਤਾਂ ਇਸ ਨਜ਼ਮ ਦੇ ਅਰਥ ਉਲਟਾਉਂਦਾ ਲੱਗਦਾ। ਔਰਤਾਂ ਇਸ ਕਿਰਸਾਨੀ ਮਹਾ ਸੰਗਰਾਮ ਵਿਚ ਗੱਡੀਆਂ ਅਤੇ ਟਰੈਕਟਰ ਆਪ ਚਲਾ ਕੇ ਪਹੁੰਚੀਆਂ। ਪੂਰੇ ਜਾਹੋ ਜਲਾਲ ਨਾਲ ਆਦਮੀਆਂ ਤੋਂ ਵੀ ਅਗਾਂਹ ਪੱਬ ਧਰਦੀਆਂ ਦਿਖਾਈ ਦਿੱਤੀਆਂ ਹਨ।

ਲੋਕਾਂ ਦੀ ਚਹਿਲ ਪਹਿਲ ਵਿਚੋਂ ਇੱਕ ਸਰਦਾਰ ਭੀੜ ਵਿਚੋਂ ਥੋੜ੍ਹਾ ਅੱਡਰਾ ਹੋ ਕੇ ਤੁਰਦਾ ਜਾ ਰਿਹਾ ਸੀ। ਉਹਦੇ ਪਿੱਛੇ ਪਿੱਛੇ ਉਹਦੀ ਪਤਨੀ ਤੇ ਬਰਾਬਰ ਦੋਵੇਂ ਧੀਆਂ। ਚਹੁੰਆਂ ਦੇ ਹੱਥਾਂ 'ਚ ਤਖ਼ਤੀਆਂ। ਸਿਰਾਂ ਤੋਂ ਉਪਰ ਚੁੱਕੀਆਂ ਹੋਈਆਂ। ਇੱਕੋ ਜਿਹੀ ਇਬਾਰਤ ਚਹੁੰਆਂ ਉੱਤੇ। ਪੜ੍ਹਦਿਆਂ ਲੂੰ ਕੰਡੇ ਖੜ੍ਹੇ ਹੁੰਦੇ: 'ਸਾਡੇ ਕੋਲ ਜ਼ਮੀਨਾਂ ਤਾਂ ਨਹੀਂ, ਜ਼ਮੀਰਾਂ ਤਾਂ ਹਨ'। ਮੇਰਾ ਮਨ ਭਰ ਆਇਆ। ਆਪਣੀ ਆਦਤ ਮੂਜਬ ਮੈਂ ਉਨ੍ਹਾਂ ਨਾਲ ਗੱਲ ਕਰਨ ਲੱਗਿਆ। ਸਰਦਾਰ ਨੇ ਧੀਮੀ ਸੁਰ ਵਿਚ ਦੱਸਿਆ ਕਿ ਉਨ੍ਹਾਂ ਦੇ ਵੱਡੇ ਵਡੇਰੇ ਭਰਵੀਆਂ ਫਸਲਾਂ ਸਣੇ ਉਪਜਾਊ ਜ਼ਮੀਨਾਂ ਸੰਤਾਲੀ ਦੇ ਉਜਾੜੇ ਵਿਚ ਉਧਰ ਹੀ ਛੱਡ ਖਾਲੀ ਹੱਥ ਇਧਰ ਦਿੱਲੀ ਆਣ ਵੱਸੇ ਸਨ। ਮੈਂ ਪੁੱਛਿਆ ਕਿ ਜ਼ਮੀਨਾਂ ਉਧਰ ਰਹਿ ਗਈਆਂ, ਫਿਰ ਵੀ ਸੰਘਰਸ਼ ਦਾ ਹਿੱਸਾ ਬਣੇ ਹੋ। ਉਹ ਮੈਨੂੰ ਅੱਧ ਵਿਚਾਲਿਉਂ ਟੋਕਦਿਆਂ ਕਹਿੰਦਾ, "ਭਾਅਜੀ, ਖੇਤ ਤਾਂ ਬਾਬੇ ਨਾਨਕ ਦੇ ਵੀ ਉਧਰ ਈ ਐ, ਜੀਆਂ ਜੰਤ ਲਈ ਰਿਜ਼ਕ ਪੈਦਾ ਕਰਦੇ ਐ। ਆਪਾਂ ਧਰਤੀ ਪੁੱਤਰ ਹਾਂ, ਮਾਂ ਲੱਧੀ ਦੇ ਜਾਏ ਭੱਟੀਆਂ ਵਾਲੇ ਦੁੱਲੇ ਵਰਗੇ। ਜਾਗਦੀਆਂ ਜ਼ਮੀਰਾਂ ਵਾਲੇ ਧਰਤੀ ਮਾਂ ਦੇ ਸਰਵਣ ਪੁੱਤਰ।" ਕੋਲ ਖਲੋਤੀ ਉਹਦੀ ਧੀ ਨੇ ਬਾਂਹ ਉਲਾਰ ਕੇ ਕਿਰਸਾਨੀ ਸੰਘਰਸ਼ ਦੇ ਹੱਕ ਵਿਚ ਨਾਹਰਾ ਮਾਰਿਆ। ਪਿੱਛੇ ਖਲੋਤੀ ਭੀੜ ਆਪਮੁਹਾਰੇ ਜ਼ਿੰਦਾਬਾਦ ਕਹਿੰਦੀ ਹੈ। ਇਹ ਸੁਣਦਿਆਂ ਮੇਰਾ ਗੱਚ ਭਰ ਆਇਆ।

ਮੈਂ ਸੋਚਦਾ ਹਾਂ ਕਿ ਇਸ ਸੰਘਰਸ਼ ਨੇ ਆਮ ਲੋਕਾਂ ਵਿਚ ਨਵੀਂ ਰੂਹ ਫੂਕੀ ਹੈ। ਲੋਕਾਂ ਕੋਲ ਅਗਲੇ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਸੁਆਲ ਕਰਨ ਦੀ ਜੁਅਰਤ ਫਿਰ ਤੋਂ ਆਈ ਹੈ। ਸਿਆਸੀ ਧਿਰਾਂ ਇਨ੍ਹਾਂ ਦੇ ਸਵਾਲਾਂ ਤੋਂ ਕੰਨੀ ਕਤਰਾਉਂਦੀਆਂ ਅੱਖਾਂ ਨੀਵੀਆਂ ਕਰਨ ਲੱਗੀਆਂ ਹਨ। ਆਸਮਾਨ ਵਿਚੋਂ ਸੰਘਣੇ ਬੱਦਲ ਪਾਟਣ ਲੱਗੇ। ਵਿਰਲਾਂ ਜਿਹੀਆਂ ਵਿਚਦੀ ਦੂਰ ਖਲਾਅ 'ਚੋਂ ਨਿੱਖਰਿਆ-ਨਿੱਖਰਿਆ ਨੀਲਾ ਅੰਬਰ ਦਿਖਾਈ ਦੇਣ ਲੱਗਿਆ। ਲੋਕਾਂ ਦਾ ਹੜ੍ਹ ਲਗਾਤਾਰ ਵਧ ਰਿਹਾ ਸੀ। ਵਿਧਾਤਾ ਸਿੰਘ ਤੀਰ ਦੀ ਨਜ਼ਮ ਚੇਤੇ ਆਈ: 'ਜੁੱਗ ਜੁੱਗ ਜਿਊਣ ਹਾਲੀਆ, ਤੇਰੇ ਬਲਦ ਘੁੰਗਰੂਆਂ ਵਾਲੇ।' ਮੈਂ ਵੀ ਤੁਰੇ ਜਾਂਦੇ ਲੋਕਾਂ ਵਿਚ ਰਲਣ ਦੀ ਕੋਸ਼ਿਸ਼ ਕਰ ਰਿਹਾ ਸਾਂ।



*ਖੱਬਿਓਂ: ਸੋਹਣ ਸਿੰਘ ਸੀਤਲ, ਪ੍ਰੋ. ਮੋਹਨ ਸਿੰਘ ਅਤੇ ਵਿਧਾਤਾ ਸਿੰਘ ਤੀਰ*

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 1 ਜਨਵਰੀ 2022 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-514



**ਲੱਤ ਚੁੱਕ ਕੇ ਮੂਤਦੇ ਕੁੱਤੇ, ਸਾਰਾ ਜੱਗ ਹੈ ਕਹਿੰਦਾ,**
**ਆਦਤ ਤੋਂ ਮਜਬੂਰ ਹੋ ਕੇ, ਕੀ ਨਹੀਂ ਕਰਨਾ ਪੈਂਦਾ।**
**ਬੈਠੇ ਵਿਚ ਕਤਾਰ ਨੇ ਦੇਖੋ, ਵਾਰੀ ਦੀ ਕਰੇ ਉਡੀਕ,**
**ਜੰਗ.ਲ ਬੇਲੇ ਸਾਰੇ ਕੱਟ 'ਤੇ, ਬੰਦੇ ਲਈ ਵੀ ਨਾ ਠੀਕ।**

## ਕੈਪਸ਼ਨ ਮੁਕਾਬਲਾ-512



ਸਰਕਾਰੀ ਮਾਰ, ਕਦੇ ਮਾਰ ਕੁਦਰਤੀ
ਸਭ ਸਾਡੇ ਹਿੱਸੇ ਰਹਿ ਗਿਆ।
'ਚੰਗੇ ਦਿਨਾਂ' ਦੇ ਲਾਰੇ ਖੁਰ ਗਏ
ਬੱਸ ਰੋਣਾ ਪੱਲੇ ਪੈ ਗਿਆ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਬੇਵਸੀ 'ਚ ਵੱਸਦੇ ਮਜ਼ਦੂਰ,
ਅੱਜ ਕਿਤੇ, ਕੱਲ੍ਹ ਕਿਤੇ,
ਮਿਹਨਤ ਕਰ ਕਰ ਢਿੱਡ ਭਰਦੇ,
ਰੋਣਾ-ਧੋਣਾ, ਮੁਸੀਬਤਾਂ 'ਚ ਜਕੜੇ ਹੋਏ
ਸਰਕਾਰਾਂ ਆਉਂਦੀਆਂ ਹੰਝੂ ਪੂੰਝ
ਤੁਰਦੀਆਂ ਬਣਦੀਆਂ
ਮਰਹੂਮ ਕਵੀ ਲਾਲ ਸਿੰਘ ਦਿਲ ਨੇ
ਠੀਕ ਕਿਹਾ
'ਜਾ ਰਿਹਾ ਇਕ ਲੰਮਾ ਲਾਰਾ,
ਮੋਢਿਆਂ 'ਤੇ ਬਾਂਸ ਚੁੱਕੀ,
.......
ਦੇ ਰਿਹਾ ਸੰਦੇਸ਼ ਹੈ,....
ਐ ਡੱਕੇ ਚੁਗਣ ਵਾਲਿਓ,
ਖਿਆਲ ਚੁਗੋ......।
***-ਦਰਸ਼ਨ ਪਾਲ ਦੁਸਾਂਝ***

---

ਸੰਘਰਸ਼ੀ ਮਾਂ ਦੀ ਤਰਸਯੋਗ ਹਾਲਤ,
ਰੱਬ ਨੂੰ ਵੀ ਦੇਖ ਕੇ ਰੋਣਾ ਆ ਜਾਵੇ।
ਮਨ ਦੀ ਜਵਾਲਾ ਸ਼ਾਂਤ ਕਰਨ ਲਈ,
ਵਿਚਾਰੀ ਅੱਥਰੂਆਂ ਦੀ ਝੜੀ ਲਗਾਵੇ।
ਭੁੱਖਣ-ਭਾਣੇ ਕੰਮ ਕਰਦੀ ਦਿਨ ਭਰ,
ਦੁਖ ਦਰਦ ਕੋਈ ਵੰਡਾਵੇ ਨਾ,
ਸਰਕਾਰੋਂ ਮੁਖੌਟੇ ਨੂੰ ਰਾਜਸੀ ਪੁੱਠ ਚੜ੍ਹੀ,
ਇਨਸਾਨੀਅਤ ਦੀ ਲੋਅ ਕਿਧਰੋਂ ਆਵੇ ਨਾ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾ (ਪਟਿਆਲਾ)***
***ਫੋਨ: 98784-69639***

---

ਹਾਲ ਗਰੀਬੀ ਦੇਖ ਅਸਾਡੇ,
ਖੁੱਲ੍ਹੇ ਅੰਬਰਾਂ ਥੱਲੇ ਡੇਰਾ,
ਸੁੱਟ ਕੇ ਚੈੱਕ ਵਿਛਾ ਚਟਾਈ,
ਅਸਾਡੜਾ ਰੈਣ ਵਸੇਰਾ।
ਪਿੱਠ ਭੁਆਂ ਕੇ ਬੈਠੀ ਹੈ ਮਾਂ,
ਖਾਣਾ ਬੱਚੇ ਮੂਹਰੇ ਰੱਖ,
ਜੇ ਬਚਿਆ ਤਾਂ ਖਾ ਲਾਂ'ਗੀ,
ਪਹਿਲੇ ਬੱਚਾ ਜਾਵੇ ਰੱਜ।
***-ਸੇਵਾ ਸਿੰਘ ਨੂਰਪੁਰ***

---

ਕੀ ਹੈ ਇਸ ਦੀ ਕਹਾਣੀ,
ਆਂਚਲ ਵਿਚ ਦੁੱਧ
ਅੱਖਾਂ ਵਿਚ ਪਾਣੀ।
ਉਮਰ ਤੇ ਜ਼ਿੰਦਗੀ
ਵਿਚ ਇਹ ਹੈ ਫਰਕ
ਜੋ ਆਪਣਿਆਂ ਤੋਂ ਬਿਨਾਂ ਬੀਤੀ,
ਉਹ ਤਾਂ ਉਮਰ,
ਜੋ ਆਪਣਿਆਂ ਦੇ ਨਾਲ ਬੀਤੀ
ਉਹ ਜ਼ਿੰਦਗਾਨੀ
***-ਬੱਲਾ ਲਬਾਣਾ।***
***ਫੋਨ: 848-235-8344***

---

ਕੈਸੀ ਤੇਰੀ ਕੁਦਰਤ,
ਕੈਸਾ ਤੇਰਾ ਨਿਆਂ,
ਇਕਨਾ ਲਈ ਇਹ ਸਾਰੀ ਧਰਤੀ,
ਮੇਰੇ ਲਈ ਨਾ ਕੋਈ ਥਾਂ,
ਖਾਣ ਲਈ ਵੀ ਮੇਰੇ ਕੁਝ ਨਾ ਪੱਲੇ,
ਫੇਰ ਕਿਉਂ ਨਾ ਰੁਗ ਭਰਾਂ?
***-ਅੰਮ੍ਰਿਤ ਰੰਧਾਵਾ***

# ਜਿਹੜੇ ਇਕੱਠੇ ਜੂਝਦੇ ਨੇ, ਉਹ ਜਿੱਤਦੇ ਨੇ: ਅਰੁੰਧਤੀ ਰਾਏ

***ਜਾਮੀਆ ਮਿਲੀਆ ਇਸਲਾਮੀਆ ਅਤੇ ਇਸ ਦੇ ਵਿਦਿਆਰਥੀਆਂ 'ਤੇ ਹਮਲੇ ਦੇ ਦੋ ਸਾਲ ਪੂਰੇ ਹੋਣ 'ਤੇ 15 ਦਸੰਬਰ 2021 ਨੂੰ ਪ੍ਰੈੱਸ ਕਲੱਬ ਦਿੱਲੀ ਵਿਖੇ ਸਮਾਗਮ ਕੀਤਾ ਗਿਆ। ਇਸ ਸਮਾਗਮ ਵਿਚ ਉਘੀ ਲੇਖਕ, ਕਾਰਕੁਨ ਅਤੇ ਵੱਖ-ਵੱਖ ਮੁੱਦਿਆਂ 'ਤੇ ਆਵਾਜ਼ ਬੁਲੰਦ ਕਰਨ ਵਾਲੀ ਅਰੁੰਧਤੀ ਰਾਏ ਨੇ ਵੀ ਸੰਬੋਧਨ ਕੀਤਾ। ਆਪਣੇ ਸੰਬੋਧਨ ਵਿਚ ਉਨ੍ਹਾਂ ਕਿਸਾਨ ਅੰਦੋਲਨ ਦੀ ਮਿਸਾਲ ਦਿੰਦਿਆਂ ਕਿਹਾ ਕਿ ਜਿਸ ਤਰ੍ਹਾਂ ਸਰਕਾਰ ਨੂੰ ਖੇਤੀਬਾੜੀ ਕਾਨੂੰਨ ਵਾਪਸ ਲੈਣੇ ਪਏ, ਉਸੇ ਤਰ੍ਹਾਂ ਸੀ.ਏ.ਏ.-ਐਨ.ਆਰ.ਸੀ. ਵੀ ਵਾਪਸ ਲੈਣਾ ਪਵੇਗਾ। 'ਪੰਜਾਬ ਟਾਈਮਜ਼' ਲਈ ਇਸ ਭਾਸ਼ਣ ਦਾ ਉਚੇਚਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।***

**ਅਰੁੰਧਤੀ ਰਾਏ**
**ਅਨੁਵਾਦ : ਬੂਟਾ ਸਿੰਘ**






***ਪ੍ਰੈੱਸ ਕਲੱਬ ਦਿੱਲੀ ਵਿਚ ਸਮਾਗਮ ਦੌਰਾਨ ਅਰੁੰਧਤੀ ਰਾਏ ਅਤੇ ਉਨ੍ਹਾਂ ਦੇ ਸਾਥੀ।***

ਅੱਜ ਜਦੋਂ ਅਸੀਂ ਨਵੀਂ ਦਿੱਲੀ ਵਿਚ ਜਾਮੀਆ ਮਿਲੀਆ ਇਸਲਾਮੀਆ ਉੱਪਰ ਦਿੱਲੀ ਪੁਲਿਸ ਦੇ ਹਮਲੇ ਦੇ ਦੋ ਸਾਲ ਮਨਾ ਰਹੇ ਹਾਂ ਤਾਂ ਸਾਨੂੰ ਸੀ.ਏ.ਏ.-ਐਨ.ਆਰ.ਸੀ.ਬਾਰੇ ਗੱਲ ਕਰਨੀ ਚਾਹੀਦੀ ਹੈ। ਸਾਨੂੰ ਇਹ ਯਾਦ ਰੱਖਣ ਦੀ ਲੋੜ ਹੈ ਕਿ ਜਾਮੀਆ ਤੋਂ ਸ਼ਾਹੀਨ ਬਾਗ ਤੱਕ ਅਤੇ ਪੂਰੇ ਮੁਲਕ ਵਿਚ ਜੋ ਅੰਦੋਲਨ ਉਠਿਆ, ਉਹ ਕਿਨ੍ਹਾਂ ਅੰਦੇਸ਼ਿਆਂ ਕਾਰਨ ਉਠਿਆ ਸੀ। ਆਖਿਰਕਾਰ ਸੀ.ਏ.ਏ.-ਐਨ.ਆਰ.ਸੀ. ਦੀ ਅਸਲੀਅਤ ਕੀ ਹੈ?

2019 ਵਿਚ, ਜਦੋਂ ਸੀ.ਏ.ਏ.-ਐਨ.ਆਰ.ਸੀ. ਦੀ ਗੱਲ ਹੋ ਰਹੀ ਸੀ, ਮੈਂ ਅਸਾਮ ਗਈ ਅਤੇ ਬ੍ਰਹਮਪੁੱਤਰ ਨਦੀ ਦੇ ਪਿੰਡਾਂ ਅਤੇ ਛੋਟੇ ਟਾਪੂਆਂ ਦਾ ਦੌਰਾ ਕੀਤਾ ਜਿੱਥੇ 19 ਲੱਖ ਲੋਕਾਂ ਦੇ ਨਾਮ ਐਨ.ਆਰ.ਸੀ. ਵਿਚੋਂ ਕੱਢ ਦਿੱਤੇ ਗਏ ਸਨ।

ਦਰਅਸਲ ਐਨ.ਆਰ.ਸੀ. ਦੀ ਇਹ ਚਰਚਾ ਆਸਾਮ ਵਿਚ ਬੰਗਲਾਦੇਸ਼ੀ ਪਰਵਾਸੀਆਂ ਖਿਲਾਫ ਸ਼ੁਰੂ ਹੋਈ ਸੀ। ਹੁਣ ਇਸ ਨੂੰ ਪੂਰੇ ਮੁਲਕ ਵਿਚ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਜਿਸ ਨਾਲ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਲਿਆਂਦਾ ਗਿਆ। ਸੀ.ਏ.ਏ. ਅਤੇ ਐਨ.ਆਰ.ਸੀ. ਜੁੜਵੇਂ ਰੂਪ 'ਚ ਮੁਸਲਿਮ ਭਾਈਚਾਰੇ ਖਿਲਾਫ ਲਿਆਂਦੇ ਗਏ ਹਨ। ਇਹ ਫਾਸ਼ੀਵਾਦੀ, ਸੱਜੇ ਪੱਖੀ, ਹਿੰਦੂ ਸਰਕਾਰ ਆਪਣੇ ਨਾਗਰਿਕਾਂ ਨੂੰ ਗੈਰ-ਕਾਨੂੰਨੀ ਕਰਾਰ ਦੇਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਜੇ ਤੁਸੀਂ ਅਮਲ 'ਚ ਦੇਖੋ ਕਿ ਆਸਾਮ ਵਿਚ ਕੀ ਹੋ ਰਿਹਾ ਹੈ, ਤਾਂ ਜ਼ਿਆਦਾਤਰ ਲੋਕ ਜਿਨ੍ਹਾਂ ਨੂੰ ਐਨ.ਆਰ.ਸੀ. ਤੋਂ ਬਾਹਰ ਕੱਢਿਆ ਗਿਆ ਹੈ, ਉਹ ਮੁਸਲਮਾਨ ਨਹੀਂ ਹਨ। ਅਜਿਹਾ ਇਸ ਲਈ ਹੋਇਆ ਕਿਉਂਕਿ ਉੱਥੋਂ ਦੇ ਮੁਸਲਿਮ ਲੋਕਾਂ ਨੂੰ ਆਪਣੇ ਉੱਪਰ ਮੰਡਲਾ ਰਹੇ ਖਤਰਿਆਂ ਦਾ ਅੰਦਾਜ਼ਾ ਸੀ, ਉਨ੍ਹਾਂ ਨੇ ਆਪਣੇ ਕਾਗਜ਼ਾਂ ਨੂੰ ਧਿਆਨ ਨਾਲ ਸੰਭਾਲ ਲਿਆ ਸੀ। ਉੱਥੇ ਜਿਨ੍ਹਾਂ ਲੋਕਾਂ ਕੋਲ ਕਾਗਜ਼ ਨਹੀਂ ਹਨ, ਉਹ ਹਨ ਗਰੀਬ, ਦਲਿਤ, ਆਦਿਵਾਸੀ, ਔਰਤਾਂ। ਇਉਂ ਸੀ.ਏ.ਏ.-ਐਨ.ਆਰ.ਸੀ. ਇਸ ਕੱਟੜਪੰਥੀ, ਫਾਸ਼ੀਵਾਦੀ ਸਰਕਾਰ ਦਾ ਅਜਿਹਾ ਕਦਮ ਹੈ ਜੋ ਇਸ ਮੁਲਕ ਦੇ ਨਾਗਰਿਕਾਂ ਦੇ ਪੈਰਾਂ ਹੇਠੋਂ ਜ਼ਮੀਨ ਖਿੱਚ ਲੈਣ ਲਈ ਬਣਾਇਆ ਗਿਆ ਹੈ।

ਇਤਿਹਾਸ ਵਿਚ ਅਜਿਹਾ ਸਿਰਫ ਇਕ ਵਾਰ ਹੀ ਹੋਇਆ ਹੈ ਕਿ ਕਿਸੇ ਰਾਜ ਨੇ ਮੁਲਕ ਦੇ ਲੋਕਾਂ ਨੂੰ ਕਿਹਾ ਹੋਵੇ ਕਿ ਉਹ ਇਸ ਦਾ ਫੈਸਲਾ ਕਰੇਗਾ ਕਿ ਮੁਲਕ ਵਿਚ ਰਹਿਣ ਵਾਲੇ ਲੋਕਾਂ ਵਿੱਚੋਂ ਕੌਣ ਨਾਗਰਿਕ ਹੈ, ਅਤੇ ਇਸ ਦਾ ਫੈਸਲਾ ਉਨ੍ਹਾਂ ਦਸਤਾਵੇਜ਼ਾਂ ਦੇ ਆਧਾਰ 'ਤੇ ਕੀਤਾ ਜਾਵੇਗਾ ਜਿਸ ਦੀ ਮਨਜ਼ੂਰੀ ਰਾਜ ਦੇਵੇਗਾ। ਇਹ ਨਾਜ਼ੀ ਜਰਮਨੀ ਵਿਚ 1935 ਵਿਚ ਹੋਇਆ ਸੀ, ਜਦੋਂ ਨਿਊਰਮਬਰਗ ਨਾਗਰਿਕਤਾ ਕਾਨੂੰਨ ਬਣਾਏ ਗਏ ਸਨ। ਹਿਟਲਰ ਦੇ ਰਾਜ ਨੇ ਨਾਗਰਿਕਤਾ ਸਾਬਤ ਕਰਨ ਲਈ ਜਿਸ ਕਿਸਮ ਦੇ ਦਸਤਾਵੇਜ਼ ਤੈਅ ਕੀਤੇ ਸਨ, ਉਨ੍ਹਾਂ ਨੂੰ ਹੁਣ ਲੀਗੇਸੀ ਪੇਪਰਜ਼ (ਵਿਰਾਸਤੀ ਕਾਗਜ਼ਾਤ) ਕਿਹਾ ਜਾਂਦਾ ਹੈ।

ਹਾਨਾ ਅਰੇਂਟ ਯਹੂਦੀ ਬੁੱਧੀਜੀਵੀ ਸੀ ਜਿਸ ਨੇ ਕਿਹਾ ਸੀ ਕਿ ਨਾਗਰਿਕਤਾ ਅਧਿਕਾਰਾਂ ਦਾ ਅਧਿਕਾਰ ਹੈ ਜਿਸ ਦੇ ਹੋਣ ਨਾਲ ਤੁਹਾਨੂੰ ਸਾਰੇ ਅਧਿਕਾਰ ਮਿਲਦੇ ਹਨ। ਕੀ ਹੋਵੇਗਾ, ਜਦੋਂ ਤੁਹਾਡੀ ਨਾਗਰਿਕਤਾ ਹੀ ਖਤਰੇ ਦੇ ਮੂੰਹ ਆ ਜਾਵੇ? ਜਦੋਂ ਪੂਰੀ ਦੀ ਪੂਰੀ ਆਬਾਦੀ, ਦਲਿਤਾਂ, ਮੁਸਲਮਾਨਾਂ, ਆਦਿਵਾਸੀਆਂ ਦੀ ਨਾਗਰਿਕਤਾ ਖਤਰੇ ਵਿਚ ਪੈ ਜਾਵੇ? ਉਨ੍ਹਾਂ ਲਈ ਆਸਾਮ ਵਿਚ ਡਿਟੇਂਸ਼ਨ ਸੈਂਟਰ ਬਣਾਏ ਜਾ ਰਹੇ ਹਨ। ਤੁਸੀਂ ਜਾਣਦੇ ਹੋਵੋਗੇ ਕਿ ਉਹ ਲੋਕ ਕੌਣ ਹਨ ਜੋ ਉਨ੍ਹਾਂ ਨੂੰ ਬਣਾਉਣ ਲਈ ਮਿਹਨਤ ਕਰ ਰਹੇ ਹਨ, ਉਨ੍ਹਾਂ ਦੀ ਸਮਾਜਿਕ ਅਤੇ ਆਰਥਕ ਹਾਲਾਤ ਕੀ ਹਨ, ਕਿਸੇ ਦਿਨ ਉਹ ਖੁਦ ਵੀ ਉਸ ਕੇਂਦਰ ਵਿਚ ਕੈਦ ਹੋ ਸਕਦੇ ਹਨ ਪਰ ਜਿਸ ਪੱਧਰ 'ਤੇ ਸੀ.ਏ.ਏ.-ਐਨ.ਆਰ.ਸੀ.ਲਾਗੂ ਕੀਤਾ ਜਾ ਰਿਹਾ ਹੈ, ਉਸ ਨਾਲ ਕਰੋੜਾਂ ਲੋਕਾਂ ਨੂੰ ਖਤਰਾ ਹੈ, ਅਤੇ ਕੀ ਸਰਕਾਰ ਕਰੋੜਾਂ ਲੋਕਾਂ ਨੂੰ ਡਿਟੈਂਸ਼ਨ ਸੈਂਟਰਾਂ ਵਿਚ ਰੱਖ ਸਕਦੀ ਹੈ? ਨਹੀਂ।

ਇਹ ਡਿਟੈਂਸ਼ਨ ਸੈਂਟਰ ਇਸ ਲਈ ਵੀ ਬਣਾਏ ਜਾ ਰਹੇ ਹਨ ਤਾਂ ਜੋ ਇਹ ਸਾਡੀ ਕਲਪਨਾ ਵਿਚ ਇਹ ਗੱਲ ਬਿਠਾ ਦੇਣ ਕਿ ਇਨ੍ਹਾਂ ਲੋਕਾਂ ਦੀ ਜਗ੍ਹਾ ਡਿਟੈਂਸ਼ਨ ਸੈਂਟਰ ਹੀ ਹੈ। ਮੁਸਲਮਾਨਾਂ, ਆਦਿਵਾਸੀਆਂ, ਦਲਿਤਾਂ ਦੀ ਥਾਂ ਡਿਟੈਂਸ਼ਨ ਸੈਂਟਰਾਂ ਵਿਚ ਹੈ ਕਿਉਂਕਿ ਉਨ੍ਹਾਂ ਨੂੰ ਕੋਈ ਅਧਿਕਾਰ ਨਹੀਂ ਹਨ। ਜਦੋਂ ਭਾਈਚਾਰਿਆਂ ਤੋਂ ਉਨ੍ਹਾਂ ਦੇ ਅਧਿਕਾਰ ਖੋਹ ਲਏ ਜਾਣ ਤਾਂ ਉਨ੍ਹਾਂ ਦੀ ਸਮਾਜੀ ਸਥਿਤੀ ਕੀ ਹੋਵੇਗੀ? ਇਹ ਨਵੀਂ ਜਾਤ ਪ੍ਰਣਾਲੀ ਵਾਂਗ ਹੋਵੇਗੀ। ਇਹ ਹਕੂਮਤ ਇਕ ਤਰ੍ਹਾਂ ਨਾਲ ਨਵੀਂ ਜਾਤ ਪ੍ਰਣਾਲੀ ਬਣਾ ਰਹੀ ਹੈ ਜੋ ਪੁਰਾਣੀ ਜਾਤ ਪ੍ਰਣਾਲੀ ਦੇ ਨਾਲ-ਨਾਲ ਚੱਲੇਗੀ, ਜਿਸ ਵਿਚ ਕੁਝ ਨਾਗਰਿਕਾਂ ਦੇ ਅਧਿਕਾਰ ਹੋਣਗੇ, ਕੁਝ ਨੂੰ ਨਹੀਂ। ਅਜਿਹੀ ਸਥਿਤੀ ਵਿਚ, ਅਸੀਂ ਸਾਰੇ ਉੱਜੜ ਜਾਵਾਂਗੇ, ਖਿੰਡ ਜਾਵਾਂਗੇ ਅਤੇ ਇਸ ਮੁਲਕ ਵਿਚ, ਇਸ ਸਮਾਜ ਵਿਚ ਆਪਣੀ ਜਗ੍ਹਾ ਦੀ ਭਾਲ ਵਿਚ ਭਟਕਦੇ ਫਿਰਾਂਗੇ। ਐਸੀ ਹਾਲਤ ਵਿਚ ਅਸੀਂ ਕਿਵੇਂ ਲੜਾਂਗੇ?

ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਅਤੇ ਜਾਮੀਆ ਮਿਲੀਆ ਇਸਲਾਮੀਆ ਦੇ ਵਿਦਿਆਰਥੀਆਂ ਨੇ ਜੋ ਕੀਤਾ, ਉਸ ਨੂੰ ਸਾਨੂੰ ਇਸੇ ਪ੍ਰਸੰਗ 'ਚ ਸਮਝਣ ਦੀ ਜ਼ਰੂਰਤ ਹੈ। ਉਨ੍ਹਾਂ ਨੇ ਜੋ ਕੀਤਾ, ਬਹੁਤ ਮਹੱਤਵਪੂਰਨ ਹੈ। ਉਹ ਇਸ ਬੁਨਿਆਦੀ ਖਤਰੇ ਨੂੰ ਸਮਝਦੇ ਸਨ ਅਤੇ ਉਨ੍ਹਾਂ ਨੇ ਕਿਹਾ ਕਿ ਇਹ ਐਸਾ ਖਤਰਾ ਹੈ ਜਿਸ ਦਾ ਮੁਕਾਬਲਾ ਕਰਨਾ ਹੋਵੇਗਾ ਅਤੇ ਸਰਕਾਰ ਨੂੰ ਇਸ ਨੂੰ ਵਾਪਸ ਲੈਣ ਲਈ ਮਜਬੂਰ ਕਰਨਾ ਹੋਵੇਗਾ।

ਤੇ ਉਹ ਸਾਡੇ ਸਾਰਿਆਂ ਲਈ ਡਟੇ ਅਤੇ ਲੜੇ।

ਜੇਕਰ ਤੁਸੀਂ ਭਾਜਪਾ ਅਤੇ ਆਰ.ਐਸ.ਐਸ. ਦੀ ਵਿਚਾਰਧਾਰਾ 'ਤੇ ਨਜ਼ਰ ਮਾਰਦੇ ਹੋ ਤਾਂ ਉਹ ਜਿਨ੍ਹਾਂ ਨੂੰ ਸ਼ਰੇਆਮ ਨਫਰਤ ਕਰਦੇ ਹਨ, ਉਹ ਹਨ ਮੁਸਲਮਾਨ, ਇਸਾਈ ਅਤੇ ਕਮਿਊਨਿਸਟ। ਇਨ੍ਹਾਂ ਤਿੰਨਾਂ ਭਾਈਚਾਰਿਆਂ ਪ੍ਰਤੀ ਉਨ੍ਹਾਂ ਦੀ ਨਫਰਤ ਜਨਤਕ ਹੈ ਪਰ ਇਹ ਸਰਕਾਰ ਐਸੀ ਹੈ ਜੋ ਸਭ ਨੂੰ ਨਫਰਤ ਕਰਦੀ ਹੈ। ਇਹ ਆਪਣੇ ਆਪ ਨੂੰ ਦੇਸ਼ ਭਗਤ ਕਹਿੰਦੀ ਹੈ ਪਰ ਮੁਲਕ ਦੇ ਗਰੀਬਾਂ, ਮਜ਼ਦੂਰਾਂ, ਆਦਿਵਾਸੀਆਂ, ਦਲਿਤਾਂ ਨਾਲ ਨਫਰਤ ਕਰਦੀ ਹੈ। ਇਹ ਨਾ ਸਿਰਫ ਮੁਸਲਮਾਨਾਂ ਨੂੰ ਨਫਰਤ ਕਰਦੀ ਹੈ ਸਗੋਂ ਆਪਣੇ ਵੋਟਰਾਂ ਨੂੰ ਵੀ ਨਫਰਤ ਕਰਦੀ ਹੈ। ਜੇ ਤੁਸੀਂ ਇਹ ਜਾਣਨਾ ਚਾਹੁੰਦੇ ਹੋ ਤਾਂ ਤੁਸੀਂ ਨਰਿੰਦਰ ਮੋਦੀ ਦਾ ਕੰਮ ਕਰਨ ਦਾ ਤਰੀਕਾ ਦੇਖੋ। ਉਸ ਵੱਲੋਂ ਚੁੱਕੇ ਗਏ ਕਦਮਾਂ ਤੋਂ ਝਲਕਦਾ ਹੈ ਕਿ ਅਵਾਮ ਐਸੇ ਦੁਸ਼ਮਣ ਹਨ ਜਿਨ੍ਹਾਂ ਉੱਪਰ ਘਾਤ ਲਾ ਕੇ ਹਮਲਾ ਕਰਨਾ ਹੈ।

ਸਭ ਤੋਂ ਪਹਿਲਾਂ ਇਹ ਅੱਧੀ ਰਾਤ ਨੂੰ ਨੋਟਬੰਦੀ ਨਾਲ ਸ਼ੁਰੂ ਹੋਇਆ। ਇਹ ਇਸ ਤਰ੍ਹਾਂ ਸੀ ਜਿਵੇਂ ਕੋਈ ਕ੍ਰਿਕਟ ਦਾ ਬੱਲਾ ਲੈ ਕੇ ਤੁਹਾਡੀ ਰੀੜ੍ਹ ਦੀ ਹੱਡੀ ਤੋੜ ਦੇਵੇ। ਨੋਟਬੰਦੀ ਅਜਿਹਾ ਹੀ ਹਮਲਾ ਸੀ। ਇਸ ਤੋਂ ਬਾਅਦ ਸੀ.ਏ.ਏ.-ਐਨ.ਆਰ.ਸੀ. ਆਇਆ। ਜਿਸ ਤਰ੍ਹਾਂ ਉਸ ਨੇ ਪਹਿਲਾਂ ਨੋਟਬੰਦੀ ਕੀਤੀ ਸੀ, ਉਸੇ ਤਰ੍ਹਾਂ ਕੋਵਿਡ ਮਹਾਮਾਰੀ ਦੌਰਾਨ, ਚਾਰ ਘੰਟਿਆਂ ਦੇ ਨੋਟਿਸ ਨਾਲ ਤਾਲਾਬੰਦੀ ਲਗਾ ਦਿੱਤੀ। ਇਸ ਦੇ ਨਤੀਜੇ ਵਜੋਂ ਅਸੀਂ ਦੇਖਿਆ ਕਿ ਕਿਵੇਂ ਲੱਖਾਂ ਮਜ਼ਦੂਰਾਂ ਲਈ ਭਿਆਨਕ ਤ੍ਰਾਸਦੀ ਪੈਦਾ ਹੋ ਗਈ। ਇਸ ਸਰਕਾਰ ਦੇ ਜ਼ਿਹਨ ਵਿਚ ਹੀ ਨਹੀਂ ਸੀ ਕਿ ਇਸ ਮੁਲਕ ਵਿਚ ਅਜਿਹੇ ਲੋਕ ਹਨ ਜੋ ਇਕ-ਇਕ ਕਮਰੇ ਵਿਚ ਰਹਿੰਦੇ ਹਨ, ਜਿਸ ਦਾ ਉਨ੍ਹਾਂ ਨੇ ਕਿਰਾਇਆ ਦੇਣਾ ਹੈ, ਉਨ੍ਹਾਂ ਨੂੰ ਉਸ ਲਈ ਕੰਮ ਕਰਨਾ ਪੈਣਾ ਹੈ, ਨਹੀਂ ਤਾਂ ਉਹ ਸ਼ਹਿਰ ਵਿਚ ਨਹੀਂ ਰਹਿ ਸਕਦੇ। ਲੌਕਡਾਊਨ ਲਗਾਏ ਜਾਣ 'ਤੇ ਉਨ੍ਹਾਂ ਨੂੰ ਰਾਤੋ-ਰਾਤ ਹਜ਼ਾਰਾਂ ਮੀਲ ਪੈਦਲ ਚੱਲ ਕੇ ਆਪਣੇ ਪਿੰਡ ਪਰਤਣਾ ਪਿਆ।

ਫਿਰ ਉਸ ਤੋਂ ਬਾਅਦ ਕਿਸਾਨ ਐਕਟ ਆਏ ਜਿਨ੍ਹਾਂ ਦਾ ਉਦੇਸ਼ ਕਿਸਾਨਾਂ ਦੀਆਂ ਜ਼ਮੀਨਾਂ ਖੋਹਣਾ ਹੈ। ਇਹ ਕਿਸਾਨਾਂ ਦੀ ਹੋਂਦ ਨੂੰ ਖਤਮ ਕਰਨ ਵਾਲੇ ਕਾਨੂੰਨ ਹਨ। ਇਹ ਸਾਰੀਆਂ ਅਜਿਹੀਆਂ ਚੀਜ਼ਾਂ ਹਨ ਜੋ ਛੱਤੀਸਗੜ੍ਹ 'ਚ, ਨਰਮਦਾ ਘਾਟੀ 'ਚ ਪਹਿਲਾਂ ਹੀ ਚੱਲ ਰਹੀਆਂ ਹਨ ਪਰ ਉਹ ਲੋਕ ਗਰੀਬ ਹਨ, ਦੂਰ-ਦੁਰਾਡੇ ਪਿੰਡਾਂ ਵਿਚ ਰਹਿੰਦੇ ਹਨ, ਇਸ ਲਈ ਕੋਈ ਉਨ੍ਹਾਂ ਦੀ ਗੱਲ ਨਹੀਂ ਸੁਣ ਰਿਹਾ ਸੀ। ਹੁਣ ਜਦੋਂ ਪਾਣੀ ਨੱਕ ਤੱਕ ਪਹੁੰਚ ਗਿਆ ਹੈ ਤਾਂ ਸਭ ਨੂੰ ਸਮਝ ਆ ਗਈ ਹੈ ਕਿ ਇਸ ਮੁਲਕ ਉੱਪਰ ਰਾਜ ਕਰਨ ਵਾਲੇ ਲੋਕ ਕੌਣ ਹਨ ਅਤੇ ਉਹ ਕੀ ਕਰ ਰਹੇ ਹਨ।

ਵਿਦਿਆਰਥੀਆਂ ਨੇ ਇਨ੍ਹਾਂ ਸਰੋਕਾਰਾਂ ਨੂੰ ਸਮਝਿਆ ਅਤੇ ਵਿਰੋਧ ਕੀਤਾ; ਤੇ ਹੋਰ ਬਹੁਤ ਸਾਰੇ ਲੋਕਾਂ, ਕਾਰਕੁਨਾਂ, ਵਕੀਲਾਂ, ਬੁੱਧੀਜੀਵੀਆਂ, ਸਭਿਆਚਾਰਕ ਕਾਮਿਆਂ ਨੇ ਇਨ੍ਹਾਂ ਗੱਲਾਂ ਨੂੰ ਸਮਝਿਆ। ਇਸੇ ਕਾਰਨ ਉਨ੍ਹਾਂ ਉੱਪਰ ਹਮਲੇ ਕੀਤੇ ਗਏ। ਜਾਮੀਆ ਵਿਚ, ਜੇ.ਐਨ.ਯੂ. ਦੇ ਵਿਦਿਆਰਥੀਆਂ ਉੱਪਰ ਹਮਲੇ ਕੀਤੇ ਗਏ ਅਤੇ ਉਨ੍ਹਾਂ ਨੂੰ ਬਦਨਾਮ ਕੀਤਾ ਗਿਆ। 2016 ਤੋਂ ਲੈ ਕੇ ਉਮਰ ਖਾਲਿਦ ਵਰਗੇ ਵਿਦਿਆਰਥੀਆਂ ਨਾਲ ਜੋ ਕੁਝ ਹੋ ਰਿਹਾ ਹੈ, ਉਹ ਇਸ ਹਕੂਮਤ ਦੀ ਖਸਲਤ ਦਰਸਾਉਂਦਾ ਹੈ। ਇਹ ਫਾਸ਼ੀਵਾਦੀ ਹਕੂਮਤ ਸਿਰਫ ਬੁੱਧੀਜੀਵੀਆਂ ਅਤੇ ਬੌਧਿਕਤਾ ਦੇ ਖਿਲਾਫ ਨਹੀਂ, ਇਹ ਹਰ ਤਰ੍ਹਾਂ ਦੀ ਸਮਝਦਾਰੀ ਦੇ ਖਿਲਾਫ ਹੈ।

ਇਹ ਖੇਤੀਬਾੜੀ ਦੀ ਸੂਝ ਦੇ ਵਿਰੁੱਧ ਹੈ, ਇਹ ਜ਼ਮੀਨ ਉੱਪਰ ਕੰਮ ਕਰਨ ਦੀ ਸੂਝ ਦੇ ਖਿਲਾਫ ਹੈ, ਇਹ ਕਾਰੀਗਰਾਂ ਅਤੇ ਕਾਰੀਗਰਾਂ ਦੀ ਸੂਝ ਦੇ ਖਿਲਾਫ ਹੈ। ਇਸ ਨੂੰ ਨਫਰਤ ਤੋਂ ਇਲਾਵਾ ਹੋਰ ਕੁਝ ਵੀ ਸਮਝ ਨਹੀਂ ਆਉਂਦਾ। ਸਾਡੇ ਕੋਲ ਅਜਿਹੀ ਸਰਕਾਰ ਹੈ ਜੋ ਮੁਲਕ ਨੂੰ ਪਿਆਰ ਕਰਦੀ ਹੈ ਪਰ ਲੋਕਾਂ ਨੂੰ ਪਿਆਰ ਨਹੀਂ ਕਰਦੀ। ਦੋ ਦਿਨ ਪਹਿਲਾਂ ਅਸੀਂ ਦੇਖਿਆ, ਮੋਦੀ ਜੀ ਬਨਾਰਸ ਦੇ ਇਕ ਮੰਦਰ ਵਿਚ ਸੀਮਿੰਟ ਦੇ ਬਣੇ ਭਾਰਤ ਮਾਤਾ ਦੇ ਨਕਸ਼ੇ ਨੂੰ ਸਲਾਮ ਕਰ ਰਹੇ ਸਨ। ਅੱਜ ਜਦੋਂ ਉਨ੍ਹਾਂ ਦੀਆਂ ਨੀਤੀਆਂ ਕਾਰਨ ਪੂਰਾ ਮੁਲਕ ਆਰਥਿਕ ਸੰਕਟ ਅਤੇ ਕਰੋਨਾ ਮਹਾਮਾਰੀ ਨਾਲ ਹਾਲੋਂ ਬੇਹਾਲ ਹੈ, ਅੱਜ ਜਦੋਂ ਇਸ ਮੁਲਕ ਦੇ ਕਾਰਕੁਨ ਜੇਲ੍ਹਾਂ ਵਿਚ ਹਨ, ਵਿਦਿਆਰਥੀ ਜੇਲ੍ਹਾਂ ਵਿਚ ਹਨ, ਬੁੱਧੀਜੀਵੀ ਜੇਲ੍ਹ ਵਿਚ ਹਨ, ਆਖਿਰਕਾਰ ਇਹ ਕਿਸ ਮੁਲਕ ਦੀ ਪੂਜਾ ਕਰ ਰਹੇ ਸਨ? ਨਾ ਕਿਸਾਨਾਂ ਦੀ, ਨਾ ਦਲਿਤਾਂ ਦੀ, ਨਾ ਮਜ਼ਦੂਰਾਂ ਦੀ, ਨਾ ਔਰਤਾਂ ਦੀ, ਨਾ ਆਦਿਵਾਸੀਆਂ ਦੀ।

ਉਹ ਪੂਜਦੇ ਹਨ ਤਾਂ ਅੰਬਾਨੀ, ਅਡਾਨੀ ਨੂੰ।

ਇਨ੍ਹਾਂ ਹਾਲਾਤ ਨੂੰ ਬਦਲਣਾ ਪਵੇਗਾ, ਤੇ ਇਹ ਸੌਖਾ ਕੰਮ ਨਹੀਂ। ਸੱਤਾ ਉੱਪਰ ਆਪਣੀ ਪਕੜ ਰੱਖਣ ਲਈ ਉਨ੍ਹਾਂ ਨੇ ਚੋਣਾਂ ਦੀ ਵਿਵਸਥਾ ਹੀ ਬਦਲ ਦਿੱਤੀ। ਹੁਣ ਕਿਸੇ ਵੀ ਪਾਰਟੀ ਕੋਲ ਚੋਣਾਂ ਲਈ ਲੋੜੀਂਦੇ ਵਸੀਲੇ ਨਹੀਂ ਹਨ, ਭਾਜਪਾ ਹੀ ਅਜਿਹੀ ਪਾਰਟੀ ਹੈ ਜਿਸ ਕੋਲ ਚੋਣ ਫੰਡ ਹਨ। ਇਲੈਕਟੋਰਲ ਬੌਂਡਾਂ ਬਾਰੇ ਲਿਆਂਦਾ ਗਿਆ ਕਾਨੂੰਨ, ਚੋਣ ਹਲਕਿਆਂ ਦੀਆਂ ਹੱਦਾਂ ਬਦਲਣਾ - ਸਭ ਕੁਝ ਇਹ ਯਕੀਨੀ ਬਣਾਉਣ ਲਈ ਕੀਤਾ ਜਾ ਰਿਹਾ ਹੈ ਕਿ ਉਹ ਸੱਤਾ ਵਿਚ ਬਣੇ ਰਹਿਣ।

ਅੱਜ ਇਸ ਮੁਲਕ ਦੀਆਂ ਸੰਸਥਾਵਾਂ ਉੱਪਰ ਸਿਰਫ ਭਾਜਪਾ ਨਹੀਂ ਸਗੋਂ ਆਰ.ਐਸ.ਐਸ. ਅਤੇ ਉਸ ਦੀ ਵਿਚਾਰਧਾਰਾ ਦਾ ਕੰਟਰੋਲ ਹੈ। ਇਹ ਕਬਜ਼ਾ ਇਸ ਤਰ੍ਹਾਂ ਕੀਤਾ ਗਿਆ ਹੈ ਕਿ ਜੇ ਉਹ ਚੋਣ ਹਾਰ ਵੀ ਜਾਣ ਤਾਂ ਵੀ ਉਨ੍ਹਾਂ ਦੇ ਲੋਕ ਸੱਤਾ ਉੱਪਰ ਕਾਬਜ਼ ਰਹਿਣਗੇ। ਅਸੀਂ ਦੇਖਿਆ ਕਿ ਕਿਵੇਂ ਚੀਫ ਜਸਟਿਸ ਰੰਜਨ ਗੋਗੋਈ ਨੇ ਸੁਪਰੀਮ ਕੋਰਟ ਨੂੰ ਪ੍ਰਸ਼ਾਸਕੀ ਸੰਸਥਾ ਵਿਚ ਬਦਲ ਦਿੱਤਾ, ਉਸ ਨੂੰ ਸੀ.ਏ.ਏ.-ਐਨ.ਆਰ.ਸੀ. ਦੇ ਰੋਜ਼ਮਰਾ ਦੇ ਕੰਮਕਾਜ ਦੀ ਨਿਗਰਾਨੀ ਕਰਨ ਦਾ ਜ਼ਿੰਮਾ ਦੇ ਦਿੱਤਾ। ਅਜਿਹਾ ਉਦੋਂ ਕੀਤਾ ਗਿਆ, ਜਦੋਂ ਇਹ ਸਵਾਲ ਅਜੇ ਹੱਲ ਨਹੀਂ ਹੋਇਆ ਸੀ ਕਿ ਸੀ.ਏ.ਏ.-ਐਨ.ਆਰ.ਸੀ. ਸੰਵਿਧਾਨਕ ਹੈ ਵੀ ਜਾਂ ਨਹੀਂ, ਉਹ ਇਸ ਸੁਣਵਾਈ ਨੂੰ ਟਾਲਦਾ ਰਿਹਾ। ਇਨ੍ਹਾਂ ਕਾਨੂੰਨਾਂ ਦੀ ਸੰਵਿਧਾਨਕਤਾ ਉੱਪਰ ਸਵਾਲ ਉੱਠੇ ਸਨ ਅਤੇ ਅਦਾਲਤ ਇਨ੍ਹਾਂ ਨੂੰ ਤੈਅ ਕੀਤੇ ਬਿਨਾ ਲਾਗੂ ਕਰ ਰਹੀ ਸੀ। ਉਨ੍ਹਾਂ ਨੇ ਸੁਪਰੀਮ ਕੋਰਟ ਦਾ ਮਜ਼ਾਕ ਬਣਾ ਦਿੱਤਾ।

ਅਜਿਹੇ ਹਾਲਾਤ 'ਚ ਸਾਡੇ ਸਾਰਿਆਂ ਲਈ ਵੱਡਾ ਸਵਾਲ ਇਹ ਹੈ ਕਿ ਭਵਿੱਖ 'ਚ ਕੀ ਹੋਣ ਵਾਲਾ ਹੈ। ਇਸ ਦਾ ਜਵਾਬ ਉਦੋਂ ਤੱਕ ਮੁਸ਼ਕਿਲ ਰਹੇਗਾ ਜਦੋਂ ਤੱਕ ਅਸੀਂ ਇਹ ਨਹੀਂ ਸਮਝਦੇ ਕਿ ਇਹ ਸਾਰੇ ਸੰਘਰਸ਼ ਆਪਸ ਵਿਚ ਜੁੜੇ ਹੋਏ ਹਨ। ਉਹ ਚਾਹੁੰਦੇ ਹਨ ਕਿ ਅਸੀਂ ਵੱਖੋ-ਵੱਖਰੇ ਬਣੇ ਰਹੀਏ, ਜਾਮੀਆ ਦੇ ਵਿਦਿਆਰਥੀ ਸਿਰਫ ਜਾਮੀਆ ਲਈ ਲੜਨ, ਜੇ.ਐਨ.ਯੂ. ਦੇ ਵਿਦਿਆਰਥੀ ਸਿਰਫ ਜੇ.ਐਨ.ਯੂ. ਲਈ ਲੜਨ, ਛੱਤੀਸਗੜ੍ਹ ਦੇ ਲੋਕ ਸਿਰਫ ਛੱਤੀਸਗੜ੍ਹ ਲਈ ਲੜਨ, ਕਿਸਾਨ ਸਿਰਫ ਕਿਸਾਨਾਂ ਲਈ ਲੜਨ। ਉਹ ਇਹੀ ਚਾਹੁੰਦੇ ਹਨ ਕਿ ਇਕ ਜਾਤ ਦੂਜੀ ਦੇ ਖਿਲਾਫ, ਇਕ ਧਰਮ ਦੂਜੇ ਦੇ ਖਿਲਾਫ ਰਹੇ।

ਸਾਡਾ ਮੁਲਕ ਇਕ ਸਮਾਜਿਕ ਇਕਰਾਰ ਉੱਪਰ ਬਣਿਆ ਹੈ। ਇਹ ਇਕਰਾਰ ਸੈਂਕੜੇ ਭਾਈਚਾਰਿਆਂ, ਭਾਸ਼ਾਵਾਂ, ਧਰਮਾਂ, ਨਸਲਾਂ, ਜਾਤਾਂ, ਖੇਤਰਾਂ, ਨਸਲਾਂ ਵਿਚਕਾਰ ਹੈ। ਜੇ ਇਹ ਇਕਰਾਰ ਤੋੜਿਆ ਜਾਂਦਾ ਹੈ ਤਾਂ ਭਾਰਤ ਨਹੀਂ ਰਹੇਗਾ ਅਤੇ ਆਰ.ਐਸ.ਐਸ.-ਭਾਜਪਾ ਦੀ ਵਿਚਾਰਧਾਰਾ ਇਸ ਸਮਝੌਤੇ ਨੂੰ ਤੋੜਨ ਦੀ ਵਿਚਾਰਧਾਰਾ ਹੈ। ਸ਼ਾਇਦ ਦਸ ਜਾਂ ਵੀਹ ਸਾਲ ਲੱਗ ਜਾਣਗੇ ਪਰ ਇਸ ਇਕਰਾਰ ਦੇ ਟੁੱਟਣ ਤੋਂ ਬਾਅਦ ਭਾਰਤ ਵੀ ਨਹੀਂ ਰਹੇਗਾ। ਜੇ ਤੁਸੀਂ ਦੇਖਣਾ ਚਾਹੁੰਦੇ ਹੋ ਕਿ ਮੁਲਕ ਕਿਵੇਂ ਖਤਮ ਹੁੰਦੇ ਹਨ ਤਾਂ ਸੋਵੀਅਤ ਯੂਨੀਅਨ ਅਤੇ ਯੂਗੋਸਲਾਵੀਆ ਨੂੰ ਦੇਖ ਲਓ।

ਇਸ ਲਈ ਸਾਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਜਾਮੀਆ ਅਤੇ ਏ.ਐਮ.ਯੂ. ਦੇ ਵਿਦਿਆਰਥੀ ਅਤੇ ਉਹ ਸਾਰੇ ਜੋ ਸੀ.ਏ.ਏ. ਦੇ ਖਿਲਾਫ ਡਟੇ ਸਨ, ਸਮਝ ਗਏ ਸਨ ਕਿ ਇਹ ਸਾਡੇ ਮੁਲਕ ਸਾਹਮਣੇ ਬੁਨਿਆਦੀ ਖਤਰਾ ਹੈ। ਉਨ੍ਹਾਂ ਵਿਚੋਂ ਬਹੁਤ ਸਾਰੇ ਅੱਜ ਯੂ.ਏ.ਪੀ.ਏ. ਤਹਿਤ ਜੇਲ੍ਹ ਵਿਚ ਹਨ। ਕਿਸੇ ਲੋਕਤੰਤਰ ਵਿਚ ਅਜਿਹਾ ਕਾਨੂੰਨ ਕਿਵੇਂ ਹੋ ਸਕਦਾ ਹੈ ਕਿ ਤੁਸੀਂ ਕਿਸੇ ਨੂੰ ਚੁੱਕ ਕੇ ਸਾਲਾਂ ਤੱਕ ਜੇਲ੍ਹ ਵਿਚ ਸੁੱਟ ਦਿਓ। ਉਹ ਇਸ ਨੂੰ ਇਹਤਿਆਤੀ ਨਜ਼ਰਬੰਦੀ ਕਹਿੰਦੇ ਹਨ, ਲੋਕਤੰਤਰ ਵਿਚ ਅਜਿਹੇ ਕਾਨੂੰਨ ਦੀ ਥਾਂ ਕਿੱਥੇ ਹੈ? ਜਿਨ੍ਹਾਂ ਨੂੰ ਵੀ ਹਕੂਮਤ ਨੇ ਇਸ ਦਹਿਸ਼ਤਵਾਦ ਦੇ ਕਾਨੂੰਨ ਤਹਿਤ ਚੁੱਕਿਆ ਹੈ, ਉਸ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਉਹ ਦਹਿਸ਼ਤਵਾਦੀ ਨਹੀਂ ਹਨ। ਇਸੇ ਲਈ ਉਹ ਉਨ੍ਹਾਂ ਨੂੰ ਦਹਿਸ਼ਤਵਾਦੀ ਕਹਿ ਰਹੇ ਹਨ। ਸਾਈਬਾਬਾ ਦਹਿਸ਼ਤਵਾਦੀ ਨਹੀਂ ਹੈ, ਸੁਧਾ ਭਾਰਦਵਾਜ ਦਹਿਸ਼ਤਵਾਦੀ ਨਹੀਂ ਹੈ, ਆਨੰਦ ਤੇਲਤੁੰਬੜੇ ਦਹਿਸ਼ਤਵਾਦੀ ਨਹੀਂ ਹੈ, ਸੁਰਿੰਦਰ ਗੈਡਲਿੰਗ, ਗੌਤਮ ਨਵਲੱਖਾ, ਉਮਰ ਖਾਲਿਦ, ਸ਼ਰਜੀਲ ਇਮਾਮ, ਕੋਈ ਵੀ ਦਹਿਸ਼ਤਵਾਦੀ ਨਹੀਂ ਹੈ ਸਗੋਂ ਸੱਚ ਇਸ ਦੇ ਉਲਟ ਹੈ। ਤੁਸੀਂ ਜਾਣਦੇ ਹੋ ਕਿ ਖੁਰਮ ਪਰਵੇਜ਼ ਜੇਲ੍ਹ ਵਿਚ ਕਿਉਂ ਹੈ? ਕਿਉਂਕਿ ਉਹ ਕਸ਼ਮੀਰ ਵਿਚ ਮਜ਼ਬੂਤ ਪੈਰ ਦੇ ਰੂਪ ਵਿਚ ਖੜ੍ਹੇ ਸਨ, ਉਹ ਮੁਸ਼ਕਿਲ ਜ਼ਮੀਨ ਉੱਪਰ ਖੜ੍ਹੇ ਸਨ ਜਿੱਥੋਂ ਉਹ ਉੱਥੋਂ ਦੇ ਲੋਕਾਂ ਵਿਰੁੱਧ ਰਾਜ ਦੀਆਂ ਕਾਰਵਾਈਆਂ ਦੇ ਖਿਲਾਫ ਸਨ ਅਤੇ ਖਾੜਕੂਵਾਦ ਦੇ ਵੀ ਖਿਲਾਫ ਸਨ। ਭਾਰਤੀ ਸਟੇਟ ਨੇ ਕਸ਼ਮੀਰ ਉੱਪਰ ਜੋ ਦਹਿਸ਼ਤ ਥੋਪੀ ਹੈ, ਉਸ ਦੀ ਜਥੇਬੰਦੀ ਨੇ ਉਸ ਦਾ ਦਸਤਾਵੇਜ਼ੀਕਰਨ ਕੀਤਾ। ਉਹ ਜੇਲ੍ਹ ਵਿਚ ਹਨ ਕਿਉਂਕਿ ਉਨ੍ਹਾਂ ਨੇ ਉਸ ਦਹਿਸ਼ਤਗਰਦੀ ਅਤੇ ਭਾਰਤੀ ਸਟੇਟ ਦਾ ਪਰਦਾਫਾਸ਼ ਕੀਤਾ ਜੋ ਦਹਿਸ਼ਤੀ ਰਾਜ ਹੈ।

ਯੂ.ਏ.ਪੀ.ਏ. ਇਸ ਗੱਲ ਦੀ ਸਿਰਫ ਇਕ ਮਿਸਾਲ ਹੈ ਕਿ ਇਹ ਦਹਿਸ਼ਤ ਕਿਸ ਤਰ੍ਹਾਂ ਥੋਪੀ ਜਾ ਰਹੀ ਹੈ। ਅਮਿਤ ਸ਼ਾਹ ਨੇ ਯੂ.ਏ.ਪੀ.ਏ. ਨੂੰ ਹੋਰ ਵੀ ਬੇਕਿਰਕ ਬਣਾਉਂਦੇ ਹੋਏ ਇਸ ਵਿਚ ਇਹ ਜੋੜ ਦਿੱਤਾ ਕਿ ਸਿਰਫ ਸੰਸਥਾਵਾਂ ਹੀ ਨਹੀਂ ਬਲਕਿ ਵਿਅਕਤੀਆਂ ਨੂੰ ਵੀ ਦਹਿਸ਼ਤਵਾਦੀ ਮੰਨਿਆ ਜਾ ਸਕਦਾ ਹੈ। ਤੁਸੀਂ-ਅਸੀਂ, ਇੱਥੇ ਮੌਜੂਦ ਸਾਰੇ ਨੌਜਵਾਨ, ਵਿਦਿਆਰਥੀ, ਆਗੂ, ਕਾਰਕੁਨ, ਬੁੱਧੀਜੀਵੀ ਜੇਲ੍ਹ ਵਿਚ ਡੱਕੇ ਜਾ ਸਕਦੇ ਹਨ। ਪਹਿਲੀ ਅਗਸਤ, 2019 ਨੂੰ ਯੂ.ਏ.ਪੀ.ਏ. ਐਕਟ ਵਿਚ ਸੋਧ ਕਰਦੇ ਸਮੇਂ ਅਮਿਤ ਸ਼ਾਹ ਨੇ ਕੀ ਕਿਹਾ ਸੀ ਉਹ ਮੈਂ ਤੁਹਾਨੂੰ ਪੜ੍ਹ ਕੇ ਸੁਣਾਉਣਾ ਚਾਹੁੰਦੀ ਹਾਂ-

'ਬੰਦੂਕਾਂ ਦਹਿਸ਼ਤਵਾਦ ਨੂੰ ਹੱਲਾਸ਼ੇਰੀ ਨਹੀਂ ਦਿੰਦੀਆਂ। ਦਹਿਸ਼ਤਵਾਦ ਦੀ ਜੜ੍ਹ ਉਹ ਪ੍ਰਚਾਰ ਹੈ ਜੋ ਇਸ ਨੂੰ ਫੈਲਾਉਂਦਾ ਹੈ... ਜੇ ਐਸੇ ਸਾਰੇ ਵਿਅਕਤੀਆਂ ਨੂੰ ਦਹਿਸ਼ਤਗਰਦ ਐਲਾਨ ਦਿੱਤਾ ਜਾਵੇ ਤਾਂ ਮੈਨੂੰ ਨਹੀਂ ਲੱਗਦਾ ਕਿ ਕਿਸੇ ਵੀ ਸੰਸਦ ਮੈਂਬਰ ਨੂੰ ਇਸ ਉੱਪਰ ਇਤਰਾਜ਼ ਹੋਵੇਗਾ।'

ਇਹ ਵਿਦਿਆਰਥੀਆਂ ਉੱਪਰ, ਬੁੱਧੀਜੀਵੀਆਂ ਉੱਪਰ ਹਮਲਾ ਹੈ, ਇਹ ਸਾਡੇ ਸਾਰਿਆਂ ਉੱਪਰ ਹਮਲਾ ਹੈ, ਜਿਨ੍ਹਾਂ ਨੂੰ ਸ਼ਹਿਰੀ ਨਕਸਲੀ ਕਿਹਾ ਜਾਂਦਾ ਹੈ। ਸਾਨੂੰ ਸਾਰਿਆਂ ਨੂੰ ਮਿਲ ਕੇ ਇਸ ਹਮਲੇ ਦਾ ਮੁਕਾਬਲਾ ਕਰਨਾ ਪਵੇਗਾ। ਜਿਵੇਂ ਉਨ੍ਹਾਂ ਨੂੰ ਖੇਤੀਬਾੜੀ ਕਾਨੂੰਨ ਵਾਪਸ ਲੈਣੇ ਪਏ, ਉਸੇ ਤਰ੍ਹਾਂ ਉਨ੍ਹਾਂ ਨੂੰ ਸੀ.ਏ.ਏ.-ਐਨ.ਆਰ.ਸੀ. ਵਾਪਸ ਲੈਣਾ ਪਵੇਗਾ।

ਅਖੀਰ ਵਿਚ, ਮੈਂ ਦੋ ਗੱਲਾਂ ਹੋਰ ਕਹਿਣਾ ਚਾਹੁੰਦੀ ਹਾਂ। ਪਹਿਲੀ, ਉਨ੍ਹਾਂ ਨੂੰ ਸੱਤਾ ਤੋਂ ਲਾਂਭੇ ਕੀਤਾ ਜਾਵੇ। ਸਾਨੂੰ ਸਾਫ-ਸਾਫ ਕਹਿਣ ਦੀ ਲੋੜ ਹੈ ਕਿ ਜੋ ਵਿਰੋਧੀ ਪਾਰਟੀਆਂ ਆਪਸ ਵਿਚ ਲੜਦੀਆਂ ਹਨ, ਉਹ ਫਾਸ਼ੀਵਾਦੀਆਂ ਨਾਲ ਹਨ। ਉੱਤਰ ਪ੍ਰਦੇਸ਼ 'ਚ ਚੋਣਾਂ ਹੋਣ ਵਾਲੀਆਂ ਹਨ, ਅਸੀਂ ਚਾਹੁੰਦੇ ਹਾਂ ਕਿ ਫਾਸ਼ੀਵਾਦ ਖਿਲਾਫ ਸਾਰੀਆਂ ਪਾਰਟੀਆਂ ਇਕੱਠੀਆਂ ਹੋਣ। ਤੇ ਜੇਕਰ ਉਹ ਨਹੀਂ ਹੁੰਦੀਆਂ ਤਾਂ ਇਸ ਦਾ ਮਤਲਬ ਹੈ, ਉਹ ਉਨ੍ਹਾਂ ਦੇ ਨਾਲ ਹਨ।

ਦੂਸਰੀ ਗੱਲ, ਸਾਨੂੰ ਬਹੁਤ ਮਹੱਤਵਪੂਰਨ ਮੰਗ ਉਠਾਉਣ ਦੀ ਲੋੜ ਹੈ ਕਿ ਸਾਡੇ ਮੁਲਕ ਵਿਚ ਇਕ ਵਿਅਕਤੀ ਸਿਰਫ ਇਕ ਕਾਰਜਕਾਲ ਲਈ ਪ੍ਰਧਾਨ ਮੰਤਰੀ ਬਣ ਸਕਦਾ ਹੈ। ਸਾਨੂੰ ਰਾਜਿਆਂ-ਮਹਾਰਾਜਿਆਂ ਵਾਲਾ ਵਕਤ ਨਹੀਂ ਚਾਹੀਦਾ।

# ਸੁਣੋ ਦਯਾ ਸਿੰਘ ਜੀ

ਸਿੱਖੀ ਇਕ ਧਾਰਮਿਕ ਵਿਚਾਰਧਾਰਾ ਹੀ ਨਹੀਂ, ਇਹ ਤਾਂ ਇਕ ਜੀਵਨ ਜਾਚ ਵੀ ਹੈ। ਅਸੀਂ ਦਿਨ-ਬ-ਦਿਨ ਸਿੱਖੀ ਅਤੇ ਸਿੱਖੀ ਦੀ ਵਿਚਾਰਧਾਰਾ ਪ੍ਰਤੀ ਅਵੇਸਲੇ ਹੁੰਦੇ ਜਾ ਰਹੇ ਹਾਂ। ਗੁਰਬਾਣੀ ਸਾਨੂੰ ਸੁਖੀ ਜੀਵਨ ਜੀਊਣ ਦੀ ਸਿੱਖਿਆ ਦਿੰਦੀ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਆਪਣੇ ਜੀਵਨ ਨੂੰ ਸਚਿਆਰਾ ਬਣਾਉਣ ਦੇ ਲਈ ਗੁਰਬਾਣੀ ਤੋਂ ਸੇਧ ਲਈਏ ਤੇ ਇਸ ਪਾਸੇ ਵਲ ਸੰਜੀਦਾ ਉਪਰਾਲੇ ਕਰੀਏ। ਗੁਰਬਾਣੀ ਦੇ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੁਖਾਰੀ ਰਾਗ ਵਿਚ ਦਰਜ ਹੈ,

ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ ॥
ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ॥

ਪੋਹ (ਦੇ ਮਹੀਨੇ) ਵਿਚ ਕੱਕਰ ਪੈਂਦਾ ਹੈ, ਉਹ ਵਣ ਨੂੰ ਘਾਹ ਨੂੰ ਰਸ ਨੂੰ ਸੁਕਾ ਦੇਂਦਾ ਹੈ ਅਤੇ ਕੁਦਰਤ ਦੀ ਖਿੜਨ ਕਿਰਿਆ ਦੇ ਵਿਚ ਰੁਕਾਵਟ ਆ ਜਾਂਦੀ ਹੈ ਅਤੇ ਪਤਝੜ ਆ ਜਾਂਦੀ ਹੈ ਪਰ ਜੋ ਮਨੁੱਖ

**ਡਾ. ਅਜੀਤ ਸਿੰਘ ਕੋਟ ਕਪੂਰਾ**

ਉਸ ਸਮੇਂ ਕਰਤਾ ਪੁਰਖ ਨਾਲ ਆਪਣਾ ਸਬੰਧ ਬਣਾਈ ਰੱਖਦਾ ਹੈ, ਉਹ ਇਸ ਸੰਕਟਮਈ ਹਾਲਤ ਵਿਚ ਉਸ ਦੀ ਰਜ਼ਾ ਦੇ ਵਿਚ ਵੀ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਸਿਰਜਣਹਾਰ ਨੂੰ ਆਪਣੇ ਧਿਆਨ ਦੇ ਅੰਦਰ ਸਮੋਅ ਕੇ ਆਪਣਾ ਜੀਵਨ ਸੁਖਮਈ ਅਤੇ ਸੁਹਾਵਣਾ ਬਣਾ ਸਕਦੇ ਹਾਂ।

ਪੋਹ ਦੇ ਮਹੀਨੇ 'ਚ ਸਾਨੂੰ ਸਾਰਿਆਂ ਨੂੰ ਸਰਦੀ ਤੰਗ ਕਰਦੀ ਹੈ ਪਰ ਆਨੰਦਪੁਰ ਦੇ 8 ਮਹੀਨਿਆਂ ਦੇ ਜ਼ਬਰਦਸਤ ਘੇਰੇ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਤੇ ਸਿੰਘਾਂ ਵਲੋਂ ਆਨੰਦਪੁਰ ਨੂੰ ਛੱਡਣਾ, ਸਰਸਾ ਦਾ ਭਿਆਨਕ ਯੁੱਧ, ਪਰਿਵਾਰ ਵਿਛੋੜਾ, ਚਮਕੌਰ ਦੀ ਕੱਚੀ ਗੜ੍ਹੀ ਅਤੇ ਸਰਹੰਦ ਦੀਆਂ ਦੀਵਾਰਾਂ ਵਿਚ ਸਾਹਿਬਜ਼ਾਦਿਆਂ ਦੇ ਜਿਉਂਦੇ ਚਿਣੇ ਜਾਣ ਦੀ ਘਟਨਾ ਅਤੇ ਮਾਤਾ ਗੁਜਰੀ ਜੀ ਦੀ ਠੰਢੇ ਬੁਰਜ ਦੀ ਦਾਸਤਾਨ ਨੂੰ ਪੜ੍ਹ ਸੁਣ ਸਾਡੇ ਸਰੀਰਾਂ ਅੰਦਰ ਰੋਸ ਅਤੇ ਜੋਸ਼ ਦੀ ਲਹਿਰ ਦੌੜਦੀ ਹੈ।

ਅੱਠ ਤੋਂ 13 ਪੋਹ ਤਕ ਦਰਦਭਰੇ ਅਤੇ ਗ਼ੰਭੀਰ ਇਮਤਿਹਾਨਾਂ ਦਾ ਸਮਾਂ ਹੈ। ਖਾਲਸਾ ਸਾਜਨ ਸਮੇਂ ਦੀ ਗਾਥਾ ਅਤੇ ਭਾਈ ਦਯਾ ਸਿੰਘ ਜੀ ਦੇ ਸਵਾਲ ਕਿ ਇਕ ਸਿੱਖ ਵੀ ਇਕ ਸਿਰ ਦੇਵੇ ਤੇ ਇਕ ਗੁਰੂ ਵੀ ਇਕ ਸਿੱਖ ਹੀ ਦੇਵੇ ਤਾਂ ਗੁਰੂ ਤੇ ਸਿੱਖ ਵਿਚ ਕੀ ਫਰਕ ਰਹਿ ਜਾਵੇਗਾ, ਦੇ ਜਵਾਬ ਵਿਚ ਗੁਰੂ ਜੀ ਵਲੋਂ ਦਿੱਤੇ ਉਤਰ ਨੂੰ ਇਕ ਕਵੀ ਨੇ ਇਸ ਤਰ੍ਹਾਂ ਪਰੋਇਆ ਹੈ,

ਦਾਮ ਤੋਂ ਨਾ ਦੇ ਸਕੂੰ ਭੇਟਾ ਮਨਜ਼ੂਰ ਕਰੋ,
ਸੁਣੋ ਦਯਾ ਸਿੰਘ ਜੋ ਜੋ ਭੇਟ ਮੈਂ ਚੜ੍ਹਾਊਂਗਾ।

ਆਨੰਦਪੁਰ ਵਿਚ ਆਨੰਦਗੜ੍ਹ ਦੇ ਕਿਲ੍ਹੇ ਦੇ ਅੰਦਰ ਜਲ, ਪਾਣੀ ਅਤੇ ਅੰਨ-ਦਾਣਾ ਆਉਣਾ ਬੰਦ ਹੋ ਗਿਆ। ਵਿਸ਼ਾਲ ਤੇ ਲੰਮੇਰੇ ਘੇਰੇ ਦੇ ਬਾਵਜੂਦ ਸਬਰ ਅਤੇ ਸਿਦਕ ਤੋਂ ਕੰਮ ਲਿਆ ਗਿਆ। ਜਦੋਂ ਦੁਸ਼ਮਣ ਦੀਆਂ ਫੌਜਾਂ ਨੂੰ ਇਹ ਲੱਗਿਆ ਕਿ ਉਹ ਸਿੱਖਾਂ ਨੂੰ ਹਰਾ ਨਹੀਂ ਸਕਦੇ ਤਾਂ ਉਨ੍ਹਾਂ ਨੇ ਝੂਠੀਆਂ ਕਸਮਾਂ ਖਾ ਕੇ ਗੁਰੂ ਸਾਹਿਬ ਤੇ ਸਿੱਖਾਂ ਨੂੰ ਸੁਰੱਖਿਅਤ ਲਾਂਘਾ ਦੇਣ ਦਾ ਵਾਅਦਾ ਕੀਤਾ। ਕਾਫੀ ਸੋਚ ਵਿਚਾਰ ਤੋਂ ਬਾਅਦ ਕਿਲ੍ਹਾ ਖਾਲੀ ਕਰਨ ਦਾ ਮਨ ਬਣਾ ਲਿਆ ਗਿਆ। ਕਿਲ੍ਹੇ ਨੂੰ ਖਾਲੀ ਕਰਨ ਦੀ ਦੇਰ ਸੀ ਕਿ ਦੁਸ਼ਮਣ ਦਲਾਂ ਨੇ ਆਪਣੀਆਂ ਕਸਮਾਂ ਨੂੰ ਤੋੜ ਸਿੰਘਾਂ ਉਪਰ ਹਮਲਾ ਕਰ ਦਿੱਤਾ। ਪੋਹ ਦੇ ਮਹੀਨੇ ਬਾਰਿਸ਼ ਸਮੇਂ ਸ਼ੂਕਦੀ ਸਰਸਾ ਨਦੀ ਦੇ ਕੰਢੇ ਭਿਆਨਕ ਯੁੱਧ ਲੜਿਆ ਗਿਆ। ਇਸ ਸਮੇਂ ਸਰਸਾ ਦੇ ਕਿਨਾਰੇ ਹੀ ਕਲਗੀਧਰ ਦੇ ਪਰਿਵਾਰ ਦਾ ਸਦੀਵੀ ਵਿਛੋੜਾ ਪੈ ਗਿਆ। ਗੁਰੂ ਪਰਿਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ। ਇਕ ਪਾਸੇ ਗੁਰੂ ਗੋਬਿੰਦ ਸਿੰਘ, ਦੋਨੋਂ ਵੱਡੇ ਸਾਹਿਬਜ਼ਾਦੇ ਤੇ ਗਿਣਤੀ ਦੇ ਸਿੰਘ ਕੱਚੀ ਗੜ੍ਹੀ ਵਿਚ ਤੇ ਦੂਜੇ ਪਾਸੇ ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ, ਭਾਈ ਮਨੀ ਸਿੰਘ ਜੀ ਦੇ ਨਾਲ ਦਿੱਲੀ ਵਿਚ ਅਤੇ ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦੇ ਗੰਗੂ ਰਸੋਈਏ ਦੇ ਨਾਲ ਤੀਜੇ ਪਾਸੇ ਚੱਲ ਪਏ।



ਚਮਕੌਰ ਦੀ ਗੜ੍ਹੀ ਵਿਚ ਵੱਡੇ ਸਾਹਿਬਜ਼ਾਦਿਆਂ, ਤਿੰਨ ਪਿਆਰਿਆਂ ਅਤੇ ਕੇਵਲ ਚਾਲੀ ਸਿੰਘਾਂ ਨਾਲ ਦਸ ਲੱਖ ਫੌਜ ਦਾ ਮੁਕਾਬਲਾ ਹੋਇਆ। ਇਸ ਯੁੱਧ ਨੂੰ ਸਭ ਤੋਂ ਅਸਾਵਾਂ ਯੁੱਧ ਆਖਿਆ ਜਾਂਦਾ ਹੈ। ਗੁਰੂ ਪਿਆਰਿਆਂ ਨੇ ਪ੍ਰੀਖਿਆ ਦੀ ਇਸ ਘੜੀ ਵਿਚ ਸਬਰ, ਸਿਦਕ ਨਾਲ ਸ਼ਹਾਦਤ ਦੀ ਦਾਸਤਾਨ ਦਰਜ ਕੀਤੀ। ਵੱਡੇ ਸਾਹਿਬਜ਼ਾਦੇ ਇਸ ਅਸਾਵੇਂ ਯੁੱਧ ਵਿਚ ਹੋਰ ਸਿੰਘਾਂ ਨਾਲ ਸ਼ਹੀਦੀ ਜਾਮ ਪੀ ਗਏ।

ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਗੰਗੂ ਬ੍ਰਾਹਮਣ ਨੇ ਲਾਲਚ ਵਿਚ ਆ ਕੇ ਸੂਬਾ ਸਰਹੰਦ ਦੇ ਸਪੁਰਦ ਕਰ ਦਿੱਤਾ। ਸੂਬੇਦਾਰ ਨੇ ਬਜ਼ੁਰਗ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਠੰਢੇ ਬੁਰਜ ਵਿਚ ਕੈਦ ਕਰ ਲਿਆ। ਠੰਢਾ ਬੁਰਜ ਪੋਹ ਦੇ ਮਹੀਨੇ ਹੋਰ ਵੀ ਠੰਢਾ ਹੋਇਆ ਸੀ। ਬਰਫੀਲੀਆਂ ਸ਼ੀਤਲ ਹਵਾਵਾਂ ਅਤੇ ਮੁਸੀਬਤਾਂ ਦੌਰਾਨ ਜੁਝਾਰੂ 83 ਸਾਲਾ ਦਾਦੀ ਨੇ ਆਪਣਿਆਂ ਪੋਤਰਿਆਂ ਨੂੰ ਕਿਸ ਤਰ੍ਹਾਂ ਗਰਮਾਇਸ਼ ਦਿਤੀ ਹੋਵੇਗੀ। ਕਲਪਨਾ ਦੇ ਘੇਰੇ ਵਿਚ ਉਲਝੀ ਸੋਚ ਸ਼ਕਤੀ ਵੀ ਇਸ ਦਾ ਉੱਤਰ ਲੱਭਣ ਵਿਚ ਘੁੰਮਣ-ਘੇਰੀਆਂ ਵਿਚ ਫਸੀ ਹੋਈ ਪ੍ਰਤੀਤ ਹੁੰਦੀ ਹੈ। ਉਸ ਸਤਿਕਾਰਤ ਮਾਤਾ ਨੇ ਪੋਹ ਦੇ ਠੰਢੇ ਦਿਨਾਂ ਦੇ ਅੰਦਰ ਆਪਣੇ ਪੋਤਰਿਆਂ ਨੂੰ ਸਬਰ, ਸਿਦਕ ਅਤੇ ਸ਼ਹੀਦੀ ਦਾ ਪਾਠ ਕੰਠ ਕਰਵਾਇਆ, ਜਿਸ ਦੀ ਕੋਈ ਵੀ ਮਿਸਾਲ ਨਹੀਂ ਮਿਲਦੀ। ਮਾਤਾ ਜੀ ਇਹ ਜਾਣਦੇ ਸਨ ਕਿ ਉਨ੍ਹਾਂ ਦੇ ਲਾਡਲਿਆਂ ਨੇ ਸੂਬੇ ਦੀ ਕਚਹਿਰੀ ਵਿਚੋਂ ਵਾਪਸ ਨਹੀਂ ਆ ਸਕਣਾ। ਸੂਬੇਦਾਰ ਨੇ ਕਾਜ਼ੀ ਵਲੋਂ ਸੁਣਾਏ ਫਤਵੇ ਦੀ ਪਾਲਣਾ ਹਿਤ ਛੋਟੇ ਸਾਹਿਬਜ਼ਾਦਿਆਂ ਨੂੰ ਬਾਲ ਉਮਰੇ ਹੀ ਨੀਹਾਂ ਦੇ ਅੰਦਰ ਚਿਣਵਾ ਦਿੱਤਾ।

ਇਤਿਹਾਸ ਵਿਚ ਦਰਜ ਹੈ ਕਿ ਬਾਬਾ ਫ਼ਤਹਿ ਸਿੰਘ ਕੇਵਲ ਦੋ ਸਾਲ ਦੇ ਹੀ ਸਨ ਕਿ ਮਾਤਾ ਜੀਤੋ ਜੀ ਅਕਾਲ ਚਲਾਣਾ ਕਰ ਗਏ। ਸਾਜਿਬਜ਼ਾਦਾ ਫ਼ਤਹਿ ਸਿੰਘ ਦੀ ਪਾਲਣਾ ਦਾਦੀ ਮਾਂ ਨੇ ਹੀ ਕੀਤੀ। ਉਹ ਅਕਸਰ ਹੀ ਪੁੱਛਦੇ ਸਨ ਕਿ ਮੇਰੀ ਮਾਂ ਕਿਥੇ ਹੈ ਮੈਂ ਤਾਂ ਮਾਂ ਕੋਲ ਜਾਣਾ ਹੈ। ਸਾਹਿਬਜ਼ਾਦੇ ਨੂੰ ਪਰਚਾਉਣ ਲਈ ਖਿਡੌਣੇ ਅਤੇ ਮਠਿਆਈਆਂ ਦਿੱਤੀਆਂ ਜਾਂਦੀਆਂ ਪਰ ਬੱਚਾ ਮਾਂ ਨੂੰ ਮਿਲਣਾ ਲੋਚਦਾ ਹੈ।

ਮਾਤਾ ਗੁਜਰੀ ਸਾਹਿਬਜ਼ਾਦੇ ਨੂੰ ਆਖਦੇ, 'ਪੁੱਤਰ ਤੇਰੀ ਮਾਂ ਤਾਂ ਸੱਚਖੰਡ ਚਲੀ ਗਈ ਹੈ।' ਤਾਂ ਸਾਹਿਬਜ਼ਾਦੇ ਵੀ ਆਖਦੇ, 'ਦਾਦੀ ਮਾਂ ਮੈਂ ਵੀ ਸੱਚਖੰਡ ਆਪਣੀ ਮਾਤਾ ਕੋਲ ਜਾਣਾ ਹੈ।' ਦਾਦੀ ਮਾਂ ਉਸ ਨੂੰ ਆਖਦੀ ਹੈ, 'ਪੁੱਤ ਜਿਸ ਦਿਨ ਤੂੰ ਸੱਚਖੰਡ ਜਾਵੇਂਗਾ ਤੇਰੀ ਦਾਦੀ ਮਾਂ ਵੀ ਉਸੇ ਦਿਨ ਸੱਚਖੰਡ ਜਾਵੇਗੀ। ਤੇਰੀ ਦਾਦੀ ਮਾਂ ਦਾ ਵੀ ਉਹ ਦਿਨ ਇਸ ਧਰਤੀ ਉਪਰ ਆਖਰੀ ਦਿਨ ਹੋਵੇਗਾ।' ਇਹ ਕਰਾਰ ਦਾਦੀ ਮਾਂ ਨੇ ਆਪਣੇ ਪੋਤਰੇ ਨਾਲ ਉਸ ਦੀ ਬਾਲ ਵਰੇਸ ਉਮਰ ਵਿਚ ਆਨੰਦਪੁਰ ਵਿਚ ਕੀਤਾ, ਜੋ ਉਨ੍ਹਾਂ ਨੇ ਫਤਹਿਗੜ੍ਹ ਸਾਹਿਬ ਦੀ ਸੁਹਾਵੀ ਧਰਤੀ ਉਪਰ ਪੂਰਾ ਕੀਤਾ ਸੀ। ਜਦੋਂ ਦਾਦੀ ਮਾਂ ਕੋਲ ਖਬਰ ਪੁੱਜੀ ਕਿ ਉਸ ਦੇ ਛੋਟੇ ਛੋਟੇ ਲਾਲਾਂ ਨੂੰ ਸ਼ਹੀਦ ਕੀਤਾ ਜਾ ਚੁੱਕਾ ਹੈ ਤਾਂ ਉਹ ਵੀ ਆਪਣੇ ਪੋਤਰਿਆਂ ਦੇ ਨਾਲ ਸੱਚਖੰਡ ਪਿਆਨਾ ਕਰ ਗਏ। ਗਿਆਨੀ ਸੋਹਣ ਸਿੰਘ ਸੀਤਲ ਜੀ ਨੇ ਇਸ ਘਟਨਾ ਨੂੰ ਇੰਜ ਬਿਆਨ ਕੀਤਾ ਹੈ,

ਚਲੋ ਮੇਰੇ ਹੀਰਿਓ! ਮੈਂ ਮਗਰੇ ਆਵਾਂ,
ਪੁੱਤਾਂ ਪਿੱਛੋਂ ਜਿਓਂਦੀਆਂ, ਕਦ ਸੁਣੀਆਂ ਮਾਵਾਂ।

ਨਿੱਕੇ ਨਿੱਕੇ ਬਾਲਾਂ ਨੂੰ ਇਸ ਤਰ੍ਹਾਂ ਬੇਰਹਿਮੀ ਨਾਲ ਨੀਹਾਂ ਵਿਚ ਚਿਣੇ ਜਾਣ 'ਤੇ ਪੂਰੇ ਸੰਸਾਰ ਵਿਚ ਹਾਹਾਕਾਰ ਮਚ ਗਈ। ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾਸਤਾਨ ਸੁਣੀ ਤਾਂ ਸੱਚੇ ਪਾਤਸ਼ਾਹ ਗ਼ਮਗੀਨ ਨਹੀਂ ਹੋਏ ਸਗੋਂ ਪੂਰੇ ਫਖ਼ਰ ਨਾਲ ਕਿਹਾ ਸੀ,

ਇਨ ਪੁਤਰਨ ਕੇ ਸੀਸ ਮੈਂ ਵਾਰ ਦੀਏ ਸੁਤ ਚਾਰ
ਚਾਰ ਮੂਏ ਤੋਂ ਕਿਆ ਭਲਾ ਜੀਵਤ ਕਈ ਹਜ਼ਾਰ

ਦਸਮੇਸ਼ ਪਿਤਾ ਕਲਗੀਆਂ ਵਾਲੇ ਨੇ ਆਪਣੀ ਕੌਮ ਨਾਲ ਕੀਤਾ ਇਕਰਾਰ ਪੂਰਾ ਕੀਤਾ, ਜਿਸ ਦਾ ਵਰਣਨ ਕਵੀ ਨੇ ਇਸ ਤਰ੍ਹਾਂ ਕੀਤਾ ਹੈ,

ਪਹਿਲੇ ਪਿਤਾ ਕਟਾਇਆ, ਅਬ ਬੇਟੇ ਕਟਾਊਂਗਾ,
ਨਾਨਕ ਕਾ ਬਾਗ਼ ਖੂਨ ਜਿਗਰ ਸੇ ਖਿਲਾਊਂਗਾ।

## ਕਾਵਿ ਕਿਆਰੀ

### ਨਿੱਕੀਆਂ ਜਿੰਦਾਂ ਵੱਡੇ ਸਾਕੇ...

ਝੂਠ 'ਚ ਡੁੱਬੀ ਮੇਰੀ ਕਲਮ
ਲਿਖ ਨਹੀਂ ਸਕਦੀ
ਕੂੜ 'ਚ ਲਿਬੜੀ ਮੇਰੀ ਜੀਭਾ
ਗਾ ਨਹੀਂ ਸਕਦੀ
ਉਸ ਸੱਚ ਦੀਆਂ ਵਾਰਾਂ
ਜਿਸ ਸੱਚ ਦੀਆਂ ਹੱਡੀਆਂ ਨਾਲ
ਘਸ-ਘਸ ਕੇ
ਤਿੱਖੀਆਂ ਹੋਈਆਂ ਪੁਰਾਣੀਆਂ
ਜੰਗਾਲੀਆਂ ਖੁੰਢੀਆਂ ਧਾਰਾਂ।
ਨਿੱਕੀਆਂ ਨਿੱਕੀਆਂ ਜਿੰਦਾਂ ਵੱਡੇ ਵੱਡੇ ਸਾਕੇ,
ਸੱਚ ਦਾ ਦਸ ਜਨਮਾਂ ਦਾ ਸਫ਼ਰ,
ਤੇ ਉਸ ਸਫ਼ਰ ਦੇ ਜਿਸਮ 'ਚੋਂ ਫੁੱਟਦੇ
ਸੂਹੇ ਲਹੂ ਦੇ ਰੰਗ ਦੇ ਸੱਚ ਰੰਗੇ ਹਾਸੇ।

ਸਰਹੰਦ ਦੀ ਝੂਠ ਦੀ ਦੀਵਾਰ,
ਤੇ ਨੀਹਾਂ 'ਚ ਖੜ੍ਹੀ
ਜਿਗਰ ਦੇ ਟੋਟਿਆਂ ਦੀ ਜੋੜੀ,
ਜੋ ਸੱਚ ਦੀ ਆਵਾਜ਼ ਹੈ,
ਜੋ ਸੱਚ ਦੀ ਝੂਠ ਨੂੰ ਲਲਕਾਰ ਹੈ,
ਝੂਠ ਦੀ ਜ਼ਿੱਦ ਹੈ ਈਨ ਮਨਾਉਣੀ
ਤੇ ਸੱਚ ਦੀ ਜ਼ਿੱਦ ਹੈ
ਵਿਰਸੇ ਦੀ ਲੋਅ ਜਗਾਉਣੀ,
ਪਿਓ ਦਾਦੇ ਦੀ ਕੁਰਬਾਨੀ ਦੁਹਰਾਉਣੀ,
ਕੌਮ ਦੀਆਂ ਨੀਹਾਂ 'ਚ
ਆਪਣੀ ਚਰਬੀ ਪਾਉਣੀ।
ਜਿੰਦਾਂ ਨਿੱਕੀਆਂ ਨੇ ਬੋਲ ਸਿਆਣੇ ਨੇ,
ਹਿਰਦੇ 'ਚ ਬਾਣੀ ਹੈ ਤੇ
ਇਹ ਸੱਚ ਦੇ ਸਫ਼ਰ ਦੀ
ਸੱਚ ਦੇ ਸਿਖਰ ਦੀ ਕਹਾਣੀ ਹੈ ।

ਚਮਕੌਰ ਦੀ ਧਰਤੀ, ਮੈਲੀ ਕੁਚੈਲੀ
ਧੋਣੀ ਪੈਣੀ ਹੈ,
ਸ਼ੇਰ ਪੁਤਰਾਂ ਦੀ ਰੱਤ ਨਾਲ,
ਸਜਾਉਣੀ ਪੈਣੀ ਹੈ,
ਲਾਲ ਰੱਤੇ ਸੱਚ ਨਾਲ
ਤੇ ਪਹਿਲਾਂ ਵਾਰੀ
ਅਜੀਤ ਦੀ ਆਈ ਹੈ,
ਪਿਤਾ ਨੇ ਮੱਥਾ ਚੁੰਮ,
ਸ਼ਮਸ਼ੀਰ ਫੜਾਈ ਹੈ,
ਤੇ ਉਸ ਚੜ੍ਹਦੀ ਜਵਾਨੀ ਨੇ,
ਫਤਹਿ ਬੁਲਾਈ ਹੈ,
ਤੇ ਫਿਰ ਜੁਝਾਰ ਨੇ
ਵੀਰ ਦੀ ਹਰ ਪੈੜ 'ਤੇ
ਆਪਣੀ ਪੈੜ ਟਿਕਾਈ ਹੈ।
ਸੱਚ ਦੀ ਹਰ ਪੈੜ 'ਤੇ,
ਆਪਣੀ ਰੱਤ ਦੀ ਜੋਤ ਜਗਾਈ ਹੈ।

ਚੜ੍ਹਦੀ ਜਵਾਨੀ,
ਏਡੀ ਵੱਡੀ ਕੁਰਬਾਨੀ,
ਇਤਿਹਾਸ ਹੈਰਾਨ ਹੈ,
ਝੂਠ ਪਰੇਸ਼ਾਨ ਹੈ,
ਸੱਚ ਦੀ ਜਿੱਤ ਹੈ,
ਤੇ ਦਸਵੇਂ ਗੁਰੂ ਦਾ,
ਸਰਬੰਸ ਕੁਰਬਾਨ ਹੈ।

ਤੇ ਅੱਜ
ਅਸੀਂ ਇਨ੍ਹਾਂ ਦੇ ਸਾਕਿਆਂ ਦੇ ਵਾਰਿਸ,
ਜੋ ਸਿੱਖ ਅਖਵਾਉਂਦੇ ਹਾਂ,
ਦਸ ਜਨਮਾਂ ਦੇ ਸਫ਼ਰ ਦੇ,
ਪੈਰੋਕਾਰ ਅਖਵਾਉਂਦੇ ਹਾਂ,
ਪਰ ਗੁਰੂ ਦੀ ਹਰ ਪੈੜ ਤੋਂ,
ਘਬਰਾਉਂਦੇ ਹਾਂ।
ਅਸੀਂ
ਇਨ੍ਹਾਂ ਸਾਕਿਆਂ ਦੇ ਵਾਰਿਸ,
ਸ਼ਹੀਦੀ ਦਿਨ ਵੀ ਮਨਾਉਂਦੇ ਹਾਂ,
ਅਖੰਡ ਪਾਠ ਕਰਵਾ, ਲੰਗਰ ਬਣਾ
ਆਪੇ ਹੀ ਛਕਦੇ ਹਾਂ ਤੇ
ਆਪਣਿਆਂ ਨੂੰ ਛਕਾਉਂਦੇ ਹਾਂ।
ਵੱਡੀਆਂ ਵੱਡੀਆਂ ਕਾਨਫਰੰਸਾਂ 'ਚ,
ਧਾਰਮਿਕ ਸਟੇਜਾਂ ਲਾ,
ਵਾਰਾਂ ਵੀ ਗਾਉਂਦੇ ਹਾਂ,
ਪਰ ਘਰ ਜਾ ਆਪਣੇ ਪੁੱਤਰਾਂ ਨੂੰ,
ਵਜ਼ੀਰ ਬਣਨ ਦੀਆਂ,
ਵਿਧੀਆਂ ਸਮਝਾਉਂਦੇ ਹਾਂ।
ਲੁੱਟ-ਖਸੁੱਟ ਦੇ ਤਰੀਕੇ ਦੱਸਦੇ ਹਾਂ
ਤੇ ਲੋੜ ਪੈਣ 'ਤੇ,
ਆਪਣੀ ਕੁਰਸੀ ਖਾਤਰ,
ਆਪਣੇ ਸੁਆਰਥ ਖਾਤਰ,
ਸਿੱਖੀ ਨੂੰ ਵੇਚ ਦੇਣ ਦਾ ਪਾਠ ਵੀ
ਪੜ੍ਹਾਉਂਦੇ ਹਾਂ।

ਅਸੀਂ ਜੋ ਕਦੇ,
ਭਾਈ ਘਨੱ੍ਹਈਆ ਬਣ
ਦੁਸ਼ਮਣ ਨੂੰ ਪਾਣੀ ਪਿਲਾਉਂਦੇ ਸਾਂ,
ਅੱਜ ਵਿਚਾਰ ਤੋਂ ਸੱਖਣੇ ਹੋ,
ਆਪਣਿਆਂ ਦੇ ਹੱਥੋਂ
ਆਪਣੇ ਮਰਵਾਉਂਦੇ ਹਾਂ,
ਵੈਰ ਵਿਰੋਧ ਕਮਾਉਂਦੇ ਹਾਂ,
ਤੇ ਫਿਰ ਵੀ
ਇਨ੍ਹਾਂ ਸਾਕਿਆਂ ਦੇ
ਵਾਰਿਸ ਅਖਵਾਉਂਦੇ ਹਾਂ।

ਤੇ ਅੱਜ
ਝੂਠ ਦੀ ਗੁਲਾਮ
ਮੇਰੀ ਹੋਂਦ
ਜੋ ਸੱਚ ਤੋਂ ਡਰਦੀ ਹੈ,
ਸੱਚ ਮੂਹਰੇ ਕੰਬਦੀ ਹੈ,
ਸੱਚ ਦੇ ਸੂਰਜ ਤੋਂ,
ਪੱਲਾ ਕਰਦੀ ਹੈ।
ਕਿਵੇਂ ਕੁਝ ਬੋਲੇ,
ਕਿਵੇਂ ਕੁਝ ਲਿਖੇ,
ਝੂਠ 'ਚ ਡੁੱਬੀ ਕਲਮ ਨਾਲ,
ਉਸ ਸੱਚ ਦੀਆਂ ਵਾਰਾਂ,
ਕਿਵੇਂ ਗਾਵੇ ਝੂਠ 'ਚ,
ਲਿੱਬੜੀ ਜੀਭ ਨਾਲ,
ਉਸ ਸੱਚ ਦੀਆਂ ਵਾਰਾਂ,
ਜਿਸ ਸੱਚ ਦੀਆਂ ਹੱਡੀਆਂ ਨਾਲ
ਘਸ ਘਸ ਕੇ ਤਿੱਖੀਆਂ ਹੋਈਆਂ,
ਮੈਲੀਆਂ ਜੰਗਾਲੀਆਂ ਖੁੰਢੀਆਂ ਧਾਰਾਂ।

*- ਸੁਰਿੰਦਰ ਗੀਤ*
*ਫੋਨ: 403-605-3734*

### ਬੇਅਦਬੀਆਂ

ਕੌਣ ਹੈ ਬਈ ਕੌਣ ਹੈ,
ਜੋ ਸਾਡੇ ਘਰ ਦਾ ਚੋਰ ਹੈ,
ਆਏ ਦਿਨ ਬੇਅਦਬੀਆਂ ਦੀ,
ਖਬਰ ਲੱਗਦੀ ਹੋਰ ਹੈ।

ਝੱਲਿਆ ਜਾਂਦਾ ਨਹੀਂ,
ਤਪ ਤੇਜ ਜੋ ਪੰਜਾਬ ਦਾ,
ਉਹ ਵਜ਼ੂਦ ਚਾਹੁੰਦੇ ਰੋਕਣਾ,
ਬਾਬੇ ਦੇ ਸੁਰ ਅੰਦਾਜ਼ ਦਾ,
ਬੀੜਾਂ 'ਤੇ ਹਮਲੇ ਹੋ ਰਹੇ,
ਗਲੀ-ਗਲੀ ਵਿਚ ਸ਼ੋਰ ਹੈ,
ਕੌਣ ਹੈ ਬਈ ਕੌਣ ਹੈ,
ਜੋ ਸਾਡੇ ਘਰ ਦਾ ਚੋਰ ਹੈ?

ਜੋ ਦਿੱਲੀ ਦੇ ਨੇ ਧਾੜਵੀ,
ਉਹ ਧਾੜਵੀ ਡਰਦੇ ਪਏ,
ਕੈਸੇ ਕਮੀਨੇ ਆਏ ਦਿਨ,
ਉਹ ਇੱਲਤ ਨੇ ਕਰਦੇ ਪਏ,

ਸਿੱਖੀ ਦੇ ਉੱਤੇ ਸੱਚ ਦੀ,
ਦੁਖਦੀ ਉਨ੍ਹਾਂ ਨੂੰ ਮੋਹਰ ਹੈ,
ਕੌਣ ਹੈ ਬਈ ਕੌਣ ਹੈ,
ਜੋ ਸਾਡੇ ਘਰ ਦਾ ਚੋਰ ਹੈ?
ਵੈਰੀ ਪਿਆ ਹੈ ਸੋਚਦਾ,
ਕਿ ਕਿਓਂ ਏਹ ਝੁਕਦਾ ਨਹੀਂ,
ਪਾਣੀ ਅਸੀਂ ਸੀ ਖੋਹ ਲਏ,
ਪਰ ਕਿਓਂ ਅਜੇ ਸੁੱਕਦਾ ਨਹੀਂ,
ਪੰਜਾਬ ਸਿੰਘ ਦੇ ਕਤਲ ਦਾ,
ਹੀਲਾ ਬੜਾ ਪੁਰਜ਼ੋਰ ਹੈ,
ਕੌਣ ਹੈ ਬਈ ਕੌਣ ਹੈ,
ਜੋ ਸਾਡੇ ਘਰ ਦਾ ਚੋਰ ਹੈ?

ਪੰਜਾਬ ਵਿਚ ਤਾਂ ਲਗਾਤਾਰ,
ਡੇਰੇ 'ਤੇ ਡੇਰਾ ਖੁੱਲ੍ਹਦਾ,
ਪੰਜਾਬੀਆਂ ਦੀ ਲੁੱਟ ਦਾ,
ਝੱਖੜ ਪਿਆ ਹੈ ਝੁਲਦਾ,
ਮੀਰ ਦੇ ਨਾਲ ਪੀਰ ਵੀ ਤਾਂ,
ਪੁੱਜ ਕੇ ਆਦਮ ਖੋਰ ਹੈ,
ਕੌਣ ਹੈ ਬਈ ਕੌਣ ਹੈ,
ਜੋ ਸਾਡੇ ਘਰ ਦਾ ਚੋਰ ਹੈ?

ਹਰ ਪੰਜ ਸਾਲੀਂ ਬਦਲਦੇ,
ਝੂਠੇ ਜੋ ਤਾਜਦਾਰ ਨੇ,
ਇਹ ਕੁਨਬਾ ਪਰਿਵਰ ਲਾਲਚੀ,
ਨਿਰਾ ਕੌਮ ਦੇ ਗਲ ਭਾਰ ਨੇ,
ਇਹ ਨੀਅਤ ਸਾਨੂੰ ਮਾਰਦੀ,
ਜੋ ਬੜੀ ਹੀ ਕਮਜ਼ੋਰ ਹੈ,
ਕੌਣ ਹੈ ਬਈ ਕੌਣ ਹੈ,
ਜੋ ਸਾਡੇ ਘਰ ਦਾ ਚੋਰ ਹੈ?

ਪਹਿਰਾ ਹੈ ਕਿਹੜੇ ਕੰਮ ਦਾ,
ਕੁੱਤੀ ਰਲੀ ਜੋ ਚੋਰ ਨਾਲ,
ਜੋ ਵਾਅਦੇ ਦਾਅਵੇ ਕਰ ਰਹੇ,
ਉਹ ਰਲੇ ਹੋਏ ਨੇ ਹੋਰ ਨਾਲ,
ਕਈ ਸੋਚਦੇ ਤਾਂ ਹੋਣਗੇ,
'ਢੇਸੀ' ਬੜਾ ਮੂੰਹ ਜ਼ੋਰ ਹੈ,
ਕੌਣ ਹੈ ਬਈ ਕੌਣ ਹੈ,
ਜੋ ਸਾਡੇ ਘਰ ਦਾ ਚੋਰ ਹੈ?
ਆਏ ਦਿਨ ਬੇਅਦਬੀਆਂ ਦੀ,
ਖਬਰ ਲੱਗਦੀ ਹੋਰ ਹੈ।

***-ਕੁਲਵੰਤ ਸਿੰਘ ਢੇਸੀ***

# ਮਿੱਤਰ ਪਿਆਰੇ ਦੇ ਦਰਬਾਰ, ਪਹੁੰਚਿਆ ਸਾਈਕਲ ਦਾ ਅਸਵਾਰ

ਸਿਆਲ਼ ਰੁੱਤੇ ਅਕਸਰ ਮੈਂ ਅਮਰੀਕਾ ਤੋਂ ਪੰਜਾਬ ਆਪਣੇ ਪਿੰਡ ਦੁਪਾਲਪੁਰ ਆ ਜਾਂਦਾ ਹਾਂ। ਇੰਜ ਹੀ ਸੰਨ 2019 ਵਿਚ ਦਸੰਬਰ ਦੇ ਪਹਿਲੇ ਹਫਤੇ ਮੈਂ ਪਿੰਡ ਪਹੁੰਚ ਗਿਆ। ਸੋਚ ਕੇ ਤਾਂ ਮੈਂ ਅਮਰੀਕਾ ਤੋਂ ਹੀ ਤੁਰਿਆ ਸਾਂ ਕਿ ਇਸ ਵਾਰ ਗੁਰਦੁਆਰਾ ਮਾਛੀਵਾੜਾ ਸਾਹਿਬ ਦੀ ਸਾਲਾਨਾ 'ਸਭਾ' 'ਚ ਜ਼ਰੂਰ ਜਾਣਾ ਹੈ ਪਰ ਨੌਂ ਪੋਹ ਦਾ 'ਸਭਾ' ਵਾਲ਼ਾ ਦਿਨ ਨੇੜੇ ਆਉਂਦਾ ਦੇਖ ਕੇ ਮੈਨੂੰ ਫੁਰਨਾ ਫੁਰਿਆ ਕਿ ਕਿਉਂ ਨਾ ਐਤਕੀਂ ਬਿਲਕੁਲ ਉਵੇਂ ਹੀ ਇਸ ਯਾਤਰਾ 'ਤੇ ਜਾਇਆ ਜਾਵੇ, ਜਿਵੇਂ ਸਾਡਾ ਬਾਪ ਹਰ ਸਾਲ ਸਾਨੂੰ ਸਾਈਕਲ 'ਤੇ ਲਿਜਾਂਦਾ ਹੁੰਦਾ ਸੀ। ਇਸ ਸੋਚ ਨੂੰ ਅਮਲ ਵਿਚ ਲਿਆਉਣ ਲਈ ਮੈਂ 'ਰਿਹਰਸਲ' ਕਰਨ ਵਾਂਗ ਸਵੇਰੇ-ਸਵੇਰੇ ਪੈਦਲ 'ਵਾਕ' ਕਰਨ ਦੀ ਥਾਂ ਸਾਈਕਲ 'ਤੇ ਸੈਰ ਕਰਨੀ ਅਰੰਭੀ। ਭਾਵੇਂ 17 ਸਾਲਾਂ ਤੋਂ ਅਮਰੀਕਾ ਵੱਸਣ ਦੌਰਾਨ ਸਾਈਕਲ ਮੈਥੋਂ ਛੁੱਟ ਹੀ ਗਿਆ ਸੀ ਪਰ ਪਿੰਡ ਰਹਿੰਦਿਆਂ 40-45 ਸਾਲਾਂ ਦੀ ਉਮਰ ਤਕ ਸਾਈਕਲ ਖੂਬ ਚਲਇਆ ਹੋਣ ਸਦਕਾ ਮੈਂ ਦੋ-ਚਾਰ ਦਿਨ ਵਿਚ ਹੀ ਸਾਈਕਲ ਚਲਾਉਣ 'ਚ ਰਵਾਂ ਹੋ ਗਿਆ।

ਤਰਲੋਚਨ ਸਿੰਘ 'ਦੁਪਾਲਪੁਰ'
ਫੋਨ: 408-915-1268

ਲਉ ਜੀ ਆ ਗਿਆ ਨੌਂ ਪੋਹ ਦਾ ਦਿਨ। ਮੈਂ ਇਸ ਡਰੋਂ ਆਪਣੇ ਪਰਿਵਾਰ ਨੂੰ ਵੀ ਨਾ ਦੱਸਿਆ ਕਿ ਇਨ੍ਹਾਂ ਨੇ ਮੈਨੂੰ ਰੋਕ ਦੇਣਾ ਹੈ ਕਿ ਤੁਸੀਂ 15-20 ਮੀਲ ਸਾਈਕਲ ਚਲਾ ਕੇ ਏਡੀ ਦੂਰ ਨਾ ਜਾਓ। ਸੋ ਮੈਂ ਸੁਵਖਤੇ ਚਾਹ ਪੀ ਕੇ ਆਪਣੇ ਪਿੰਡੋਂ ਦੋ-ਤਿੰਨ ਕੁ ਮੀਲ ਦੂਰ ਵਗਦੇ ਦਰਿਆ ਸਤਿਲੁਜ ਕੰਢੇ ਪਹੁੰਚ ਗਿਆ। ਭਾਵੇਂ ਦਰਿਆ 'ਤੇ ਰਾਹੋਂ-ਖੰਨਾ ਸਮਰਾਲੇ ਵਾਲ਼ਾ ਪੁਲ਼ ਵੀ ਸਾਡੇ ਪਿੰਡੋਂ ਬਹੁਤੀ ਦੂਰ ਨਹੀਂ ਪਰ ਮੇਰੀ ਰੀਝ ਉਹੀ ਬਚਪਨ ਦੀ ਯਾਤਰਾ ਵਾਲ਼ੀ ਹੀ ਸੀ ਕਿ ਉਵੇਂ ਹੀ ਬੇੜੀ ਵਿਚ ਬਹਿ ਕੇ ਦਰਿਆ ਪਾਰ ਕਰਨਾ ਹੈ। ਦੋ ਕੁ ਦਿਨ ਪਹਿਲਾਂ ਸੈਰ ਕਰਨ ਆਇਆ ਮੈਂ ਦਰਿਆ ਕੰਢੇ ਬੰਨ੍ਹੀ ਬੇੜੀ ਦੇਖ ਗਿਆ ਸਾਂ। ਜਦੋਂ ਸਾਈਕਲ ਫੜ ਕੇ ਬੰਨ੍ਹ ਤੋਂ ਉਤਰ ਕੇ ਮੈਂ ਦਰਿਆ ਦੀ ਚੁਆੜ ਵੱਲ ਨੂੰ ਜਾ ਰਿਹਾ ਸਾਂ ਤਾਂ ਮੈਂ ਦੇਖਿਆ ਕਿ ਬੇੜੀ ਦੂਜੇ ਪਾਸਿਓਂ ਮੇਰੇ ਵੱਲ ਨੂੰ ਆ ਰਹੀ ਸੀ ਤੇ ਉਹਦੇ ਵਿਚ ਤਿੰਨ ਸਵਾਰ ਸਨ, ਇਕ ਜਣਾ ਵੰਝ ਨਾਲ ਬੇੜੀ ਚਲਾ ਰਿਹਾ ਸੀ ਤੇ ਦੋ ਫੱਟੇ 'ਤੇ ਬੈਠੇ ਸਨ। ਕੰਢੇ ਆ ਲੱਗੀ ਬੇੜੀ ਵਿਚ ਬਹਿਣ ਲਈ ਜਦ ਮੈਂ ਆਪਣੇ ਸਾਈਕਲ ਨੂੰ ਹੱਥ ਪਾਇਆ ਤਾਂ ਉਹ ਤਿੰਨੋਂ ਜਣੇ ਜੱਕੋ-ਤੱਕੀ ਜਿਹੀ 'ਚ ਪਏ ਮੇਰੇ ਵੱਲ ਝਾਕਣ ਲੱਗੇ। ਇਕ ਜਣਾ ਮੈਨੂੰ ਕਹਿੰਦਾ ਕਿ ਸਰਦਾਰ ਜੀ ਇਹ ਬੇੜੀ ਮੁਸਾਫਿਰ ਆਰ-ਪਾਰ ਲੰਘਾਉਣ ਲਈ ਨਹੀਂ, ਇਹ ਤਾਂ ਅਸੀਂ ਸਿਰਫ ਆਪਣੀ ਵਰਤੋਂ ਲਈ ਹੀ ਰੱਖੀ ਹੋਈ ਹੈ। ਅਸਲ ਵਿਚ ਉਹ ਵਿਚਾਰੇ ਦਿਹਾੜੀਦਾਰ ਮਜ਼ਦੂਰ ਸਨ, ਜੋ ਪਾਰੋਂ ਉਰਲੇ ਪਾਸੇ ਖੇਤੀਬਾੜੀ ਦੇ ਕੰਮਾਂ ਲਈ ਮਜ਼ਦੂਰੀ ਕਰਨ ਆਉਂਦੇ ਸਨ। ਉਨ੍ਹਾਂ ਦੱਸਿਆ ਕਿ ਮਾਛੀਵਾੜੇ ਵੱਲ ਜਾਣ ਵਾਲ਼ੇ ਲੋਕ ਹੁਣ ਪੁਲ਼ ਤੋਂ ਹੀ ਜਾਂਦੇ ਹਨ, ਬੇੜੀ ਰਾਹੀਂ ਨਹੀਂ। ਮੈਂ ਉਨ੍ਹਾਂ ਨੂੰ ਆਪਣੇ ਅਣਜਾਣ ਹੋਣ ਬਾਰੇ ਦੱਸਦਿਆਂ ਪੂਰੀ ਗੱਲ ਦੱਸੀ ਕਿ ਮੇਰੀ ਰੀਝ ਸੀ ਬਚਪਨ ਵਾਂਗ ਬੇੜੀ 'ਚ ਬਹਿ ਕੇ ਦਰਿਆ ਪਾਰ ਕਰਨ ਦੀ।

ਮੇਰੇ ਗੁਰਦੁਆਰਾ ਸਾਹਿਬ ਜਾਣ ਬਾਰੇ ਸੁਣ ਕੇ ਉਨ੍ਹਾਂ 'ਚੋਂ ਦੋ ਜਣੇ, ਬੇੜੀ 'ਚ ਖੜ੍ਹੇ ਆਪਣੇ ਸਾਥੀ ਨੂੰ ਕਹਿੰਦੇ ਕਿ ਜਾਹ ਬਈ ਸਰਦਾਰ ਜੀ ਕੋ ਛੋੜ ਕਰ ਆ। ਜਦ ਮੈਂ ਦੂਸਰੇ ਕੰਢੇ ਬੇੜੀ 'ਚੋਂ ਉਤਰ ਕੇ ਮਲਾਹ ਨੂੰ ਭਾੜਾ ਦੇਣ ਲਈ ਜੇਬ 'ਚੋਂ ਬਟੂਆ ਕੱਢਣ ਲੱਗਾ ਤਾਂ ਦੂਸਰੇ ਕੰਢੇ ਬੀੜੀਆਂ ਪੀ ਰਹੇ ਉਹ ਦੇ ਸਾਥੀ ਉੱਚੀ ਦੇਣੀ ਬੋਲੇ ਕਿ ਸਰਦਾਰ ਜੀ ਸੇ ਪੈਸੇ ਮਤ ਲੇਨਾ, ਯੇਹ ਗੁਰਦੁਆਰੇ ਜਾ ਰਹੇ ਹੈਂ, ਉਥੇ 'ਸਾਡਾ' ਵੀ ਮਾਥਾ ਟੇਕ ਦੇਨਾ। ਮੈਂ ਬਦੋ-ਬਦੀ ਬੇੜੀ ਵਾਲ਼ੇ ਨੂੰ ਸੌ ਰੁਪਏ ਦਾ ਨੋਟ ਫੜਾਵਾਂ ਪਰ ਉਹ ਵਾਰ-ਵਾਰ ਇਨਕਾਰ ਕਰੀ ਜਾਵੇ। ਨਾਂਹ-ਨਾਂਹ ਕਰਦਿਆਂ ਮੈਂ ਮੱਲੋ-ਮੱਲੀ ਸੌ ਰੁਪਏ ਉਸ ਦੀ ਜੇਬ ਵਿਚ ਪਾ ਦਿਤੇ। ਇਹ ਦੇਖ ਕੇ ਮੈਂ ਹੈਰਾਨ ਰਹਿ ਗਿਆ ਕਿ ਦੂਜੇ ਪਾਸੇ ਖੜ੍ਹੇ ਉਹਦੇ ਦੋਵੇਂ ਸਾਥੀ 'ਦੁਹਾਈਆਂ' ਦੇਣ ਵਾਂਗ ਪੈਸੇ ਮੋੜਨ ਲਈ ਰੌਲ਼ਾ ਪਾ ਰਹੇ ਸਨ। ਉਨ੍ਹਾਂ ਦੇ ਇਸ ਸਤਿਕਾਰ ਭਰੇ ਵਿਹਾਰ ਬਾਰੇ ਸੋਚਦਿਆਂ ਮੈਂ ਇਸ ਕਦਰ ਮੋਹ ਨਾਲ਼ ਭਰ ਗਿਆ ਕਿ ਛੇ-ਸੱਤ ਖੇਤਾਂ ਵਿਚ ਫੈਲੇ ਰੇਤੇ 'ਚ ਸਾਈਕਲ ਖਿੱਚਦਿਆਂ ਮੈਨੂੰ ਭੋਰਾ ਵੀ ਔਖ ਮਹਿਸੂਸ ਨਾ ਹੋਈ!

ਦਰਿਆ ਦੇ ਦੂਸਰੇ ਪਾਸੇ ਸਥਿਤ ਪਿੰਡ ਈਸਾਪੁਰ ਤੋਂ ਅੱਗੇ ਪੱਕੀ ਸੜਕ ਆ ਗਈ ਤੇ ਮੈਂ ਸਾਈਕਲ 'ਤੇ ਸਵਾਰ ਹੋ ਗਿਆ। ਪਿੰਡ 'ਚੋਂ ਲੰਘਦਿਆਂ ਮੈਨੂੰ ਯਾਦ ਆਇਆ ਕਿ ਬਚਪਨ ਵੇਲੇ ਇਸ ਪਿੰਡ ਦੇ ਦੁਆਬੇ ਨਾਲ਼ੋਂ ਵੱਖਰੇ ਮਧਰੇ ਜਿਹੇ

ਨ਼ਲਕੇ ਦੇਖ ਕੇ ਸਾਨੂੰ ਇੰਜ ਲੱਗਣਾ ਜਿਵੇਂ ਦਰਿਆ ਟੱਪ ਕੇ ਅਸੀਂ 'ਕਿਸੇ ਹੋਰ ਹੀ ਦੇਸ' ਵਿਚ ਪਹੁੰਚ ਗਏ ਹੋਈਏ, ਪਰ ਹੁਣ ਤਾਂ ਇੱਥੇ ਵੀ ਸ਼ਾਇਦ ਪਾਣੀ ਨੀਵਾਂ ਚਲਾ ਗਿਆ ਹੋਣ ਕਰਕੇ ਨ਼ਲਕੇ ਵੱਡ-ਵੱਡੇ ਸਾਡੇ ਪਿੰਡਾਂ ਵਰਗੇ ਹੀ ਦਿਸੇ। ਆਪਣੇ ਬਾਪ ਦੀ ਛਤਰ-ਛਾਇਆ ਹੇਠ ਜੋੜ ਮੇਲਿਆਂ ਦੀ ਕੀਤੀ ਹੋਈ ਯਾਤਰਾ ਦੇ ਪੁਰਾਣੇ ਵੇਲੇ ਚੇਤੇ ਕਰ ਕੇ

'ਵਾਹਿਗੁਰੂ ਵਾਹਿਗੁਰੂ' ਕਰਦਾ ਮੈਂ ਅਗਲੇ ਪਿੰਡ ਲੁਬਾਣਗੜ੍ਹ ਪਹੁੰਚ ਗਿਆ। ਮੈਂ ਸੋਚਿਆ ਸੀ ਕਿ ਆਪਣੇ ਨਾਮ ਨਾਲ 'ਲੁਬਾਣਗੜ੍ਹੀਆ' ਲਾਉਣ ਵਾਲਾ ਮੇਰਾ ਇਕ ਫੇਸ-ਬੁੱਕੀ ਦੋਸਤ ਪਿੰਡ ਵਿਚ ਰਹਿੰਦਾ ਹੋਵੇਗਾ ਪਰ ਜਦ ਮੈਂ ਉਸ ਨੂੰ 'ਸਰਪ੍ਰਾਈਜ਼' ਦੇਣ ਲਈ ਫੋਨ ਕੀਤਾ ਤਾਂ ਪਤਾ ਲੱਗਾ ਕਿ ਉਹ ਤਾਂ ਆਪਣੇ ਕਾਰੋਬਾਰ ਕਾਰਨ ਲੁਧਿਆਣੇ ਰਹਿੰਦਾ ਹੈ। ਉਸ ਨੇ ਪਿੰਡ ਰਹਿੰਦੀ ਆਪਣੀ ਛੋਟੀ ਭਰਜਾਈ ਨੂੰ ਵੀ ਫੋਨ ਕਰ ਦਿੱਤਾ ਅਤੇ ਮੈਨੂੰ ਘਰੋਂ ਚਾਹ-ਪਾਣੀ ਛਕ ਕੇ ਜਾਣ ਦੀ ਤਾਕੀਦ ਕਰ ਦਿੱਤੀ। ਪੰਦਰਾਂ-ਸੋ਼ਲਾਂ ਮੀਲ ਸਾਈਕਲ ਚਲਾ ਕੇ ਮੈਂ ਥੱਕਿਆ ਪਿਆ ਸਾਂ, ਸੋ ਲੁਬਾਣਗੜ੍ਹੀਏ ਦੋਸਤ ਦੇ ਘਰ ਗਰਮ-ਗਰਮ ਚਾਹ ਪੀ ਕੇ ਮੇਰੀ ਸਾਰੀ ਥਕਾਵਟ ਲਹਿ ਗਈ।




ਹੁਣ ਮੇਰੀ ਮੰਜ਼ਿਲ ਵੀ ਬਹੁਤੀ ਦੂਰ ਨਹੀਂ ਸੀ ਰਹਿ ਗਈ। ਇੱਥੋਂ ਪੰਜ ਕੁ ਮੀਲ ਦੂਰ ਰਹਿ ਗਿਆ ਸੀ ਮਾਛੀਵਾੜਾ ਸਾਹਿਬ। ਇਕ ਛੋਟਾ ਜਿਹਾ ਹੋਰ ਪਿੰਡ ਲੰਘ ਕੇ ਜਿਉਂ ਹੀ ਮੈਂ ਰਾਹੋਂ-ਮਾਛੀਵਾੜਾ ਰੋਡ 'ਤੇ ਚੜ੍ਹਿਆ ਮਾਛੀਵਾੜੇ ਵੱਜ ਰਹੀਆਂ ਢੱਡ-ਸਾਰੰਗੀਆਂ ਅਤੇ ਵਾਰਾਂ ਮੇਰੇ ਕੰਨੀਂ ਪੈਣ ਲੱਗੀਆਂ। ਸੜਕ ਉੱਤੇ ਸੰਗਤ ਨਾਲ ਭਰੀਆਂ ਟਰੈਕਟਰ-ਟਰਾਲੀਆਂ ਦੀ ਰੌਣਕ ਵੀ ਵਾਹਵਾ ਦਿਸਣ ਲੱਗੀ। ਆਵਾਜਾਈ ਦੇ ਵੱਖ-ਵੱਖ ਸਾਧਨਾਂ ਰਾਹੀਂ ਗੁਰੂ ਦਸਮੇਸ਼ ਪਿਤਾ ਨੂੰ ਨਤਮਸਤਕ ਹੋਣ ਜਾ ਰਹੀ ਸੰਗਤ ਵਿਚ ਮੇਰੇ ਸਾਈਕਲ ਦੀ ਵੀ ਸ਼ਮੂਲੀਅਤ ਹੋ ਗਈ।

ਮਾਛੀਵਾੜੇ ਲਾਗੇ ਜਾ ਕੇ ਗੰਨੇ ਦੀ ਰਹੁ ਵਾਲ਼ੇ ਪਹਿਲੇ ਲੰਗਰ ਵਿਚ ਦੋ ਬਾਟੀਆਂ ਰਹੁ ਦੀਆਂ ਛਕ ਕੇ ਹਾਜ਼ਰੀ ਲਾਈ। ਸ਼ਹਿਰ 'ਚ ਦਾਖਲ ਹੁੰਦਿਆਂ ਹੀ ਕਾਫੀ ਭੀੜ ਹੋਣ ਕਰਕੇ ਮੈਂ ਸਾਈਕਲ ਤੋਂ ਉੱਤਰ ਕੇ ਪੈਦਲ ਗੁਰਦੁਆਰਾ ਸਾਹਿਬ ਵੱਲ ਤੁਰ ਪਿਆ। ਆਲ਼ੇ-ਦੁਆਲ਼ੇ ਸਜੇ ਹੋਏ ਬਾਜ਼ਾਰਾਂ ਵਿਚ ਕਾਰ ਸ਼ਰਧਾਲੂਆਂ ਦੀ ਆਵਾਜਾਈ ਅਲੌਕਿਕ ਦ੍ਰਿਸ਼ ਪੈਦਾ ਕਰ ਰਹੀ ਸੀ।

ਇਤਹਾਸਿਕ ਗੁਰਦੁਆਰਾ ਸਾਹਿਬ ਦੇ ਮੁੱਖ ਗੇਟ ਉੱਤੇ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਲਿਖਿਆ ਦੇਖ ਕੇ ਦਸਮੇਸ਼ ਪਿਤਾ ਦੀ ਯਾਦ ਵਿਚ ਸਿਰ ਆਪ ਮੁਹਾਰੇ ਝੁਕ ਗਿਆ। ਗੁਰਦੁਆਰੇ ਦੇ ਸਾਹਮਣੇ ਇਕ ਪੁਰਾਣੇ ਜਾਣੂ ਵਿਅਕਤੀ ਦੀ ਦੁਕਾਨ ਮੂਹਰੇ ਮੈਂ ਆਪਣਾ ਸਾਈਕਲ ਖੜ੍ਹਾ ਕੀਤਾ ਤੇ ਉਸ ਨੂੰ ਅੰਦਰ ਵੜ ਕੇ ਫਤਹਿ ਬੁਲਾਈ। ਮੈਂ ਗੁਰੂ ਦਰਬਾਰ ਵਿਖੇ ਨਮਸਕਾਰ ਕਰਨ ਜਾਣ ਵੇਲੇ ਉਸ ਨੂੰ ਸਾਈਕਲ ਦਾ ਜ਼ਰਾ ਧਿਆਨ ਰੱਖਣ ਲਈ ਕਿਹਾ ਤਾਂ ਉਹ ਹੱਸ ਕੇ ਕਹਿੰਦਾ, 'ਜਦੇਥਾਰ ਜੀ ਕਿਉਂ ਮਜ਼ਾਕ ਕਰਦੇ ਓਂ?' ਜਦ ਉਸ ਨੇ ਦੁਕਾਨ ਦੇ ਬਾਹਰ ਖੜ੍ਹੇ ਮੇਰੇ ਸਾਈਕਲ ਦੇ ਚੇਨ ਕਵਰ ਉੱਤੇ ਪੋਤਰੇ ਵਲੋਂ ਲਿਖਾਇਆ 'ਦੁਪਾਲਪੁਰੀ' ਪੜ੍ਹਿਆ ਤਾਂ ਉਹ ਮੇਰੇ ਦੋਵੇਂ ਹੱਥ ਫੜ ਕੇ ਮੁੜ ਮੈਨੂੰ ਦੁਕਾਨ ਵਿਚ ਲੈ ਵੜਿਆ ਅਤੇ ਆਪਣੇ ਨਾ਼ਲ ਦਿਆਂ ਨੂੰ ਦੱਸਣ ਲੱਗਾ ਕਿ ਸੱਠ-ਪੈਂਹਠ ਸਾਲ ਦੀ ਉਮਰ ਵਾਲ਼ਾ ਸ਼੍ਰੋਮਣੀ ਕਮੇਟੀ ਦਾ ਸਾਬਕਾ ਮੈਂਬਰ, ਰਹਿੰਦਾ ਹੋਵੇ ਅਮਰੀਕਾ ਵਿਚ ਤੇ ਆਪਣੇ ਪਿੰਡੋਂ 20-25 ਮੀਲ ਸਾਈਕਲ ਚਲਾ ਕੇ ਆਇਆ ਹੋਵੇ ਮਾਛੀਵਾੜੇ ਮੱਥਾ ਟੇਕਣ। ਮੰਨ ਲਉਂਗੇ ਬਈ? ਬੜੇ ਮੋਹ ਪਿਆਰ ਨਾਲ ਉਸ ਵੀਰ ਨੇ ਮੈਨੂੰ ਦੁੱਧ ਪਿਆਇਆ। ਦਸਮ ਪਾਤਸ਼ਾਹ ਦੇ ਦਰਬਾਰ ਵਿਚ ਨਮਸਕਾਰ ਕੀਤੀ। ਬਚਪਨ ਵਿਚ ਜਦ ਅਸੀਂ ਆਪਣੇ ਬਾਪ ਨਾ਼ਲ ਇਸ ਅਸਥਾਨ 'ਤੇ ਨੌਂ ਪੋਹ ਦੇ ਸਾਲਾਨਾ ਜੋੜ-ਮੇਲੇ ਮੌਕੇ ਆਉਂਦੇ ਹੁੰਦੇ ਸਾਂ ਤਦ ਇਸ ਗੁਰਦੁਆਰੇ ਦੇ ਆ਼ਲੇ-ਦੁਆ਼ਲੇ ਸਰਕੜਾ ਅਤੇ ਜੰਗਲੀ ਦਰਖਤਾਂ ਦੇ ਝੁਰਮਟ ਜਿਹੇ ਹੁੰਦੇ ਸਨ, ਜਿਨ੍ਹਾਂ ਵੱਲ ਦੇਖ ਕੇ ਸਾਡੇ ਬਾਲ-ਮਨਾਂ ਵਿਚ ਇੱਥੋਂ ਦਾ ਇਤਿਹਾਸ ਉੱਕਰ ਆਉਂਦਾ ਹੁੰਦਾ ਸੀ। ਬਾਪ ਦੇ ਭੂਰੇ ਦੀ ਬੁੱਕ਼ਲ ਦੇ ਨਿੱਘ ਵਿਚ ਬਹਿ ਕੇ ਸਾਰੀ-ਸਾਰੀ ਰਾਤ ਦੀਵਾਨ ਸੁਣਦਿਆਂ ਇਉਂ ਮਹਿਸੂਸ ਹੋਣਾ ਕਿ ਸਾਰਾ ਸਰਬੰਸ ਲੁਟਾ ਕੇ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਏਥੇ ਹੀ ਕਿਤੇ ਟਿੰਡ ਦਾ ਸਰ੍ਹਾਣਾ ਲਾ ਕੇ ਵਿਰਾਜ ਰਹੇ ਹੋਣਗੇ।

ਪਰ ਹੁਣ ਚਾਰੇ ਪਾਸੇ ਦੁੱਧ-ਚਿੱਟੇ ਚਮਕਦਾਰ ਸੰਗਮਰਮਰ ਨੇ ਪੁਰਾਤਨਤਾ ਜਾਂ ਇਤਿਹਾਸਿਕਤਾ ਗੁਆ ਹੀ ਛੱਡੀ ਹੈ। ਲੰਗਰ ਛਕਣ ਉਪਰੰਤ ਜਦ ਗੁਰਦੁਆਰਾ ਸਾਹਿਬ ਦੇ ਬਾਹਰ ਆਇਆ ਤਾਂ ਮੈਂ ਇਕਦਮ ਫਿਰ ਬਚਪਨ ਦੇ ਦੌਰ ਵਿਚ ਜਾ ਪਹੁੰਚਿਆ। ਉਹੀ ਨਿੱਕੀਆਂ ਖਿਡੌਣੇ-ਸਾਰੰਗੀਆਂ, ਜੋ ਮੇਲੇ ਤੋਂ ਵਾਪਸ ਮੁੜਨ ਸਮੇਂ ਸਾਡਾ ਬਾਪ ਸਾਨੂੰ ਲੈ ਕੇ ਦਿੰਦਾ ਹੁੰਦਾ ਸੀ, ਹੁਣ ਵੀ ਉਸੇ ਤਰ੍ਹਾਂ ਇਕ ਭਾਈ ਸਾਰੰਗੀ 'ਤੇ 'ਮੇਰਾ ਮਨ ਡੋਲੇ ਮੇਰਾ ਤਨ ਡੋਲੇ' ਦੀ ਤਰਜ਼ ਵਜਾਉਂਦਾ ਜਾ ਰਿਹਾ ਸੀ। ਆਪਣੇ ਪੋਤਰੇ ਲਈ ਇਕ ਸਾਰੰਗੀ ਲੈ ਕੇ ਬੈਗ 'ਚ ਪਾਈ। ਮੁੜਦਾ ਹੋਇਆ ਮੈਂ ਕਿਸੇ ਸਮੇਂ ਬਹੁਤ ਹੀ ਪ੍ਰਸਿੱਧ ਰਹੇ ਪਿੰਡ ਝੜੌਦੀ ਦੇ ਮਰਹੂਮ ਗਾਇਕ ਗੁਰਚਰਨ ਸਿੰਘ 'ਪਾਲ' ਦੇ ਪੁੱਤਰ-ਪੋਤਰੇ ਨੂੰ ਮਿ਼ਲ ਕੇ ਰਾਹੋਂ ਵਾ਼ਲੇ ਪੁ਼ਲ ਥਾਣੀਂ ਸ਼ਾਮ ਨੂੰ ਆਪਣੇ ਪਿੰਡ ਆ ਪਹੁੰਚਿਆ। ਇਉਂ ਕਈ ਦਹਾਕਿਆਂ ਬਾਅਦ ਸਾਈਕਲ 'ਤੇ ਸਵਾਰ ਹੋ ਕੇ 'ਮਿੱਤਰ ਪਿਆਰੇ ਦੇ ਦਰਬਾਰ' ਨਮਸਕਾਰ ਕਰਨ ਦੀ ਮੇਰੀ ਰੀਝ ਪੂਰੀ ਹੋ ਗਈ।

---

## ਸ਼ਹੀਦੀ ਦਿਹਾੜੇ ਨੂੰ ਸਮਰਪਿਤ

## ਪਰਿਵਾਰ ਵਿਛੋੜਾ

ਰਾਤ ਪੋਹ ਦੀ ਸੀ, ਹੱਡਾਂ ਨੂੰ ਠਾਰਦੀ।
ਅਨੰਦਪੁਰੀ ਵਿਛੋੜਾ ਨਾ ਸਹਾਰਦੀ।
ਦੁਸ਼ਮਣਾਂ ਨੇ ਸੀ, ਘੇਰਾ ਪਾ ਲਿਆ।
ਝੂਠੀਆਂ ਸਹੁੰਆਂ ਖਾ, ਭਰਮਾ ਲਿਆ।

ਬਚਿੱਤਰ ਸਿੰਘ, ਹਾਥੀ ਨੂੰ ਝੰਬਦਾ।
ਕਿਲ੍ਹਾ ਅਨੰਦਗੜ੍ਹ ਵੀ ਸੀ ਕੰਬਦਾ।
ਗੁਰਾਂ ਹੁਕਮ ਖਾਲਸੇ ਤੋਂ ਸੀ ਲਿਆ।
ਫਿਰ ਸਿਰ ਮੱਥੇ 'ਤੇ ਸੀ ਪਾਲਿਆ।

ਉਹ ਚੰਦਰੀ ਕਾ਼ਲੀ ਬੋ਼ਲੀ ਰਾਤ ਸੀ।
ਉੱਤੋਂ ਛਮ-ਛਮ ਹੁੰਦੀ ਬਰਸਾਤ ਸੀ।
ਆਖ ਕੇ ਅਨੰਦਪੁਰੀ ਨੂੰ ਅਲਵਿਦਾ।
ਦੱਖਣ ਵੱਲ ਨੂੰ ਸਾਰੇ ਹੋ ਤੁਰੇ ਵਿਦਾ।
ਮਾਤਾ ਗੁਜਰੀ ਦੇ ਸੰਗ ਪਰਿਵਾਰ ਸੀ।
ਸਿੰਘ ਸੂਰੇ ਖੁਦ ਸੱਚੀ ਸਰਕਾਰ ਸੀ।

ਪਹਾੜੀ ਰਾਜੇ, ਮੁਗਲ ਕਸਮਾਂ ਭੁੱਲੇ।
ਗੁਰੂ ਜੀ ਨੂੰ ਮਾਰ ਮੁਕਾਉਣ 'ਤੇ ਤੁਲੇ।
ਮਗਰ ਫੌਜਾਂ ਨੇ ਵਹੀਰਾਂ ਘੱਤੀਆਂ।
ਸਰਸਾ ਨਦੀ ਅੱਗੋਂ ਸ਼ਰਮਾਂ ਲੱਥੀਆਂ।
ਜਿਉਂ ਨਾਲ ਦੁਸ਼ਮਣਾਂ ਰਲ ਗਿਆ।
ਠਾਠਾਂ ਮਾਰ ਗੁਰਾਂ ਦੇ ਗਲ ਪਿਆ।

ਉੱਚੀ ਥਾਂ ਦੇਖ ਕੇ ਡੇਰਾ ਲਾ ਲਿਆ।
ਪਿਆਰੇ ਸਿੰਘਾਂ ਨੂੰ ਵੀ ਬਿਠਾ ਲਿਆ।
ਸਾਰੀ ਰਾਤ ਗੁਜ਼ਾਰੀ ਦਰਿਆ ਕੰਢੇ।
ਰਹਿਰਾਸ ਸਾਹਿਬ ਦੇ ਪ੍ਰਸ਼ਾਦ ਵੰਡੇ।

ਦਿਨ ਚੜ੍ਹੇ ਮੁਗਲਾਂ ਹੱਲਾ ਬੋਲਿਆ।
ਫਿਰ ਸਿੰਘਾਂ ਦਾ ਖੂਨ ਵੀ ਖੌਲਿਆ।
ਇੰਝ ਗਹਿਗੱਚ ਜੰਗ ਛਿੜ ਪਈ।
ਲੋਥਾਂ ਦੀ ਗਿਣਤੀ ਨਾ ਹੁੰਦੀ ਪਈ।
ਸਰਸੇ 'ਚ ਸੰਗ ਸਾਰਾ ਠਿੱਲ੍ਹ ਪਿਆ।
ਪਰਿਵਾਰ ਵਿਛੋੜੇ ਦਾ ਸੱਲ ਪਿਆ।

ਜ਼ੋਰਾਵਰ, ਫ਼ਤਿਹ ਸਿੰਘ ਵੱਖ ਹੋਏ।
ਮਾਤਾ ਗੁਜਰੀ ਜੀ ਲੱਖ ਤੋਂ ਕੱਖ ਹੋਏ।
ਅਜੀਤ, ਜੁਝਾਰ ਤੇ ਦਸਮੇਸ਼ ਪਿਤਾ।
ਜਾ ਚਮਕੌਰ ਗੜ੍ਹੀ ਨੂੰ ਸੰਭਾਲ ਲਿੱਤਾ।
ਇੰਝ ਪਰਿਵਾਰ ਵਿਛੋੜਾ ਪੈ ਗਿਆ।
ਖਾਲਸਾ ਅਣਗਾਹੇ ਰਾਹ ਪੈ ਗਿਆ।

*-ਸੇਵਾ ਸਿੰਘ ਨੂਰਪੁਰੀ*

## ਘੋੜੀ ਸਾਹਿਬਜ਼ਾਦਿਆਂ ਦੀ

ਗਾਈਏ ਦਸਮੇਸ਼ ਦਿਆਂ,
ਲਾਲਾਂ ਦੀਆਂ ਘੋੜੀਆਂ।
ਜੋੜੀ ਜੋੜੀ ਕਰ ਜੀਹਨੇ,
ਤੋਰੀਆਂ ਸੀ ਜੋੜੀਆਂ।

ਪਹਿਲੀ ਜੰਞ ਚੜ੍ਹੀ,
ਚਮਕੌਰ ਵਾਲੀ ਗੜ੍ਹੀ ਏ।
ਲਾਲੀ ਦੋਹਾਂ ਲਾਲਾਂ ਦਿਆਂ,
ਮੁੱਖਾਂ ਉੱਤੇ ਚੜ੍ਹੀ ਏ।

ਮੌਤ ਲਾੜੀ ਸਾਹਮਣੇ ਹੈ,
ਚੜ੍ਹੀ ਆਉਂਦੀ ਪੌੜੀਆਂ
ਗਾਈਏ ਦਸਮੇਸ਼ ਦਿਆਂ,
ਲਾਲਾਂ ਦੀਆਂ ਘੋੜੀਆਂ।

ਖੂਨ ਵਾਲੀ ਮਹਿੰਦੀ ਅੱਜ,
ਹੱਥਾਂ ਉੱਤੇ ਲਾਈ ਏ।
ਗੋਬਿੰਦ ਨੇ ਆਪ ਜੋੜੀ,
ਲਾਲਾਂ ਦੀ ਸਜਾਈ ਏ।

ਸਜਦੀ ਏ ਕਲਗੀ,
ਨਾ ਪਾਈਆਂ ਮੱਥੇ ਤਿਉੜੀਆਂ
ਗਾਈਏ ਦਸਮੇਸ਼ ਦਿਆਂ,
ਲਾਲਾਂ ਦੀਆਂ ਘੋੜੀਆਂ।

ਦੂਜੀ ਜੰਞ ਚੜ੍ਹਨੀ ਹੈ,
ਵਿਚ ਸਰਹੰਦ ਦੇ।
ਦਾਦੀ ਨੇ ਸਜਾਏ ਛੋਟੇ,
ਲਾਲ ਫਰਜ਼ੰਦ ਦੇ।

ਗੰਗੂ ਏ ਵਿਚੋਲਾ,
ਸੁੱਚਾ ਨੰਦ ਵੰਡੇ ਰਿਉੜੀਆਂ
ਗਾਈਏ ਦਸਮੇਸ਼ ਦਿਆਂ,
ਲਾਲਾਂ ਦੀਆਂ ਘੋੜੀਆਂ।

'ਬੋਲੇ ਸੋ ਨਿਹਾਲ' ਦੇ,
ਜੈਕਾਰੇ 'ਦੀਸ਼' ਗੱਜਦੇ।
ਇਹੋ ਜਿਹੇ ਵਿਆਹ ਨਿੱਤ,
ਨਿੱਤ ਨਹੀਉਂ ਸਜਦੇ।

ਦਾਦੇ ਕੋਲ ਲੈਣ ਲਈ,
ਅਸੀਸਾਂ ਅੱਜ ਬਹੁੜੀਆਂ
ਗਾਈਏ ਦਸਮੇਸ਼ ਦਿਆਂ,
ਲਾਲਾਂ ਦੀਆਂ ਘੋੜੀਆਂ।

**-ਗੁਰਦੀਸ਼ ਕੌਰ ਗਰੇਵਾਲ, ਕੈਲਗਰੀ**
**ਫੋਨ: 98728-60488**

## ਨੂਰਾ ਮਾਹੀ

ਨੀਹਾਂ ਵਿਚ ਚਿਣੇ ਪਾਪੀਆਂ
ਤੇਰੇ ਲਾਲ ਗੁਰੂ ਜੀ ਦੋਵੇਂ ਪਿਆਰੇ,
ਰਤਾ ਵੀ ਨਾ ਡੋਲੇ ਸਿਦਕੋਂ,
ਰਹੇ ਛੱਡਦੇ ਸੀ ਉਚੀ ਜੈਕਾਰੇ,
ਨੀਹਾਂ ਵਿਚ ਚਿਣੇ ਪਾਪੀਆਂ...

ਮੁੱਖ 'ਤੇ ਇਲਾਹੀ ਨੂਰ ਸੀ
ਜਦੋਂ ਵਿਚ ਸੀ ਕਚਹਿਰੀ ਦੇ ਆਏ,
ਈਨ ਮਨਾਵਣ ਲਈ,
ਲੱਖਾਂ ਲਾਲਚਾਂ ਦੇ ਜਾਲ ਵਿਛਾਏ,
ਸਿਦਕੋਂ ਨਾ ਹਾਰੇ ਜ਼ਰਾ ਵੀ,
ਦਿੰਦੇ ਸੀ ਜਵਾਬ ਕਰਾਰੇ,
ਨੀਹਾਂ ਵਿਚ ਚਿਣੇ ਪਾਪੀਆਂ...

ਨਾ ਮੰਨੀ ਜਦੋਂ ਕੋਈ ਲਾਲਾਂ ਨੇ,
ਡਾਹਢੇ ਰੋਹ ਦੇ ਵਿਚ ਸੂਬਾ ਆਇਆ,
ਚਿਣ ਦਿਓ ਵਿਚ ਨੀਹਾਂ ਦੇ,
ਪਾਪੀ ਆਪਣਾ ਸੀ ਹੁਕਮ ਸੁਣਾਇਆ,
ਮੂੰਹ 'ਚ ਲੋਕਾਂ ਪਾਈਆਂ ਉਂਗਲਾਂ
ਸੂਬੇ ਕਹਿਰ ਭਰੇ ਬੋਲ ਉਚਾਰੇ,
ਨੀਹਾਂ ਵਿਚ ਚਿਣੇ ਪਾਪੀਆਂ...


ਹੰਸਾਂ ਦੀ ਜੋੜੀ ਖੜ੍ਹੀ ਸੀ,
ਪਾਪੀ ਜਾਂਵਦੇ ਸੀ ਕੰਧ ਉਸਾਰੀ,
ਛਮ-ਛਮ ਰੋਈ ਧਰਤੀ,
ਵੇਖ ਕੇ ਲੋਕਾਈ ਕੰਬੀ ਸਾਰੀ,
ਨੀਹਾਂ ਵਿਚ ਰਹੇ ਹੱਸਦੇ,
ਜਿਵੇਂ ਟਹਿਕਦੇ ਅੰਬਰ 'ਚ ਤਾਰੇ,
ਨੀਹਾਂ ਵਿਚ ਚਿਣੇ ਪਾਪੀਆਂ...।


ਕੰਧ ਪਹੁੰਚ ਗਈ ਛਾਤੀਆਂ ਤੋੜੀ
ਲਾਲਾਂ ਹੱਸ ਕੇ ਸੀ ਸਿਦਕ ਨਿਭਾਇਆ,
ਹੋ ਗਏ ਸ਼ਹੀਦ ਸੂਰਮੇ,
ਉਨ੍ਹਾਂ ਰੁਤਬਾ ਸ਼ਹੀਦਾਂ ਦਾ ਪਾਇਆ,
'ਮਹਿਮੂਦਪੁਰੀ' ਆਖੇ ਜੋਧਿਆਂ ਦੇ
ਔਖੇ ਲਿਖਣੇ ਨੇ ਕੌਤਕ ਸਾਰੇ
ਨੀਹਾਂ ਵਿਚ ਚਿਣੇ ਪਾਪੀਆਂ
ਤੇਰੇ ਲਾਲ ਗੁਰੂ ਜੀ ਦੋਵੇਂ ਪਿਆਰੇ।

***-ਲਖਵਿੰਦਰ ਸਿੰਘ ਰੰਧਾਵਾ***
***ਫੋਨ: 94634-71945***

# ਸ਼ਾਹੀ ਸ਼ਹਿਰ ਦੀ ਬਾਦਸ਼ਾਹੀ ਮਸਜਿਦ

***ਲਾਹੌਰ ਵਿਚ ਸਥਿਤ ਬਾਦਸ਼ਾਹੀ ਮਸਜਿਦ, ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਬਣਵਾਈ ਸੀ। ਇਸ ਦੀ ਉਸਾਰੀ ਦਾ ਸਮਾਂ 1971 ਤੋਂ 1973 ਦਾ ਹੈ। 1986 ਤੱਕ ਇਹ ਸੰਸਾਰ ਦੀ ਸਭ ਤੋਂ ਵੱਡੀ ਮਸਜਿਦ ਸੀ। ਅੱਜ ਵੀ ਇਹ ਸੰਸਾਰ ਦੀ ਪੰਜਵੀਂ ਸਭ ਤੋਂ ਵੱਡੀ ਮਸਜਿਦ ਹੈ। ਸੁਭਾਸ਼ ਪਰਿਹਾਰ ਨੇ ਆਪਣੇ ਇਸ ਲੇਖ ਵਿਚ ਇਸ ਮਸਜਿਦ ਦੇ ਪਿਛੋਕੜ ਅਤੇ ਇਤਿਹਾਸ ਬਾਰੇ ਵਿਸਥਾਰ ਸਹਿਤ ਲਿਖਿਆ ਹੈ।***





**ਸੁਭਾਸ਼ ਪਰਿਹਾਰ**
**ਫੋਨ: +91-98728-22417**

ਬਾਦਸ਼ਾਹ ਸ਼ਾਹਜਹਾਂ ਦੇ ਰਾਜ ਦੌਰਾਨ ਤਾਜ ਮਹੱਲ ਵਰਗੀ ਅਦੁੱਤੀ ਯਾਦਗਾਰ, ਦਿੱਲੀ ਦੀ ਜਾਮਾ ਮਸਜਿਦ ਵਰਗੀ ਪ੍ਰਭਾਵਸ਼ਾਲੀ ਇਬਾਦਤਗਾਹ ਅਤੇ ਲਾਹੌਰ ਦਾ ਸ਼ਾਲੀਮਾਰ ਬਾਗ ਉਸਾਰ ਕੇ ਮੁਗਲ ਇਮਾਰਤਸਾਜ਼ੀ ਕਲਾ ਨੇ ਟੀਸੀ ਛੋਹ ਲਈ ਸੀ। ਕਹਾਵਤ ਹੈ ਕਿ ਪਹਾੜ ਦੀ ਚੋਟੀ 'ਤੇ ਬੈਠਣ ਲਈ ਥਾਂ ਨਹੀਂ ਹੁੰਦਾ, ਅਗਲੀ ਯਾਤਰਾ ਉਤਰਨ ਦੀ ਹੁੰਦੀ ਹੈ। ਇਹੋ ਗੱਲ ਕਲਾਵਾਂ 'ਤੇ ਲਾਗੂ ਹੁੰਦੀ ਹੈ। ਮੁਗਲ ਇਮਾਰਤਸਾਜ਼ੀ ਕਲਾ ਵੀ ਕੋਈ ਅਪਵਾਦ ਨਹੀਂ ਸੀ। ਸ਼ਾਹਜਹਾਂ ਦੀਆਂ ਬਣਵਾਈਆਂ ਇਮਾਰਤਾਂ ਤੋਂ ਬਾਅਦ ਜਾਂ ਤਾਂ ਇਨ੍ਹਾਂ ਦੇ ਕਲਾਸਿਕ ਨਮੂਨਿਆਂ ਨੂੰ ਮਾਤਰ ਦੁਹਰਾਇਆ ਜਾ ਸਕਦਾ ਸੀ ਜਾਂ ਫੇਰ ਇਨ੍ਹਾਂ ਦੇ ਕਲਾਸਿਕ ਤੱਤਾਂ ਨੂੰ ਵਧਾ-ਵਧਾ ਕੇ ਇਨ੍ਹਾਂ ਦੀ ਅਤਿ ਕੀਤੀ ਜਾ ਸਕਦੀ ਸੀ; ਤੇ ਅਜਿਹਾ ਹੀ ਹੋਇਆ। ਸ਼ਾਹਜਹਾਂ ਦੇ ਜਾਨਸ਼ੀਨ, ਬਾਦਸ਼ਾਹ ਔਰੰਗਜ਼ੇਬ ਦੀ ਕਲਾਵਾਂ ਪ੍ਰਤੀ ਬੇਰੁਖੀ ਨੇ ਪਤਨ ਦਾ ਇਹ ਵਰਤਾਰਾ ਕੁਝ ਤੇਜ਼ ਕਰ ਦਿੱਤਾ।

ਔਰੰਗਜ਼ੇਬ ਨੇ ਆਪਣੇ ਅੱਧੀ ਸਦੀ ਦੇ ਰਾਜਕਾਲ ਦੌਰਾਨ ਸਿਰਫ ਦੋ ਮਸਜਿਦਾਂ ਦੀ ਉਸਾਰੀ ਹੀ ਕਰਵਾਈ। ਕਿਉਂ ਜੋ ਦਿੱਲੀ ਵਿਚ ਲਾਲ ਕਿਲ੍ਹੇ ਦੇ ਸਾਹਮਣੇ ਕੁਝ ਕੁ ਸਾਲ ਪਹਿਲਾਂ ਹੀ ਉਸ ਦੇ ਪਿਤਾ ਬਾਦਸ਼ਾਹ ਸ਼ਾਹਜਹਾਂ ਦੇ ਹੁਕਮ ਨਾਲ ਵਿਸ਼ਾਲ ਜਾਮਾ ਮਸਜਿਦ ਬਣਵਾਈ ਜਾ ਚੁੱਕੀ ਸੀ, ਉਥੇ ਹੀ ਇਕ ਹੋਰ ਵੱਡੀ ਮਸਜਿਦ ਉਸਰਵਾਉਣ ਦੀ ਕੋਈ ਤੁਕ ਨਹੀਂ ਸੀ ਬਣਦੀ। ਹਾਂ, ਗੱਦੀ ਸੰਭਾਲਣ ਦੇ ਦੋ ਸਾਲ ਮਗਰੋਂ ਹੀ 1660 ਵਿਚ ਉਸ ਨੇ ਇਕ ਲੱਖ ਸੱਠ ਹਜ਼ਾਰ ਰੁਪਏ ਦੀ ਲਾਗਤ ਨਾਲ ਦਿੱਲੀ ਦੇ ਲਾਲ ਕਿਲ੍ਹੇ ਦੇ ਅੰਦਰ ਹੀ ਆਪਣੀ ਵਿਅਕਤੀਗਤ ਵਰਤੋਂ ਲਈ ਸੰਗਮਰਮਰ ਦੀ ਛੋਟੀ ਜਿਹੀ ਮੋਤੀ ਮਸਜਿਦ ਜ਼ਰੂਰ ਬਣਵਾ ਲਈ ਜੋ ਹੁਣ ਵੀ ਮੌਜੂਦ ਹੈ। ਔਰੰਗਜ਼ੇਬ ਨੇ ਜਾਮਾ ਮਸਜਿਦ ਬਣਵਾਉਣ ਲਈ ਸ਼ਹਿਰ ਲਾਹੌਰ ਚੁਣਿਆ। ਦਿੱਲੀ ਵਾਂਙ ਹੀ ਇਹ ਵੀ ਕਿਲ੍ਹੇ ਦੇ ਸਾਹਮਣੇ ਬਣਵਾਉਣ ਦੀ ਤਦਬੀਰ ਬਣੀ। ਬਾਦਸ਼ਾਹੀ ਮਸਜਿਦ ਦੇ ਨਾਂ ਨਾਲ ਪ੍ਰਸਿੱਧ ਇਸ ਦੀ ਵਿਸ਼ਾਲ ਇਮਾਰਤ ਕਿਲ੍ਹੇ ਦੇ ਆਲਮਗੀਰੀ ਦਰਵਾਜ਼ੇ ਦੇ ਬਿਲਕੁਲ ਸੇਧ ਵਿਚ ਮੌਜੂਦ ਹੈ। 1986 ਤੱਕ ਤਾਂ ਇਹ ਦੁਨੀਆ ਦੀ ਸਭ ਤੋਂ ਵੱਡੀ ਮਸਜਿਦ ਸੀ, 1986 ਤੋਂ ਮਗਰੋਂ ਦੁਨੀਆ ਦੇ ਕਈ ਇਸਲਾਮੀ ਮੁਲਕਾਂ ਨੇ ਇੱਕ-ਦੂਜੇ ਦੀ ਹੋੜ ਨਾਲ ਇਸ ਤੋਂ ਵੱਡੀਆਂ ਮਸਜਿਦਾਂ ਦੀ ਉਸਾਰੀ ਕਰਵਾ ਲਈ। ਹੁਣ ਇਹ ਦੁਨੀਆ ਦੀ ਪੰਜਵੀਂ ਸਭ ਤੋਂ ਵੱਡੀ ਮਸਜਿਦ ਹੈ ਜਿਸ ਵਿਚ ਇੱਕੋ ਸਮੇਂ ਇਕ ਲੱਖ ਬੰਦਾ ਨਮਾਜ਼ ਪੜ੍ਹ ਸਕਦਾ ਹੈ।

ਕਿਸੇ ਵੀ ਮਸਜਿਦ ਦੇ ਤੱਤ ਤਾਂ ਪੂਰਵ-ਨਿਰਧਾਰਿਤ ਹੀ ਹਨ- ਖੁੱਲ੍ਹਾ ਵਿਹੜਾ, ਵਿਹੜੇ ਦੇ ਪੱਛਮ ਵਾਲੇ ਪਾਸੇ ਗੁੰਬਦਾਂ ਨਾਲ ਛੱਤੀ ਇਮਾਰਤ, ਇਸ ਇਮਾਰਤ ਦੀ ਪਿਛਲੀ ਕੰਧ ਵਿਚ ਮਹਿਰਾਬ ਜਿਸ ਵੱਲ ਮੂੰਹ ਕਰ ਕੇ ਮੁਸਲਮਾਨ ਸਿਜਦਾ ਕਰਦੇ ਹਨ। ਖੁੱਲ੍ਹੇ ਵਿਹੜੇ ਦੇ ਤਿੰਨ ਪਾਸੇ ਛਾਂਦਾਰ ਦਲਾਨ ਅਤੇ ਸਾਹਮਣੇ ਵਾਲੀ ਕੰਧ ਵਿਚ ਮੁੱਖ ਦਰਵਾਜ਼ਾ। ਜੇਕਰ ਖਾਲੀ ਥਾਂ ਹੋਵੇ ਤਾਂ ਉੱਤਰੀ ਅਤੇ ਦੱਖਣੀ ਕੰਧ ਵਿਚ ਵੀ ਇਕ-ਇਕ ਦਰਵਾਜ਼ਾ ਬਣਵਾਇਆ ਜਾ ਸਕਦਾ ਸੀ। ਇਮਾਰਤ ਦੇ ਕੋਨਿਆਂ 'ਤੇ ਅਤੇ ਕਈ ਵਾਰ ਵਲਗਣ ਦੇ ਕੋਨਿਆਂ 'ਤੇ ਵੀ ਇਕ-ਇਕ ਉੱਚੀ ਮੀਨਾਰ ਹੁੰਦੀ ਸੀ। ਮਸਜਿਦ ਦੇ ਮੀਨਾਰ ਅਤੇ ਗੁੰਬਦ ਪਿੰਡ ਜਾਂ ਸ਼ਹਿਰ ਵਿਚ ਦੂਰੋਂ ਹੀ ਦਿਸ ਪੈਂਦੇ ਹਨ, ਖਾਸ ਤੌਰ 'ਤੇ ਪੁਰਾਣੇ ਸਮਿਆਂ ਵਿਚ ਜਦੋਂ ਬਾਕੀ ਰਿਹਾਇਸ਼ੀ ਇਮਾਰਤਾਂ ਬਹੁਤੀਆਂ ਉੱਚੀਆਂ ਨਹੀਂ ਸਨ ਹੁੰਦੀਆਂ।

ਸਮਕਾਲੀ ਇਤਿਹਾਸ ਵਿਚ ਭਾਵੇਂ ਇਸ ਮਸਜਿਦ ਦੀ ਉਸਾਰੀ ਦਾ ਕੋਈ ਜ਼ਿਕਰ ਨਹੀਂ ਮਿਲਦਾ ਪਰ ਮਸਜਿਦ ਦੇ ਮੱਥੇ 'ਤੇ ਸਫੈਦ ਸੰਗਮਰਮਰ ਉਪਰ ਅਰਬੀ ਅਤੇ ਫਾਰਸੀ ਦੇ ਕਾਲੇ ਅੱਖਰਾਂ ਵਿਚ ਤਿੰਨ ਲਾਈਨਾਂ ਉੱਕਰੀਆਂ ਹੋਈਆਂ ਹਨ ਜਿਨ੍ਹਾਂ ਦਾ ਪੰਜਾਬੀ ਵਿਚ ਅਰਥ ਬਣਦਾ ਹੈ: "ਅੱਲਾਹ ਦੇ ਸਿਵਾ ਹੋਰ ਕੋਈ ਪਰਮਾਤਮਾ ਨਹੀਂ ਹੈ, ਹਜ਼ਰਤ ਮੁਹੰਮਦ ਅੱਲਾਹ ਦਾ ਪੈਗ਼ੰਬਰ ਹੈ। ਜੇਤੂ ਬਾਦਸ਼ਾਹ ਮੁਹੀਉਦ-ਦੀਨ ਮੁਹੰਮਦ ਆਲਮਗੀਰ ਦੀ ਮਸਜਿਦ ਸ਼ਾਹੀ ਘਰਾਣੇ ਦੇ ਸਭ ਤੋਂ ਨਿਮਰ ਸੇਵਕ, ਫਿਦਾਈ ਖਾਨ ਕੋਕਾ ਦੀ ਨਿਗਰਾਨੀ ਹੇਠ 1084 (ਹਿਜ਼ਰੀ) ਵਿਚ ਪੂਰੀ ਹੋਈ।" ਸਾਂਝੇ ਸੰਮਤ ਦਾ ਇਹ ਸਾਲ 1673 ਬਣਦਾ ਹੈ।

ਫਿਦਾਈ ਖਾਨ ਦੇ ਨਾਂ ਨਾਲ ਜੁੜਿਆ ਸ਼ਬਦ 'ਕੋਕਾ' ਦਰਸਾਉਂਦਾ ਹੈ ਕਿ ਉਹ ਬਾਦਸ਼ਾਹ ਦਾ 'ਦੁੱਧ-ਭਰਾ' ਸੀ, ਮਤਲਬ ਕਿ ਦੋਹਾਂ ਨੇ ਇੱਕੋ ਮਾਂ ਦਾ ਦੁੱਧ ਚੁੰਘਿਆ ਸੀ (ਜਿਵੇਂ ਜਹਾਂਗੀਰ ਅਤੇ ਦੁੱਲਾ ਭੱਟੀ ਨੂੰ ਵੀ ਦੁੱਧ-ਭਰਾ ਮੰਨਿਆ ਜਾਂਦਾ ਹੈ)। ਪਿੰਜੌਰ ਦਾ ਸ਼ਾਨਦਾਰ ਮੁਗਲ ਬਾਗ ਵੀ ਇਸੇ ਫਿਦਾਈ ਖਾਨ ਨੇ ਬਣਵਾਇਆ ਸੀ। ਉਂਜ ਉਸ ਦਾ ਅਸਲ ਨਾਂ ਤਾਂ ਮੁਜ਼ੱਫਰ ਹੁਸੈਨ ਸੀ। 1675 ਵਿਚ ਫਿਦਾਈ ਖਾਨ ਦੇ ਅਫਗਾਨਾਂ ਖਿਲਾਫ ਬਹਾਦਰੀ ਨਾਲ ਲੜਨ 'ਤੇ ਖੁਸ਼ ਹੋ ਕੇ ਔਰੰਗਜ਼ੇਬ ਨੇ ਉਸ ਨੂੰ ਇਕ ਹੋਰ ਖਿਤਾਬ 'ਆਜ਼ਮ ਖਾਨ ਕੋਕਾ' ਦੇ ਦਿੱਤਾ ਸੀ।

1677 ਵਿਚ ਬਾਦਸ਼ਾਹ ਨੇ ਉਸ ਨੂੰ ਬੰਗਾਲ ਦਾ ਸੂਬੇਦਾਰ ਥਾਪ ਦਿੱਤਾ ਪਰ ਅਗਲੇ ਹੀ ਸਾਲ 24 ਮਈ ਦੇ ਦਿਨ ਉਹ ਢਾਕੇ ਵਿਖੇ ਫੌਤ ਹੋ ਗਿਆ। ਇਹ ਜਾਣਨਾ ਰੋਚਕ ਹੋਵੇਗਾ ਕਿ ਮੌਤ ਸਮੇਂ ਫਿਦਾਈ ਖਾਨ ਦੀ ਕੁੱਲ ਸੰਪਤੀ 22 ਲੱਖ ਚਾਂਦੀ ਦੇ ਰੁਪਏ ਅਤੇ ਇਕ ਲੱਖ ਬਾਰਾਂ ਹਜ਼ਾਰ ਸੋਨੇ ਦੀਆਂ ਮੋਹਰਾਂ ਸੀ (ਇਕ ਮੋਹਰ ਲਗਭਗ 10.95 ਗ੍ਰਾਮ ਸੋਨੇ ਦੀ ਹੁੰਦੀ ਸੀ; ਕੀਮਤ ਵਿਚ ਇਹ ਚਾਂਦੀ ਦੇ 15 ਰੁਪਏ ਦੇ ਬਰਾਬਰ ਸੀ; ਸੋਨੇ ਦੇ ਅੱਜ ਦੇ ਮੁੱਲ ਮੁਤਾਬਿਕ ਇਕ ਮੋਹਰ ਲਗਪਗ 66,750 ਰੁਪਏ ਦੇ ਬਰਾਬਰ ਸੀ)। ਫਿਦਾਈ ਖਾਨ ਦੀ ਮੌਤ ਤੋਂ ਬਾਅਦ ਆਮ ਮੁਗਲ ਕਾਨੂੰਨ ਮੁਤਾਬਿਕ ਇਹ ਸਾਰੀ ਸੰਪਤੀ ਬਾਦਸ਼ਾਹ ਨੇ ਜ਼ਬਤ ਕਰ ਲਈ। ਖੈਰ, ਚਲੋ ਆਪਾਂ ਫੇਰ ਮਸਜਿਦ ਵੱਲ ਮੁੜਦੇ ਹਾਂ।



**ਬਾਦਸ਼ਾਹੀ ਮਸਜਿਦ ਬਣਵਾਉਣ ਵਾਲੇ ਬਾਦਸ਼ਾਹ ਔਰੰਗਜ਼ੇਬ ਦਾ ਚਿੱਤਰ।**

ਬਾਦਸ਼ਾਹੀ ਮਸਜਿਦ ਦੀ ਉਸਾਰੀ ਤੋਂ ਪਹਿਲਾਂ ਲਾਹੌਰ ਵਿਚ ਹੀ ਕਿਲ੍ਹੇ ਦੇ ਅਕਬਰੀ ਦਰਵਾਜ਼ੇ ਲਾਗੇ 1611-14 ਦੌਰਾਨ ਉਸਰਵਾਈ ਗਈ ਬੇਗਮਸ਼ਾਹੀ ਮਸਜਿਦ ਅਤੇ ਮੀਲ ਤੋਂ ਵੀ ਘੱਟ ਫਾਸਲੇ 'ਤੇ 1634-41 ਦੌਰਾਨ ਬਣਵਾਈ ਗਈ ਵਜ਼ੀਰ ਖਾਨ ਦੀ ਮਸਜਿਦ ਮੌਜੂਦ ਸੀ ਪਰ ਔਰੰਗਜ਼ੇਬ ਨੇ ਬਾਦਸ਼ਾਹੀ ਮਸਜਿਦ ਲਈ ਦਿੱਲੀ ਦੀ ਜਾਮਾ ਮਸਜਿਦ ਦਾ ਡਿਜ਼ਾਈਨ ਚੁਣਿਆ। ਲਾਲ ਕਿਲ੍ਹੇ ਅਤੇ ਜਾਮਾ ਮਸਜਿਦ ਵਾਂਙ ਹੀ ਲਾਹੌਰ ਦੀ ਇਹ ਸਿਜਦਾਗਾਹ ਵੀ ਲਾਲ ਰੇਤਲੇ ਪੱਥਰ ਦੀ ਬਣੀ ਹੈ ਜਿਸ ਉਪਰ ਸਫੈਦ ਸੰਗਮਰਮਰ ਨਾਲ ਵੇਲਾਂ ਦੇ ਨਮੂਨੇ ਬਣਾਏ ਹੋਏ ਹਨ। ਇਹ ਮਸਜਿਦ ਉਸਾਰੀ ਸ਼ੈਲੀ ਦੀ ਖੂਬਸੂਰਤੀ ਵਿਚ ਦਿੱਲੀ ਦੀ ਜਾਮਾ ਮਸਜਿਦ ਦਾ ਮੁਕਾਬਲਾ ਤਾਂ ਨਹੀਂ ਕਰ ਸਕਦੀ, ਸ਼ਾਇਦ ਔਰੰਗਜ਼ੇਬ ਦੇ ਕਾਰੀਗਰ ਵੀ ਇਸ ਗੱਲ ਤੋਂ ਵਾਕਿਫ ਸਨ, ਇਸ ਲਈ ਔਰੰਗਜ਼ੇਬ ਨੇ ਲਾਹੌਰ ਦੀ ਮਸਜਿਦ ਦਾ ਆਕਾਰ ਵੱਡਾ ਕਰ ਕੇ ਦਿੱਲੀ ਦੀ ਮਸਜਿਦ ਨੂੰ ਪਿੱਛੇ ਛੱਡਣ ਦਾ ਯਤਨ ਕੀਤਾ। ਮਸਜਿਦ ਦੇ ਵਿਹੜੇ ਦਾ ਆਕਾਰ ਵਧਾ ਦਿੱਤਾ, ਕੋਨਿਆਂ 'ਤੇ ਬਣਾਏ ਮੀਨਾਰਾਂ ਦੀ ਉਚਾਈ ਵੀ ਹੋਰ ਵਧਵਾ ਦਿੱਤੀ। ਇਸ ਮਸਜਿਦ ਨਾਲ ਇਹ ਵਿਸ਼ਵਾਸ ਵੀ ਜੁੜਿਆ ਹੈ ਕਿ ਇਸ ਵਿਚ ਹਜ਼ਰਤ ਮੁਹੰਮਦ ਸਾਹਿਬ ਦਾ ਇਕ ਵਾਲ਼ ਸੁਰੱਖਿਅਤ ਰੱਖਿਆ ਹੋਇਆ ਹੈ (ਇਹੋ ਵਿਸ਼ਵਾਸ ਸ੍ਰੀਨਗਰ ਦੀ ਹਜ਼ਰਤਬਲ ਦੀ ਮਸਜਿਦ ਬਾਰੇ ਵੀ ਪ੍ਰਚਲਿਤ ਹੈ)।

ਪੰਜਾਬ ਅਤੇ ਲਾਹੌਰ ਲਈ ਸਾਰੀ ਅਠਾਰ੍ਹਵੀਂ ਸਦੀ ਸਿਆਸੀ ਉਥਲ-ਪੁਥਲ ਵਾਲੀ ਹੀ ਸੀ। 1799 ਵਿਚ ਮਹਾਰਾਜਾ ਰਣਜੀਤ ਸਿੰਘ ਹਾਕਮ ਬਣ ਗਿਆ। ਉਨ੍ਹੀਵੀਂ ਸਦੀ ਦੇ ਪਹਿਲੇ ਅੱਧ ਤੀਕ ਤਾਂ ਬਾਦਸ਼ਾਹੀ ਮਸਜਿਦ ਦੀ ਦੁਰਵਰਤੋਂ ਹੀ ਹੁੰਦੀ ਰਹੀ, ਜਿਵੇਂ ਉਸ ਸਮੇਂ ਦੌਰਾਨ ਲਾਹੌਰ ਆਉਣ ਵਾਲੇ ਵਿਲੀਅਮ ਮੂਰਕ੍ਰਾਫਟ ਵਰਗੇ ਵਿਦੇਸ਼ੀ ਯਾਤਰੀ ਆਪਣੀਆਂ ਕਿਤਾਬਾਂ ਵਿਚ ਲਿਖਦੇ ਹਨ। ਇਕ ਭੁਚਾਲ ਦੌਰਾਨ ਇਸ ਦੀਆਂ ਮੀਨਾਰਾਂ ਨੂੰ ਵੀ ਨੁਕਸਾਨ ਪੁੱਜਾ।

1846 ਵਿਚ ਅੰਗਰੇਜ਼ਾਂ ਦੇ ਲਾਹੌਰ 'ਤੇ ਕਾਬਜ਼ ਹੋਣ ਤੋਂ ਬਾਅਦ ਉਨ੍ਹਾਂ ਨੇ ਇਸ ਮਸਜਿਦ ਨੂੰ ਫੌਜੀ ਗੜ੍ਹੀ ਵਜੋਂ ਵਰਤਣਾ ਜਾਰੀ ਰੱਖਿਆ ਪਰ 1852 ਵਿਚ ਉਨ੍ਹਾਂ ਨੇ ਮਸਜਿਦ ਦੀ ਮੁੜ ਸੁਰਜੀਤੀ ਲਈ 'ਬਾਦਸ਼ਾਹੀ ਮਸਜਿਦ ਅਥਾਰਟੀ' ਦੀ ਸਥਾਪਨਾ ਕਰ ਦਿੱਤੀ ਤਾਂ ਜੋ ਇਹ ਮੁਸਲਮਾਨਾਂ ਨੂੰ ਇਬਾਦਤ ਲਈ ਦੁਬਾਰਾ ਸੌਂਪੀ ਜਾ ਸਕੇ। 11 ਜੂਨ 1856 ਨੂੰ ਇਸ ਨੂੰ ਫੇਰ ਮੁਸਲਮਾਨਾਂ ਦੇ ਹਵਾਲੇ ਕਰ ਦਿੱਤਾ ਗਿਆ।

ਅਪਰੈਲ 1919 ਵਿਚ ਅੰਮ੍ਰਿਤਸਰ ਦੇ ਜੱਲ੍ਹਿਆਂਵਾਲਾ ਬਾਗ ਦੇ ਸਾਕੇ ਤੋਂ ਬਾਅਦ ਬਾਦਸ਼ਾਹੀ ਮਸਜਿਦ ਦੇ ਵਿਹੜੇ ਵਿਚ ਲਗਭਗ 25,000-35,000 ਦੀ ਗਿਣਤੀ ਵਿਚ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਨੇ ਇਕੱਠੇ ਹੋ ਕੇ ਆਪਣੇ ਵਿਰੋਧ ਦਾ ਇਜ਼ਹਾਰ ਕੀਤਾ। ਇਸ ਇਕੱਠ ਮੂਹਰੇ ਖਲੀਫਾ ਸ਼ੁਜਾਉੱਦੀਨ (ਜੋ ਬਾਅਦ ਵਿਚ ਪੰਜਾਬ ਦੀ ਸੂਬਾਈ ਅਸੈਂਬਲੀ ਦਾ ਸਪੀਕਰ ਬਣ ਗਿਆ ਸੀ) ਨੇ ਸਮਾਗਮ ਵਿਚ ਮਹਾਤਮਾ ਗਾਂਧੀ ਦਾ ਭਾਸ਼ਣ ਵੀ ਪੜ੍ਹਿਆ ਸੀ।

1925 ਵਿਚ ਪੁਰਾਤੱਤਵ ਵਿਭਾਗ ਵੱਲੋਂ ਇਸ ਮਸਜਿਦ ਨੂੰ 'ਸੁਰੱਖਿਅਤ ਸਮਾਰਕ' ਕਰਾਰ ਦੇ ਦਿੱਤਾ ਗਿਆ। ਅਣਵੰਡੇ ਪੰਜਾਬ ਦੇ ਪ੍ਰੀਮੀਅਰ ਸਰ ਸਿਕੰਦਰ ਹਯਾਤ ਖਾਨ ਮਸਜਿਦ ਦੀ ਮੁਰੰਮਤ ਲਈ ਚੰਦਾ ਇਕੱਠਾ ਕਰਨ ਵਾਲਿਆਂ ਵਿਚ ਮੋਹਰੀ ਸਨ। 1939 ਵਿਚ ਆਰਕੀਟੈਕਟ ਨਵਾਬ ਜ਼ੈਨ ਯਾਰ ਜੰਗ ਬਹਾਦਰ ਦੀ ਨਿਗਰਾਨੀ ਹੇਠ ਇਸ ਦੀ ਮੁਰੰਮਤ ਵੱਡੇ ਪੱਧਰ 'ਤੇ ਸ਼ੁਰੂ ਕੀਤੀ ਗਈ। 48 ਲੱਖ ਰੁਪਏ ਦੀ ਲਾਗਤ ਨਾਲ ਇਹ ਕੰਮ 1960 ਤੀਕ ਚਲਦਾ ਰਿਹਾ।

ਮਸਜਿਦ ਦੇ ਮੁੱਖ ਦਰਵਾਜ਼ੇ ਦੇ ਨੇੜੇ ਹੀ ਖੱਬੇ ਪਾਸੇ ਉਰਦੂ-ਫਾਰਸੀ ਦੇ ਪ੍ਰਸਿੱਧ ਸ਼ਾਇਰ ਅੱਲਾਮਾ ਇਕਬਾਲ ਦੀ ਮਜ਼ਾਰ ਹੈ। ਪਾਕਿਸਤਾਨ ਵਿਚ ਉਸ ਨੂੰ ਸ਼ਾਇਰ ਤੋਂ ਇਲਾਵਾ 'ਪਾਕਿਸਤਾਨ ਅੰਦੋਲਨ' ਦੇ ਸੰਸਥਾਪਕ ਵਜੋਂ ਵੀ ਸਤਿਕਾਰਿਆ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ ਇਕਬਾਲ ਆਪਣੇ ਸੁਫਨੇ ਨੂੰ ਸਾਕਾਰ ਹੋਇਆ ਨਾ ਦੇਖ ਸਕਿਆ, ਉਹ 1938 ਵਿਚ ਹੀ ਫੌਤ ਹੋ ਗਿਆ ਸੀ। ਸਰ ਸਿਕੰਦਰ ਹਯਾਤ ਖਾਨ ਦੀ ਕਬਰ ਵੀ ਨੇੜੇ ਹੀ ਹੈ।

1961 ਵਿਚ ਬਾਦਸ਼ਾਹੀ ਮਸਜਿਦ ਦੀ ਸਾਂਭ-ਸੰਭਾਲ ਦਾ ਪੂਰਾ ਪ੍ਰਬੰਧ ਪੰਜਾਬ ਸਰਕਾਰ ਦੇ ਔਕਾਫ ਮਹਿਕਮੇ ਨੂੰ ਸੌਂਪ ਦਿੱਤਾ। 1993 ਵਿਚ ਇਸ ਮਸਜਿਦ ਨੂੰ ਯੂਨੈਸਕੋ ਨੇ ਵਿਸ਼ਵ ਵਿਰਾਸਤਾਂ ਦੀ ਆਰਜ਼ੀ ਸੂਚੀ ਵਿਚ ਸ਼ਾਮਲ ਕਰ ਲਿਆ ਸੀ। ਹੁਣ ਇਹ ਪਾਕਿਸਤਾਨ ਦੀਆਂ ਸਭ ਤੋਂ ਮਸ਼ਹੂਰ ਅਤੇ ਦਰਸ਼ਨੀ ਥਾਵਾਂ ਵਿਚੋਂ ਇਕ ਹੈ। ਨਾਲ ਹੀ ਇਹ ਹਿੰਦੋਸਤਾਨੀ ਉਪ ਮਹਾਂਦੀਪ ਵਿਚ ਮੁਗਲ ਇਮਾਰਤਸਾਜ਼ੀ ਦੀ ਕਲਾ ਦਾ ਅੰਤਿਮ ਮੁੱਖ ਪ੍ਰਗਟਾਵਾ ਹੈ। ਇਸ ਦੀ ਉਸਾਰੀ ਤੋਂ 125 ਸਾਲ ਮਗਰੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨਾਲ ਲਾਹੌਰ ਵਿਚ ਸਿੱਖ ਇਮਾਰਤਸਾਜ਼ੀ ਦਾ ਨਵਾਂ ਅਧਿਆਏ ਸ਼ੁਰੂ ਹੁੰਦਾ ਹੈ।

# ਪਿੰਡ ਵਾਲੇ ਸੱਜਣ ਦੀ ਗੱਲ

**ਵਿਪਨ ਜਲਾਲਾਬਾਦੀ**

ਲੁਧਿਆਣੇ ਜਾਂਦਿਆਂ ਰਾਹ ਵਿਚ ਕਾਰ ਪੈਂਚਰ ਹੋ ਗਈ। ਸਟਿੱਪਣੀ ਨਾ ਹੋਣ ਕਾਰਨ ਕਾਰ ਮਸਾਂ ਧੱਕ ਕੇ ਮਿਸਤਰੀ ਕੋਲ ਮਸਾਂ ਹੀ ਧੱਕ ਕੇ ਲਿਜਾਣੀ ਪਈ। ਗੱਡੀ ਨੂੰ ਧੱਕਾ ਲਾਉਂਦਾ ਦੇਖ ਦੁਕਾਨ ਵਾਲਾ ਆਪ ਹੀ ਭੱਜ ਕੇ ਕੋਲ ਆ ਗਿਆ ਅਤੇ ਕਿਹਾ, "ਬਾਈ ਜੀ ਛੱਡੋ, ਮੈਂ ਲੈ ਚੱਲਦਾ ਹਾਂ।" ਸਾਨੂੰ ਵੀ ਥੋੜ੍ਹਾ ਸੁੱਖ ਦਾ ਸਾਹ ਆਇਆ।

ਸਾਨੂੰ ਦੁਕਾਨ ਅੰਦਰ ਬਿਠਾ ਕੇ ਉਹਨੇ ਚਾਹ ਮੰਗਵਾਈ ਅਤੇ ਆਪ ਗੱਡੀ ਦਾ ਟਾਇਰ ਖੋਲ੍ਹਣ ਲੱਗਾ। ਸਰੀਰ ਰਤਾ ਕੁ ਸਹਿਜ ਹੋਇਆ ਤਾਂ ਕੰਨੀ ਆਵਾਜ਼ ਪੈਣ ਲੱਗੀ, ਜਿਵੇਂ ਕਿਤੇ ਨੇੜੇ ਹੀ ਕੋਈ ਰੈਲੀ ਹੋ ਰਹੀ ਹੋਵੇ। ਕੁਝ ਸਮੇਂ ਬਾਅਦ ਚਾਹ ਆ ਗਈ। ਚਾਹ ਪੀ ਕੇ ਸਰੀਰ ਐਨ ਪੈਰਾਂ-ਸਿਰ ਹੋ ਗਿਆ। ਹੁਣ ਰੈਲੀ ਵਾਲੀ ਆਵਾਜ਼ ਬਿਲਕੁੱਲ ਸਾਫ ਸੁਣਾਈ ਦੇ ਰਹੀ ਸੀ। ਲੀਡਰ ਵੋਟਰਾਂ ਨੂੰ ਭਰਮਾਉਣ ਲਈ ਵਾਅਦਿਆਂ ਦੀ ਪੰਡ ਵਿਚੋਂ ਇੱਕ-ਇੱਕ ਵਾਅਦਾ ਬੜੀ ਹੀ ਸੂਝ-ਬੂਝ ਨਾਲ ਲੋਕਾਂ ਅੱਗੇ ਲਗਾਤਾਰ ਸੁੱਟ ਰਹੇ ਰਹੇ ਸਨ। ਦੂਜੀਆਂ ਪਾਰਟੀਆਂ ਉਤੇ ਸ਼ਰੇਆਮ ਦੂਸ਼ਣ ਲਾਏ ਜਾ ਰਹੇ ਸਨ। ਆਪਣੇ ਆਪ ਨੂੰ ਦੁੱਧ ਧੋਤਾ ਸਾਬਤ ਕਰਨ ਅਤੇ ਨਾਲ ਹੀ ਸੰਕਟ ਮੋਚਨ ਦੱਸਣ ਵਾਲੀ ਗੱਲ ਹੋਈ ਪਈ ਸੀ।

ਮੈਂ ਫਟਾ-ਫਟ ਕੰਮ ਕਰ ਰਹੇ ਦੁਕਾਨ ਵਾਲੇ ਦੇ ਨੇੜੇ ਕੁਰਸੀ ਖਿੱਚ ਲਈ ਅਤੇ ਗੱਲੀਂ ਪੈ ਗਿਆ। ਗੱਲਾਂ-ਗੱਲਾਂ ਵਿਚ ਮੈਂ ਉਸ ਨੂੰ ਪੁੱਛਿਆ, "ਤੁਸੀਂ ਕਿਸ ਨੂੰ ਵੋਟ ਪਾਉਣੀ ਏ ਭਾਈ?" ਮੇਰਾ ਸਵਾਲ ਸ਼ਾਇਦ ਉਸ ਨੂੰ ਵਿਹੁ ਵਰਗਾ ਲੱਗਾ। ਉਸ ਦਾ ਜਵਾਬ ਬੜਾ ਸਖਤ ਸੀ, "ਬਾਈ ਜੀ, ਵੋਟ ਜਿਸ ਨੂੰ ਮਰਜ਼ੀ ਪਾ ਦਈਏ, ਲਾਉਣੇ ਤਾਂ ਸਾਰੀ ਉਮਰ ਪੈਂਚਰ ਈ ਆ।" ਫਿਰ ਵੀ ਮੈਂ ਫਿਲਾਸਫੀ ਝਾੜੀ, "ਬਾਈ ਜੀ, ਵੋਟ ਵਿਚ ਬਹੁਤ ਤਾਕਤ ਹੁੰਦੀ ਏ।" ਉਹ ਕਹਿੰਦਾ, "ਬਾਈ ਜੀ, ਜੇ ਵੋਟ ਵਿਚ ਤਾਕਤ ਹੁੰਦੀ ਤਾਂ ਸਾਡੇ ਪਿੰਡ ਨੂੰ ਜਾਂਦੀ ਸੜਕ ਪੱਕੀ ਨਾ ਹੋ ਜਾਂਦੀ? ਬਾਬਾ ਸੰਤੂ ਨਾ ਬਚ ਜਾਂਦਾ ਜਿਹੜਾ ਦਵਾਈ ਖੁਣੋਂ ਮਰ ਗਿਆ? ਸਾਡੀਆਂ ਗਲੀਆਂ-ਨਾਲੀਆਂ ਚੋਂ ਬੋਅ ਆਉਣੋਂ ਨਾ ਹਟ ਜਾਂਦੀ? ਸਾਡੇ ਸਕੂਲ ਦਾ ਮੁਹਾਂਦਰਾ ਨਾ ਬਦਲਦਾ ਜਿੱਥੇ ਸਿਰਫ ਇੱਕ ਹੀ ਅਧਿਆਪਕ ਹੈ?" ਇੱਕੋ ਸਾਹੇ ਉਹ ਕਿੰਨਾ ਕੁਝ ਬੋਲ ਗਿਆ, ਇਹ ਗੱਲਾਂ ਕਰਦਾ ਉਹ ਖਿਝ ਗਿਆ ਜਾਪਦਾ ਸੀ।

ਅਚਾਨਕ ਕੁੱਤੇ ਭੌਂਕਣ ਦੀਆਂ ਆਵਾਜ਼ਾਂ ਨੇ ਸਾਡੀ ਗੱਲਬਾਤ ਵਿਚ ਵਿਘਨ ਪਾ ਦਿੱਤਾ। ਦੁਕਾਨਦਾਰ ਨੇ ਕੁੱਤਿਆਂ ਵੱਲ ਰੋੜਾ ਸੁੱਟਿਆ। ਲੱਗਿਆ, ਜਿਵੇਂ ਲੀਡਰਾਂ ਵਾਲਾ ਸਾਰਾ ਗੁੱਸਾ ਕੁੱਤਿਆਂ 'ਤੇ ਕੱਢ ਦਿੱਤਾ ਹੋਵੇ। ਫਿਰ ਕੁਝ ਸੋਚ ਕੇ ਦੁਕਾਨਦਾਰ ਬੋਲਿਆ, "ਬਾਈ ਜੀ, ਸਾਰੀਆਂ ਪਾਰਟੀਆਂ ਦੇ ਉਹੀ ਲਾਰੇ ਨੇ ਪਰ ਵੋਟਾਂ ਤੋਂ ਬਾਅਦ ਕੋਈ ਨਹੀਂ ਬਹੁੜਦਾ। ਤੁਸੀਂ ਆਪ ਹੀ ਦੇਖ ਲਓ, ਹਰ ਪਾਰਟੀ ਨੇ ਲੋਕਾਂ ਨੂੰ ਜਿਹੜੇ ਲਾਰੇ ਲਾਏ, ਉਹ ਪੂਰੇ ਹੋਣੇ ਸੰਭਵ ਨਹੀਂ ਜਾਪਦੇ। ਸਾਡੇ ਪਿੰਡ ਦਾ ਸੱਜਣ ਵੀ ਇਸ ਤਰ੍ਹਾਂ ਦਾ ਸੀ। ਸਿਰਫ ਨਾਮ ਦਾ ਹੀ ਸੱਜਣ ਸੀ। ਉਹ ਇਹ ਕਹਿ ਕੇ ਲੋਕਾਂ ਤੋਂ ਪੈਸੇ ਲੈ ਲੈਂਦਾ, ਬਈ ਮੈਂ ਤੇਰੇ ਮੁੰਡੇ ਨੂੰ ਨੌਕਰੀ ਲਵਾ ਦਊਂ, ਤੇਰੇ ਮੁੰਡੇ ਦੀ ਬਦਲੀ ਕਰਵਾ ਦਊਂ, ਤੇਰੀ ਬੁਢਾਪਾ ਪੈਨਸ਼ਨ ਲਵਾ ਦਊਂ; ਕਈ ਲੋਕ ਉਸ ਦੀਆਂ ਮੋਮੋਠੱਗਣੀਆਂ ਵਿਚ ਆ ਪੈਸੇ ਫਸਾ ਲੈਂਦੇ। ਅਖੀਰ ਪੈਸੇ ਵਾਪਸ ਮੰਗ ਮੰਗ ਕੇ ਸਬਰ ਦਾ ਘੁੱਟ ਭਰ ਲੈਂਦੇ। ਕਰਨੀ ਇਨ੍ਹਾਂ ਨੇ ਵੀ ਸਾਡੇ ਪਿੰਡ ਆਲੇ ਸੱਜਣ ਵਰਗੀ ਹੈ।"

ਗੱਡੀ ਨੂੰ ਪੈਂਚਰ ਲੁਆ ਕੇ ਸਫਰ 'ਤੇ ਚੱਲ ਪਿਆ। ਸੋਚ ਰਿਹਾ ਸਾਂ, ਲੀਡਰਾਂ ਦੀਆਂ ਬੇਤੁਕੀਆਂ ਹੁਣ ਲੋਕਾਂ ਨੂੰ ਸਮਝ ਆਉਣ ਲੱਗ ਪਈਆਂ ਹਨ। ਆਮ ਬੰਦਾ ਕਿੰਨਾ ਦੁਖੀ ਹੈ, ਇਸ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਸਾਰੇ ਸਫ਼ਰ ਦੌਰਾਨ ਦੁਕਾਨਦਾਰ ਦੀਆਂ ਗੱਲਾਂ ਗੂੰਜਦੀਆਂ ਰਹੀਆਂ; ਕਦੀ ਲੱਗਦਾ, ਕੁੱਤੇ ਅਜੇ ਵੀ ਭੌਂਕ ਰਹੇ ਨੇ।

# ਮਹਾ-ਰੰਗੋਲੀ: ਸੰਦਲੀ ਮਧਾਣੀ ਤੋਂ ਮਹਾਮਾਰੀ ਅਤੇ ਵਾਪਸ

ਹਰਬੰਸ ਭੌਰ ਨੂੰ ਭਾਵੇਂ ਮੈਂ ਇਕ ਨਾਟਕਕਾਰ, ਰੰਗਕਰਮੀ ਅਤੇ ਦੋਸਤ ਦੇ ਭਰਾ ਵਜੋਂ ਕਾਫੀ ਦੇਰ ਤੋਂ ਜਾਣਦਾ ਸਾਂ, ਪਰ ਉਸ ਦੀ ਕਲਮੀ ਯਾਤਰਾ ਨੂੰ ਮੈਂ ਉਸ ਦੀ ਸੰਦਲੀ ਮਧਾਣੀ ਵਿਚਲੀਆਂ ਕਾਵਿਕ ਰਚਨਾਵਾਂ ਪੜ੍ਹਨ ਮਗਰੋਂ ਹੀ ਜਾਣ ਸਕਿਆਂ ਹਾਂ, ਭਾਵੇਂ ਮੈਂ ਅਕਸਰ ਫੇਸਬੁੱਕ 'ਤੇ ਉਸ ਦੀਆਂ ਕੁਝ ਨਜ਼ਮਾਂ ਦੇਰ ਸਵੇਰ ਕਦੇ-ਕਦੇ ਪੜ੍ਹਦਾ ਅਤੇ ਮਾਣਦਾ ਰਿਹਾ ਹਾਂ। ਉਸ ਦੇ

ਗੁਰਦੇਵ ਚੌਹਾਨ

ਛੋਹੇ ਵਿਸ਼ਿਆਂ ਦੀ ਵੰਨਗੀ ਦੀ ਦ੍ਰਿਸ਼ਟੀ ਤੋਂ ਵੇਖਿਆਂ ਯਕੀਨਨ ਹੀ ਅਸੀਂ ਉਸ ਦੀ ਇਸ ਕਾਵਿਕ-ਯਾਤਰਾ ਨੂੰ ਬਹੁ-ਅਯਾਮੀ ਆਖ ਸਕਦੇ ਹਾਂ।

ਉਸ ਦੀ ਪੁਸਤਕ ਲੜੀ 'ਸੰਦਲੀ ਮਧਾਣੀ' ਵਿਚ ਉਸ ਦੀਆਂ ਕਵਿਤਾਵਾਂ ਬਹੁਤ ਮਸਲਿਆਂ ਨਾਲ ਦੋ- ਚਾਰ ਹੁੰਦੀਆਂ ਹਨ। ਇਹ ਮੁੱਦੇ, ਕਿੰਤੂ, ਟਿੱਪਣੀਆਂ ਜਾਂ ਨੁਕਤੇ, (ਤੁਸੀਂ ਇਨ੍ਹਾਂ ਨੂੰ ਕੋਈ ਵੀ ਨਾਂ ਦੇ ਸਕਦੇ ਹੋ), ਵੱਖ-ਵੱਖ ਤਰਜ਼ਾਂ, ਵਜ਼ਨਾਂ, ਗੀਤਾਂ, ਗ਼ਜ਼ਲਾਂ ਦੀਆਂ ਵੰਨਗੀਆਂ ਜਾਂ ਕਹੋ ਕਿ ਕਵਿਤਾਵਾਂ ਦੀਆਂ ਵੰਨਗੀਆਂ ਪੇਸ਼ ਕਰਦੇ ਹਨ।

ਹਰਬੰਸ ਨੇ ਇਨ੍ਹਾਂ ਕਵਿਤਾਵਾਂ ਵਿਚ ਗ਼ਜ਼ਲ ਦੀ ਤਰਜ਼ 'ਤੇ ਬਹੁਤ ਵਾਰ ਇਕੋ ਨਜ਼ਮ ਵਿਚ ਕਈ ਸਾਰੇ ਵਿਸ਼ਿਆਂ 'ਤੇ ਚੋਟ ਕੱਸੀ ਹੈ। ਇਹੀ ਕਾਰਨ ਹੈ ਕਿ ਉਸ ਨੇ ਇਨ੍ਹਾਂ ਨਜ਼ਮਾਂ ਨੂੰ ਵੱਖਰੇ-ਵੱਖਰੇ ਨਾਂ ਨਹੀਂ ਦਿੱਤੇ ਸਿਰਫ਼ ਨੰਬਰ ਹੀ ਦਿੱਤੇ ਹਨ ਤਾਂ ਕਿ ਅਸੀਂ ਇਨ੍ਹਾਂ ਨੂੰ ਪੜ੍ਹਨ ਸਮੇਂ ਸਿਰਫ਼ ਕਿਸੇ ਇਕ ਵਿਸ਼ੇ ਬਾਰੇ ਸਮਝਦਿਆਂ, ਖਿਆਲ ਨਾ ਕਰਦਿਆਂ ਹੋਇਆਂ ਹੀ ਮਾਣ ਸਕੀਏ ਨਹੀਂ ਤਾਂ ਅਸੀਂ ਐਵੇਂ ਇਸ ਬਹਿਸ ਵਿਚ ਪੈ ਜਾਵਾਂਗੇ ਕਿ ਉਹ ਗੱਲ ਤਾਂ ਫਲਾਣੇ ਮਸਲੇ 'ਤੇ ਕਿੰਤੂ ਕਰਦਿਆਂ ਛੋਹੀ ਸੀ ਪਰ ਉਹ ਉਸ ਗੱਲ ਨੂੰ ਫਾਲਤੂ ਵਿਚ ਹੋਰੇ ਪਾਸੇ ਕਿਉਂ ਲੈ ਗਿਆ। ਆਮ ਤੌਰ 'ਤੇ ਗ਼ਜ਼ਲਾਂ ਨੂੰ ਛੱਡ ਕੇ ਕਾਵਿਕ ਪਰੰਪਰਾ ਇਕੋ ਕਵਿਤਾ ਵਿਚ ਉਸ ਕਵਿਤਾ ਦੇ ਨਾਮ ਵਾਲੇ ਵਿਸ਼ੇ ਉਦਾਲੇ ਹੀ ਰਹਿਣ ਦੀ ਪਰੰਪਰਾ ਰਹੀ ਹੈ।

ਇਸ ਪੁਸਤਕ ਦੀ ਪਹਿਲੀ ਨਜ਼ਮ ਨਾਲ ਹੀ ਹਰਬੰਸ ਭੌਰ, ਸਚਮੁੱਚ ਦੇ ਭੌਰੇ ਵਾਂਗ ਹੁਸਨ ਦੀਆਂ ਵਾਦੀਆਂ ਵਿਚ ਪਹੁੰਚ ਜਾਂਦਾ ਹੈ, ਪਿਆਰ ਕਹਾਣੀ, ਰਾਤ ਰਾਣੀ ਦੀ ਕਰੂੰਬਲ ਅਤੇ ਫਿਰ ਸੰਦਲੀ ਮਧਾਣੀ।

ਫੁੱਟੀਆਂ ਬਣੇ ਜਜ਼ਬਾਤ ਮੇਰੇ
ਮੰਗਦੇ ਇਸ਼ਕ ਦਾ ਰਿੜਕਣਾ
ਆਪਣੇ ਸੁਨਹਿਰੇ ਮੁੱਖ ਵਰਗੀ
ਕੋਈ ਸੰਦਲੀ ਮਧਾਣੀ ਭੇਜ ਦੇ।

ਦੂਜੀ ਨਜ਼ਮ ਅਤੇ ਗੱਲ ਸਰਕ ਗਈ ਮਹਾਮਾਰੀ ਵੱਲ:

ਬਾਰਾਂ ਤਾਲੀਆਂ ਕਰਨ ਤਰੱਕੀਆਂ ਜੀ,
ਤੇਰਾਂ ਤਾਲੀ ਨਾ ਵੱਜੇ ਘੜਿਆਲ ਯਾਰੋ,
ਮਹਾਮਾਰੀ ਦਾ ਚਿੱਲਾ ਨਾ ਕੱਟ ਹੋਵੇ,
ਹੋਇਆ ਮੁਲਕ ਦਾ ਮੰਦੜਾ ਹਾਲ ਯਾਰੋ।

ਹਰਬੰਸ ਭੌਰ ਦੀ ਪੰਜਾਬੀ, ਖਾਸ ਤੌਰ 'ਤੇ ਲੱਠੇਦਾਰ ਮੁਹਾਵਰੇ ਵਾਲੀ ਦਿਹਾਤੀ ਰੰਗ ਨਾਲ ਗੜੁੱਤ ਪੰਜਾਬੀ ਸਾਡਾ ਧਿਆਨ ਹਰ ਨਜ਼ਮ ਵਿਚ ਖਿੱਚਦੀ ਹੈ। ਆਪਣੇ ਆਪ ਵਿਚ ਹੀ ਉਸ ਦਾ ਇੰਜ ਵਾਲਾ ਠੱਠ ਲਚਕਦਾਰ ਹੀ ਨਹੀਂ, ਲੁਤਫ਼ ਦੇਣ ਵਾਲਾ ਵੀ ਹੁੰਦਾ ਹੈ:

ਵੇਖੋ ਕੀ ਚਲ ਕੇ ਅੱਗੇ ਸਮਾਂ ਕਹਿੰਦਾ
ਐਸ ਵੇਲੇ ਤਾਂ ਬਣੀ ਏ ਰੇਲ ਬੇਲੀ।


ਪੰਜਾਬ ਵਿਚ ਚਿੱਟੇ ਕਾਰਨ ਬਰਬਾਦ ਹੋ ਰਹੀ ਜਵਾਨੀ ਬਾਰੇ ਕਵੀ ਨੇ ਆਪਣੇ ਤਨਜ਼ੀ ਰੰਗ ਵਿਚ ਪੇਸ਼ ਕੀਤਾ ਹੈ:

ਫੱਕੀ ਮਾਰਦਾ ਤਲੀ 'ਤੇ ਰੱਖ ਭੁੱਕੀ,
ਟੀਕਾ ਲਾ ਸੌਂ ਜਾਂਦੇ ਬਣ ਕੇ ਬੁੱਤ ਯਾਰੋ,
ਮਾਂ ਬਾਪ ਤੋਂ ਨਸ਼ੇ ਨੇ ਪੁੱਤ ਖੋਹਿਆ,
ਭੈਣਾਂ ਤੋਂ ਖੋਹਿਆ ਵੀਰ ਮੀਆਂ
...
ਮਾਂ ਨੇ ਰਾੜੇ ਪਰਾਉਂਠੇ ਸੀ ਤਵੇ ਉੱਤੇ,
ਸੁੱਤਾ ਰਹਿ ਗਿਆ ਬਾਪੂ ਦਾ ਪੁੱਤ ਯਾਰੋ।

ਵਹਿਮਾਂ-ਭਰਮਾਂ, ਧਰਮ ਦੀ ਤਜਾਰਤ ਅਤੇ ਸ਼ਾਸਕੀ ਲੁੱਟ-ਖਸੁੱਟ, ਭ੍ਰਿਸ਼ਟਾਚਾਰ, ਬਾਬਾਵਾਦ ਇਹ ਸਭ ਕੁਰੀਤੀਆਂ ਅਤੇ ਹੋਰ ਵੀ ਬਹੁਤ ਕੁਝ ਹਰਬੰਸ ਦੀ ਕਵਿਤਾ ਦੀ ਮਾਰ ਹੇਠ ਹਨ:

ਹੁਣ ਤਾਂ ਹਰ ਕੋਈ ਕਹੇ ਭਗਵਾਨ ਹਾਂ ਮੈਂ,
ਬਾਕੀ ਸਭੇ ਗੱਲਾਂ ਇਥੇ ਖੋਟੀਆਂ ਜੀ,
ਬੰਦਾ ਬੰਦੇ ਨੂੰ ਬੱਕਰੇ ਵਾਂਗ ਵੱਢੇ
ਦਿਨ ਦੀਵੀ ਕਰ ਦੇਵੇ ਬੋਟੀਆਂ ਜੀ।

ਸੰਯੁਕਤ ਪਰਿਵਾਰ ਦੀਆਂ ਪੀੜੀਆਂ ਅਤੇ ਵਕਤ ਵਿਹਾ ਚੁੱਕੀਆਂ ਸਾਕਰਮਕ ਰਹੁ-ਰੀਤੀਆਂ ਦੇ ਹੌਲੀ-ਹੌਲੀ ਪਤਨ ਅਤੇ ਖਾਤਮੇ ਨਾਲ ਵੀ ਉਸ ਦੀਆਂ ਕਵਿਤਾਵਾਂ ਦੋ-ਚਾਰ ਹੋ ਰਹੀਆਂ ਹਨ:




ਸੱਸ ਸਹੁਰੇ ਦੀ ਗਲੀ ਵਿਚ ਡਾਹੁਣ ਮੰਜੀ,
ਨੂੰਹਾਂ ਵੱਡੀਆਂ ਹੋਣ ਜਾਂ ਛੋਟੀਆਂ ਜੀ,
ਹੁਣ ਨਾ ਉਮਰ ਦਾ ਕੋਈ ਲਿਹਾਜ਼ ਰੱਖਦੀ,
ਪੋਤਾ ਦਾਦੇ ਦੇ ਮਾਰੇ ਸੋਟੀਆਂ ਜੀ।

ਗਰੀਬੀ ਅਤੇ ਭੁੱਖਮਾਰੀ ਦੀ ਤ੍ਰਾਸਦੀ ਹਰਬੰਸ ਦੀ ਕਵਿਤਾ ਦਾ ਮੁੱਖ ਕੇਂਦਰ ਬਿੰਦੂ ਹੈ ਅਤੇ ਇਸੇ ਤਰ੍ਹਾਂ ਅੱਜ ਦੀ ਫਿਰਕਾਬੰਦੀ ਵਾਲੀ ਸਿਆਸਤ।

ਭੁੱਖ ਕਰਕੇ ਬੱਚੇ ਜੋ ਮਰੀ ਜਾਂਦੇ,
ਇਕ ਅੱਖ 'ਚੋਂ ਹੰਝੂ ਨਾ ਸੁੱਕਦੇ ਜੀ।
...
ਭਗਵੀਂ ਅੱਗ ਨੂੰ ਹਵਾ ਨਾ ਦੇ ਐਵੇਂ,
ਚੰਗੀ ਹੁੰਦੀ ਦਲਾਲੀ ਨਹੀਂ ਕੋਲਿਆਂ ਦੀ।

ਕਵੀ ਇਸ ਗੱਲ ਤੋਂ ਵੀ ਚੇਤੰਨ ਹੈ ਕਿ ਉਹ ਜੋ ਕਹਿ ਰਿਹਾ ਹੈ, ਉਹ ਸੱਚਾ, ਸੁੱਚਾ ਅਤੇ ਤੱਥਾਂ 'ਤੇ ਆਧਾਰਤ ਹੋਵੇ ਭਾਵ ਉਹ ਬਾਤ ਦਾ ਬਤੰਗੜ ਨਹੀਂ ਬਣਾਉਂਦਾ।

ਟੀਕਾ ਟਿੱਪਣੀ ਕਰਨ ਦੀ ਨਹੀਂ ਆਦਤ,
ਸਿੱਧਾ ਮੂੰਹ 'ਤੇ ਥੱਪੜ ਮਾਰਦਾ ਹਾਂ
ਸੌ ਸੌ ਵਾਰ ਕੱਲਾ ਕੱਲਾ ਬੋਲ ਤੋਲਾਂ,
ਬਿਨਾਂ ਮਤਲਬ ਤੋਂ ਜੱਕੜ ਨਾ ਮਾਰਦਾ ਹਾਂ।

ਵਿਅੰਗ ਦੀ ਇਨ੍ਹਾਂ ਕਵਿਤਾਵਾਂ ਵਿਚ ਭਰਮਾਰ ਹੈ। ਕਈ ਵਾਰ ਤਾਂ ਇਹ ਵਿਅੰਗ ਪੰਜਾਬੀ ਭਾਸ਼ਾ ਦੇ ਹਾਸਰਸੀ ਮੁਹਾਵਰੇ ਵਿਚੋਂ ਨਿਕਲਦਾ ਹੈ ਅਤੇ ਖੂਬ ਰੋਚਕਤਾ ਭਰਦਾ ਹੈ:

ਭੁੱਕੀ-ਬਾਜ਼ ਨੇ ਭੁੱਕੀ ਦਾ ਮਾਰ ਫੱਕਾ,
ਮੱਝ ਕੁੱਟੀ ਜੋ ਭੱਜ ਗਈ ਤੋੜ ਸੰਗਲ,
ਤੀਵੀਂ ਕੁੱਟੀ ਤਾਂ ਲੈ ਜੁਆਕ ਤੁਰ ਗਈ,
ਰਹੇ ਵੇਖਦੇ ਵਿਹੜੇ ਵਿਚ ਲੋਕ ਦੰਗਲ।
...
ਐਵੇਂ ਨਹੀਂ ਮਿਲਦੀ ਜਥੇਦਾਰੀ,
ਗੰਦਾ ਜੇਕਰ ਨਹੀਂ ਕਿਰਦਾਰ ਬਣਿਆ।
ਪਿਛਲੇ ਸਾਲਾਂ 'ਚੋਂ ਬੁੱਢਾ ਜੋ ਇਕ ਤੋਤਾ,
ਝੂਠਾ ਕੌਮ ਦਾ ਸ਼ਾਹ ਅਸਵਾਰ ਬਣਿਆ।
...
ਜਾਣੇ ਇੱਲ੍ਹ ਤੇ ਕੁੱਕੜ ਦਾ ਫਰਕ ਨਹੀਓਂ,
ਆਵਣ ਰਾਸ ਪਰ ਇਨ੍ਹਾਂ ਨੂੰ ਗੋਲਕਾਂ ਜੀ।
ਧੰਨ ਧੰਨ ਕਮਾਈ ਐ, ਗੁਰੂ ਘਰ ਦੀ
ਕਰਦੇ ਜਿਹੜੇ ਨੇ ਕੁੱਟ ਕੁੱਟ ਢੋਲਕਾਂ ਜੀ।
ਕਾਜੂ ਗਿਰੀਆਂ ਕੱਢ ਕੱਢ ਆਪ ਖਾਂਦੇ,
ਵਿਚ ਸੰਗਤਾਂ ਵੰਡਦੇ ਫੋਲਕਾਂ ਜੀ।

ਇਸੇ ਤਰ੍ਹਾਂ ਇਕ ਹੋਰ ਨਜ਼ਮ ਵੇਖੋ:

ਕੁੰਡੀ ਮਾਰ ਕਲਾਕਾਰੀ ਕਰੇ ਐਸੀ,
ਹੱਥ ਮਿੱਠਿਆਂ ਚੌਲਾਂ 'ਤੇ ਮਾਰ ਨਿਕਲੇ,
ਗੋਲਕ ਵਿਚ ਨਾ ਹੋਣ ਖੜਾਕ ਦਿੰਦੇ,
ਰੁੱਗ ਨੋਟਾਂ ਦਾ ਚਿੰਬੜ ਕੇ ਬਾਹਰ ਨਿਕਲੇ।

ਕਵੀ ਲਗਾਤਾਰ ਸਮੇਂ ਦੇ ਨਾਲ ਚੱਲਦਾ ਹੈ। ਮਹਾਮਾਰੀ ਦਾ ਕਈ ਕਵਿਤਾਵਾਂ ਵਿਚ ਜ਼ਿਕਰ ਹੈ ਅਤੇ ਇਸ ਨੂੰ ਲੈ ਕੇ ਸਮੇਂ ਦੇ ਹਾਕਮਾਂ 'ਤੇ ਕਰਾਰੀ ਚੋਟ ਵੀ:

ਮਹਾਮਾਰੀ ਦਾ ਟੁੱਟਿਆ ਤਗ ਐਸਾ,
ਤੰਤਰ ਸਾਰਾ ਹੀ ਜਾਣੋ ਹਿਲਾ ਦਿੱਤਾ,
ਧਰਮ-ਗੁਰੂ ... ਤੇ ਬੂਬਨੇ ਹੋਏ ਗੂੰਗੇ,
ਪੂਰਾ ਜਗਤ ਹੀ ਯਾਰੋ ਰੁਆ ਦਿੱਤਾ।
ਕਿੱਥੇ ਵੜ ਗਏ ਮੁਲਕ ਦੇ ਸਭ ਪਾਂਡੇ,
ਸਾਰੇ ਰਚੇ ਅਡੰਬਰ ਪਾਖੰਡ ਨਿਕਲੇ,
ਪੂਜਾ ਪਾਠ ਨਾਲ ਕਰਨ ਇਲਾਜ ਜਿਹੜੇ,
ਇਕ ਵਾਢਿਓਂ ਝੂਠ ਦੀ ਪੰਡ ਨਿਕਲੇ।

ਕਵੀ ਆਪਣੀ ਵਿਰਾਸਤ ਅਤੇ ਆਪਣੇ ਅਕੀਦੇ ਬਾਰੇ ਵੀ ਕੁਝ ਅਸਪੱਸ਼ਟ ਨਹੀਂ ਰਹਿਣ ਦਿੰਦਾ। ਉਸ ਨੂੰ ਧਰਮ ਅਤੇ ਦੇਸਾਂ ਦੀਆਂ ਵੰਡੀਆਂ ਵੀ ਫ਼ਜ਼ੂਲ ਲੱਗਦੀਆਂ ਹਨ:

ਜਾਂਦੇ ਜਾਂਦਿਆਂ ਕਹੇ ਹਰਬੰਸ ਇਹ ਵੀ,
ਹੂੰਝ ਦੇਵੋ ਸਮਾਜ 'ਚੋਂ ਗੰਦ ਬੇਲੀ।
ਨਹੀਓਂ ਸੋਚ ਪੁਰਾਣੀ ਨੇ ਕੰਮ ਆਉਣਾ,
ਜ਼ਰ ਖਾਧੇ ਨਹੀਂ ਚਲਣੇ ਸੰਦ ਬੇਲੀ।

ਅਤੇ ਮੁੱਕਦੀ ਗੱਲ ਦੀ ਤਰ੍ਹਾਂ :

ਸੱਚ ਐਨਾ ਕੁ ਦੋਸਤੋ ਯਾਦ ਰੱਖਣਾ,
ਅੱਧਾ ਮਾਲਵਾ ਅੱਧਾ ਪੁਆਧ ਹਾਂ ਮੈਂ।
ਕਿਸੇ ਮਹਾਂ-ਪੰਜਾਬ ਦੇ ਜ਼ਖਮ ਵਿਚਲੀ,
ਅੱਜ ਤਕ ਜੋ ਰਸਦੀ ਰਾਧ ਹਾਂ ਮੈਂ।
ਤਾਰਾਂ ਤੋੜ ਬਣਾ ਦਿਆਂ ਇਕ ਨਕਸ਼ਾ
ਸਤਲੁਜ ਲੱਗੇ ਜਿਓਂ ਨਾਲ ਚਨਾਬ ਜੁੜਿਆ।

# ਤਵੀਤਾਂ ਵਾਲੇ ਬਾਬੇ

ਜ਼ਿੰਦਗੀ ਦੀ ਕਿਤਾਬ ਦੀ ਵਰਕ-ਗਿਰਦਾਨੀ ਕਰਦਿਆਂ ਕਈ ਇੰਨੀਆਂ ਮਹੱਤਵਪੂਰਨ ਘਟਨਾਵਾਂ ਯਾਦ ਆ ਜਾਂਦੀਆਂ ਹਨ ਜੋ ਆਪਣੇ ਲਈ ਹੀ ਨਹੀਂ ਸਗੋਂ ਲੋਕਾਈ ਲਈ ਵੀ ਇੱਕ ਸਬਕ ਹੋ ਨਿੱਬੜਦੀਆਂ ਹਨ।

ਕਈ ਵਰ੍ਹੇ ਪਹਿਲਾਂ ਦੀ ਗੱਲ ਹੈ। ਹੋਇਆ ਇੰਞ ਕਿ ਵਿਦੇਸ਼ 'ਚ ਰਹਿ ਰਹੇ ਇੱਕ ਗੂੜੇ ਮਿੱਤਰ ਨੇ ਫੋਨ ਕਰ ਕੇ ਦੱਸਿਆ ਕਿ ਉਸਦਾ ਛੋਟਾ ਭਰਾ ਜੋ ਕਿ ਵਿਆਹਿਆ ਵਰ੍ਹਿਆ ਹੈ ਅਤੇ ਇੱਕ ਬੇਟੀ ਦਾ ਬਾਪ ਵੀ ਹੈ, ਕੋਈ ਕੰਮ ਨਹੀਂ ਕਰਦਾ ਤੇ ਨਾ ਹੀ ਕਈ-ਕਈ ਦਿਨ ਘਰ ਵੜਦਾ ਹੈ।



ਸੁਰਜੀਤ ਭਗਤ
ਸੰਪਰਕ: 94172-07477

ਇਹ ਪਤਾ ਵੀ ਲੱਗਾ ਹੈ ਕਿ ਉਹ ਕਿਸੇ ਬਾਹਰੀ ਔਰਤ ਦੇ ਚੱਕਰ 'ਚ ਫਸ ਗਿਆ ਹੈ, ਜੋ ਉਸਨੂੰ ਘਰ ਨਹੀਂ ਆਉਣ ਦਿੰਦੀ। ਉਸ ਦੀ ਬਜ਼ੁਰਗ ਮਾਂ ਵੀ ਆਪਣੇ ਮੁੰਡੇ ਦੀਆਂ ਹਰਕਤਾਂ ਤੋਂ ਬੇਹੱਦ ਦੁਖੀ ਹੈ। ਪੱਤਰਕਾਰ ਦੇ ਤੌਰ 'ਤੇ ਇਲਾਕੇ 'ਚ ਮੇਰੀ ਕਾਫੀ ਪੁੱਛ ਪ੍ਰਤੀਤ ਸੀ, ਇਸ ਲਈ ਉਸ ਨੂੰ ਇਹ ਆਸ ਹੀ ਨਹੀਂ ਸਗੋਂ ਪੂਰਾ ਯਕੀਨ ਵੀ ਸੀ ਕਿ ਮੈਂ ਆਪਣਾ ਅਸਰ ਰਸੂਖ ਵਰਤ ਕੇ ਉਨ੍ਹਾਂ ਨੂੰ ਇਸ ਖ਼ਲਜਗਣ 'ਚੋਂ ਕੱਢ ਲਵਾਂਗਾ।

ਸ਼ਾਮ ਨੂੰ ਤਫਰੀਹ ਕਰਦੇ ਹੋਏ ਮੈਂ ਉਨ੍ਹਾਂ ਦੇ ਘਰ ਜਾ ਪੁੱਜਾ ਤਾਂ ਉਸ ਦੀ ਪਤਨੀ ਅਤੇ ਮਾਂ ਨੇ ਆਪਣੀ ਵਿਥਿਆ ਸੁਣਾਉਣੀ ਸ਼ੁਰੂ ਕੀਤੀ। ਸਹਿਮੀ ਹੋਈ ਛੋਟੀ ਬੱਚੀ, ਸਾਹ ਰੋਕ ਕੇ ਆਪਣੇ ਪਾਪਾ ਬਾਰੇ ਸਭ ਕੁਝ ਗਹੁ ਨਾਲ ਸੁਣ ਰਹੀ ਸੀ। ਸਾਰੀ ਗੱਲ ਸਮਝਣ ਉਪਰੰਤ ਉਸ ਓਪਰੀ ਔਰਤ ਨੂੰ ਦੋ-ਤਿੰਨ ਦਿਨ ਬਾਅਦ ਜਦੋਂ ਮੈਂ ਮਿਲਣ ਲਈ ਗਿਆ ਤਾਂ ਪਹਿਲੀ ਹੀ ਨਜ਼ਰੇ ਉਹ ਮੈਨੂੰ ਸਾਧਾਰਨ ਔਰਤ ਨਹੀਂ ਸਗੋਂ ਦਾਤ ਵਰਗੀ ਤਿੱਖੀ ਕੋਈ ਸ਼ੈਅ ਲੱਗੀ। ਸਬੱਬ ਨਾਲ 'ਭਾਈ ਸਾਹਿਬ' ਵੀ ਉਥੇ ਹੀ ਕੋਲ ਕੁਰਸੀ 'ਤੇ ਬਿਰਾਜਮਾਨ ਸਨ। ਉਸ ਕੋਲ ਮੇਰੇ ਹਰ ਸਵਾਲ ਦਾ ਜਵਾਬ ਪਹਿਲਾਂ ਹੀ ਮੌਜੂਦ ਸੀ ਅਤੇ ਉਹ ਮੈਨੂੰ ਗੱਲ ਵੀ ਪੂਰੀ ਨਹੀਂ ਸੀ ਕਰਨ ਦੇ ਰਹੀ। ਉਸ ਕਿਹਾ, 'ਤੁਹਾਡੇ ਇਸ ਭਾਈ ਸਾਹਿਬ ਨੇ ਮੇਰੇ ਕੋਲੋਂ 3 ਲੱਖ ਰੁਪਏ ਕੰਮਕਾਜ ਲਈ ਉਧਾਰੇ ਲਏ ਹੋਏ ਹਨ, ਜਿੰਨੀ ਦੇਰ ਤਕ ਇਹ ਕਰਜ਼ਾ ਉਸ ਨੂੰ ਵਪਸ ਨਹੀਂ ਮਿਲਦਾ, ਉਦੋਂ ਤਕ ਉਹ ਉਸਨੂੰ ਘਰ ਵਾਪਸ ਨਹੀਂ ਜਾਣ ਦੇਵੇਗੀ। ਉਸ ਦਾ ਇਹ ਵੀ ਕਹਿਣਾ ਸੀ ਕਿ ਉਹ ਤਾਂ ਉਸ ਨੂੰ ਖੁੱਲ੍ਹਾ ਖਰਚਾ ਦੇ ਕੇ ਮਹਿੰਗੇ ਸੂਟ-ਬੂਟ ਪਹਿਨਾ ਕੇ ਪੂਰੀ ਐਸ਼ ਕਰਵਾ ਰਹੀ ਹੈ ਜਦਕਿ ਮੈਨੂੰ ਪਤਾ ਸੀ ਕਿ ਇਹ ਸਾਰਾ ਕੁਝ ਝੂਠ ਦੇ ਪੁਲੰਦੇ ਤੋਂ ਵੱਧ ਕੁਝ ਨਹੀਂ ਸੀ ਅਤੇ ਮੈਂ ਸਾਰਾ ਕੁਝ ਜਾਣਦਾ ਹੋਇਆ ਵੀ ਬੇਵੱਸ ਸਾਂ। ਕਾਰਨ ਇਹ ਕਿ ਭਾਈ ਸਾਹਿਬ ਵੀ ਮੇਰੇ ਵੱਲ ਵੇਖਣ ਦੀ ਬਜਾਇ ਉਸ ਬੀਬੀ ਦੇ ਹੱਕ ਵਿਚ ਹੀ ਹੁੰਗਾਰਾ ਭਰ ਰਹੇ ਸਨ।



ਪਰਿਵਾਰ ਵੱਲੋਂ ਪੁਲਿਸ ਤਕ ਕੀਤੀ ਗਈ ਪਹੁੰਚ ਵੀ ਬੱਸ ਗੋਂਗਲੂਆਂ ਤੋਂ ਮਿੱਟੀ ਝਾੜਨ ਵਾਲੀ ਗੱਲ ਹੀ ਸਾਬਿਤ ਹੋਈ। ਮੈਂ ਪਰਿਵਾਰ ਦੇ ਲਗਾਤਾਰ ਸੰਪਰਕ 'ਚ ਸਾਂ। ਉਨ੍ਹਾਂ ਦਾ ਹਰ ਕਿਸੇ ਤੋਂ ਯਕੀਨ ਉਠ ਚੁੱਕਾ ਸੀ। ਉਹ ਸਥਾਨਕ ਟੀ. ਵੀ ਚੈਨਲ ਤੋਂ ਕਿਸੇ ਬਾਬੇ ਦੀ ਚਲਦੀ ਮਸ਼ਹੂਰੀ ਵੇਖ ਚੁੱਕੇ ਸਨ ਜੋ 'ਵਸ਼ੀਕਰਨ', 'ਮੁੱਠੀ 'ਚ ਕਰਨਾ', 'ਵਿਆਹ ਵਿਚ ਦੇਰੀ', 'ਆਪਹੁਦਰੀ ਹੋਈ ਔਲਾਦ' ਅਤੇ 'ਸੌਕਣ ਤੋਂ ਛੁਟਕਾਰਾ' ਆਦਿ ਦਾ ਸ਼ਰਤੀਆ ਇਲਾਜ ਕਰਦਾ ਸੀ। ਉਨ੍ਹਾਂ ਨੂੰ ਭਲਾ ਹੋਰ ਕੀ ਚਾਹੀਦਾ ਸੀ? ਉਨ੍ਹਾਂ ਨੂੰ ਲਗਦਾ ਸੀ ਕਿ ਉਨ੍ਹਾਂ ਅੱਗੇ ਹਿਮਾਲਿਆ ਪਰਬਤ ਜਿੱਡੀ ਖੜ੍ਹੀ ਮੁਸੀਬਤ "ਸੌਕਣ ਤੋਂ ਛੁਟਕਾਰਾ" ਤਾਂ ਸਿਰਫ ਬਾਬਾ ਜੀ ਹੀ ਕਰਵਾ ਸਕਦੇ ਹਨ। ਸੋ ਮੇਰੇ ਲੱਖ ਮਨ੍ਹਾ ਕਰਨ ਦੇ ਬਾਵਜੂਦ ਦੋਵੇਂ ਸੱਸ-ਨੂੰਹ, ਬਾਬਾ ਜੀ ਦੇ ਦਰਬਾਰ 'ਚ ਜਾ ਹਾਜ਼ਰ ਹੋਈਆਂ। ਵਾਹਵਾ ਮੂੰਹ ਮੱਥੇ ਲੱਗਦੀ ਭਰ ਜਵਾਨ ਨੂੰਹ ਅਤੇ ਦੁਖੀ ਬਜ਼ੁਰਗ ਸੱਸ, ਦੋਵੇਂ ਹੀ ਬਾਬੇ ਨੂੰ ਚੰਗੀਆਂ ਸਾਮੀਆਂ ਜਾਪੀਆਂ।

ਕੁਝ ਦਿਨ ਦੇ ਓਹੜ-ਪੋਹੜ ਮਗਰੋਂ ਬਾਬੇ ਨੇ ਆਪਣਾ ਮਾਸਟਰ ਸਟਰੋਕ ਖੇਡਿਆ। ਉਸ ਨੇ ਕਿਹਾ ਕਿ ਉਹ ਉਨ੍ਹਾਂ ਦਾ ਮਸਲਾ ਪੱਕੇ ਤੌਰ 'ਤੇ ਹੱਲ ਕਰ ਸਕਦਾ ਹੈ ਜੇ ਉਹ ਉਸ ਦੇ ਕਹਿਣ 'ਤੇ ਇਕ ਉਪਾਅ ਕਰਨ। ਹੈ ਜ਼ਰਾ ਮਹਿੰਗਾ, ਪਰ ਕੰਮ ਸਿੱਕੇ ਬੰਦ ਹੋਊ। ਉਪਾਅ ਇਹ ਸੀ ਕਿ ਉਹ ਇੱਕ ਨਿਸ਼ਚਿਤ ਦਿਨ ਅਤੇ ਸਮੇਂ ਤੇ ਸ਼ਹਿਰ 'ਚ ਵਗਦੀ ਨਹਿਰ ਦੇ ਕਿਨਾਰੇ ਸਵਾ ਤੋਲਾ ਸੋਨਾ ਅਤੇ ਕੁਝ ਹੋਰ ਨਿੱਕ-ਸੁੱਕ ਲੈ ਕੇ ਪਹੁੰਚਣ। ਉਹ ਉਥੇ ਪੂਜਾ ਕਰੇਗਾ ਅਤੇ ਇਸ ਦੌਰਾਨ ਉਹ ਸੋਨਾ ਅਤੇ ਹੋਰ ਨਿੱਕ-ਸੁੱਕ ਲੈ ਕੇ ਮਿੱਟੀ ਦੇ ਇੱਕ ਕੋਰੇ ਕੁੱਜੇ ਵਿਚ ਪਾ ਕੇ ਉਸਦੇ ਹਵਾਲੇ ਕਰ ਕੇ, ਮੱਥਾ ਟੇਕ ਕੇ, ਪਿੱਛੇ ਨਾ ਵੇਖਣ ਅਤੇ ਚੁੱਪ ਚਾਪ ਬਿਨਾਂ ਪਿੱਛੇ ਝਾਕਿਆਂ, ਵਾਪਿਸ ਘਰ ਚਲੇ ਜਾਣ ਅਤੇ ਦਰਵਾਜ਼ਾ ਖੋਲ੍ਹ ਕੇ ਸਿੱਧੇ ਅੰਦਰ ਦਾਖਲ ਹੋਣ। ਉਨ੍ਹਾਂ ਨੇ ਅਜਿਹਾ ਹੀ ਕੀਤਾ। ਮੇਰੇ ਵਾਰ-ਵਾਰ ਕਹਿਣ ਦੇ ਬਾਵਜੂਦ ਉਨ੍ਹਾਂ ਨੇ ਮੈਨੂੰ ਇਹ ਸਾਰਾ ਕੁਝ ਕਰਨ ਦੀ ਭਿਣਕ ਹੀ ਨਹੀਂ ਪੈਣ ਦਿੱਤੀ।

ਮੈਨੂੰ ਸ਼ੱਕ ਹੀ ਨਹੀਂ ਸਗੋਂ ਪੂਰਾ ਯਕੀਨ ਸੀ ਕਿ ਸੋਨਾ ਅਤੇ ਹੋਰ ਸਾਰਾ ਕੁਝ ਲੈ ਕੇ ਬਾਬਾ ਸਹਿਜੇ ਹੀ ਉਥੋਂ ਖਿਸਕ ਜਾਵੇਗਾ ਕਿਉਂਕਿ ਵਹਿਮਾਂ ਦੀਆਂ ਮਾਰੀਆਂ ਇਨ੍ਹਾਂ ਸੱਸ-ਨੂੰਹ ਨੇ ਤਾਂ ਆਉਣ-ਜਾਣ ਦਾ ਸਾਲਮ ਰਿਕਸ਼ਾ ਕਰਵਾ ਕੇ ਨਹਿਰ 'ਤੇ ਜਾਣਾ ਸੀ ਤੇ ਪਿੱਛੇ ਮੁੜ ਕੇ ਨਾ ਵੇਖਣ ਕਾਰਨ ਬਾਬੇ ਨੇ ਫੌਰਨ ਹੀ ਉਥੋਂ ਫੁਰੱਰ ਹੋ ਜਾਣਾ ਸੀ, ਪਰ ਉਨ੍ਹਾਂ ਨੂੰ ਯਕੀਨ ਸੀ ਕਿ ਹੁਣ ਦੁਨੀਆ ਦੀ ਕੋਈ ਵੀ ਤਾਕਤ ਬਾਬਾ ਜੀ ਦੀ ਸ਼ਕਤੀ ਅੱਗੇ ਨਹੀਂ ਟਿਕ ਸਕੇਗੀ ਅਤੇ ਉਨ੍ਹਾਂ ਦਾ ਸੌਕਣ ਵਾਲਾ ਮਸਲਾ ਹੁਣ ਹੱਲ ਹੋ ਜਾਵੇਗਾ। ਬਾਬਿਆਂ ਦੇ ਵਿਰੁੱਧ ਮੇਰੇ ਵੱਲੋਂ ਦਿੱਤੀਆਂ ਠੋਸ ਦਲੀਲਾਂ ਵੀ ਉਨ੍ਹਾਂ ਅੱਗੇ ਕਾਗਜ਼ ਦੇ ਉਡਦੇ ਟੁਕੜਿਆਂ ਵਰਗੀਆ ਹੋ ਕਿ ਰਹਿ ਗਈਆਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ 'ਇੱਕ ਵਾਰੀ ਸਾਡਾ ਮੁੰਡਾ ਬੰਦਾ ਬਣ ਜੇ, ਸੋਨੇ ਦਾ ਕੀ ਏ, ਇਹ ਤਾਂ ਫਿਰ ਵੀ ਬਣ ਜਾਊ" ਮੈਂ ਜਾਣਦਾ ਸਾਂ ਕਿ ਪਰਿਵਾਰ ਦੀ ਮਾਲੀ ਹਾਲਤ ਚੰਗੀ ਨਹੀਂ ਪਰ ਮੇਰੀਆਂ ਗੱਲਾਂ ਸਭ ਨੂੰ ਮਾੜੀਆਂ ਲੱਗ ਰਹੀਆਂ ਸਨ।

ਕਈ ਦਿਨ ਬੀਤ ਗਏ, ਹਫਤੇ ਲੰਘ ਗਏ, ਪਰ ਊਠ ਦਾ ਬੁੱਲ੍ਹ ਨਾ ਡਿੱਗਾ। ਦੋਵੇਂ ਸੱਸ-ਨੂੰਹ ਹਰ ਵੇਲੇ ਦਰਵਾਜ਼ਾ ਖੜਕਣ ਦਾ ਇੰਤਜ਼ਾਰ ਕਰਦੀਆਂ ਰਹੀਆਂ, ਪਰ ਮੁੰਡਾ ਘਰ ਨਾ ਪਰਤਿਆ। ਸੱਸ ਦੇ ਜ਼ੋਰ ਦੇਣ 'ਤੇ ਵੱਡੀ ਆਸ ਨਾਲ ਨੂੰਹ ਨੇ ਕਰਵਾਚੌਥ ਦਾ ਵਰਤ ਵੀ ਰੱਖ ਲਿਆ। ਕਰਵਾਚੌਥ ਵਾਲੀ ਕਥਾ ਸੁਣਨ ਤੋਂ ਬਾਅਦ ਸ਼ਾਮੀ ਨੂੰਹ ਸੱਜ-ਧੱਜ ਕੇ ਦਰਵਾਜ਼ੇ ਵੱਲ ਵੇਖਦੀ ਰਹੀ ਪਰ ਪਤੀ ਦੇਵ ਨਾ ਬਹੁੜੇ। ਦੇਰ ਰਾਤ ਜਦੋਂ ਉਸ ਨੂੰ ਨੀਂਦ ਦਾ ਝੋਕਾ ਕਦੋਂ ਆਇਆ, ਪਤਾ ਹੀ ਨਾ ਲੱਗਾ ਤੇ ਸਵੇਰੇ ਦਿਨ ਚੜ੍ਹੇ ਹੀ ਉਸਦੀ ਅੱਖ ਖੁੱਲ੍ਹੀ।

ਕੁਝ ਨਾ ਕਰ ਸਕਣ ਕਾਰਨ, ਬੇਵੱਸ ਹੋਇਆ ਮੈਂ ਖੁਦ ਬੇਹੱਦ ਪ੍ਰੇਸ਼ਾਨ ਸਾਂ, ਜਦਕਿ ਦੋ ਤਿੰਨ ਮਹੀਨੇ ਬੀਤਣ 'ਤੇ ਵੀ ਪਰਿਵਾਰ ਦਾ ਬਾਬਾ ਜੀ ਉੱਤੇ ਅਜੇ ਅਟੁੱਟ ਵਿਸ਼ਵਾਸ ਕਾਇਮ ਸੀ। ਕਈ ਦਿਨਾਂ ਬਾਅਦ ਉਧਰੋਂ ਲੰਘਦਾ ਮੈਂ ਫਿਰ ਉਨ੍ਹਾਂ ਦੇ ਘਰ ਗਿਆ ਤਾਂ ਪੁੱਛਣ 'ਤੇ ਨੂੰਹ ਨੇ ਦੱਸਿਆ ਕਿ ਬਾਬੇ-ਬੂਬੇ ਬੱਸ ਐਵੇਂ ਹੀ ਹੁੰਦੇ ਹਨ। ਉਨ੍ਹਾਂ ਦੀ ਸੋਚ 'ਚ ਆਈ ਅਚਾਨਕ ਤਬਦੀਲੀ ਤੋਂ ਹੈਰਾਨ ਪ੍ਰੇਸ਼ਾਨ ਹੋਏ ਨੇ ਪੁੱਛਿਆ ਕਿ ਕੀ ਹੋ ਗਿਆ ਹੁਣ? ਗਏ ਨੀ ਉਸ ਕੋਲ?

"ਗਏ ਸਾਂ, ਉਹ ਤਾਂ ਕੁਝ ਹੋਰ ਹੀ ਕਹਿੰਦਾ ਸੀ" ਉਸਨੇ ਨੀਵੀਂ ਪਾਉਂਦੇ ਹੋਏ ਜਵਾਬ ਦਿੱਤਾ।

"ਕੀ "? ਮੈਂ ਉਤਸੁਕਤਾ ਨਾਲ ਪੁੱਛਿਆ।

"ਕੀ ਦੱਸਾਂ ਜੀ?" ਉਸ ਨੇ ਮੂੰਹ ਹੋਰ ਨੀਵਾਂ ਕਰਦੇ ਹੋਏ ਆਪਣੀਆਂ ਨਜ਼ਰਾਂ ਪੈਰਾਂ 'ਚ ਗੱਡ ਲਈਆਂ। ਉਸ ਦੇ ਬਿਨਾਂ ਕੁਝ ਦੱਸੇ ਹੀ ਮੈਨੂੰ ਮੇਰੇ ਸਵਾਲ ਦਾ ਜਵਾਬ ਮਿਲ ਗਿਆ ਸੀ, ਤੇ ਮੈਂ ਖੁਦ ਨੂੰ ਧਰਤੀ 'ਚ ਗੱਡਿਆ ਮਹਿਸੂਸ ਕਰ ਰਿਹਾ ਸਾਂ।

ਕਹਾਣੀ

# ਹਵਾ

**ਪੰਜਾਬੀ ਦੇ ਕਦਾਵਰ ਲਿਖਾਰੀ ਗੁਰਦੇਵ ਸਿੰਘ ਰੁਪਾਣਾ (13 ਅਪਰੈਲ 1937-5 ਦਸੰਬਰ 2021) ਦੀਆਂ ਲਿਖਤਾਂ ਵਿਚ ਸੂਖਮ ਰਮਜ਼ਾਂ ਪਰੋਈਆਂ ਹੋਈਆਂ ਹਨ। ਉਹਨੇ ਭਾਵੇਂ ਨਾਵਲ ਵੀ ਲਿਖੇ ਪਰ ਉਸ ਦੀ ਵਡੇਰੀ ਪਛਾਣ ਕਹਾਣੀਕਾਰ ਵਜੋਂ ਹੋਈ ਹੈ। ਆਪਣੀਆਂ ਕਹਾਣੀਆਂ ਵਿਚ ਭਾਵੇਂ ਉਹਨੇ ਕੋਈ ਵੱਖਰੀਆਂ ਜੁਗਤਾਂ ਨਹੀਂ ਵਰਤੀਆਂ ਪਰ ਉਹਨੇ ਪੁਰਾਣੀਆਂ ਜੁਗਤਾਂ ਨੂੰ ਨਵੇਂ ਰੰਗ ਵਿਚ ਪੇਸ਼ ਕੀਤਾ। ਕਹਾਣੀ 'ਹਵਾ' ਸੰਨ ਸੰਤਾਲੀ ਦੀ ਵੱਢ-ਟੁੱਕ ਦੇ ਵੇਰਵਿਆਂ ਨਾਲ ਅੱਟੀ ਪਈ ਹੈ ਅਤੇ ਜਿਥੇ ਜਾ ਕੇ ਇਸ ਰਚਨਾ ਦਾ ਅੰਤ ਹੁੰਦਾ ਹੈ, ਉਹ ਪਲ ਤੁਹਾਡੀ ਜਾਨ ਹੀ ਕੱਢ ਕੇ ਲੈ ਜਾਂਦੇ ਹਨ।**

ਬੱਚੇ ਦੇ ਰੋਣ ਦੀ ਆਵਾਜ਼ ਸੁਣ ਕੇ ਮਦਨ ਤ੍ਰਭਕ ਪਿਆ।

ਅੱਕਾਂ ਦੇ ਪਿੱਛੇ ਛੇ ਸੱਤ ਮਹੀਨੇ ਦਾ ਬੱਚਾ ਮੂਧੇ ਮੂੰਹ ਪਿਆ ਰੋ ਰਿਹਾ ਸੀ। ਕਦੀ ਉਹਦਾ ਮੂੰਹ ਧਰਤੀ ਵਿਚ ਗੱਡਿਆ ਜਾਂਦਾ। ਕਦੀ ਉਹ ਸਿਰ ਨੂੰ ਉਪਰ ਚੁੱਕ ਲੈਂਦਾ। ਕਦੀ ਉਹਦੇ ਰੋਣ ਦੀ ਆਵਾਜ਼ ਮੱਧਮ ਸੁਣਦੀ, ਕਦੀ ਉੱਚੀ।

ਮਦਨ ਨੇ ਗੱਡੀ ਖੜ੍ਹੀ ਕਰ ਦਿੱਤੀ। ਬੱਚੇ ਨੂੰ ਚੁੱਕ ਕੇ ਆਪਣੀ ਪਗੜੀ ਦੇ ਲੰਮੇ ਲੜ ਨਾਲ ਉਹ ਦਾ ਮੂੰਹ ਪੂੰਝਿਆ। ਫੇਰ ਉਹਨੇ ਇਹ ਪਤਾ ਕੀਤਾ, ਉਹ ਮੁੰਡਾ ਸੀ ਜਾਂ ਕੁੜੀ। ਉਹ ਕੁੜੀ ਨਿਕਲੀ। ਬੱਚੀ ਉਹਦੇ ਵੱਲ ਵੇਖਣ ਲੱਗ ਪਈ।

ਕੋਲ ਹੀ ਦੁੱਧ-ਚਿੱਟਾ ਬੁਰਕਾ ਇਉਂ ਪਿਆ ਸੀ, ਜਿਵੇਂ ਹਨੇਰੀ ਨਾਲ ਉੱਡ ਕੇ ਆਇਆ ਹੋਵੇ।

'ਕੋਈ ਮਾਂ ਸਿੱਟ ਕੇ ਭੱਜ ਗਈ ਵਿਚਾਰੀ



ਗੁਰਦੇਵ ਸਿੰਘ ਰੁਪਾਣਾ

ਨੂੰ।' ਉਹਨੇ ਸੋਚਿਆ, 'ਕਿਹੋ ਜਿਹੀ ਚੰਦਰੀ 'ਵਾ ਵਗ ਗਈ ਐ-ਮਾਵਾਂ ਤੋਂ ਬੱਚੇ ਨ੍ਹੀਂ ਸੰਭਾਲੇ ਗਏ।' ਉਸ ਨੇ ਬੱਚੀ ਦੀਆਂ ਬਾਹਵਾਂ ਖੋਲ੍ਹ ਕੇ ਆਪਣੇ ਗਲ ਦੁਆਲੇ ਵਲ ਲਈਆਂ।

ਸਾਹਮਣੇ ਛੋਟੇ ਜਿਹੇ ਖਾਲ ਵਿਚ ਆਦਮੀ ਪਿਆ ਹੋਇਆ ਦਿਸਿਆ। ਅੱਗੇ ਹੋ ਕੇ ਵੇਖਿਆ ਤਾਂ ਉਹ ਲਾਸ਼ ਸੀ। ਮੱਥੇ ਉੱਤੇ ਕਾਲੀ ਸਿਆਹੀ ਨਾਲ ਖੁਣਿਆ ਹੋਇਆ ਚੰਦ ਤੇ ਤਾਰਾ। ਚਿਹਰੇ ਉੱਤੇ ਪੀੜ ਦੀਆਂ ਲੀਕਾਂ ਖਿਚੀਆਂ ਹੋਈਆਂ ਸਨ, ਜਿਸ ਕਰਕੇ ਚੰਦ ਤੇ ਤਾਰੇ ਦਾ ਰੂਪ ਵਿਗੜਿਆ ਹੋਇਆ ਸੀ। ਪੇਟ ਵਿਚੋਂ ਆਂਦਰਾਂ ਦਾ ਗੁੱਛਾ ਬਾਹਰ ਲਮਕ ਰਿਹਾ ਸੀ। ਪੈਰਾਂ ਕੋਲੋਂ ਜ਼ਮੀਨ ਪੁੱਟੀ ਹੋਈ ਸੀ। ਜਾਨ ਨਿਕਲਣ ਵੇਲੇ ਤੜਫਦਾ ਰਿਹਾ ਹੋਵੇਗਾ।

'ਹੈਸਿਆਰੇ! ਪਿਓ ਨੂੰ ਮਾਰ ਕੇ ਸਿੱਟ ਗਏ, ਮਾਂ ਨੂੰ ਉਧਾਲ ਕੇ ਲੈ ਗਏ- ਤੇ ਏਸ ਜੁਆਕੜੀ ਨੂੰ ਰੁਲਦਾ ਛੱਡ ਗਏ'।' ਉਹਦੇ ਆਉਣ ਤੋਂ ਪਹਿਲਾਂ ਜੋ ਵਾਪਰਿਆ ਸੀ, ਉਹਨੇ ਉਸ ਦਾ ਅੰਦਾਜ਼ਾ ਲਾ ਕੇ ਕਿਹਾ।

ਬੱਚੀ ਦਾ ਮੁਹਾਂਦਰਾ ਆਪਣੇ ਅੱਬਾ ਨਾਲ ਮਿਲਦਾ ਸੀ। ਫੇਰ ਵੀ ਚਿੱਟੇ ਬੁਰਕੇ ਵੱਲ ਵੇਖ-ਵੇਖ ਉਹਨੂੰ ਖਿਆਲ ਆ ਰਿਹਾ ਸੀ ਕਿ ਬੱਚੀ ਦੀ ਮਾਂ ਬਹੁਤ ਸੋਹਣੀ ਹੋਵੇਗੀ। ਉਹਦੀ ਸੁੰਦਰਤਾ ਹੀ ਉਹਦੇ ਖਾਵੰਦ ਦੀ ਦੁਸ਼ਮਣ ਬਣ ਗਈ ਹੋਵੇਗੀ। ਉਹ ਆਪ ਤਾਂ ਹੌਲੀ-ਹੌਲੀ ਕਿਸੇ ਦੇ ਘਰ ਨੂੰ ਆਪਣਾ ਘਰ ਕਹਿਣ ਲੱਗ ਜਾਵੇਗੀ ਤੇ ਕਿਸੇ ਨੂੰ ਆਪਣਾ ਘਰ ਵਾਲਾ, ਉਹਦੇ ਹੋਰ ਨਿਆਣੇ ਹੋ ਪੈਣਗੇ ਤੇ ਖਬਰੇ ਏਸ ਬੱਚੀ ਨੂੰ ਵੀ ਉਹ ਭੁੱਲ ਜਾਵੇ ਪਰ ਜੇ ਉਹ ਮਾਂ ਦੇ ਨਾਲ ਬੱਚੀ ਨੂੰ ਵੀ ਲੈ ਜਾਂਦੇ ਤਾਂ ਕੀ ਹਰਜ਼ ਸੀ।'

'ਬੱਚੇ ਰੱਬ ਦਾ ਰੂਪ ਹੁੰਦੇ ਨੇ-ਬੱਚਿਆਂ ਸਾਹਮਣੇ ਆਦਮੀ ਪਾਪ ਕਰਨ ਤੋਂ ਡਰਦੈ।' ਮਦਨ ਨੂੰ ਮਾਂ ਦੀ ਕਹੀ ਗੱਲ ਯਾਦ ਆ ਗਈ।


'ਤੇ ਜੋ ਉਹ ਕਰ ਕੇ ਗਏ ਨੇ, ਉਹ ਕਿਹੜਾ ਪੁੰਨ ਸੀ?' ਫੇਰ ਉਹਨੂੰ ਮਾਂ ਦੀ ਗੱਲ ਝੂਠੀ ਜਾਪੀ।

ਬੱਚੀ ਫੇਰ ਰੋਣ ਲੱਗ ਪਈ।

'ਦੁਰਗੀ ਵੀ ਆਂਹਦੀ ਹੁੰਦੀ ਸੀ, ਰੱਬ ਇਕ ਧੀ ਤਾਂ ਮੈਨੂੰ ਜ਼ਰੂਰ ਦਿੰਦਾ-ਦੁਖ ਸੁਖ ਕਰਨ ਵਾਸਤੇ' ਲਓ ਰੱਬ ਨੇ ਉਹਦੇ ਵਾਸਤੇ ਧੀ ਘੱਲ ਦਿੱਤੀ ਐ' ਹਾਲੇ ਇਹਨੂੰ ਕੀ ਪਤੈ। ਨਾ ਇਹ ਹਿੰਦੂ, ਨਾ ਮੁਸਲਮਾਨ। ਬਿਲੂ ਨਾਲ ਖੇਡਦੀ ਫਿਰੂਗੀ-ਦੋਵੇਂ ਭੈਣ ਭਰਾ।' ਮਦਨ ਦੀ ਬੀਵੀ ਦੁਰਗੀ ਦੇ ਤਿੰਨ ਬੱਚੇ ਹੋਏ ਸਨ। ਤਿੰਨੇ ਅਪਰੇਸ਼ਨ ਨਾਲ। ਦੋ ਮਰ ਗਏ, ਬਿਲੂ ਬਚ ਗਿਆ ਸੀ। ਬਿਲੂ ਦੇ ਪੈਦਾ ਹੋਣ ਵੇਲੇ ਡਾਕਟਰ ਨੇ ਕਹਿ ਦਿੱਤਾ ਸੀ ਕਿ ਦੁਰਗੀ ਫੇਰ ਹਾਮਲਾ ਹੋ ਗਈ ਤਾਂ ਉਹ ਮਰ ਜਾਵੇਗੀ ਤੇ ਦੁਰਗੀ ਦੇ ਮਨ ਵਿਚ ਧੀ ਵਾਸਤੇ ਸੱਧਰ ਬਾਕੀ ਰਹਿ ਗਈ ਸੀ।

'ਕਿਉਂ, ਦੁਰਗੀ ਨੂੰ ਮਾਂ ਬਣਾ ਲਏਂਗੀ?' ਉਹਨੇ ਬੱਚੀ ਨੂੰ ਵਰਚਾਉਂਦਿਆਂ ਕਿਹਾ ਤੇ ਫੇਰ ਕੱਸੀ ਵੱਲ ਲੈ ਤੁਰਿਆ। ਪਾਣੀ ਪਿਆ ਕੇ ਉਹਨੇ ਮੂਕੇ ਦੇ ਲੜੋਂ ਗੁੜ ਖੋਲ੍ਹ ਕੇ ਉਹਦੇ ਮੂੰਹ ਵਿਚ ਪਾ ਦਿੱਤਾ ਤੇ ਉਸ ਨੂੰ ਗੱਡੀ ਵਿਚ ਲਿਟਾ ਕੇ ਗੱਡੀ ਹੱਕ ਲਈ।

ਦੋ ਕੁ ਫਰਲਾਂਗ ਗਿਆ ਹੋਵੇਗਾ ਕਿ ਉਹਨੂੰ ਦੋ ਹੋਰ ਲਾਸ਼ਾਂ ਦਿਸੀਆਂ। ਫੇਰ ਕੁਝ ਹੋਰ। ਉਹਨੇ ਸਾਹਮਣੇ ਨਜ਼ਰ ਮਾਰੀ ਤਾਂ ਸੜਕ ਲਾਸ਼ਾਂ ਨਾਲ ਭਰੀ ਪਈ ਸੀ। ਉਸ ਨੂੰ ਮਾਂ ਦੀ ਕਹੀ ਗੱਲ ਯਾਦ ਆ ਗਈ, 'ਮਦਨ ਤੇਰੇ ਗੱਡੀ ਚਲਾਉਣ ਵਾਲੇ ਚਾਲੇ ਨਹੀਂ-ਭੇਡ ਵਾਂਗੂ ਨੀਵੀਂ ਪਾਈ ਰੱਖਦੈਂ। ਨੀਵਾਂ ਵੇਖੇ ਤੋਂ ਅੱਧੀ ਦੁਨੀਆ ਦਿਸਦੀ ਐ' ਤੇ ਅੱਜ ਉਸ ਨੂੰ ਪਹਿਲੀ ਵਾਰ ਆਪਣੀ ਨੀਵਾਂ ਵੇਖਣ ਦੀ ਆਦਤ 'ਤੇ ਗੁੱਸਾ ਆਇਆ। ਜੇ ਉਹ ਕੱਸੀ ਤੋਂ ਹੀ ਸਾਹਮਣੇ ਵੇਖ ਲੈਂਦਾ ਤਾਂ ਉਹ ਪਿੱਛੇ ਹੀ ਮੁੜ ਜਾਂਦਾ ਪਰ ਜਾਂਦਾ ਕਿੱਥੇ? ਕਿਸੇ ਨੇ ਉਸ ਨੂੰ ਆਪਣੇ ਘਰ ਰਾਤ ਕੱਟਣ ਦੇਣੀ ਸੀ? ਹੰਸ ਰਾਜ ਨੇ ਤਾਂ ਉਹਨੂੰ ਇਹ ਆਖ ਕੇ ਆਪਣੀ ਦੁਕਾਨ ਵਿਚੋਂ ਉਠਾ ਦਿੱਤਾ ਸੀ ਕਿ ਕਾਫਲਾ ਲੰਘ ਗਿਆ ਹੈ, ਹੁਣ ਕੋਈ ਡਰ ਨਹੀਂ। ਲੋਕ ਡਰੇ ਹੋਏ ਸਨ। ਘਰਾਂ ਦੇ ਬੂਹੇ ਬੰਦ ਸਨ। ਸਾਰੇ ਬਾਜ਼ਾਰ ਵਿਚ ਉਹਨੂੰ ਇਕ ਵੀ ਬੰਦਾ ਨਜ਼ਰ ਨਹੀਂ ਸੀ ਪਿਆ। ਹੋਰ ਤਾਂ ਹੋਰ, ਅੱਜ ਤਾਂ ਚੁੰਗੀ ਉੱਤੇ ਰਾਮ ਲਾਲ ਵੀ ਨਹੀਂ ਸੀ। ਚੁੰਗੀ ਬੰਦ ਸੀ। ਨਹੀਂ ਤਾਂ ਉਹ ਉਸ ਦਾ ਕੋਈ ਬੰਨ੍ਹ-ਸੁਬ ਕਰ ਦਿੰਦਾ।



ਚੁਫੇਰੇ ਲਾਸ਼ਾਂ ਹੀ ਲਾਸ਼ਾਂ ਵੇਖ ਕੇ ਉਹ ਭਵੰਤਰ ਗਿਆ। ਮਦਨ ਵੀ ਡਰ ਗਿਆ।

'ਪਾਣੀ'। ਇਕ ਆਵਾਜ਼ ਆਈ। ਸੜਕ ਦੇ ਕਿਨਾਰੇ ਇਕ ਲਾਸ਼ ਨੇ ਉਠਣ ਦਾ ਯਤਨ ਕੀਤਾ।

ਮਦਨ ਉਹਦੇ ਕੋਲ ਚਲਿਆ ਗਿਆ।

'ਪਾਣੀ' ਅਸੀਂ ਮਰਦਾਨੇ ਕੇ ਹੁਨੇ ਆਂ ਪਰਾਵਾ' ਬਾਬਾ ਨਾਨਕ ਤੈਨੂੰ ਤਾਰੇ'।'

ਉਹਦੇ ਸਿਰ ਵਿਚ ਸੱਟ ਸੀ। ਪਿਛਲੇ ਪਾਸੇ ਲਹੂ ਦੀ ਛਪੜੀ ਲੱਗੀ ਪਈ ਸੀ। ਅੱਧਾ ਕੁ ਉਠ ਕੇ ਉਹ ਫੇਰ ਡਿੱਗ ਪਿਆ।

ਸੜਕ ਉੱਤੇ ਘਰ ਦਾ ਬਹੁਤ ਸਾਰਾ ਸਾਮਾਨ ਖਿੰਡਿਆ ਪਿਆ ਸੀ। ਆਟਾ ਗੁੰਨ੍ਹਣ ਵਾਲੀ ਕਨਾਲੀ ਦੇ ਠਿਕਰੇ। ਟੁੱਟੀ ਹੋਈ ਸੁਰਾਹੀ, ਇਕ ਚਰਖਾ ਉਖੜਿਆ ਹੋਇਆ। ਕੁਝ ਸਿਲਵਰ ਦੇ ਭਾਂਡੇ ਚਿੱਬੇ ਹੋਏ-ਹੋਏ। ਪਿੱਤਲ ਜਾਂ ਕਾਂਸੀ ਦਾ ਕੋਈ ਬਰਤਨ ਨਹੀਂ ਸੀ। ਮਦਨ ਨੇ ਇਕ ਸਿਲਵਰ ਦਾ ਕੌਲਾ ਸਿੱਧਾ ਕੀਤਾ ਤੇ ਛਪੜੀ ਤੋਂ ਪਾਣੀ ਲੈਣ ਤੁਰ ਪਿਆ।

ਕੁਝ ਲਾਸ਼ਾਂ ਅੱਧੀਆਂ ਛਪੜੀ ਦੇ ਪਾਣੀ ਵਿਚ ਸਨ, ਕੁਝ ਸਾਰੀਆਂ। ਮਦਨ ਨੇ ਗਿਣੀਆਂ, ਕੁੱਲ ਤੀਹ ਸਨ। ਪਾਣੀ ਵਿਚ ਲਹੂ ਘੁਲਿਆ ਹੋਇਆ ਸੀ। ਮਦਨ ਨੇ ਕੋਈ ਸਾਫ ਜਿਹੀ ਥਾਂ ਵੇਖ ਕੇ ਪਾਣੀ ਲੈਣ ਲਈ ਛਪੜੀ ਦਾ ਗੇੜਾ ਕੱਢਿਆ ਪਰ ਕਿਧਰੇ ਵੀ ਸਾਫ ਪਾਣੀ ਨਹੀਂ ਸੀ। ਉਸ ਨੇ ਨਿਉਂ ਕੇ ਪਾਣੀ ਦਾ ਕਟੋਰਾ ਭਰ ਲਿਆ। ਕਟੋਰੇ ਵਿਚਲੇ ਪਾਣੀ ਨੂੰ ਵੇਖਿਆ, ਉਹਦੇ ਵਿਚ ਲਹੂ ਸੀ। ਫੇਰ ਪਤਾ ਨਹੀਂ ਉਹਦੇ ਦਿਲ ਵਿਚ ਕੀ ਆਈ, ਉਹ ਕਾਹਲੀ-ਕਾਹਲੀ ਤੁਰ ਪਿਆ।

'ਲੈ ਬਈ, ਜੇ ਤੇਰੀ ਵਧੀ ਹੋਈ ਤਾਂ ਕਿਸੇ ਤਣ-ਪੱਤਣ ਲੱਗ ਜਾਏਂਗਾ' ਏਸ ਪਾਣੀ ਵਿਚ ਤੇਰੇ ਵਰਗਿਆਂ ਦਾ ਲਹੂ ਰਲਿਆ ਹੋਇਆ ਐ'। ਮਦਨ ਨੇ ਉਹਦਾ ਸਿਰ ਪਰ੍ਹੇ ਪਈ ਪਗੜੀ ਨਾਲ ਕੱਸ ਕੇ ਬੰਨ੍ਹ ਦਿੱਤਾ। ਆਖਰੀ ਘੁੱਟ ਦੇਣ ਤੋਂ ਪਹਿਲਾਂ ਹੀ ਉਹ ਉਹਦੇ ਹੱਥਾਂ ਵਿਚ ਲੁੜਕ ਗਿਆ। ਮਦਨ ਦੇ ਅੰਦਰੋਂ ਇਕ ਕੰਬਣੀ ਜਿਹੀ ਛਿੜ ਪਈ ਤੇ ਉਹ ਤੁਰ ਪਿਆ।

'ਪਾਣੀ', ਉਸ ਨੇ ਮੁੜ ਕੇ ਵੇਖਿਆ। ਸੜਕ ਦੇ ਦੂਜੇ ਕਿਨਾਰੇ ਇਕ ਲਾਸ਼ ਹੋਰ ਹਿੱਲ ਰਹੀ ਸੀ। ਮਦਨ ਨੇ ਸੜਕ ਉੱਤੋਂ ਪਾਣੀ ਵਾਲਾ ਕਟੋਰਾ ਚੁੱਕਿਆ। ਥੋੜ੍ਹਾ ਕੁ ਪਾਣੀ ਹੈ ਸੀ। ਉਹ ਸਿੱਧਾ-ਸਪਾਲ ਪਿਆ ਸੀ। ਉਹਦੀ ਵੱਖੀ ਕੋਲੋਂ ਲਹੂ ਵਹਿ-ਵਹਿ ਕੇ ਧਰਤੀ ਉੱਤੇ ਜੰਮ ਚੁੱਕਿਆ ਸੀ। ਮਦਨ ਨੇ ਉਹਨੂੰ ਬੈਠਾ ਕੇ ਗੋਡੇ ਦਾ ਆਸਰਾ ਦੇ ਦਿੱਤਾ। ਜਿੰਨਾ ਪਾਣੀ ਉਹਨੇ ਪੀਤਾ, ਸਾਰਾ ਵੱਖੀ ਵਿਚੋਂ ਦੀ ਬਾਹਰ ਨਿਕਲ ਗਿਆ। ਉਹਨੇ ਵੱਖੀ ਨੂੰ ਬੰਨ੍ਹ ਦੇਣ ਲਈ ਇਸ਼ਾਰਾ ਕੀਤਾ।

'ਹੁਣ ਤੂੰ ਮੈਨੂੰ ਓਸ ਕਿੱਕਰ ਦੇ ਮੁੱਢ ਨਾਲ ਬੈਠਾ ਦੇ।' ਉਸ ਨੇ ਕਿਹਾ, 'ਮਿਲਟਰੀ ਵਾਲੇ ਕਿਧਰੇ ਮੈਨੂੰ ਜਿਉਂਦੇ ਨੂੰ ਹੀ ਨਾ ਦੱਬ ਜਾਣ।'

ਮਦਨ ਛੇਤੀ-ਛੇਤੀ ਸਾਰਾ ਕੰਮ ਮੁਕਾ ਕੇ ਤੁਰਦਾ ਹੋਇਆ। ਦਿਨ ਬਹੁਤ ਛੋਟਾ ਰਹਿੰਦਾ ਜਾਂਦਾ ਸੀ। ਉਹ ਦਿਨ ਖੜ੍ਹੇ-ਖੜ੍ਹੇ ਘਰ ਪਹੁੰਚਣਾ ਚਾਹੁੰਦਾ ਸੀ। ਹਾਲੇ ਵੀ ਥੋੜ੍ਹਾ ਕੁ ਡਰ ਉਹਦੇ ਅੰਦਰ ਕਿਧਰੇ ਲੁਕਿਆ ਹੋਇਆ ਸੀ।

ਉਹਨੇ ਗੱਡੀ ਤੋਰ ਲਈ। ਪੰਦਰਾਂ ਵੀਹ ਕਦਮ ਗਿਆ ਹੋਵੇਗਾ ਕਿ ਗੱਡੀ ਦਾ ਇਕ ਪਹੀਆ ਇਕ ਲਾਸ਼ ਦੀ ਲੱਤ ਉੱਤੋਂ ਦੀ ਲੰਘ ਗਿਆ। ਮਦਨ ਨੂੰ ਕ੍ਰੋਧ ਚੜ੍ਹ ਗਿਆ। ਉਹਨੇ ਗੱਡੀ ਵਿਚੋਂ ਡਾਂਗ ਚੁੱਕੀ ਤੇ ਧਲੀਰ ਕੇ ਊਠ ਦੇ ਦੋ ਜੜ ਦਿੱਤੀਆਂ। ਊਠ ਕੁਦਾੜੇ ਮਾਰਦਾ ਭੱਜ ਤੁਰਿਆ ਤੇ ਗੱਡੀ ਤਿੰਨ-ਚਾਰ ਲਾਸ਼ਾਂ ਉੱਤੋਂ ਦੀ ਲੰਘ ਗਈ। ਮਦਨ ਨੇ ਉਤਰ ਕੇ ਊਠ ਦੀ ਮੁਹਾਰ ਅੱਗੋਂ ਫੜ ਲਈ ਤੇ ਲਾਸ਼ਾਂ ਤੋਂ ਬਚਾ-ਬਚਾ ਕੇ ਗੱਡੀ ਤੋਰਨ ਲੱਗਿਆ।

ਬੱਚੀ ਨੇ ਰੋਣਾ ਸ਼ੁਰੂ ਕਰ ਦਿੱਤਾ। ਮਦਨ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ, 'ਮੈਨੂੰ ਪਾਣੀ ਨਾਲ ਲੈ ਕੇ ਤੁਰਨਾ ਚਾਹੀਦਾ ਸੀ ਜੁਆਕੜੀ ਵਾਸਤੇ।' ਗੱਡੀ ਖੜ੍ਹੀ ਕਰਕੇ ਉਹਨੇ ਬੱਚੀ ਨੂੰ ਕੁੱਛੜ ਚੁੱਕ ਲਿਆ। ਉਹ ਚੁੱਪ ਕਰ ਗਈ ਪਰ ਹਾਲੇ ਵੀ ਕਿਸੇ ਬੱਚੇ ਦੇ ਰੋਣ ਦੀ ਆਵਾਜ਼ ਆ ਰਹੀ ਸੀ। ਇਕ ਟਾਹਲੀ ਹੇਠ ਚਾਰ ਪੰਜ ਬੱਚੇ ਸਨ। ਇਕ ਰੋ ਰਿਹਾ ਸੀ। ਜਦੋਂ ਉਹ ਉਨ੍ਹਾਂ ਦੇ ਕੋਲ ਗਿਆ ਤਾਂ ਸਾਰਿਆਂ ਨੇ ਰੋਣਾ ਸ਼ੁਰੂ ਕਰ ਦਿੱਤਾ। ਇਕ ਵੱਡਾ ਬੱਚਾ ਇਕ ਲਾਸ਼ ਨਾਲ ਜਾ ਚੰਬੜਿਆ।

'ਡਰੋ ਨਾ' ਮੈਂ ਮਾਰਨ ਵਾਲਾ ਨਹੀਂ।' ਉਸ ਨੇ ਕਿਹਾ, 'ਇਹ ਤੇਰਾ ਅੱਬਾ ਐ?' ਉਹਨੇ ਵੱਡੇ ਬੱਚੇ ਨੂੰ ਪੁੱਛਿਆ।

ਬੱਚੇ ਨੇ ਹਾਂ ਵਿਚ ਸਿਰ ਹਿਲਾ ਦਿੱਤਾ। ਸਭ ਬੱਚੇ ਚੁੱਪ ਹੋ ਗਏ। ਮਦਨ ਖੜ੍ਹਾ ਸੋਚਦਾ ਰਿਹਾ, ਉਹ ਉਨ੍ਹਾਂ ਨੂੰ ਹੋਰ ਕੀ ਕਹੇ? ਕੁਝ ਬੱਚੇ ਸੜਕ ਦੇ ਦੂਜੇ ਪਾਸੇ ਵੀ ਕਿੱਕਰ ਹੇਠ ਬੈਠੇ ਸਨ। ਕੁਝ ਰੋ ਰਹੇ ਸਨ। ਕੋਈ ਆਪਣੀ ਮੋਈ ਪਈ ਮਾਂ ਦੀ ਛਾਤੀ ਉੱਤੇ ਸਿਰ ਰੱਖ ਕੇ ਡੁਸਕ ਰਿਹਾ ਸੀ। ਆਸੇ-ਪਾਸੇ ਫੱਟੜ ਪਾਣੀ ਮੰਗ ਰਹੇ ਸਨ। ਉਹ ਉਨ੍ਹਾਂ ਦਾ ਕੀ ਕਰੇ? ਕਿਸ-ਕਿਸ ਨੂੰ ਸੰਭਾਲੇ? ਕਿਥੋਂ ਪਾਣੀ ਲਿਆ ਕੇ ਪਿਆਵੇ, ਉਹ ਇਕੱਲਾ? ਪਿੱਛੇ ਉਹ ਲਾਸ਼ਾਂ ਦਾ ਕਾਫਲਾ ਛੱਡ ਆਇਆ ਸੀ। ਅੱਗੇ ਇਸ ਤੋਂ ਵੱਡਾ ਕਾਫਲਾ ਬਾਕੀ ਸੀ ਜਿਸ ਵਿਚੋਂ ਦੀ ਰਾਹ ਬਣਾ ਕੇ ਉਹਨੇ ਘਰ ਪੁੱਜਣਾ ਸੀ-ਦਿਨ ਖੜ੍ਹੇ-ਖੜ੍ਹੇ। ਪਤਾ ਨਹੀਂ ਕਿਥੋਂ ਤੱਕ ਇਹ ਕਾਫਲਾ ਵਿਛਿਆ ਪਿਆ ਹੋਵੇਗਾ। ਜਿਉਂਦੇ ਬੰਦਿਆਂ ਦਾ ਤਾਂ ਵੀਹ ਮੀਲ ਲੰਮਾ ਕਾਫਲਾ ਸੁਣਿਆ ਸੀ।

ਕੁਝ ਚਿਰ ਉਹ ਚੁੱਪ-ਚਾਪ ਖੜ੍ਹਾ ਰਿਹਾ। ਫੇਰ ਉਸ ਨੇ ਬੱਚੀ ਨੂੰ ਉਨ੍ਹਾਂ ਬੱਚਿਆਂ ਕੋਲ ਲਿਟਾ ਦਿੱਤਾ ਤੇ ਛੇਤੀ-ਛੇਤੀ ਉਥੋਂ ਤੁਰਦਾ ਹੋਇਆ, ਮਤੇ ਫੇਰ ਉਸ ਦਾ ਦਿਲ ਬਦਲ ਜਾਵੇ।

ਉਹ ਉਸੇ ਤਰ੍ਹਾਂ ਮੁਹਾਰ ਫੜੀ ਗੱਡੀ ਨੂੰ ਲਾਸ਼ਾਂ ਤੋਂ ਬਚਾ-ਬਚਾ ਕੇ ਲੰਘਾਉਣ ਲੱਗਿਆ। ਫੇਰ ਵੀ ਕਦੇ ਕਿਸੇ ਦਾ ਪੈਰ ਹੇਠ ਆ ਜਾਂਦਾ ਤੇ ਕਦੇ ਕਿਸੇ ਦੀ ਲੱਤ ਉੱਤੋਂ ਦੀ ਪਹੀਆ ਲੰਘ ਜਾਂਦਾ ਪਰ ਉਹਨੂੰ ਊਠ ਉੱਤੇ ਗੁੱਸਾ ਨਹੀਂ ਸੀ ਆ ਰਿਹਾ। ਉਹਦਾ ਕੀ ਕਸੂਰ ਸੀ, ਵਿਚਾਰੇ ਦਾ ਸਗੋਂ ਉਹਦਾ ਤਾਂ ਜ਼ੋਰ ਲੱਗ ਰਿਹਾ ਸੀ, ਝਟੇ-ਝਟੇ ਪਹੀਏ ਅੱਗੇ ਓਟਾ ਲੱਗ ਜਾਂਦਾ ਸੀ।

ਅੱਧ ਵਾਲੀ ਕੱਸੀ 'ਤੇ ਪਹੁੰਚ ਕੇ ਉਹਨੂੰ ਮਹਿਸੂਸ ਹੋਇਆ, ਉਹ ਥੱਕ ਗਿਆ ਹੈ। ਜਿਸ ਬਾਂਹ ਨਾਲ ਊਠ ਦੀ ਮੁਹਾਰ ਕਦੀ ਏਧਰ ਕਦੀ ਓਧਰ ਖਿੱਚਦਾ ਆਇਆ ਸੀ, ਉਹ ਅੰਬ ਗਈ ਹੈ ਤੇ ਹੁਣ ਉਸ ਤੋਂ ਉਹਦਾ ਭਾਰ ਨਹੀਂ ਚੁੱਕਿਆ ਜਾਂਦਾ। ਹੁਣ ਤੱਕ ਉਸ ਨੇ ਢਾਈ ਮੀਲ ਪੰਧ ਕੀਤਾ ਸੀ। ਸੜਕ ਦਾ ਏਨਾ ਹੀ ਸਫਰ ਬਾਕੀ ਸੀ ਤੇ ਇਕ ਮੀਲ ਅੱਗੇ ਕੱਚਾ, ਜਿਹੜਾ ਅੱਜ ਪੱਕੀ ਸੜਕ ਨਾਲੋਂ ਸਾਫ ਰਸਤਾ ਹੋਵੇਗਾ। ਸੂਰਜ ਡੁੱਬ ਚੁੱਕਿਆ ਸੀ। ਪੁਲ ਉੱਤੇ ਪਹੁੰਚ ਕੇ ਉਹਨੇ ਵੇਖਿਆ, ਕੱਸੀ ਦਾ ਪਾਣੀ ਪਟੜੀਆਂ ਦੇ ਉੱਤੋਂ ਦੀ ਵਗ ਰਿਹਾ ਸੀ। ਕੱਸੀ ਲਾਸ਼ਾਂ ਨਾਲ ਅੱਟੀ ਪਈ ਸੀ। ਉਹਨੇ ਗੱਡੀ ਰੋਕ ਦਿੱਤੀ।

ਊਠ ਨੇ ਚੀੜ੍ਹ ਕਰ ਲਿਆ ਤਾਂ ਉਹ ਗੱਡੀ ਦੇ ਉੱਤੇ ਚੜ੍ਹ ਬੈਠਾ ਤੇ ਊਠ ਦੀਆਂ ਮੁਹਾਰਾਂ ਢਿੱਲੀਆਂ ਛੱਡ ਦਿੱਤੀਆਂ। ਕਦੀ ਕੋਈ ਲਾਸ਼ ਧਿਆਨ ਪੈ ਜਾਂਦੀ ਤਾਂ ਊਠ ਦੀ ਮੁਹਾਰ ਇਕ ਪਾਸੇ ਖਿੱਚ ਦਿੰਦਾ, ਨਹੀਂ ਤਾਂ ਗੱਡੀ ਉੱਤੋਂ ਦੀ ਹੀ ਲੰਘ ਜਾਂਦੀ।

ਹੌਲੀ-ਹੌਲੀ ਹਨੇਰਾ ਵਧਣ ਲੱਗਿਆ। ਲਾਸ਼ਾਂ ਨਜ਼ਰ ਆਉਣੋਂ ਹਟ ਗਈਆਂ। ਬੱਸ ਉਦੋਂ ਪਤਾ ਲੱਗਦਾ, ਜਦੋਂ ਗੱਡੀ ਉਪਰੋਂ ਲੰਘ ਕੇ ਧੜੱਕ ਕਰ ਕੇ ਵੱਜਦੀ। ਮੀਲ ਕੁ ਚੱਲਣ ਪਿੱਛੋਂ ਉਹਨੂੰ ਇਹ ਪਤਾ ਲੱਗਣ ਲੱਗ ਪਿਆ, ਪਹੀਏ ਹੇਠ ਆਈ ਲਾਸ਼ ਕਿਸੇ ਵੱਡੇ ਬੰਦੇ ਦੀ ਹੈ ਜਾਂ ਬੱਚੇ ਦੀ। ਊਠ ਦੇ ਪੈਰਾਂ ਦੀ ਆਵਾਜ਼ ਤੋਂ ਜਾਣ ਜਾਂਦਾ ਕਿ ਸੜਕ ਸੁੱਕੀ ਹੈ ਜਾਂ ਲਹੂ ਲਿਬੜੀ।

ਹੁਣ ਉਹਦਾ ਡਰ ਬਿਲਕੁਲ ਲੱਥ ਗਿਆ ਸੀ ਤੇ ਉਸ ਨੇ ਉਹ ਗੀਤ ਹੌਲੀ-ਹੌਲੀ ਗਾਉਣਾ ਸ਼ੁਰੂ ਕੀਤਾ, ਜਿਹੜਾ ਰਾਤ ਨੂੰ ਸਫਰ ਕਰਨ ਸਮੇਂ ਹਮੇਸ਼ਾ ਗਾਇਆ ਕਰਦਾ ਸੀ:

'ਨੀ ਤੂੰ ਮਾੜੀ ਕੀਤੀ ਸਾਹਿਬਾਂ,
ਨੀ ਤੂੰ ਯਾਰ ਦਿਤਾ ਮਰਵਾ ਨੀ।'

ਪਰ ਅੱਜ ਉਹਨੂੰ ਨਾ ਤਾਂ ਮਿਰਜ਼ੇ ਦੇ ਤਲਵਾਰਾਂ ਵੱਜਦੀਆਂ ਦਿੱਸੀਆਂ ਤੇ ਨਾ ਹੀ ਲਹੂ ਦੇ ਪਰਨਾਲੇ ਵਗਦੇ ਵਿਖਾਈ ਦਿੱਤੇ। ਉਹਨੂੰ ਆਪਣਾ ਗੀਤ ਰਸ-ਹੀਣ ਲੱਗਿਆ ਤੇ ਉਹਨੇ ਬੰਦ ਕਰ ਦਿੱਤਾ।

ਪੱਕੀ ਸੜਕ ਦਾ ਸਫਰ ਮੁੱਕਿਆ ਤਾਂ ਕੱਚੇ ਰਾਹ ਮੁੜ ਕੇ ਊਠ ਆਪ ਹੀ ਰੁਕ ਗਿਆ। ਕੁਝ ਮਿੰਟ ਰੁਕਿਆ ਰਿਹਾ ਤੇ ਫੇਰ ਆਪ ਹੀ ਤੁਰ ਪਿਆ।

ਆਪਣੇ ਬੂਹੇ ਅੱਗੇ ਪਹੁੰਚਿਆ ਤਾਂ ਕਿੰਨੇ ਹੀ ਆਂਢੀ ਗੁਆਂਢੀ ਬੋਲ ਪਏ- 'ਆ ਗਿਆ। ਆ ਗਿਆ।'

ਉਨ੍ਹਾਂ ਦੇ ਘਰ ਵਿਚੋਂ ਰੋਣ ਦੀਆਂ ਆਵਾਜ਼ਾਂ ਹੋਰ ਉੱਚੀਆਂ ਹੋ ਗਈਆਂ। ਉਹ ਕੋਲ ਗਿਆ ਤਾਂ ਜੁੜੇ ਹੋਏ ਮਰਦ ਚੁੱਪ ਹੋ ਗਏ। ਉਹਨੇ ਗੱਡੀ ਨਾਲੋਂ ਊਠ ਨੂੰ ਛੁਡਿਆ ਤੇ ਵਿਹੜੇ ਵਿਚ ਚਰਨੇ ਉੱਤੇ ਬੰਨ੍ਹ ਦਿੱਤਾ। ਇਕ ਪਾਸੇ ਬਹੁਤ ਸਾਰੀਆਂ ਔਰਤਾਂ ਵੈਣ ਪਾ ਰਹੀਆਂ ਸਨ। ਉਨ੍ਹਾਂ ਵਿਚੋਂ ਮਦਨ ਦੀ ਮਾਂ ਉਠੀ ਤੇ ਉਹਦੇ ਗਲ ਲੱਗ ਕੇ ਧਾਹਾਂ ਮਾਰਨ ਲੱਗ ਪਈ।

'ਵੇ ਆਪਾਂ ਲੁੱਟੇ ਗਏ ਪੁੱਤਾ!'

'ਕੀ ਗੱਲ ਐ ਮਾਂ?' ਉਹਨੇ ਮਾਂ ਦੀਆਂ ਬਾਹਵਾਂ ਆਪਣੇ ਦੁਆਲਿਓਂ ਲਾਹ ਕੇ ਪੁੱਛਿਆ।

'ਬਿੱਲੂ ਕੋਠੇ ਤੋਂ ਡਿੱਗ ਕੇ ਪੂਰਾ ਹੋ ਗਿਆ।' ਉਹਨੂੰ ਦੱਸਿਆ ਗਿਆ।

ਉਹ ਚੁੱਪ-ਚਾਪ ਬਹਿ ਗਿਆ। ਕੁਝ ਦੇਰ ਸਾਰੇ ਚੁੱਪ ਰਹੇ। ਫੇਰ ਕਿਸੇ ਨੇ ਕਿਹਾ, 'ਮਦਨ ਲਾਲ, ਚਲੋ ਸਸਕਾਰ ਕਰ ਆਈਏ। ਅਸੀਂ ਤੈਨੂੰ ਹੀ ਉਡੀਕਦੇ ਸਾਂ।'

'ਬਿੰਦ ਠਹਿਰੋ ਇਹ ਕੰਮ ਵੀ ਕਰ ਲੈਨੇ ਆਂ।' ਮਦਨ ਨੇ ਕਿਹਾ, 'ਬਿੰਦ ਕੁ ਸੁਸਤਾ ਲਈਏ, ਥੱਕੇ ਬਹੁਤ ਆਂ, ਭੁੱਖ ਬਹੁਤ ਲੱਗੀ ਐ।'

ਮਾਂ ਨੇ ਉਹਨੂੰ ਮੋਢਿਆਂ ਤੋਂ ਫੜ ਲਿਆ।

'ਹੈਸਿਆਰਿਆ! ਤੂੰ ਇਹਨੂੰ ਕੰਮ ਦੱਸਦੈਂ, ਤੈਨੂੰ ਭੁੱਖ ਲੱਗੀ ਐ' ਵੇ ਕੋਈ ਜਣਾ ਲਾਲਟਨ ਲਿਆਓ ਵੇ'।' ਉਹ ਦੁਹੱਥੜ ਪਿੱਟਣ ਲੱਗ ਪਈ।

ਕੋਈ ਜਣਾ ਲਾਲਟੈਨ ਲੈ ਆਇਆ।

'ਵੇ ਪਿੰਡਾ ਅਸੀਂ ਲੁੱਟੇ ਗਏ' ਮੈਂ ਛੋਟੇ ਨੂੰ ਰੋਂਦੀ ਸਾਂ' ਵੱਡੇ ਨੂੰ ਵੀ ਕੁਸ਼ ਹੋ ਗਿਐ' ਪਤਾ ਨਹੀਂ ਕੀਹਦੀ 'ਵਾ ਲੱਗ ਗਈ ਐ' ਵੇਖੋ ਕਿਵੇਂ ਦੀਦੇ ਪਾੜ-ਪਾੜ ਵੇਖੀ ਜਾਂਦੈ'।'

ਸਭ ਤੀਵੀਆਂ ਉਠ ਕੇ ਉਹਦੇ ਦੁਆਲੇ ਹੋ ਗਈਆਂ।

'ਕੋਈ ਓਪਰੀ ਹਵਾ ਲੱਗਦੀ ਐ।'

ਬਿੱਲੂ ਦੀ ਲਾਸ਼ ਇਕੱਲੀ ਪਈ ਸੀ, ਕੱਪੜੇ ਨਾਲ ਢੱਕੀ ਹੋਈ। ਮਦਨ ਉਹਦੇ ਵੱਲ ਵੇਖ ਰਿਹਾ ਸੀ, ਵੇਖੀ ਹੀ ਜਾ ਰਿਹਾ ਸੀ। ਉਹਨੂੰ ਇਉਂ ਲੱਗ ਰਿਹਾ ਸੀ, ਜਿਵੇਂ ਇਕ ਲਾਸ਼ ਬਾਕੀ ਲਾਸ਼ਾਂ ਨਾਲੋਂ ਇਕ ਮੀਲ ਦੇ ਫਾਸਲੇ ਉੱਤੇ ਪਈ ਹੋਵੇ-ਬੱਸ।

# ਜੰਜ ਪਰਾਈ ਅਹਿਮਕ ਨੱਚੇ

**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਸਾਡੇ ਵਿਚੋਂ ਬਹੁਤੇ ਅਰਥਹੀਣਤਾ 'ਚੋਂ ਅਰਥ ਢੂੰਡਣ ਦੇ ਆਹਰ ਵਿਚ ਲੱਗੇ ਹੋਏ ਹਨ। ਅਸੀਂ ਤੂੜੀ ਦੇ ਢੇਰ ਵਿਚੋਂ ਦਾਣੇ ਲੱਭਣ ਦੀ ਕੋਸ਼ਿਸ਼ ਕਰ ਰਹੇ ਹਾਂ। ਮਾਰੂਥਲ ਦੀ ਮ੍ਰਿਗ-ਤ੍ਰਿਸ਼ਨਾ 'ਚੋਂ ਪਿਆਸੇ ਹਿਰਨ ਵਾਂਗ ਪਾਣੀ ਭਾਲ ਰਹੇ ਹਾਂ।

ਉੱਬਲਦੇ ਪਾਣੀ 'ਚੋਂ ਵੀ ਭਲਾ ਚਿਹਰੇ ਦਿਸਦੇ ਹਨ? ਕਤੀਲ ਸ਼ਿਫਾਈ ਇਸ ਕਮਲਮਾਰੀ ਅਵਸਥਾ ਬਾਰੇ ਕਹਿੰਦੈ, 'ਜਾਨੇ ਕਿਤਨੀ ਉਮਰ ਕਟੇਗੀ, ਇਸ ਨਾਦਾਨੀ ਮੇਂ, ਅਪਨੇ ਅਕਸ ਕੋ ਢੂੰਡ ਰਹਾ ਹੂੰ ਖੌਲਤੇ ਪਾਨੀ ਮੇਂ'। ਲੱਗਦੈ ਅੱਜ-ਕੱਲ੍ਹ ਅਰਥਹੀਣਤਾ ਹੀ ਅਰਥਵਾਨ ਹੋ ਗਈ ਹੈ!

ਸਾਨੂੰ ਇਹ ਵਿਚਾਰ ਮੀਡੀਆ ਵਿਚ ਦੋ ਖਬਰਾਂ ਪੜ੍ਹ ਕੇ ਆਏ। ਪਹਿਲ਼ੀ ਖਬਰ ਸੀ ਕਿ ਐਮੇਜ਼ੋਨ ਦੇ ਬਾਨੀ ਬਿਲੀਅਨੇਅਰ ਜੈਫਰੇ (ਜੈਫ) ਪਰੈਸਟੋਨ ਬੇਜ਼ੋਸ ਨੇ 5.5 ਅਰਬ ਡਾਲਰ ਸਿਰਫ ਚਾਰ ਮਿੰਟ ਪੁਲਾੜ ਦੀ ਯਾਤਰਾ ਉਪਰ ਖਰਚ ਕਰ ਦਿੱਤੇ। ਫੋਰਬੀਸ ਅਨੁਸਾਰ ਬੇਜ਼ੋਸ ਦੀ ਨੈੱਟ ਆਮਦਨ 20,170 ਕਰੋੜ ਅਮਰੀਕੀ ਡਾਲਰ ਹੈ, (ਰੁਪਏ ਤੁਸੀਂ ਆਪ ਬਣਾ ਲਿਓ ਕਿਉਂਕਿ ਮੇਰਾ ਹਿਸਾਬ ਜ਼ਰਾ ਕਮਜ਼ੋਰ ਹੈ)। ਇਕ ਅੰਦਾਜ਼ੇ ਅਨੁਸਾਰ ਸੰਸਾਰ 'ਚ ਭੁੱਖਮਰੀ ਉਪਰ ਕਾਬੂ ਪਾਉਣ ਲਈ ਵੀ ਲਗਭਗ ਐਨੇ ਕੁ ਡਾਲਰ ਹੀ ਚਾਹੀਦੇ ਹਨ, ਜਿੰਨੇ ਕਿ ਜੈਫ ਬੇਜ਼ੋਸ ਚਾਰ ਮਿੰਟਾਂ ਵਿਚ ਖਰਚ ਕਰ ਆਇਆ ਭਾਵ ਉਸ ਨੇ ਇਕ ਮਿੰਟ ਵਿਚ 1.375 ਬਿਲੀਅਨ ਡਾਲਰ ਪੁਲਾੜ ਦੇ ਖਲਾਅ ਵਿਚ ਉੜਾ ਦਿੱਤੇ।

ਅੱਜ-ਕੱਲ੍ਹ 'ਸਪੇਸ ਟੂਰਿਜ਼ਮ' (ਪੁਲਾੜੀ ਸੈਰ-ਸਪਾਟਾ) ਕਰਵਾਏ ਜਾਣ ਦੇ ਪ੍ਰੋਜੈਕਟਾਂ ਉਪਰ ਕੰਮ ਹੋ ਰਿਹੈ। ਟੈਸਲਾ ਦਾ ਮਾਲਕ ਅਰਬਪਤੀ ਐਲਨ ਰੀਵ ਮਸਕ ਇਸ ਕੰਮ ਵਿਚ ਮੋਢੀ ਹੈ। ਫੋਰਬੀਸ ਅਨੁਸਾਰ ਉਸ ਦੀ ਨੈੱਟ ਆਮਦਨ 29,700 ਕਰੋੜ ਅਮਰੀਕੀ ਡਾਲਰ ਹੈ। ਮੀਡੀਆ ਰਿਪੋਰਟਾਂ ਅਨੁਸਾਰ ਐਲਨ ਮਸਕ, ਜੋ ਵਿਸ਼ਵ ਦਾ ਸਭ ਤੋਂ ਅਮੀਰ ਵਿਅਕਤੀ ਕਿਹਾ ਜਾਂਦੈ, ਨੇ ਸੰਸਾਰ 'ਚੋਂ ਭੁੱਖਮਰੀ ਦੇ ਬੇਰਹਿਮ ਸੰਤਾਪ ਨਾਲ ਨਜਿੱਠਣ ਲਈ 6 ਅਰਬ ਡਾਲਰ ਦਾਨ ਵਜੋਂ ਦੇਣ ਦੀ ਗੱਲ ਕਹੀ ਹੈ। ਜੇ ਸਹੀ ਹੈ, ਤਾਂ ਕਮਾਲ ਦੀ ਗੱਲ ਹੈ। ਇਸ ਨਾਲ ਵਿਸ਼ਵ ਦੀ ਕੁੱਲ ਆਬਾਦੀ ਦਾ 10 ਫ਼ੀਸਦੀ ਹਿੱਸਾ (ਲਗਪਗ 75-80 ਕਰੋੜ ਲੋਕ), ਜੋ ਭੁੱਖਮਰੀ ਦਾ ਸ਼ਿਕਾਰ ਹੈ, ਦੇ ਖਾਲੀ ਪੇਟ ਨੂੰ ਵੀ ਝੁਲਕਾ ਮਿਲ ਜਾਏਗਾ।

ਭਲਾ ਇਹ ਅਤਿ-ਅਮੀਰ ਲੋਕ ਪੈਸੇ ਫੂਕਦੇ ਕਿਉਂ ਹਨ? ਪੁਲਾੜ ਦੀ ਯਾਤਰਾ ਜਾਂ ਸਪੇਸ ਟੂਰਿਜ਼ਮ ਸ਼ੁਰੂ ਕਰਨ ਦੇ ਮਨਸੂਬੇ ਕਿਉਂ ਬਣਾਉਂਦੇ ਹਨ? ਪਹਿਲਾਂ ਧਰਤੀ ਦੇ ਮਸਲੇ ਕਿਉਂ ਨਹੀਂ ਹੱਲ ਕਰਦੇ? ਅਸੀਂ ਇਹ ਵੀ ਖਬਰਾਂ ਸੁਣਦੇ ਹਾਂ ਕਿ ਚੰਦ ਉਪਰ ਪਲਾਟ ਖ੍ਰੀਦੇ ਜਾ ਰਹੇ ਹਨ। ਇਹ ਸਭ ਅਲੋਕਾਰ ਗੱਲਾਂ ਅਮੀਰ ਲੋਕਾਂ ਦੇ ਖਪਤ ਸਭਿਆਚਾਰ ਨੂੰ ਪ੍ਰੋਤਸ਼ਾਹਿਤ ਕਰਨ ਲਈ ਹਨ। ਕੁਝ ਨਿਵੇਕਲਾ, ਵੱਖਰਾ, ਹਟਵਾਂ ਕਰ ਕੇ ਅਮੀਰਾਂ ਦੀ ਜਗਿਆਸਾ ਪੂਰਤੀ ਜਾਂ ਖ਼ੁਸ਼ੀ ਦੀ ਭਾਲ ਵਿਚ ਸਹਾਈ ਹੋਣ ਦਾ ਉਪਰਾਲਾ ਹੈ। ਜੈਫ ਤੇ ਮਸਕ ਵਰਗੇ ਅਰਬਪਤੀਆਂ ਨੂੰ ਤਾਂ ਸ਼ਾਇਦ ਪਤਾ ਵੀ ਨਾ ਹੋਵੇ ਕਿ ਇਸ ਧਰਤੀ ਉਪਰ ਕਰੋੜਾਂ ਲੋਕ ਭੁੱਖੇ ਪੇਟ ਸੌਂਦੇ ਹਨ।






ਭਲਾ ਅਜਿਹੇ ਚੋਚਲਿਆਂ\ਸ਼ੋਸ਼ਿਆਂ ਨਾਲ ਵਾਕਿਆ ਹੀ ਖੁਸ਼ੀ ਮਿਲ ਜਾਂਦੀ ਹੈ? ਫਰੈਂਚ-ਅਲਜੀਰੀਅਨ ਫਿਲਾਸਫਰ ਐਲਬਰਟ ਕਾਮੂ ਦੀਆਂ ਮਸ਼ਹੂਰ ਲਾਈਨਾਂ ਹਨ, 'ਜੇਕਰ ਤੁਸੀਂ ਲਗਾਤਾਰ ਇਹੀ ਭਾਲ ਕਰਦੇ ਰਹੋ ਕਿ ਖੁਸ਼ੀ ਕਿਸ ਸ਼ੈਅ 'ਚ ਹੁੰਦੀ ਹੈ ਤਾਂ ਤੁਸੀਂ ਕਦੀ ਵੀ ਖੁਸ਼ ਨਹੀਂ ਹੋਵੋਗੇ।'

ਕੀ ਇਹ ਸੁਪਰ ਅਮੀਰ ਆਪਣੀ ਅਮੀਰੀ ਤੋਂ ਉਕਤਾ ਗਏ ਹਨ ਕਿ ਖਲਾਅ ਵਿਚ ਖੁਸ਼ੀ ਢੂੰਡਦੇ ਫਿਰਦੇ ਹਨ? ਕੀ ਇਨ੍ਹਾਂ ਨੂੰ ਧਰਤੀ ਉਪਰ ਖੁਸ਼ੀ ਦੇ ਸਾਧਨ ਘੱਟ ਪੈ ਗਏ ਹਨ? ਜਾਂ ਪੈਸਾ ਹੀ ਐਨਾ ਹੈ ਕਿ ਅੱਗ ਲਾ ਫੂਕ ਕੇ ਵੀ ਨਹੀਂ ਮੁੱਕ ਸਕਦਾ? ਜਾਂ ਫਿਰ ਇਹ ਦੂਸਰੇ ਲੋਕਾਂ ਨੂੰ ਉਨ੍ਹਾਂ ਦੀ ਗੁਰਬਤ ਦਾ ਅਹਿਸਾਸ ਕਰਵਾ ਕੇ ਅਮਾਨਵੀ ਸੁਆਦ ਲੈ ਰਹੇ ਹਨ, ਜਿਸ ਨੂੰ ਅੰਗਰੇਜ਼ੀ ਵਾਲੇ 'ਸੈਡਿਸਟਕ ਪਲੈਯਰ' (ਪਰਪੀੜਾ 'ਚੋਂ ਪ੍ਰਸੰਨਤਾ) ਕਹਿੰਦੇ ਹਨ ਜਾਂ ਇਹ ਅੰਤਾਂ ਦੇ ਖੋਖਲੇਪਨ ਤੇ ਫੁਕਰੇਪਨ ਦਾ ਚਲਨ ਹੈ ਤੇ ਜਾਂ ਇਕ ਫੋਕਾ ਤੇ ਥੋਥਾ ਦਿਖਾਵਾ ਹੈ।

ਦੂਸਰੀ ਖਬਰ ਵਿੱਕੀ ਕੌਸ਼ਲ ਤੇ ਕੈਟਰੀਨਾ ਕੈਫ ਦੇ ਹੁਣੇ-ਹੁਣੇ ਹੋਏ ਵਿਆਹ ਦੀ ਹੈ। ਰਾਜਸਥਾਨ ਦੇ ਇਕ ਮਹਿਲੀ ਹੋਟਲ ਵਿਚ ਹੋਏ ਇਸ ਸ਼ਾਹੀ ਵਿਆਹ 'ਤੇ ਵੀ ਕਰੋੜਾਂ ਰੁਪਏ ਖਰਚੇ ਗਏ। ਸੁਣਨ 'ਚ ਆਇਆ ਹੈ ਕਿ ਇਸ ਫਿਲਮੀ ਜੋੜੇ ਨੇ ਆਪਣੇ ਵਿਆਹ ਦੇ ਟੈਲੀਕਾਸਟ ਅਧਿਕਾਰ ਐਮੇਜ਼ੋਨ ਪ੍ਰਾਈਮ ਨੂੰ 80 ਕਰੋੜ ਰੁਪਏ ਵਿਚ ਵੇਚੇ ਸਨ! ਅਸਲੀਅਤ ਤਾਂ ਵਿੱਕੀ-ਕੈਫ ਨੂੰ ਹੀ ਪਤਾ ਹੋਊ ਪਰ ਮੀਡੀਆ ਰਿਪੋਰਟਾਂ ਵਿਚ ਇਹੀ ਚਰਚਾ ਹੈ। ਇਸ ਵਿਆਹ ਨੇ ਲੋਕਾਂ ਨੂੰ ਕਈ ਦਿਨ ਕਮਲੇ ਕਰੀ ਰੱਖਿਆ। ਕੈਮਰੇ ਵਾਲਿਆਂ ਦੀ ਫੌਜ, ਜਿਸ ਨੂੰ ਵਿਆਹ ਵਾਲੇ ਸਥਾਨ ਦੇ ਅੰਦਰ ਨਹੀਂ ਫਟਕਣ ਦਿੱਤਾ ਗਿਆ, ਮਹਿਲ ਦੇ ਬਾਹਰ ਹੀ ਆਪਣੀਆਂ 'ਬੰਦੂਕਾਂ-ਤੋਪਾਂ' ਤਾਇਨਾਤ ਕਰ ਕੇ 'ਐਕਸਕਲੂਸਿਵ' ਫੋਟੋਆਂ ਭੇਜਣ ਦਾ ਦਾਅਵਾ ਕਰਦੀ ਰਹੀ। ਕੈਟਰੀਨਾ ਦੇ ਲਹਿੰਗੇ ਦਾ ਰੰਗ, ਮਹਿੰਦੀ ਦੇ ਡਿਜ਼ਾਈਨ, ਵਿੱਕੀ ਦੀ ਪਗੜੀ ਜਾਂ ਸ਼ੇਰਵਾਨੀ ਦਾ ਰੰਗ ਕਿਹੋ ਜਿਹਾ ਸੀ, ਵਗੈਰਾ ਵਗੈਰਾ ਇਕ ਰਾਸ਼ਟਰੀ, ਬਲਕਿ ਅੰਤਰ-ਰਾਸ਼ਟਰੀ, ਮੁੱਦਾ ਤੇ ਚਰਚਾ ਦਾ ਵਿਸ਼ਾ ਬਣੇ ਰਹੇ। ਇਉਂ ਭਾਸਦੈ ਕਿ ਇਨ੍ਹੀਂ ਦਿਨੀਂ ਭਾਰਤ ਵਿਚ ਚਰਚਾਯੋਗ ਹੋਰ ਕੋਈ ਮਸਲਾ ਹੀ ਨਹੀਂ ਰਿਹਾ ਸੀ।

ਲੋਕ ਭਲਾ ਕਿਉਂ ਅਜਿਹੇ ਦ੍ਰਿਸ਼ ਦੇਖਣ ਲਈ ਉਤਾਵਲੇ ਰਹਿੰਦੇ ਹਨ? ਕਈ ਤਾਂ ਪੰਡਾਲ ਦੇ ਬਾਹਰ ਭੀੜ ਲਗਾ ਦਿੰਦੇ ਹਨ। ਬਹੁਤੇ ਸੁੱਧ-ਬੁੱਧ ਗਵਾ ਟੀਵੀ ਚੈਨਲਾਂ\ਸੋਸ਼ਲ ਮੀਡੀਆ ਨਾਲ ਚਿੰਬੜੇ ਰਹਿੰਦੇ ਹਨ। ਫਿਲਮੀ ਸਿਤਾਰਿਆਂ ਜਾਂ ਹੋਰ ਪ੍ਰਸਿੱਧ ਲੋਕਾਂ ਦੇ ਸਮਾਗਮਾਂ ਸਮੇਂ ਬਾਊਂਸਰ ਭਾੜੇ 'ਤੇ ਕੀਤੇ ਹੁੰਦੇ ਹਨ, ਜੋ ਧੱਕਾ-ਮੁੱਕੀ ਕਰਨ ਵਿਚ ਮਾਹਿਰ ਹੁੰਦੇ ਹਨ। ਮੀਡੀਆ ਵਾਲਿਆਂ ਨਾਲ ਵੀ ਦੁਰਵਿਹਾਰ ਕਰਦੇ ਹਨ (ਕੁਝ ਸਾਲ ਪਹਿਲਾਂ ਇਕ ਅਜਿਹੇ ਵਿਆਹ ਸਮੇਂ ਐਨੀ ਧੱਕਾ-ਮੁੱਕੀ ਕੀਤੀ ਗਈ ਕਿ ਮੀਡੀਆ ਨੂੰ ਬਾਊਂਸਰਾਂ ਵਿਰੁੱਧ ਕੇਸ ਦਰਜ ਕਰਵਾਉਣਾ ਪਿਆ, ਭਾਵੇਂ ਬਾਅਦ ਵਿਚ ਸਮਝੌਤਾ ਹੋ ਗਿਆ)।

ਸਾਨੂੰ ਸ਼ਾਹੀ ਘਰਾਣੇ, ਸ਼ਾਹੀ ਬਾਣੇ, ਸ਼ਾਹੀ ਖਾਣੇ, ਸ਼ਾਹੀ ਟਿਕਾਣੇ ਅਤੇ ਸ਼ਾਹੀ ਸ਼ਾਦੀਆਂ ਕਿਉਂ ਚੰਗੀਆਂ ਲੱਗਦੀਆਂ ਹਨ? ਰਾਜੇ-ਮਹਾਰਾਜੇ ਤਾਂ ਕਦੋਂ ਦੇ ਚਲੇ ਗਏ ਪਰ ਸਾਨੂੰ ਫਿਰ ਵੀ 'ਸ਼ਾਹੀ-ਸਭਿਆਚਾਰ' ਅਜੇ ਵੀ ਭਾਉਂਦੈ। ਇਕ ਪਾਸੇ ਇਨ੍ਹਾਂ ਸ਼ਾਹੀ ਵਿਆਹਾਂ ਦੀਆਂ ਟੀਵੀ ਚੈਨਲਾਂ ਰਾਹੀਂ ਝਲਕੀਆਂ ਸਾਨੂੰ ਕੁਝ ਸਮੇਂ ਲਈ ਖੁਸ਼ ਕਰਦੀਆਂ ਹਨ ਤੇ ਦੂਜੇ ਪਾਸੇ ਇਹ ਸਾਨੂੰ ਇਕ ਬੇਰਸ, ਨੀਰਸ, ਅਕੇਵੇਂ ਭਰੇ ਜੀਵਨ ਦੀ ਤਲਖ ਹਕੀਕਤ ਤੋਂ ਰਾਹਤ (ਜਾਂ ਫਿਰ ਭਾਂਜ) ਵੀ ਦਿੰਦੀਆਂ ਹਨ। ਇਹ ਖਪਤ ਸਭਿਆਚਾਰ ਦੇ ਵਰਤਾਰੇ ਨੂੰ ਹੋਰ ਸ਼ਕਤੀਸ਼ਾਲੀ ਬਣਾਉਂਦੀਆਂ ਹਨ ਅਤੇ ਇਸ ਚਮਕ-ਦਮਕ, ਫੈਸ਼ਨ, 'ਬਿਗ ਫੈਟ ਵੈਡਿੰਗ' ਦੇ ਕਾਰੋਬਾਰ ਦੀ ਇੰਡਸਟਰੀ ਨੂੰ ਹੋਰ ਮਜ਼ਬੂਤ ਕਰਦੀਆਂ ਹਨ।

ਇਸ ਸਭ ਕੁਝ ਦਾ ਨਤੀਜਾ ਇਹ ਹੁੰਦੈ ਕਿ ਹਾਰੀ ਸਾਰੀ ਵੀ ਅੱਡੀਆਂ ਚੁੱਕ ਕੇ ਪੰਗੇ ਲੈਂਦੈ। ਜੇ ਵਿੱਕੀ-ਕੈਫ ਦੇ ਬਰਾਬਰ ਨਹੀਂ ਤਾਂ ਚਲੋ ਉਨ੍ਹਾਂ ਵਰਗੇ ਲਹਿੰਗੇ-ਸ਼ੇਰਵਾਨੀਆਂ ਪਾਉਣ, ਵਿੱਤੋਂ ਬਾਹਰੇ ਖਰਚੇ ਕਰਨ, (ਭਾਵੇਂ ਕਰਜ਼ਾ ਹੀ ਕਿਉਂ ਨਾਂ ਚੁੱਕਣਾ ਪਵੇ\ਜ਼ਮੀਨ ਹੀ ਕਿਉਂ ਨਾ ਗਹਿਣੇ ਧਰਨੀ ਪਵੇ), ਨੱਕ-ਨਮੂਜ ਰੱਖਣ ਦੇ ਬਹਾਨੇ ਫਜ਼ੂਲ ਖਰਚੇ ਕਰਨ 'ਚ ਅਸੀਂ ਭਲਾ ਕਿਸੇ ਦੀ ਧੀ-ਭੈਣ ਨਾਲੋਂ ਘੱਟ ਹਾਂ? ਇਸ ਰਵੱਈਏ ਕਾਰਨ ਅਸੀਂ ਅੱਡੀਆਂ ਚੁੱਕ ਕੇ ਫਾਹਾ ਲੈਂਦੇ ਹਾਂ।

ਐਵੈਂ ਨਹੀਂ 'ਜੰਜ ਪਰਾਈ ਵਿਚ ਅਹਿਮਕ ਨਚਦੇ'! ਜਾਂ 'ਜੰਜ ਬਿਗਾਨੀ ਵਿਚ ਅਬਦੁਲਾ ਦੀਵਾਨਾ' ਹੁੰਦਾ ਤੇ ਜਾਂ ਫਿਰ 'ਮਾਮੇ ਕੰਨੀ ਬੀਰ ਬਲੀਆਂ ਤੇ ਭਾਣਜਾ ਆਕੜਦਾ' ਫਿਰਦਾ! ਆਮ ਲੋਕ ਵੀ ਇਨ੍ਹਾਂ ਅਡੰਬਰਾਂ ਵਿਚੋਂ ਖੁਸ਼ੀ ਢੂੰਡਦੇ ਹਨ। ਇਸ ਭਾਲ ਵਿਚ ਬਹੁਤੇ ਆਪਣਾ ਝੁੱਗਾ ਚੌੜ ਕਰ ਲੈਂਦੇ ਹਨ। ਫਿਲਮੀ ਹਸਤੀਆਂ ਨੇ ਤਾਂ ਕਰੋੜਾਂ ਕਮਾਇਆ ਹੁੰਦੈ। ਉਨ੍ਹਾਂ ਦੀਆਂ ਤਾਂ ਸ਼ਾਦੀਆਂ ਦੇ ਟੈਲੀਕਾਸਟ ਦੇ ਅਧਿਕਾਰ ਵੀ ਕਰੋੜਾਂ ਵਿਚ ਵਿਕ ਜਾਂਦੇ ਹਨ ਪਰ ਹਮਾਤੜ ਨੰਗੇ ਧੜ ਹੀ ਮਾਰੇ ਜਾਂਦੇ ਹਨ। ਲਾ ਪਾ ਕੇ ਇਨ੍ਹਾਂ ਅਡੰਬਰਾਂ ਦਾ ਲਾਭ ਅਡੰਬਰਬਾਜ਼ਾਂ ਨੂੰ ਹੀ ਹੁੰਦ। ਕੰਗਾਲੀ-ਕੁਟੇ ਨੰਗੇ ਭੁੱਖੇ ਲੋਕ ਤਾਂ 'ਘਾਹੀਆਂ ਨੇ ਘਾਹ ਹੀ ਖੋਤਣੈ' ਵਾਲੀ ਸਥਿਤੀ ਨਾਲ ਹੀ ਦੋ-ਚਾਰ ਹੁੰਦੇ ਰਹਿੰਦੇ ਹਨ। ਕਿਸੇ ਹੱਦ ਤਕ ਇਹ ਵਰਤਾਰਾ ਸਾਡੇ ਅੰਦਰਲੇ ਖੋਖਲੇਪਨ ਦਾ ਲਖਾਇਕ ਵੀ ਹੈ ਤੇ ਮ੍ਰਿਗ-ਤ੍ਰਿਸ਼ਨਾ ਵੀ। ਇਸ ਨੂੰ ਹੀ ਐਲਬਰਟ ਕਾਮੂ 'ਬੇਢਬੀ ਵਿਅਰਥਤਤਾ ਕਹਿੰਦਾ ਹੈ, ਜਿਸ ਤਹਿਤ ਬੰਦਾ ਇਕ ਅਗਮ ਅਬੋਧ ਕਾਇਨਾਤ, ਜੋ ਪ੍ਰਭੂ ਅਤੇ ਅਰਥ ਵਿਹੂਣੀ ਹੈ, 'ਚੋਂ ਅਰਥ ਦੀ ਭਾਲ ਕਰਨ ਦੀ ਨਿਰਾਰਥਕ ਕੋਸ਼ਿਸ਼ ਕਰਦਾ ਹੈ'। ਖੁਸ਼ੀ ਤਾਂ ਨਿੱਕੀਆਂ ਗੱਲਾਂ 'ਚੋਂ ਵੀ ਮਿਲ ਜਾਂਦੀ ਹੈ। ਇਕ ਬੱਚੇ ਦੀ ਕਿਲਕਾਰੀ, ਕੁਲੀ 'ਚ ਰਹਿੰਦੇ ਅਲਪ-ਸਾਧਨਾਂ ਵਾਲੇ ਪਰਿਵਾਰ ਦੇ ਆਪਸੀ ਪਿਆਰ, ਕਿਸੇ ਲੋੜਵੰਦ ਦੀ ਸਹਾਇਤਾ, ਭੁੱਖੇ ਨੂੰ ਅੰਨ, ਪਿਆਸੇ ਨੂੰ ਪਾਣੀ, ਨੰਗੇ ਨੂੰ ਕੱਪੜੇ, ਗਰੀਬ ਬਿਮਾਰ ਨੂੰ ਦਵਾਈ, ਬੇਘਰੇ ਨੂੰ ਸਿਰ ਢੱਕਣ ਲਈ ਛੱਤ, ਥੁੜ੍ਹਾਂ ਮਾਰੇ ਬੱਚੇ ਦੀ ਪੜ੍ਹਾਈ ਦਾ ਖਰਚਾ ਦੇਣ ਵਰਗੇ ਧਰਤੀ ਉਪਰਲੇ ਲੋਕ ਭਲਾਈ ਦੇ ਕਾਰਜਾਂ ਵਿਚ ਬੇਅੰਤ ਖੁਸ਼ੀ ਮਿਲਦੀ ਹੈ। ਪੁਲਾੜੀ ਪਾਖੰਡਾਂ\ਅਡੰਬਰੀ ਸ਼ਾਦੀਆਂ ਨਾਲੋਂ ਵੀ ਵਧੇਰੇ!

ਕਾਦਰ ਦੀ ਕੁਦਰਤ ਦੇ ਅਪਰੰਮ-ਅਪਾਰ ਨਜ਼ਾਰੇ ਵੀ ਅਨੰਤ ਖੁਸ਼ੀ\ਆਨੰਦ ਦਿੰਦੇ ਹਨ। ਅੰਗਰੇਜ਼ੀ ਦੇ ਪ੍ਰਸਿੱਧ ਕਵੀ ਡਬਲਯੂ.ਐਚ. ਡੇਵੀਜ਼ ਅਨੁਸਾਰ:

'ਚਿੰਤਾ ਲੱਦੀ ਜ਼ਿੰਦਗੀ ਵੀ ਭਲਾ ਕਾਹਦੀ ਜ਼ਿੰਦਗੀ ਹੋਈ?

ਜੇ ਸਾਡੇ ਕੋਲ ਠਹਿਰਨ ਤੇ (ਕੁਦਰਤ ਦੇ) ਨਜ਼ਾਰੇ ਮਾਨਣ ਦਾ ਸਮਾਂ ਹੀ ਨਹੀਂ'?

ਜੇ ਹੋਰ ਆਨੰਦ ਮਾਨਣੈ ਤਾਂ ਨਿਦਾ ਫਾਜ਼ਲੀ ਦੀ ਮੰਨੋ,

'ਘਰ ਸੇ ਮਸਜਿਦ ਹੈ ਬਹੁਤ ਦੂਰ, ਚਲੋ ਯੂੰ ਕਰ ਲੇਂ,

ਕਿਸੀ ਰੋਤੇ ਹੂਏ ਬੱਚੇ ਕੋ ਹਸਾਇਆ ਜਾਏ'!

# ਖੂਬਸੂਰਤ ਗੱਲਾਂ ਤੇ ਕਹਾਣੀਆਂ ਦਾ ਮਾਲਕ ਸੀ ਗੁਰਦੇਵ ਰੁਪਾਣਾ

**ਗੁਰਸੇਵਕ ਸਿੰਘ ਪ੍ਰੀਤ**

ਪੰਜਾਬੀ ਕਹਾਣੀ ਦੇ ਬੇਤਾਜ਼ ਬਾਦਸ਼ਾਹ ਗੁਰਦੇਵ ਸਿੰਘ ਰੁਪਾਣਾ ਕਹਾਣੀਆਂ ਲਿਖਦੇ-ਲਿਖਦੇ ਖ਼ੁਦ ਕਹਾਣੀ ਹੋ ਗਏ। ਉਨ੍ਹਾਂ ਨੂੰ ਮਾਣ ਸੀ ਕਿ ਉਹ ਛਿਆਸੀ ਸਾਲ ਦੀ ਉਮਰੇ ਵੀ ਨਵਾਂ ਲਿਖ ਰਹੇ ਹਨ ਜਦੋਂ ਕਿ ਬਹੁਤੇ ਸਮਕਾਲੀ ਸਿਰਫ ਦਹੁਰਾ ਰਹੇ ਹਨ। ਉਨ੍ਹਾਂ ਪਹਿਲੀ ਕਹਾਣੀ 10 ਕੁ ਸਾਲ ਦੀ ਉਮਰੇ ਲਿਖੀ ਤੇ ਹੁਣ ਆਖਰੀ ਸਮੇਂ ਆਪਣੇ ਨਾਵਲ ਦਾ ਅੰਤ ਲਿਖ ਰਹੇ ਸਨ ਕਿ ਖੁਦ ਦਾ ਅੰਤ ਆ ਗਿਆ।

ਕਈ ਵਰ੍ਹੇ ਪਹਿਲਾਂ ਉਨ੍ਹਾਂ ਨੂੰ ਦਿਲ ਦੇ ਦਰਦ ਦੀ ਤਕਲੀਫ ਹੋਈ, ਡਾਕਟਰਾਂ ਸਟੈਂਟ ਪਾ ਦਿੱਤੇ। ਫਿਰ ਕਾਲੇ ਪੀਲੀਏ ਦੀ ਸ਼ਿਕਾਇਤ ਹੋਈ ਪਰ ਬਾਜ਼ਾਬਤਾ ਪ੍ਰਹੇਜ਼ ਕਰ ਕੇ ਠੀਕ ਰਹੇ। ਕਰੋਨਾ ਵਰਗੀ ਮਹਾਮਾਰੀ 'ਚ ਵੀ ਬਚੇ ਰਹੇ। ਫਿਰ ਤਿਲਕ ਕੇ ਡਿੱਗ ਪਏ, ਪੱਟ ਦੀ ਹੱਡੀ 'ਚ ਤ੍ਰੇੜ ਆ ਗਈ। ਡਾਕਟਰਾਂ ਨੇ ਦੋ ਗਿੱਠ ਲੰਬੀ ਰਾਡ, ਉਂਗਲ-ਉਂਗਲ ਦੇ ਪੇਚਾਂ ਨਾਲ ਕੱਸ ਦਿੱਤੀ। ਹੁਣ ਜਦੋਂ ਉਨ੍ਹਾਂ ਦੇ ਫੁੱਲ ਚੁਗੇ ਤਾਂ ਵਿਚੋਂ ਨਿਕਲੀ ਇਸ ਰਾਡ ਨੇ ਸਭ ਨੂੰ ਹੈਰਾਨ ਕਰ ਦਿੱਤਾ। ਹੌਲੇ ਜਿਹੇ ਸਰੀਰ ਦਾ 'ਰੁਪਾਣਾ' ਐਡੀ ਵੱਡੀ ਰਾਡ ਆਪਣੇ ਸਰੀਰ 'ਚ ਲਈ ਫਿਰਦਾ ਰਿਹਾ ਪਰ ਕਦੇ ਹਾਲ ਪਾਹਰਿਆ ਨਹੀਂ ਕੀਤੀ। ਪਰ ਇਸ ਅਪ੍ਰੇਸ਼ਨ ਤੋਂ ਬਾਅਦ ਕਮਜ਼ੋਰੀ ਹੋ ਗਈ। ਦਿਮਾਗ ਨੂੰ ਜਾਨ ਵਾਲੀ ਆਕਸੀਜਨ ਘਟ ਗਈ। ਫਿਰ ਛਾਤੀ ਬੰਦ ਹੋ ਗਈ। ਆਖਰੀ ਸਮੇਂ ਕਈ ਦਿਨ ਮੂੰਹ ਨਾਲ ਸਾਹ ਲੈਂਦੇ ਰਹੇ। ਪਰ ਉਸ ਤਰ੍ਹਾਂ ਦਾ ਦਰਦ ਚਿਹਰੇ 'ਤੇ ਨਹੀਂ ਲਿਆਂਦਾ ਜਿਸ ਤਰ੍ਹਾਂ ਦੀ ਅੰਦਰ ਕੱਟ-ਵੱਢ ਹੋ ਰਹੀ ਸੀ ਤੇ ਅਖੀਰ ਚੁੱਪ-ਚੁਪੀਤੇ ਤੁਰ ਗਏ।

ਹੁਣ ਉਨ੍ਹਾਂ ਦੀਆਂ ਬਾਤਾਂ ਵਰਗੀਆਂ ਗੱਲਾਂ ਯਾਦ ਆਉਂਦੀਆਂ ਨੇ। ਉਹ ਕਿਹਾ ਕਰਦੇ ਸੀ, ਜੇ ਚੰਗੀਆਂ ਗੱਲਾਂ ਕਰਨ-ਸੁਣਨ ਵਾਲਾ ਹੋਵੇ ਤਾਂ ਫਿਲਮ ਵੇਖਣ ਦੀ ਵੀ ਲੋੜ ਨਹੀਂ ਪੈਂਦੀ। ਵੈਸੇ ਉਨ੍ਹਾਂ ਨੂੰ ਫਿਲਮਾਂ ਦਾ ਬਹੁਤ ਸ਼ੌਕ ਸੀ। ਦਿਨੇ ਟੀਵੀ 'ਤੇ ਫਿਲਮਾਂ ਵੇਖਦੇ, ਰਾਤ ਨੂੰ ਲਿਖਦੇ। ਜਦੋਂ ਸਭ ਸੌਂ ਰਹੇ ਹੁੰਦੇ ਉਹ ਜਾਗਦੇ ਹੁੰਦੇ ਤੇ ਜਦੋਂ ਭਾਈ ਜਾਗਣ ਦਾ ਹੋਕਾ ਦੇ ਰਿਹਾ ਹੁੰਦਾ, ਉਹ ਸੌਂ ਜਾਂਦੇ। ਇਕ ਵਾਰ ਅਜਿਹੀ ਨੀਂਦ 'ਚ ਸੁੱਤਿਆਂ ਨੂੰ ਸਵੇਰੇ 10 ਕੁ ਵਜੇ ਕਿਸੇ ਕਵੀ ਸੱਜਣ ਦਾ ਫੋਨ ਆ ਗਿਆ। ਨੀਂਦ 'ਚ ਹੈਲੋ-ਹਾਏ ਹੋਈ ਤੇ ਫਿਰ ਸੌਂ ਗਏ ਪਰ ਫੋਨ ਚੱਲਦਾ ਰਿਹਾ। ਕੁਝ ਸਮੇਂ ਬਾਅਦ ਉਨ੍ਹਾਂ ਦੇ ਬੇਟੇ ਪ੍ਰੀਤਪਾਲ ਨੇ ਫੋਨ ਚੁੱਕ ਕੇ ਆਪਣੇ ਕੰਨ ਨੂੰ ਲਾਇਆ ਤਾਂ ਅੱਗੋਂ ਕਵੀ ਸੱਜਣ ਕਵਿਤਾ ਸੁਣਾਈ ਜਾ ਰਹੇ ਸਨ, ਤੇ ਹੁਣ ਹੁੰਗਾਰਾ ਪ੍ਰੀਤਪਾਲ ਭਰ ਰਿਹਾ ਸੀ। ਉਨ੍ਹਾਂ ਨੂੰ ਕਹਾਣੀ ਸੁਣਨੀ ਤੇ ਸਣਾਉਣੀ ਬਹੁਤ ਔਖੀ ਲੱਗਦੀ ਸੀ। ਉਹ ਕਹਿੰਦੇ, ਕਹਾਣੀ ਤਾਂ ਸਿਰਫ ਪੜ੍ਹੀ ਜਾ ਸਕਦੀ, ਸੁਣੀ ਜਾਂ ਸੁਣਾਈ ਨਹੀਂ ਜਾ ਸਕਦੀ।

ਉਨ੍ਹਾਂ ਨੂੰ ਗੱਲ ਮਟਕ ਨਾਲ ਕਹਿਣੀ ਆਉਂਦੀ ਸੀ। ਇਕ ਵਾਰ ਕੁਲਵੰਤ ਸਿੰਘ ਵਿਰਕ ਨੇ ਪੁੱਛਿਆ ਤੁਸੀਂ ਆਪਣੇ ਨਾਂ ਨਾਲ ਆਪਣੀ ਗੋਤ ਵਿਰਕ ਕਿਉਂ ਨਹੀਂ ਲਾਉਂਦੇ, ਚੰਗਾ ਭਲਾ ਗੋਤ। ਰੁਪਾਣਾ ਸਾਹਿਬ ਮੁਸਕਰਾ ਕੇ ਕਹਿੰਦੇ ਫੇਰ ਤੁਸੀਂ ਆਪਣੀਆਂ ਮਾੜੀਆਂ ਕਹਾਣੀਆਂ ਮੇਰੇ ਖਾਤੇ 'ਚ ਪਾ ਦਿਆ ਕਰਨੀਆਂ, ਬਈ ਇਹ ਐਸ ਵਿਰਕ ਦੀਆਂ ਨੇ। ਇਕ ਵਾਰ ਦਿੱਲੀ ਵਿਚ ਤਿੰਨ ਦਿਨ ਚੱਲੇ ਕਹਾਣੀ ਦਰਬਾਰ ਦੇ ਆਖਰੀ ਕਹਾਣਕਾਰੀ ਵਜੋਂ ਉਨ੍ਹਾਂ ਦੀ ਕਹਾਣੀ ਰੱਖੀ ਤਾਂ ਕਈ ਸਾਥੀਆਂ ਨੇ ਚੁਟਕੀ ਲਈ, ਰੁਪਾਣਾ ਤੇਰੀ ਕਹਾਣੀ ਤਾਂ ਅਖੀਰ 'ਤੇ ਰੱਖ'ਤੀ। ਰੁਪਾਣਾ ਸਾਹਿਬ ਨੇ ਹਾਜ਼ਰ-ਜੁਆਬੀ ਕਰਦਿਆਂ ਕਿਹਾ, 'ਭਾਈ ਸਾਹਿਬ ਸਵੀਟ ਡਿਸ਼ ਰੋਟੀ ਤੋਂ ਬਾਅਦ ਹੀ ਹੁੰਦੀ ਆ।' ਤੇ ਇਹ ਸਵੀਟ ਡਿਸ਼ ਸੀ 'ਸ਼ੀਸ਼ਾ'। ਇਸ ਕਹਾਣੀ ਨੇ ਵਾਕਿਆ ਹੀ ਸਭ ਦਾ ਮੂੰਹ ਮਿੱਠਾ ਕਰ ਦਿੱਤਾ ਸੀ।

ਐਡਵੋਕੇਟ ਗੁਰਲਾਲ ਸਿੰਘ ਦੱਸਦੇ ਸਨ ਕਿ ਹਾਲ ਹੀ ਵਿਚ ਮੁਹਾਲੀ ਕਿਸੇ ਇੰਟਰਵਿਊ ਦੇ ਸਬੰਧ 'ਚ ਦੋ-ਤਿੰਨ ਦਿਨ ਰਹੇ ਪਰ ਕੱਪੜੇ ਉਹੀ ਆਮ ਪਾਈ ਰੱਖੇ। ਗੁਰਲਾਲ ਕਹਿੰਦਾ, 'ਬਾਪੂ ਜੀ ਕੱਪੜੇ ਹੋਰ ਪਾ ਲਓ।' ਅੱਗੋਂ ਕਹਿੰਦੇ, 'ਰੁਪਾਣੇ ਦੇ ਕੱਪੜਿਆਂ ਦਾ ਨਹੀਂ ਗੱਲਾਂ ਦਾ ਹੀ ਮੁੱਲ ਹੈ।' ਉਨ੍ਹਾਂ ਦਾ ਅਮਰੀਕ ਡੋਗਰਾ ਨਾਲ ਚੰਗਾ ਪਿਆਰ ਸੀ। ਅਮਰੀਕ ਡੋਗਰਾ ਨੂੰ ਡੋਗਰੂ ਕਹਿੰਦੇ, ਸ਼ਾਇਰਾ ਭੁਪਿੰਦਰ ਕੌਰ ਪ੍ਰੀਤ ਨੂੰ ਲਾਡ ਨਾਲ ਚੁੰਨੀਆਂ ਜਾਂ ਦੁਪੱਟਿਆਂ ਵਾਲੀ ਕਹਿੰਦੇ। ਉਸ ਵੇਲੇ ਮੈਡਮ ਬੁਟੀਕ ਚਲਾਉਂਦੇ ਸੀ। ਗੁਲਜ਼ਾਰ ਸਿੰਘ ਸੰਧੂ ਉਨ੍ਹਾਂ ਦੇ ਜਿਗਰੀ ਯਾਰਾਂ 'ਚੋਂ ਸੀ, ਉਸ ਨੂੰ ਗੁਲਜ਼ਾਰਾ ਕਹਿ ਕੇ ਸੱਦਦੇ ਅਤੇ ਸੰਧੂ ਵੀ ਉਨ੍ਹਾਂ ਨੂੰ ਗੁਰਦੇਵ ਕਹਿ ਕੇ ਬੁਲਾਉਂਦੇ। ਹਾਂ ਗੁਰਬਚਨ ਸਿੰਘ ਭੁੱਲਰ ਨੂੰ ਭੁੱਲਰ ਕਹਿ ਕੇ ਬੁਲਾਉਂਦੇ ਤੇ ਅੰਮ੍ਰਿਤਾ ਪ੍ਰੀਤਮ ਦਾ ਜ਼ਿਕਰ ਬਹੁਤ ਸਤਿਕਾਰ ਨਾਲ ਕਰਦੇ।

ਕਹਾਣੀ ਬਾਰੇ ਰੁਪਾਣਾ ਸਾਹਿਬ ਦਾ ਬੜਾ ਸਪੱਸ਼ਟ ਮੱਤ ਸੀ। ਉਹ ਕਹਿੰਦੇ ਕਹਾਣੀ ਘੜੀ ਨਹੀਂ ਜਾ ਸਕਦੀ ਤੇ ਨਾ ਹੀ ਦੱਸ ਕੇ ਲਿਖਾਈ ਜਾ ਸਕਦੀ ਹੈ। ਉਹ ਇਹ ਵੀ ਕਹਿੰਦੇ, ਕਹਾਣੀ ਸੱਚੀ ਨਹੀਂ ਹੁੰਦੀ, ਪਰ ਕਹਾਣੀ ਵਿਚ ਸੱਚ ਹੁੰਦਾ। ਪਿਆਸਾ ਕਾਂ ਸੱਚੀ ਕਹਾਣੀ ਨਹੀਂ, ਪਰ ਇਸ ਵਿਚ ਸੱਚ ਹੈ। ਨਵੇਂ ਕਹਾਣੀਕਾਰਾਂ ਨਾਲ ਗੱਲਾਂ ਕਰਦੇ ਉਹ ਗੰਭੀਰ ਹੋ ਕੇ ਕਹਿੰਦੇ, 'ਵੇਖੋ ਕਹਾਣੀ ਲਿਖਣ ਲਈ ਬਹੁਤ ਤਿਆਰੀ ਦੀ ਲੋੜ ਹੁੰਦੀ ਹੈ। ਮੰਨ ਲਵੋ ਤੁਸੀਂ ਕਿਸੇ ਲਲਾਰੀ ਦੀ ਕਹਾਣੀ ਲਿਖਣੀ ਹੈ ਤਾਂ ਤੁਹਾਨੂੰ ਰੰਗਾਂ ਦੀ ਬਹੁਤ ਸਮਝ ਹੋਣੀ ਚਾਹੀਦੀ ਹੈ, ਭਾਵੇਂ ਕਹਾਣੀ ਵਿਚ ਰੰਗਾਂ ਦਾ ਵਰਣਨ ਨਾ ਵੀ ਹੋਵੇ। ਕਹਾਣੀ ਦੇ ਕਿਰਦਾਰ, ਉਸ ਦਾ ਆਲਾ-ਦੁਆਲਾ, ਉਸ ਦਾ ਸੁਭਾਅ, ਉਸ ਦਾ ਬੋਲ-ਚਾਲ ਹਰ ਗੱਲ ਦਾ ਤੁਹਾਨੂੰ ਪਤਾ ਹੋਣਾ ਚਾਹੀਦੈ।

ਮੈਨੂੰ ਯਾਦ ਹੈ ਕਿ ਨਾਵਲ 'ਸ੍ਰੀ ਪਾਰਵਾ' ਲਿਖਣ ਵੇਲੇ ਉਨ੍ਹਾਂ ਜੈਨ ਧਰਮ ਬਾਰੇ ਬਹੁਤ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਦਿਨਾਂ 'ਚ ਅਸੀਂ ਮਿਲਣ ਜਾਣਾ, ਤਾਂ ਵੀ ਜੈਨ ਧਰਮ ਅਤੇ ਰਾਜਸਥਾਨ ਦੀਆਂ ਗੱਲਾਂ ਕਰਨੀਆਂ। ਬਾਅਦ 'ਚ ਪਤਾ ਲੱਗਾ, ਇਹ ਸ੍ਰੀ ਪਾਰਵਾ ਦਾ ਅਸਰ ਸੀ। ਰੁਪਾਣਾ ਸਾਹਿਬ ਔਰਤਾਂ ਤੋਂ ਬਹੁਤ ਪ੍ਰਭਾਵਿਤ ਸਨ। ਉਹ ਕਹਿੰਦੇ ਔਰਤਾਂ ਘੰਟਿਆਂਬੱਧੀ ਹਰ ਵਿਸ਼ੇ 'ਤੇ ਗੱਲਾਂ ਕਰੀ ਜਾਂਦੀਆਂ ਹਨ। ਕੱਪੜਾ ਲੈਣਗੀਆਂ ਤਾਂ ਸਪੱਸ਼ਟ ਦੱਸਣਗੀਆਂ ਬਈ ਜ਼ਮੀਨ ਇਹੋ ਜਿਹੀ ਹੋਵੇ ਤੇ ਬੂਟੀਆਂ ਐਹੋ ਜਿਹੀਆਂ। ਕਿਤਾਬੀ ਗਿਆਨ ਨਾ ਹੋਣ ਦੇ ਬਾਵਜੂਦ ਸਮਝਾ-ਬੁਝਾ ਕੇ ਸਭ ਕੁਝ ਦਿੰਦੀਆਂ ਹਨ। ਇਹ ਉਨ੍ਹਾਂ ਗੱਲਾਂ ਕਰ-ਕਰ ਅਤੇ ਸੁਣ-ਸੁਣ ਕੇ ਹਾਸਲ ਕੀਤਾ ਹੁੰਦਾ ਹੈ। ਇਸ ਲਈ ਕਹਾਣੀਕਾਰਾਂ ਨੂੰ ਆਮ ਲੋਕਾਂ 'ਚ ਬਹੁਤ ਵਿਚਰਨਾ ਚਾਹੀਦਾ ਹੈ। ਉਹ ਖ਼ੁਦ ਵੀ ਪਿੰਡ ਦੀ ਸੱਥ 'ਚ ਬਹਿ ਕੇ ਸਾਰਾ ਦਿਨ ਜੱਟਾਂ, ਮਹਾਜਨਾਂ, ਕਿਸਾਨਾਂ ਤੇ ਵਿਹਲੜਾਂ ਨਾਲ ਤਾਸ਼ ਕੁੱਟਦੇ। ਉਦੋਂ ਇਹ ਨਾ ਲੱਗਦਾ ਕਿ ਉਹ ਦਿੱਲੀ 'ਚ ਸਾਰੀ ਉਮਰ ਪੜ੍ਹਾਉਣ ਵਾਲਾ ਮਹਾਨ ਕਹਾਣੀਕਾਰ ਗੁਰਦੇਵ ਸਿੰਘ ਰੁਪਾਣਾ ਹੈ। ਇਸੇ ਵਰਤਾਰੇ ਵਿਚੋਂ ਹੀ ਜਲਦੇਵ, ਆਸੋ ਦਾ ਟੱਬਰ, ਗੋਰੀ, ਸ੍ਰੀ ਪਾਰਵਾ, ਸ਼ੀਸ਼ਾ, ਕਣਕ ਦਾ ਦਾਣਾ, ਇਕ ਟੋਟਾ ਔਰਤ, ਆਪੋ ਆਪਣੀ ਥਾਂ, ਆਪਣੀ ਅੱਖ ਦਾ ਜਾਦੂ, ਹਵਾ, ਰਾਂਝਾ ਵਾਰਿਸ ਹੋਇਆ ਵਰਗੀਆਂ ਆਪਣੀ ਉਮਰ ਦੇ ਸਾਲਾਂ ਜਿੰਨੀਆਂ ਕਹਾਣੀਆਂ ਲਿਖੀਆਂ ਤੇ ਹੁਣ ਵੀ ਨਾਵਲ ਦਾ ਆਖਰੀ ਕਾਂਡ ਪੂਰਾ ਕਰ ਰਹੇ ਸਨ।

ਅਫ਼ਸੋਸ! ਹੁਣ ਰੁਪਾਣਾ ਸਾਹਿਬ ਦੀਆਂ ਇਹ ਗੱਲਾਂ ਸਾਡੇ ਲਈ ਬੀਤਿਆ ਸਮਾਂ ਬਣ ਕੇ ਰਹਿ ਗਈਆਂ ਹਨ।

# ਮੈਂ ਤੇ ਮੈਂ

**ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਰਾਹੀਂ ਉਨ੍ਹਾਂ ਨੇ ਖੁਦ ਦੀ ਖੁਦ ਨਾਲ ਪਛਾਣ ਕਰਾਉਣ ਦਾ ਯਤਨ ਕੀਤਾ ਹੈ। ਉਨ੍ਹਾਂ ਦੱਸਿਆ ਹੈ ਕਿ ਵਿਅਕਤੀ ਸਦਾ ਅਧੂਰਾ ਹੈ, ਉਸ ਕੋਲ ਤੇ ਆਪਣੇ ਹਿੱਸੇ ਦਾ ਆਸਮਾਨ ਵੀ ਨਹੀਂ ਹੈ।**

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਮੈਂ ਕੌਣ ਹਾਂ? ਕਿਉਂ ਹਾਂ? ਕੀ ਹੈ ਮੇਰੀ ਔਕਾਤ? ਕਿਸ ਦੀ ਹੈ ਇਹ ਅਨਾਇਤ? ਮੈਂ ਕਿਸ ਦੀ ਸੁਗਾਤ? ਕਿਹੜਾ ਪਾਉਂਦਾ ਏ ਮੇਰੀ ਬਾਤ ਅਤੇ ਕੌਣ ਹੈ ਅਜਾਤ ਤੇ ਅਗਿਆਤ?

ਮੈਂ ਤਾਂ ਕੁਝ ਵੀ ਨਹੀਂ। ਪਾਣੀ ਦਾ ਬੁਲਬੁਲਾ। ਹਵਾ ਦਾ ਵਾਵਰੋਲਾ। ਪੌਣ ਦੀ ਨਿੱਕੀ ਜਿਹੀ ਰੁਮਕਣੀ। ਪਲ ਭਰ ਦਾ ਵਕਫ਼ਾ। ਹਉਕੇ ਭਰਦਾ ਦੀਵਾ। ਪਤਾ ਨਹੀਂ ਕਦ ਹਵਾ ਦੇ ਝੋਕੇ 'ਚ ਯਾਤਰਾ ਖ਼ਤਮ ਹੋ ਜਾਣੀ। ਪਲ ਦੀ ਵਿੱਥ 'ਤੇ ਖੜ੍ਹੀਆਂ ਨੇ ਹੋਂਦ ਤੇ ਅਣਹੋਂਦ। ਜਦ ਕੋਈ ਭਰੋਸਾ ਹੀ ਨਹੀਂ ਫਿਰ ਕਾਹਤੋਂ ਮੈਂ ਮੈਂ ਲਾਈ ਆ?

ਮੈਂ ਕਦੇ ਬਾਪ ਦਾ ਆਗਿਆਕਾਰੀ ਪੁੱਤ। ਉਸ ਦੀ ਉਂਗਲ ਫੜ ਕੇ ਤੁਰਨਾ ਸਿੱਖਿਆ। ਕਦੇ ਉਸ ਦੀ ਛਾਂ ਵਿਚ ਤੁਰਨ ਦੀ ਕੋਸ਼ਿਸ਼। ਕਦੇ ਉਸ ਦੀਆਂ ਸਿਆਣਪਾਂ, ਨਿਆਮਤਾਂ ਨਾਲ ਖ਼ੁਦ ਨੂੰ ਭਿਉਂਦਾ। ਬਾਪ ਵਿਚੋਂ ਆਪਣਾ ਭਵਿੱਖ ਚਿਤਵਦਾ ਚਿਤਵਦਾ, ਮੈਂ ਵੀ ਬਾਪ ਬਣ ਗਿਆ ਪਰ ਪੁੱਤ ਬਣ ਕੇ ਬਾਪ ਦੀ ਛਾਂ ਮਾਨਣਾ ਬਹੁਤ ਆਸਾਨ ਕਿਉਂਕਿ ਛਾਂ ਵੰਡਣ ਲਈ ਖ਼ੁਦ ਨੂੰ ਛਾਂ ਬਣਨ ਦਾ ਹੁਨਰ ਤੇ ਹਾਸਲ ਚਾਹੀਦਾ। ਮੈਂ ਇਸ ਕੋਸ਼ਿਸ਼ ਵਿਚ ਹਾਂ ਕਿ ਕਦੇ ਬ੍ਰਿਖ਼ ਬਣ ਕੇ ਮਨ ਦੀ ਇਹ ਤਮੰਨਾ ਵੀ ਪੂਰੀ ਕਰ ਸਕਾਂ।

ਕਦੇ ਮੈਂ ਮਿੱਤਰਾਂ ਦੀ ਢਾਣੀ ਵਿਚ ਮਨ ਦੀਆਂ ਬਾਤਾਂ ਪਾਉਂਦਾ। ਕੁਝ ਮਿੱਤਰਾਂ ਦੀ ਮੰਨਦਾ ਪਰ ਕਦੇ ਕਦਾਈਂ ਖ਼ੁਦ ਵੀ ਮਨਾਉਂਦਾ ਪਰ ਜ਼ਿਆਦਾਤਰ ਮੈਂ ਜੋ ਵੀ ਹਾਂ ਆਪਣੇ ਮਿੱਤਰਾਂ ਦੀ ਅੱਖ ਵਿਚ ਲਟਕਦਾ ਅਜਿਹਾ ਬਿੰਬ ਹਾਂ ਜੋ ਕਦੇ ਵੀ ਧੁੰਧਲਾ ਹੋ ਸਕਦਾ ਜਾਂ ਟੁੱਟਦੇ ਤਾਰੇ ਵਾਂਗ ਪਲ ਭਰ ਚਮਕ ਆਪਣਾ ਮਰਸੀਆ ਵੀ ਪੜ੍ਹ ਸਕਦਾ। ਕਦੇ ਮਿੱਤਰਾਂ ਲਈ ਮੋਢਾ ਬਣਦਾ ਅਤੇ ਕਦੇ ਮੇਰੇ ਮਿੱਤਰ ਮੇਰੇ ਵਾਸਤੇ ਰੋਣ ਲਈ ਆਪਣਾ ਮੋਢਾ ਦਿੰਦੇ। ਕਈ ਵਾਰ ਮਿੱਤਰ ਦੇ ਮੋਢੇ 'ਤੇ ਸਿਰ ਰੱਖ ਕੇ ਦਰਦਾਂ ਦੀ ਕਹਾਣੀ ਸੁਣਾਈ। ਇਸ ਦਰਦ ਵਿਚੋਂ ਆਪਣੇ ਆਪ ਨੂੰ ਪੀੜਤ ਹੋਇਆ ਦੇਖਣਾ ਅਤੇ ਫਿਰ ਖ਼ੁਦ ਹੀ ਮਰ੍ਹਮ ਬਣਨ ਦੀ ਕੋਸ਼ਿਸ਼ ਕਰਨਾ, ਇਹ ਮੈਂ ਤੋਂ ਮੈਂ ਦੇ ਸਫ਼ਰ ਦਾ ਆਰੰਭ ਬਣ ਜਾਂਦਾ।

ਮੈਂ ਬਾਹਰ ਵੀ ਵਸਦਾ ਅਤੇ ਅੰਦਰਲੀ ਦੁਨੀਆਦਾਰੀ ਵਿਚ ਖ਼ੁਦ ਦੀ ਸੰਗਤ। ਰਿਸ਼ਤੇਦਾਰੀਆਂ ਦੀ ਕੜਵਾਹਟ ਅਤੇ ਸਬੰਧਾਂ ਵਿਚ ਪੈਦਾ ਹੋਈ ਬੇਭਰੋਸਗੀ ਦਾ ਸਬੱਬ ਵੀ। ਨੈਣਾਂ ਵਿਚ ਤੈਰਦੇ ਸੁਪਨਿਆਂ ਦਾ ਆਧਾਰ ਵੀ ਅਤੇ ਕਦੇ ਸੁਪਨਿਆਂ ਦੇ ਕਤਲ ਦਾ ਦੋਸ਼ੀ ਵੀ। ਕਦੇ ਸੁਪਨੇ ਵੀ ਉਣਦਾ ਪਰ ਕਦੇ ਇਨ੍ਹਾਂ ਦੀ ਉਧੇੜ-ਬੁਣ ਵਿਚ ਸਾਹਾਂ ਦੀ ਕੰਗਾਲੀ ਵੀ ਹੰਢਾਉਂਦਾ।

ਮੈਂ ਸਦਾ ਅਧੂਰਾ ਕਦੇ ਨਹੀਂ ਵੀ ਪੂਰਾ। ਮੇਰਾ ਇਹ ਖ਼ਾਲੀਪਣ ਵੀ ਕਈ ਵਾਰ ਮੇਰੇ ਜਿਊਣ ਦਾ ਆਧਾਰ। ਵਿਰਲਾਂ ਤੇ ਵਿੱਥਾਂ ਹੀ ਹੁੰਦੀਆਂ ਜਿਹੜੀਆਂ ਕਈ ਵਾਰ ਰਾਹਤ ਵੀ ਬਣਦੀਆਂ ਅਤੇ ਇਨ੍ਹਾਂ ਰਾਹੀਂ ਚਾਨਣ-ਕਿਰਨਾਂ ਅੰਦਰ ਵਸਦੀ ਦਰਦ-ਨਗਰੀ ਲਈ ਚਾਨਣ ਦਾ ਤਰੌਂਕਾ ਵੀ ਦਿੰਦੀਆਂ। ਕਦੇ ਕਦਾਈਂ ਇਸ ਦੀ ਕੁਝ ਭਰਪਾਈ ਵੀ ਕਰਦਾ ਕਿਉਂਕਿ ਬਹੁਤ ਔਖ਼ਾ ਹੁੰਦਾ ਏ ਸਾਰੀ ਉਮਰ ਅਧੂਰੇਪਣ ਨੂੰ ਗਲੇ ਲਗਾ ਕੇ ਜਿਊਣ ਦਾ ਅਡੰਬਰ ਕਰਨਾ, ਹਉਕਾ ਵੀ ਨਾ ਭਰਨਾ ਅਤੇ ਸਾਹਾਂ ਨੂੰ ਸਿਉਂਕਣ ਤੋਂ ਵੀ ਬਚਾਉਣਾ। ਆਪਣੇ ਆਪ ਤੋਂ ਬੰਦਾ ਖ਼ੁਦ ਨੂੰ ਕਿਵੇਂ ਬਚਾਵੇ? ਕਿਹੜੇ ਕੋਠੇ ਚੜ੍ਹ ਕੇ ਰੌਲ਼ਾ ਪਾਵੇ, ਆਪਣਾ ਦੁਖੜਾ ਸੁਣਾਵੇ। ਖ਼ੁਦ ਦੀ ਆਵਾਜ਼ ਨੇ ਪੱਥਰਾਂ ਨਾਲ ਟਕਰਾਅ ਕੇ ਖ਼ੁਦ ਤੀਕ ਪਰਤ ਆਉਣਾ ਹੁੰਦਾ ਅਤੇ ਇਸ ਆਵਾਜ਼ ਨੇ ਆਵਾਜ਼ਾਰੀ ਦਾ ਅਜਿਹਾ ਮੰਜ਼ਰ ਸਿਰਜਣਾ ਹੁੰਦਾ ਕਿ ਜ਼ਿੰਦਗੀ ਦੀ ਤੌਹੀਨ ਵਿਚੋਂ ਵੀ ਜ਼ਿੰਦਗੀ ਨੂੰ ਸੂਹੇ ਅਰਥਾਂ ਦੀ ਤਸ਼ਬੀਹ ਦੇਣੀ ਪੈਂਦੀ।

ਮੈਂ ਬੜੀ ਕੋਸ਼ਿਸ਼ ਕਰਦਾਂ ਕਿ ਖ਼ੁਦ ਨੂੰ ਸ਼ਬਦਾਂ ਵਿਚ ਉਲਥਾਵਾਂ। ਅਰਥਾਂ ਵਿਚ ਸਮਾ ਜਾਵਾਂ। ਹਰਫ਼ਾਂ ਦੀ ਲੋਅ ਬਣ ਜਾਵਾਂ ਅਤੇ ਵਰਕਿਆਂ 'ਤੇ ਵਿਛ ਜਾਵਾਂ ਪਰ ਕੀ ਕਰਾਂ ਮੇਰੀ ਜ਼ਿੰਦਗੀ ਦੀ ਬੇਰੁਖ਼ੀ ਹੀ ਮੇਰੇ ਹਰਫ਼ਾਂ ਦੇ ਮੇਚ ਨਹੀਂ ਆਉਂਦੀ ਅਤੇ ਮੈਂ ਖ਼ੁਦ ਵਿਚ ਖ਼ੁਦ ਨੂੰ ਮਨਫ਼ੀ ਕਰ ਕੇ ਹਰਫ਼ਾਂ ਦੀ ਦਰਗਾਹ 'ਤੇ ਚਿਰਾਗ ਜਗਾਉਂਦਾ ਤੇ ਮੰਨਤਾਂ ਵੀ ਮੰਗਦਾਂ ਪਰ ਇਹ ਸਭ ਮੇਰੇ ਜੀਵਨ ਨੂੰ ਹੋਰ ਬੇਖ਼ੁਦੀ, ਬੇਗਾਨਗੀ, ਬੇਅਰਥਤਾ ਅਤੇ ਬੇਕਦਰੀ ਨਾਲ ਭਰ ਜਾਂਦੀਆਂ ਤੇ ਆਪਣੇ ਊਣੇਪਣ ਤੋਂ ਅੱਕਿਆ ਖ਼ੁਦ ਵਿਚੋਂ ਖ਼ੁਦ ਨੂੰ ਹੀ ਸਮੇਟਣ ਦੀ ਅਦਨੀ ਜਿਹੀ ਕੋਸ਼ਿਸ਼ ਦਾ ਮਿਲਣ ਬਿੰਦੂ ਬਣ ਕੇ ਰਹਿ ਜਾਂਦਾ।

ਮੈਂ ਸਮੁੱਚੀ ਕਾਇਨਾਤ ਦਾ ਕਿਣਕਾ ਵੀ ਨਹੀਂ। ਕੀ ਹੈ ਮੇਰੀ ਹਸਤੀ? ਮੈਂ ਕਿਵੇਂ ਚੌਗਿਰਦੇ ਨੂੰ ਪ੍ਰਭਾਵਿਤ ਕਰ ਸਕਦਾਂ? ਮੇਰੇ ਹਿੱਸੇ ਦਾ ਅਸਮਾਨ ਵੀ ਤਾਂ ਮੇਰਾ ਨਹੀਂ। ਮੇਰੇ ਹਿੱਸੇ ਤਾਂ ਸਾਢੇ ਤਿੰਨ ਹੱਥ ਜ਼ਮੀਨ ਹੀ ਆਵੇਗੀ। ਫਿਰ ਇਸ ਮਿੱਟੀ ਨੇ ਹਵਾ ਵਿਚ ਮਿਲ ਕੇ ਮਿੱਟੀ ਹੀ ਬਣ ਜਾਣਾ। ਕਾਹਦਾ ਹੰਕਾਰ? ਕਾਹਦਾ ਗ਼ਰੂਰ? ਕਿਉਂ ਫ਼ਤੂਰ? ਕਿਸ ਚੀਜ਼ ਦਾ ਸਰੂਰ? ਕੌਣ ਏ ਇਥੇ ਹਜ਼ੂਰ ਜਿਸ ਨੇ ਰਹਿਣੈ ਤਾਅ-ਕਾਇਨਾਤ ਵਿਚ ਜਖਰੂਰ? ਇਹ ਤਾਂ ਅਜਿਹਾ ਨੂਰ ਜੋ ਹਰ ਮਨੁੱਖ ਵਿਚ ਰੌਸ਼ਨੀ ਦਾ ਜਾਗ ਲਾਉਂਦਾ। ਜ਼ਿੰਦਗੀ ਤਾਂ ਕਿਣਕੇ ਤੋਂ ਕਿਣਕੇ ਤੀਕ ਦਾ ਸਫ਼ਰ ਅਤੇ ਇਸ ਸਫ਼ਰ ਵਿਚ ਵੀ ਜੇ ਅਸੀਂ ਸਿਰਫ਼ ਮੈਂ ਦਾ ਹੀ ਰਾਗ ਅਲਾਪਦੇ ਰਹੇ, ਖ਼ੁਦ ਨੂੰ ਨਿਹਾਰਦੇ ਰਹੇ ਅਤੇ ਖ਼ੁਦਦਾਰੀ ਨੂੰ ਨਾ ਵਿਸਾਰਦੇ ਰਹੇ ਜਾਂ ਆਪਣੀ ਹਉਮੈ ਨੂੰ ਨਾ ਨਕਾਰਦੇ ਰਹੇ ਤਾਂ ਇਹ ਸਫ਼ਰ ਵੀ ਸਿਰਫ਼ ਸਾਹਾਂ ਦੀ ਗਿਣਤੀ ਹੋਣਾ। ਜੇ ਸਾਹਾਂ ਦੀ ਸੌਗਾਤ ਨੂੰ ਮਨੁੱਖੀ ਸੌਗਾਤ ਤੇ ਸੁਗੰਧ ਦਾ ਸਿਰਨਾਵਾਂ ਬਣਾ ਲਵਾਂਗੇ ਤਾਂ ਹੀ ਮੈਂ ਨੇ ਮਨਫ਼ੀ ਹੋਣਾ। ਮੈਂ ਵਿਚੋਂ ਮੇਰਾ ਨਹੀਂ ਸਗੋਂ ਤੇਰਾ ਤੇਰਾ ਦਾ ਨਾਦ ਗੂੰਜੇਗਾ।



ਮੈਂ ਤਾਂ ਸਿਰਫ਼ ਮਨ ਦਾ ਭਾਰ ਹੀ ਢੋਂਦਾ ਜਦ ਖ਼ੁਦ ਨੂੰ ਕਦੇ ਅਧਿਆਪਕ, ਕਦੇ ਲੇਖਕ, ਕਦੇ ਬਾਪ ਜਾਂ ਪਤੀ ਸਮਝਦਾ। ਇਹ ਤਾਂ ਸਮਾਜਿਕ ਰੋਲ ਨੇ ਜਿਹੜੇ ਮਨੁੱਖ ਨੇ ਜਿਊਣ ਲਈ ਅਤੇ ਸਮਾਜ ਦਾ ਹਿੱਸਾ ਬਣਦਿਆਂ ਨਿਭਾਉਣੇ ਨੇ। ਅਸੀਂ ਇਨ੍ਹਾਂ ਭੂਮਿਕਾਵਾਂ ਵਿਚ ਇੰਨਾ ਗਵਾਚ ਜਾਂਦੇ ਹਾਂ ਕਿ ਸਾਨੂੰ ਖ਼ੁਦ ਦੀ ਹੀ ਕੋਈ ਸਾਰ ਨਾ ਰਹਿੰਦੀ ਅਤੇ ਆਪਣੇ ਤੋਂ ਹੀ ਦੂਰੀ ਬਣਾ ਕੇ ਅਸਾਵੀਂ ਜੀਵਨ ਜਾਚ ਰਾਹੀਂ ਆਪਣੇ ਅੰਤਰੀਵ ਨੂੰ ਕਦੇ ਗੰਧਲਾ ਕਰਦੇ, ਕਦੇ ਇਸ ਵਿਚ ਚਿੱਕੜ ਸੁੱਟਦੇ ਤੇ ਇਸ ਦੀ ਪਾਕੀਜ਼ਗੀ ਨੂੰ ਮਲੀਨ ਕਰਦੇ। ਕਦੇ ਇਸ ਵਿਚ ਆ ਰਹੀਆਂ ਚਾਨਣ ਕਿਰਨਾਂ ਨੂੰ ਰੋਕਣ ਲਈ ਝੀਤਾਂ ਬੰਦ ਕਰਨ ਲਈ ਅਹੁਲਦੇ। ਯਾਦ ਰੱਖਣਾ ਚਾਹੀਦਾ ਹੈ ਕਿ ਸਿਰਫ਼ ਕੰਧਾਂ ਤਾਂ ਜੇਲ੍ਹ ਬਣਾਉਂਦੀਆਂ ਜਦਕਿ ਕੰਧਾਂ ਵਿਚ ਰੱਖੀਆਂ ਖਿੜਕੀਆਂ ਅਤੇ ਰੌਸ਼ਨਦਾਨ ਇਸ ਨੂੰ ਕਮਰਾ ਬਣਾਉਂਦੇ ਜਿਹੜਾ ਜਾਗਦਾ, ਸੌਂਦਾ, ਹੱਸਦਾ, ਹਸਾਉਂਦਾ, ਖੇਡਦਾ, ਖਿਡਾਉਂਦਾ। ਇਸ ਵਿਚ ਧੜਕਦਾ ਏ ਜੀਵਨ ਅਤੇ ਇਸ ਵਿਚ ਰੰਗਲੀਆਂ ਬਹਾਰਾਂ, ਸੂਹੇ ਵਕਤ ਅਤੇ ਚਾਨਣੀਆਂ ਰਾਤਾਂ ਦਾ ਆਵਾਗੌਣ ਨਿਰੰਤਰ ਜਾਰੀ ਰਹਿੰਦਾ।

ਮੈਂ ਕਦੇ ਕਿਸੇ ਕਿਰਤ ਵਿਚੋਂ ਆਪਣਾ ਮੁਹਾਂਦਰਾ ਦੇਖਦਾਂ, ਕਦੇ ਕਿਸੇ ਚਿੱਤਰ ਵਿਚੋਂ ਆਪਣੇ ਨਕਸ਼ ਪਛਾਣਦਾਂ, ਕਦੇ ਕਿਸੇ ਜਾਣਕਾਰ ਵਿਚੋਂ ਖ਼ੁਦ ਨੂੰ ਕਿਆਸਦਾਂ, ਕਦੇ ਕਿਸੇ ਮਿੱਤਰ 'ਚੋਂ ਆਪਣੀ ਕਰਮਾਂ ਦੀ ਨਿਸ਼ਾਨਦੇਹੀ ਕਰਦਾਂ, ਕਦੇ ਆਪਣੇ ਵਡੇਰਿਆਂ ਦੀ ਸੁਪਨਸਾਜ਼ੀ ਦੀ ਚਿੱਤਰਕਾਰੀ ਕਰਦਾਂ, ਕਦੇ ਹਮਜੋਲੀਆਂ ਵਿਚੋਂ ਆਪਣੀ ਕੀਰਤੀ ਨੂੰ ਨਿਹਾਰਦਾਂ ਅਤੇ ਕਦੇ ਸਮਾਜਿਕ ਤਾਣੇ-ਬਾਣੇ ਵਿਚੋਂ ਰਿਸ਼ਤਿਆਂ ਦੀ ਪਛਾਣ ਕਰਦਾਂ ਅਤੇ ਕਦੇ ਸਬੰਧਾਂ ਦੀਆਂ ਮਹੀਨ ਤੰਦਾਂ ਦੀ ਤਿੜਕਣ ਕਾਰਨ ਅੰਦਰ ਵਿਚੋਂ ਉਠੀ ਚੀਸ ਮਾਣਦਾਂ ਪਰ ਇਸ ਸਭ ਕੁਝ ਵਿਚ ਮੈਂ ਤਾਂ ਕਿਧਰੇ ਵੀ ਹਾਜ਼ਰ ਨਹੀਂ ਹੁੰਦਾ। ਕਿਸੇ ਦੂਸਰੇ ਦੇ ਨਕਸ਼ਾਂ ਵਿਚੋਂ ਖ਼ੁਦ ਦੀ ਪਛਾਣ ਨੂੰ ਸਿਰਜਣਾ, ਕਿਵੇਂ ਖ਼ੁਦ ਦਾ ਸੰਕਲਪ ਬਣ ਸਕਦਾਂ। ਇਸ ਲਈ ਮੈਂ ਅਕਸਰ ਹੀ ਸਦਾ ਗ਼ੈਰ-ਹਾਜ਼ਰ ਹੀ ਰਹਿੰਦਾਂ।

ਮੈਂ ਸਦਾ ਹੀ ਬਾਹਰਲੇ ਲੋਕਾਂ ਨੂੰ ਵਾਚਦਾਂ, ਉਨ੍ਹਾਂ ਦੇ ਵਰਤੋਂ ਵਿਹਾਰ ਵਿਚੋਂ ਸਿਰਫ਼ ਉਨ੍ਹਾਂ ਦੇ ਬੇਰੂਪ ਨੂੰ ਲੱਭਣ ਵਿਚ ਉਮਰ ਗਵਾ ਦਿੰਦਾ ਹਾਂ। ਕਿਸੇ ਦੀਆਂ ਨਾਕਾਮੀਆਂ ਤੋਂ ਖੁਸ਼ੀ, ਕਿਸੇ ਦੀ ਅਸਫ਼ਲਤਾ ਵਿਚੋਂ ਸਕੂਨ, ਕਿਸੇ ਦੇ ਸੁਪਨਿਆਂ ਦੀ ਅੱਖ ਵਿਚਲੇ ਖ਼ਾਰੇ ਪਾਣੀ ਤੋਂ ਤਸੱਲੀ ਅਤੇ ਕਦੇ ਕਿਸੇ ਦੇ ਤਿਲਕਣ ਵਿਚੋਂ ਖ਼ੁਦ ਨੂੰ ਅੰਬਰ ਦਾ ਹਾਣੀ ਸਮਝਣ ਲੱਗਦਾਂ ਪਰ ਮੈਂ ਆਪਣੇ ਆਪ ਨੂੰ ਤਾਂ ਕਦੇ ਮਿਲਦਾ ਹੀ ਨਹੀਂ। ਖ਼ੁਦ ਨੂੰ ਤਾਂ ਕਦੇ ਦੇਖਦਾ ਹੀ ਨਹੀਂ, ਨਾ ਹੀ ਪੜ੍ਹਦਾ ਹਾਂ, ਨਾ ਹੀ ਸਮਝਦਾ ਹਾਂ ਅਤੇ ਨਾ ਹੀ ਨੀਝ ਨਾਲ ਨਿਹਾਰਦਾਂ। ਆਪਣੀਆਂ ਪਰਤਾਂ ਵਿਚੋਂ ਛੁਪੇ ਉਸ ਆਪੇ ਨੂੰ ਕਦੇ ਪਾਰਦਰਸ਼ੀ ਅੱਖ ਨਾਲ ਨਹੀਂ ਦੇਖਿਆ, ਜਿਸ ਦੀਆਂ ਪਰਤਾਂ ਵਿਚ ਜੀਵਨ ਦੇ ਉਹ ਕਰੂਰ ਰੂਪ ਹਨ, ਜਿਨ੍ਹਾਂ ਤੋਂ ਪਰਦਾਦਾਰੀ ਕਰਨ ਲਈ ਖ਼ੁਦ ਦੇ ਰੂਬਰੂ ਹੋਣਾ ਅਤੇ ਖ਼ੁਦ ਨੂੰ ਖ਼ੁਦ ਦੇ ਸਾਹਵੇਂ ਖੁੱਲ੍ਹੀਆਂ ਅੱਖਾਂ ਨਾਲ ਦੇਖਣਾ ਬਹੁਤ ਜ਼ਰੂਰੀ ਹੁੰਦਾ।

ਮੈਂ ਉਹ ਨਹੀਂ ਜੋ ਲੋਕ ਸਮਝਦੇ ਨੇ, ਜਿਹੜਾ ਅਕਸ ਮੇਰੇ ਜਾਣਕਾਰਾਂ ਵਿਚ ਹੈ, ਜਿਹੜੀ ਤਵੱਕੋਂ ਮੇਰੇ ਆਪਣੇ ਕਰਦੇ ਨੇ ਅਤੇ ਜਿਹੜੀ ਰੰਗਤਾ ਵਿਚ ਖ਼ੁਦ ਨੂੰ ਬਹਾਰੋਂ ਰੰਗਿਆ ਹੈ। ਮੈਂ ਤਾਂ ਬਹਤੁ ਛੋਟਾ ਤੇ ਅਦਨਾ ਜਿਹਾ ਸ਼ਖਸ ਹਾਂ ਜਿਹੜਾ ਖ਼ੁਦ ਵਿਚੋਂ ਖ਼ੁਦ ਨੂੰ ਲੱਭਦਾ-ਲੱਭਦਾ ਹੀ ਗਵਾਚ ਗਿਆ ਹਾਂ। ਖ਼ੁਦ ਦੀ ਭਾਲ ਵਿਚ ਤੁਰਨਾ ਹੀ ਦਰਅਸਲ ਜੀਵਨ ਦਾ ਉਹ ਮਕਸਦ ਹੁੰਦਾ ਹੈ, ਜਿਸ ਤੋਂ ਹਰ ਮਨੁਖ ਹੀ ਅਵੇਸਲਾ ਹੈ। ਇਸ ਨੂੰ ਆਪਣੀ ਤਰਜੀਹ ਬਣਾਉਣਾ ਹੀ ਮਨੁੱਖ ਦੀ ਅਸਲੀ ਅੰਤਰੀਵ ਯਾਤਰਾ ਦਾ ਸ਼ੁੱਭ ਆਰੰਭ ਹੈ ਅਤੇ ਇਸ ਨੂੰ ਜਿੰਨੀ ਜਲਦੀ ਸ਼ੁਰੂ ਕਰ ਲਿਆ ਜਾਵੇ ਉਨਾ ਹੀ ਚੰਗਾ ਹੈ।

ਮੈਂ ਤੋਂ ਮੈਂ ਤੀਕ ਦੇ ਸਫ਼ਰ ਦੌਰਾਨ ਸਭ ਤੋਂ ਅਹਿਮ ਹੁੰਦਾ ਹੈ ਖ਼ੁਦ ਹੀ ਖ਼ੁਦ ਸਮਰੂਪ ਬਣ ਜਾਣਾ। ਖ਼ੁਦ ਵਿਚੋਂ ਖ਼ੁਦ ਨੂੰ ਸਮੇਟਣਾ। ਖ਼ੁਦ ਹੀ ਆਪਣੀ ਜਾਮਾਤਲਾਸ਼ੀ ਕਰਨੀ। ਖ਼ੁਦ ਦੀਆਂ ਕਮੀਆਂ, ਕੁਤਾਹੀਆਂ, ਕਮੀਨਗੀਆਂ, ਕੁਰੀਤੀਆਂ ਨੂੰ ਮਿਟਾ ਕੇ ਕਿਰਨ-ਜੋਤ ਨੂੰ ਜਗਾਉਣਾ। ਆਪਣੇ ਉਸ ਰੂਪ ਨੂੰ ਉਜਿਆਰਾ ਕਰਨਾ, ਜਿਸ ਤੋਂ ਅਸੀਂ ਵੀ ਬੇਮੁਖ ਹੁੰਦੇ ਹਾਂ। ਸਾਨੂੰ ਪਤਾ ਹੀ ਨਹੀਂ ਹੁੰਦਾ ਕਿ ਅਸੀਂ ਕਿਹੜੀਆਂ ਕੁਦਰਤੀ ਨਿਆਮਤਾਂ ਨਾਲ ਵਰੋਸਾਏ ਹਾਂ? ਕਿਹੜੀਆਂ ਬਖਸ਼ਿਸ਼ਾਂ ਸਾਡਾ ਹਾਸਲ ਨੇ? ਕਿਹੜੀ ਅਮੀਰੀ ਜੱਗ-ਜ਼ਾਹਰ ਹੋਣੀ ਬਾਕੀ ਏ? ਸਾਡੇ ਅੰਦਰ ਦਾ ਅਮੁੱਕ ਖ਼ਜ਼ਾਨਾ ਹੀ ਸਾਡੀ ਹਯਾਤੀ ਨੂੰ ਨਵਾਂ ਸਿਰਲੇਖ ਤੇ ਲਕਸ਼ ਦੇਣ ਦੇ ਕਾਬਲ ਹੋਵੇਗਾ।

ਮੈਂ ਸਦਾ ਖ਼ੁਦ ਤੋਂ ਹੀ ਬੇਖ਼ਬਰ ਰਿਹਾ ਹਾਂ। ਦਰਅਸਲ ਮੈਂ ਸਾਰੀ ਉਮਰ ਉਹੀ ਕਰਦਾ ਰਿਹਾ ਹਾਂ, ਜੋ ਮੈਂ ਨਹੀਂ ਅਤੇ ਜੋ ਮੈਂ ਹਾਂ ਉਹ ਸਦਾ ਗੁਪਤ ਹੀ ਰਿਹਾ। ਇਸ ਲਈ ਜ਼ਰੂਰੀ ਹੈ ਕਿ ਹੁਣ ਮੈਂ ਉਸ ਰੂਪ ਨੂੰ ਹੀ ਉਜਾਗਰ ਕਰਾਂ ਜੋ ਮੈਂ ਹਾਂ। ਅੰਦਰੋਂ-ਬਾਹਰੋਂ ਇਕਸੁਰ, ਇਕਸਾਰ, ਇਕਸੀਰਤ ਅਤੇ ਇਕਸੂਰਤ। ਇੱਕਮਿਕਤਾ ਵਿਚ ਇਕਰੂਹਾ।

ਮੈਂ ਬਹੁਤੀ ਵਾਰ ਆਪਣੇ ਹਰਫ਼ਾਂ ਨੂੰ ਹੀ ਆਪਣੇ ਮੇਚ ਕਰਦਾ ਰਿਹਾ ਪਰ ਜ਼ਰੂਰੀ ਸੀ ਕਿ ਮੈਂ ਖ਼ੁਦ ਆਪਣੇ ਹਰਫ਼ਾਂ ਦੇ ਹਾਣ ਦਾ ਹੁੰਦਾ ਅਤੇ ਇਨ੍ਹਾਂ ਦੇ ਅਰਥਾਂ ਰਾਹੀਂ ਖ਼ੁਦ ਨੂੰ ਵਿਕਸਿਤ ਕਰਦਾ ਅਤੇ ਨਵਾਂ ਵਿਸਥਾਰ ਦਿੰਦਾ ਪਰ ਬੌਣਾ ਵਿਅਕਤੀ ਸ਼ਬਦਾਂ ਦੀ ਅਸੀਮਤਾ ਦੇ ਕਿਵੇਂ ਮੇਚ ਆ ਸਕਦਾ। ਫਿਰ ਹਰਫ਼ਾਂ ਦੀ ਤਰਾਸਦੀ 'ਤੇ ਬਹੁਤ ਦੁਖ ਹੁੰਦਾ ਕਿ ਉਹ ਅਜਿਹੇ ਅਰਥਾਂ ਲਈ ਆਪਣੀ ਅਸੀਮਤਾ ਨੂੰ ਸੀਮਤ ਕਰ ਰਹੇ ਨੇ ਜਿਨ੍ਹਾਂ ਦਾ ਕੋਈ ਵਜੂਦ ਹੀ ਨਹੀਂ।

ਮੈਂ ਤਾਂ ਐਂਵੇਂ ਹੀ ਆਪਣੀ ਕਮ-ਅਕਲੀ ਦਾ ਮੁਜ਼ਾਹਰਾ ਕਰਨ ਵਿਚ ਗਵਾਚਿਆ ਰਿਹਾ। ਕਦੇ ਸੋਚਿਆ ਹੀ ਨਹੀਂ ਕਿ ਕੁਦਰਤ ਦੀ ਅਸੀਮਤਾ, ਸੁੰਦਰਤਾ, ਵਿਲੱਖਣਤਾ ਅਤੇ ਵਿਕਲੋਤਰੇਪਣ ਨੂੰ ਮੇਰੇ ਵਰਗੇ ਦਾ ਸੀਮਤ ਗਿਆਨ ਕਿਵੇਂ ਸਮਝ ਸਕਦਾ? ਅਣਗਿਣਤ ਸੂਰਜਾਂ, ਤਾਰਿਆਂ, ਮੰਡਲਾਂ, ਗ੍ਰਹਿਆਂ, ਧਰਤੀਆਂ ਆਦਿ ਨੂੰ ਸੀਮਤ ਅਕਲ ਸਮਝ ਸਕਦੀ? ਸਮੁੰਦਰਾਂ, ਪਹਾੜਾਂ, ਦਰਿਆਵਾਂ, ਜੰਗਲ-ਬੇਲਿਆਂ ਵਿਚ ਵਸਦੇ ਸਮੂਹ ਜੀਵ-ਸੰਸਾਰ ਦਾ ਕੌਣ ਥਾਹ ਪਾ ਸਕਦਾ? ਕੌਣ ਮਨੁੱਖੀ ਸਰੀਰ ਦੇ ਬੇਅੰਤ ਸੈੱਲਾਂ ਅਤੇ ਉਨ੍ਹਾਂ ਵਿਚ ਹੋ ਰਹੀਆਂ ਕਿਰਿਆਵਾਂ ਨੂੰ ਪੂਰਨ ਰੂਪ ਵਿਚ ਸਮਝ ਕੇ ਖ਼ੁਦ ਨੂੰ ਕੁਦਰਤੀ ਗਿਆਨ ਦੇ ਬਰਾਬਰ ਕਰ ਸਕਦਾ? ਮਨੁੱਖ ਕਿੰਨਾ ਵੀ ਸਿਆਣਾ ਹੋ ਜਾਵੇ ਪਰ ਉਸ ਦੀ ਅਕਲ ਨੇ ਸੀਮਤ ਹੀ ਰਹਿਣਾ।

ਮੈਂ ਕਦੇ ਇਹ ਸੋਚਿਆ ਹੀ ਨਹੀਂ ਕਿ ਮੇਰੇ ਕਾਰ-ਵਿਹਾਰ, ਆਚਾਰ, ਗੁਫ਼ਤਾਰ, ਰਫ਼ਤਾਰ ਅਤੇ ਸਦਾਚਾਰ ਵਿਚ ਹਮੇਸ਼ਾ ਹੀ ਮੈਂ ਪਾਸਕੂੰ ਰਿਹਾ। ਇਸ ਵਿਚ ਕਦੇ ਆਪਣਿਆਂ ਦਾ ਮੋਹ, ਕਦੇ ਪਰਾਇਆਂ ਪ੍ਰਤੀ ਬੇਗਾਨਗੀ। ਕਦੇ ਕਿਸੇ ਨੂੰ ਲਾਹਾ ਦੇਣ ਦਾ ਖ਼ਿਆਲ ਅਤੇ ਕਦੇ ਕਿਸੇ ਨੂੰ ਨੁਕਸਾਨ ਪਹੁੰਚਾਉਣ ਦਾ ਭਰਮ। ਕਦੇ ਖ਼ੁਦ ਨੂੰ ਉੱਚਾ ਸਮਝਣਾ ਅਤੇ ਕਦੇ ਦੂਸਰੇ ਨੂੰ ਨੀਵਾਂ ਸਮਝਣ ਦੀ ਬੇਵਕੂਫ਼ੀ। ਕਦੇ ਆਪਣੀ ਸਿਆਣਪ ਨੂੰ ਵਡੇਰਾ ਸਮਝਣਾ ਅਤੇ ਕਿਸੇ ਦੀ ਘੱਟ ਅਕਲ ਦਾ ਮਜ਼ਾਕ ਉਡਾਉਣਾ। ਇਸ ਪਾਸਕੂੰ ਨੇ ਹੀ ਮੈਨੂੰ ਮੈਂ ਦੇ ਉਸ ਰੂਪ ਵਿਚ ਜੱਗ ਸਾਹਵੇਂ ਵਿਚਰਨ ਤੋਂ ਰੋਕਿਆ ਜੋ ਮੈਂ ਅਸਲੀਅਤ ਵਿਚ ਹਾਂ।

ਮੈਂ ਕਦੇ ਮੈਂ ਨਾਲ ਇਕਰਾਰ ਕਰਦਾ ਹਾਂ, ਕਦੇ ਇਨਕਾਰ ਕਰਦਾ ਹਾਂ। ਕਦੇ ਤਕਰਾਰ ਕਰਦਾ ਹਾਂ, ਕਦੇ ਵਿਚਾਰ ਕਰਦਾ ਹਾਂ। ਕਦੇ ਹਾਰ ਮੰਨਦਾ ਹਾਂ ਅਤੇ ਕਦੇ ਜਿੱਤ ਜਾਂਦਾ ਹਾਂ। ਕਦੇ ਪਿੱਛੇ ਰਹਿਨਾ ਵਾਂ, ਕਦੇ ਅੱਗੇ ਲੰਘਦਾ ਹਾਂ। ਕਦੇ ਮੈਂ ਪੈੜ ਬਣਦਾ ਹਾਂ ਕਦੇ ਪੜਾਅ ਬਣ ਜਾਂਦਾ। ਕਦੇ ਛਾਵਾਂ ਬਣਦਾ ਹਾਂ ਤੇ ਕਦੇ ਧੁੱਪਾਂ ਬਣਦਾ ਹਾਂ। ਕਦੇ ਮੱਸਿਆ ਦੀ ਰਾਤ ਬਣਦਾ ਤੇ ਕਦੇ ਪੁੰਨਿਆ ਦਾ ਚੰਨ ਹੁੰਦਾ ਹਾਂ। ਕਦੇ ਸਰਘੀ ਦਾ ਵੇਲਾ ਅਤੇ ਕਦੇ ਸ਼ਾਮ ਦਾ ਘੁਸਮੁਸਾ ਹੁੰਦਾ ਹਾਂ। ਕਦੇ ਮੈਂ ਫੁੱਲ ਬਣਦਾ ਹਾਂ ਤੇ ਕਦੇ ਖ਼ਾਰ ਬਣ ਜਾਂਦਾ ਹਾਂ। ਕਦੇ ਮੈਂ ਬਹਾਰਾਂ ਦਾ ਨਿਉਂਦਾ ਅਤੇ ਕਦੇ ਖ਼ਿਜ਼ਾਂ ਦਾ ਹਾਰ ਬਣ ਜਾਂਦਾ ਹਾਂ। ਕਦੇ ਮੈਂ ਸਾਹਾਂ ਦੀ ਉਸਤਤੀ ਹੁੰਦਾ ਅਤੇ ਕਦੇ ਸਾਹਾਂ ਦਾ ਸਰਾਪ ਹੁੰਦਾ ਹਾਂ। ਕਦੇ ਮੈਂ ਪੁੰਨ ਦੀ ਦਾਤ ਵਰਗਾ ਅਤੇ ਕਦੇ ਮੈਂ ਕਰਿਆ ਪਾਪ ਹੁੰਦਾ ਹਾਂ। ਕਦੇ ਅੱਖ ਦਾ ਉਨੀਂਦਰਾ ਬਣਾਂ ਅਤੇ ਕਦੇ ਨੀਂਦ 'ਚ ਖ਼ਾਬ ਹੁੰਦਾ ਹਾਂ। ਕਦੇ ਮੈਂ ਆਪਣੇ ਤੋਂ ਅਲਵਿਦਾ ਅਤੇ ਕਦੇ ਖ਼ੁਦ ਨਾਲ ਮਿਲਾਪ ਹੁੰਦਾ ਹਾਂ।

ਮੈਂ ਤਾਂ ਮੈਂ ਤੋਂ ਮੁਨਕਰੀ ਅਤੇ ਕਦੇ ਮੈਂ, ਮੈਂ ਦਾ ਮਾਣ ਹੁੰਦਾ ਹਾਂ। ਕਦੇ ਮੈਂ ਲਈ ਬੁਰਕੀ ਬਣਦਾ ਅਤੇ ਕਦੇ ਭੁੱਖ ਦੀ ਮਾਰ ਹੁੰਦਾ ਹਾਂ। ਕਦੇ ਮੈਂ, ਮੈਂ ਤੋਂ ਮੁਕਤੀ ਚਾਹੁੰਨਾ ਤੇ ਕਦੇ 'ਮੈਂ' ਦਾ ਗੁਲਾਮ ਬਣਦਾ ਹਾਂ। ਕਦੇ ਮੈਂ ਮੈਨੂੰ ਖਾ ਜਾਂਦੀ ਅਤੇ ਕਦੇ ਮੈਂ ਦਾ ਮੁਕਾਮ ਹੁੰਦਾ ਹਾਂ। ਕਦੇ ਮੈਂ ਮੋਹਣੀ ਹੁੰਦੀ ਅਤੇ ਕਦੇ ਮੈਂ ਮਰਨਹਾਰੀ ਦਾ ਸੋਗ ਹੁੰਦਾ ਹਾਂ। ਕਦੇ ਮੈਂ, ਮੈਂ ਦਾ ਰੋਗੀ ਹੁੰਨਾਂ, ਖ਼ੁਦ ਦਾ ਭੋਗੀ ਹੁੰਨਾਂ ਜਾਂ ਗਲੀਆਂ ਦਾ ਰਮਤਾ ਜੋਗੀ ਹੁੰਨਾਂ ਪਰ ਮੈਂ ਕਦੇ ਵੀ ਮੈਂ ਨਹੀਂ ਹੁੰਦਾ। ਮੈਂ ਤੋਂ ਮੈਂ ਵੱਲ ਨੂੰ ਤੁਰਨ ਵਾਲੇ ਆਪਣੇ ਆਪ ਦੇ ਸਭ ਤੋਂ ਕਰੀਬੀ ਮਿੱਤਰ। ਰੂਹ ਦੀਆਂ ਰਮਜ਼ਾਂ ਜਾਣਦੇ। ਖ਼ੁਦ ਦੇ ਜਾਣੂ ਅਤੇ ਗੁੱਝੇ ਭੇਤਾਂ ਦੇ ਜਾਣਕਾਰ। ਗੂੜ੍ਹ ਸਿਆਣਪਾਂ ਰਾਹੀਂ, ਉਹ ਜ਼ਿੰਦਗੀ ਨੂੰ ਜਿਊਣ ਜੋਗਾ ਕਰਦੇ। ਮੇਰੇ ਤੋਂ ਬਿਹਤਰ ਕੋਈ ਵੀ ਮੈਨੂੰ ਨਹੀਂ ਜਾਣ ਸਕਦਾ, ਸਮਝ ਸਕਦਾ, ਸਮਝਾ ਸਕਦਾ ਅਤੇ ਸੁਪਨਸ਼ੀਲਤਾ ਰਾਹੀਂ ਪਾ ਸਕਦਾ।

ਮੈਂ ਜਦ ਮੈਂ ਨਾਲ ਗੁਫ਼ਤਗੂ ਕਰਦਾਂ ਤਾਂ ਪਤਾ ਲੱਗਦਾ ਕਿ ਮੈਂ ਅਧੂਰਾ ਹਾਂ ਪਰ ਮੈਂ ਇਮਾਨਦਾਰ, ਸੰਤੁਸ਼ਟ, ਪ੍ਰਤੀਬੱਧ ਤੇ ਪਾਕੀਜ਼ ਵਿਅਕਤੀ ਹਾਂ ਜੋ ਹਰਫ਼ਾਂ ਦਾ ਛੱਟਾ ਦਿੰਦਿਆਂ, ਅਰਥਾਂ ਦੀ ਰੁਸ਼ਨਾਈ ਨੂੰ ਆਪਣਾ ਧਰਮ ਸਮਝਦਾ ਹਾਂ। ਮੈਂ ਗਲਤੀਆਂ ਵੀ ਕੀਤੀਆਂ ਹੋਣਗੀਆਂ ਕਿਉਂਕਿ ਮੈਂ, ਮੈਂ ਜੁ ਹਾਂ ਅਤੇ ਇਨ੍ਹਾਂ ਤੋਂ ਸਿੱਖ ਕੇ ਹੀ ਆਪਣੇ ਆਪ ਨੂੰ ਨਵੇਂ ਮੈਂ ਦੇ ਰੂਪ ਵਿਚ ਦੁਨੀਆ ਵਿਚ ਵਿਚਰਨ ਦੀ ਕੋਸ਼ਿਸ਼ ਕਰਦਾ ਹਾਂ।

ਮੈਂ ਜੋ ਕੁਝ ਮੈਂ ਨਾਲ ਕਰਾਂ ਆਖ਼ਰ ਨੂੰ ਤਾਂ ਮੈਂ ਵਿਚੋਂ ਮੇਰੇ ਖ਼ੁਦ ਦੇ ਦੀਦਾਰੇ ਹੀ ਹੋਣੇ ਨੇ, ਜੋ ਅਸਲ ਵਿਚ ਮੈਂ ਹੀ ਹਾਂ। ਮੈਂ ਅਕਸਰ ਹੀ ਮੈਂ ਦੇ ਸਨਮੁੱਖ ਹੋ ਕੇ ਅੰਤਰੀਵ ਦੀ ਯਾਤਰਾ 'ਤੇ ਨਿਕਲਦਾ ਹਾਂ। ਮੈਂ ਤੋਂ ਮੈਂ ਤੀਕ ਦਾ ਸਫ਼ਰ ਸੁਹਾਵਾ, ਸਹਿਜਮਈ, ਸੁਖ਼ਨਮਈ ਸਾਰਥਕ ਅਤੇ ਸੰਭਾਵਨਾਵਾਂ ਭਰਪੂਰ ਹੋਵੇ ਤਾਂ ਸੁਪਨਿਆਂ ਦਾ ਸੱਚ, ਸਮਿਆਂ ਦਾ ਦਸਤਾਵੇਜ਼ ਹੁੰਦਾ ਹੈ। ਅਜਿਹੇ ਦਸਤਾਵੇਜ਼ ਦੀ ਭਾਲ ਵਿਚ ਮੈਂ ਅਕਸਰ ਹੀ ਆਪਣੀ ਮੈਂ ਨਾਲ ਸੰਵਾਦ ਰਚਾਉਂਦਾ ਰਹਿੰਦਾ ਹਾਂ।

ਕੀ ਤੁਸੀਂ ਵੀ ਕਦੇ ਆਪਣੀ ਮੈਂ ਨਾਲ ਸੰਵਾਦ ਰਚਾਇਆ ਹੈ?

# ਹਰਫਨਮੌਲਾ ਲੇਖਕ ਗੁਰਬਖ਼ਸ਼ ਸਿੰਘ ਭੰਡਾਲ

ਡਾਕਟਰ ਗੁਰਬਖ਼ਸ਼ ਸਿੰਘ ਭੰਡਾਲ ਨੂੰ ਅਸੀਂ ਪੰਜਾਬੀ ਦਾ ਹਰਫਨਮੌਲਾ ਲੇਖਕ ਕਹਿ ਸਕਦੇ ਹਾਂ ਕਿਉਂਕਿ ਉਨ੍ਹਾਂ ਨੇ ਲੇਖਣੀ ਦੇ ਹਰੇਕ ਖੇਤਰ ਵਿਚ ਆਪਣਾ ਹੱਥ ਅਜ਼ਮਾਇਆ ਹੈ ਤੇ ਹਰੇਕ ਦਾਇਰੇ 'ਤੇ ਉਨ੍ਹਾਂ ਦੀ ਕਲਮ ਨੇ ਐਸੀ ਛਾਪ ਛੱਡੀ ਹੈ ਕਿ ਉਹ ਕਲਾ, ਸੰਪੂਰਨ ਰੰਗ ਵਿਚ ਉਭਰੀ ਹੈ ਤੇ ਪਾਠਕਾਂ ਨੇ ਖੁੱਲ੍ਹੇ ਦਿਲ ਨਾਲ ਦਾਤ ਵੀ ਬਖਸ਼ੀ ਹੈ। ਇਹੋ ਜਿਹੀ ਕਾਮਯਾਬੀ ਸਾਰੇ ਲੇਖਕਾਂ ਦੇ ਨਸੀਬ ਵਿਚ ਨਹੀਂ ਹੁੰਦੀ।

ਡਾ. ਗੁਰਬਖ਼ਸ਼ ਸਿੰਘ ਭੰਡਾਲ ਪੰਜਾਬੀ ਭਾਸ਼ਾ ਦਾ ਬੇਸ਼ਕੀਮਤੀ ਕੋਹੇਨੂਰ ਹੀਰਾ ਹੈ, ਜਿਸ ਨੇ ਆਪਣੀ ਕਲਮ ਦੇ ਨੂਰ ਨੂੰ ਚਾਰੋਂ ਦਿਸ਼ਾਵਾਂ ਵਿਚ ਫੈਲਾਇਆ ਹੈ। ਦੁਨੀਆ ਦੇ ਸਾਰੇ ਸੰਵੇਦਨਸ਼ੀਲ ਵਿਸ਼ਿਆਂ 'ਤੇ ਉਨ੍ਹਾਂ ਦੀ ਕਲਮ ਨੇ ਇਨਸਾਫ਼ ਕੀਤਾ ਹੈ।

ਹੁਣ ਤਕ ਡਾਕਟਰ ਸਾਹਿਬ ਨੇ 19 ਪੁਸਤਕਾਂ ਦੀ ਰਚਨਾ ਕੀਤੀ ਹੈ, ਜਿਨ੍ਹਾਂ ਵਿਚ ਵਾਰਤਕ, ਕਵਿਤਾ, ਸਫ਼ਰਨਾਮਾ, ਵਿਗਿਆਨ ਨਾਲ ਸਬੰਧਤ ਤਿੰਨ ਕਿਤਾਬਾਂ, 'ਵਿਗਿਆਨ ਦੇ ਪਾਂਧੀ', 'ਵਿਗਿਆਨ ਦੇ ਪਸਾਰ' ਤੇ 'ਗਾਡ ਪਾਰਟੀਕਲ' ਹਨ। ਵੱਖ-ਵੱਖ ਵਿਸ਼ਿਆਂ ਨੂੰ ਆਪਣੀ ਕਲਮ ਦੀ ਛੋਹ ਨਾਲ ਪਰਪੱਕਤਾ ਬਖ਼ਸ਼ਣਾ ਲੇਖਕ ਦੀ ਫਿਤਰਤ ਵਿਚ ਸਮਾਇਆ ਹੋਇਆ ਹੈ। ਇਹ ਸਲਾਹੀਅਤ ਉਨ੍ਹਾਂ ਨੂੰ ਦੂਸਰੇ ਲੇਖਕਾਂ ਨਾਲ਼ੋਂ ਵੱਖ ਕਰਦੀ ਹੈ।

ਮੈਂ ਉਨ੍ਹਾਂ ਨੂੰ ਕਲਪਨਾਵਾਂ ਦਾ ਬੇਤਾਜ ਬਾਦਸ਼ਾਹ ਕਹਿੰਦਾ ਹਾਂ। ਅੰਗਰੇਜ਼ੀ ਭਾਸ਼ਾ ਦੇ ਮਸ਼ਹੂਰ ਅਮਰੀਕੀ ਲਿਖਾਰੀ ਈ ਮਿਲਰ ਹਿੰਮਗਵੇ ਜਿਨ੍ਹਾਂ ਨੂੰ 1954 ਵਿਚ ਅੰਗਰੇਜ਼ੀ ਭਾਸ਼ਾ ਵਿਚ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਤੇ ਜਿਸ ਨੇ ਵੀਹਵੀਂ ਸ਼ਤਾਬਦੀ

ਦੀ ਫਿਕਸ਼ਨ 'ਤੇ ਬਹੁਤ ਪ੍ਰਭਾਵ ਪਾਇਆ, ਉਨ੍ਹਾਂ ਨੂੰ ਕਲਪਨਾਵਾਂ ਦਾ ਧਨੀ ਕਿਹਾ ਜਾਂਦਾ ਸੀ। ਉਸੇ ਤਰ੍ਹਾਂ ਡਾ. ਗੁਰਬਖ਼ਸ਼ ਸਿੰਘ ਭੰਡਾਲ ਵੀ ਕਲਪਨਾਵਾਂ ਦੇ ਮਾਹਿਰ ਹਨ। ਉਨ੍ਹਾਂ ਦੀ ਹਰ ਰਚਨਾ ਵਿਚ ਸਕਾਰਾਤਮਕ ਕਲਪਨਾਵਾਂ ਦੀਆਂ ਉਡਾਰੀਆਂ ਮਿਲ ਜਾਣਗੀਆਂ।

ਮੈਂ ਅੱਜ ਉਨ੍ਹਾਂ ਦੀ ਕਿਤਾਬ 'ਧੁੱਪ ਦੀਆਂ ਕਣੀਆਂ' ਦੇ ਰੂਬਰੂ ਹੋਇਆਂ। ਉਨ੍ਹਾਂ ਦੀ ਲੇਖਣੀ ਨੇ ਤਾਂ ਮੈਨੂੰ ਸਮੋਹਿਤ ਕਰ ਲਿਆ ਹੈ। ਹਰਫਾਂ ਦਾ ਅਭਾਵ ਹੋ ਗਿਆ ਹੈ ਮੇਰੇ ਕੋਲ। ਧੁੱਪ ਦੀਆਂ ਕਣੀਆਂ ਵਿਚ ਉਨ੍ਹਾਂ ਦੀ ਮੀਨਾਕਾਰੀ ਬਹੁਤ ਪ੍ਰਯੋਗਿਕ ਹੈ। ਉਨ੍ਹਾਂ ਨੇ ਜ਼ਿੰਦਗੀ ਦੀ ਤਲਖ ਸਚਾਈ ਨੂੰ ਮਾਨਵਤਾ ਦੇ ਨਾਲ ਜੋੜ ਦਿੱਤਾ ਹੈ। ਅੱਗ ਦੇ ਗਲੋਟੇ, ਸੁਹੱਪਣ ਸੁਗੰਧ, ਪੀੜ ਪਾਹੁਲ, ਚੁੱਪ ਚਿਰਾਗ, ਨੀਂਦ ਨਿਆਮਤ, ਭੁੱਖ ਭਗਤੀ, ਬਿਰਖ ਬਾਣੀ ਰਚਨਾਵਾਂ ਰਚਨਾ ਨੂੰ ਮੈਂ ਡੀਕ ਲਾ ਕੇ ਪੀ ਗਿਆ ਹਾਂ। ਉਨ੍ਹਾਂ ਨੇ ਅਲਫਾਜ਼ਾਂ ਦੇ ਇਕ ਤੋਂ ਵੱਧ

ਇੱਕ ਕੋਹਿਨੂਰ ਹੀਰੇ ਇਸ ਕਿਤਾਬ ਦੇ ਹਰੇਕ ਪੰਨੇ 'ਤੇ ਜੜ ਦਿੱਤੇ ਹਨ। ਹਰ ਹਰਫ ਬੇਸ਼ਕੀਮਤੀ, ਹਰਫਾਂ ਨੂੰ ਜੜਨ ਦਾ ਤਰੀਕਾ ਸੁਨਿਆਰੇ ਵਾਲਾ, ਸੋਨੇ 'ਤੇ ਸੁਹਾਗਾ ਵਾਲੀ ਅਖਾਣ ਮੇਰੇ ਦੋ ਦੀਦਿਆਂ ਅੱਗਿਓਂ ਗੁਜ਼ਰ ਗਈ।



ਇਸ ਤਰ੍ਹਾਂ ਦੀਆਂ ਅਨੇਕਾਂ ਮਿਸਾਲਾਂ ਹਨ ਜੋ 'ਧੁੱਪ ਦੀਆਂ ਕਣੀਆਂ' ਵਿਚੋਂ ਅਕਸਰ ਦੇਖਣ ਨੂੰ ਮਿਲਦੀਆਂ ਹਨ, ਜੋ ਰਚਨਾ ਦੇ ਚਾਰ ਮੁਨਾਰੇ ਹਨ। ਹਰੇਕ ਦਿਸ਼ਾ ਵਿਚ ਫੈਲੇ ਹੋਏ, ਜੋ ਹਰ ਪਾਸੇ ਇਕ ਸੁਖਾਵਾਂ ਵਾਤਾਵਰਨ ਸਿਰਜਦੇ ਹਨ।

'ਧੁੱਪ ਦੀਆਂ ਕਣੀਆਂ' ਦੀ ਜਿੰਨੀ ਵੀ ਤਾਰੀਫ਼ ਕਰ ਲਈਏ ਘੱਟ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਕਿਸ ਤਰ੍ਹਾਂ ਸੁੰਦਰ ਹਰਫਾਂ ਦੇ ਝਰਨੇ ਲੇਖਕ ਦੀ ਕਲਮ ਵਿਚੋਂ ਵਹਿ ਰਹੇ ਹਨ ਤੇ ਕਲਪਨਾਵਾਂ ਦੇ ਸਮੁੰਦਰ ਠਾਠਾਂ ਮਾਰ ਰਹੇ ਹਨ।

"ਧੁੱਪ ਸਭ ਤੋਂ ਉੱਤਮ ਦਵਾਈ", 'ਜਦ ਪੱਤੇ ਪੀਲੇ ਹੋ ਕੇ ਆਖਰੀ ਸਫਰ ਦੀ ਤਿਆਰੀ ਕਰਦੇ ਤਾਂ ਉਨ੍ਹਾਂ ਦੇ ਮਨ ਵਿਚ ਧੁੱਪ ਪ੍ਰਤੀ ਸ਼ੁਕਰ-ਗੁਜ਼ਾਰੀ ਹੁੰਦੀ। 'ਜ਼ਿੰਦਗੀ ਦਾ ਫਲਾਸਫਾ ਮਿਲ ਜਾਂਦਾ ਹੈ।" ਸਰਵਗੁਣੀ ਅਤੇ ਸਰਵ-ਵਿਆਪਕ ਧੁੱਪ ਦੀ ਅਰਾਧਨਾ ਵਿਚੋਂ ਖ਼ੁਦ ਨੂੰ ਵਿਕਸਤ ਕੀਤਾ ਜਾ ਸਕਦਾ ਏ।'

ਅਲੰਕਾਰ ਕਿਸੇ ਵੀ ਰਚਨਾ ਨੂੰ ਚਾਰ-ਚੰਨ ਲਾਉਂਦੇ ਹਨ। ਭੰਡਾਲ ਸਾਹਿਬ ਇਸ ਕਲਾ ਦੇ ਮਾਹਿਰ ਖਿਡਾਰੀ ਹਨ। ਉਹ ਅਲੰਕਾਰਾਂ ਦੀ ਚੋਣ ਦਿਹਾਤੀ ਚੌਗਿਰਦੇ ਤੋਂ ਕਰਦੇ ਹਨ ਤੇ ਫਿਰ ਉਸ ਅਲੰਕਾਰ ਨੂੰ ਰਚਨਾ ਨਾਲ ਇਸ ਤਰ੍ਹਾਂ ਮਿਲਾ ਦਿੰਦੇ ਹਨ ਕਿ ਕਦੀ ਵੀ ਓਪਰਾਪਨ ਮਹਿਸੂਸ ਨਹੀਂ ਹੁੰਦਾ।

ਲਫ਼ਜ਼ਾਂ ਦੀ ਬੇਸ਼ਕੀਮਤੀ ਮਣਕਿਆਂ ਨਾਲ ਤੁਲਨਾ ਕੀਤੀ ਗਈ ਹੈ। ਜਿਸ ਤਰ੍ਹਾਂ ਮਣਕਿਆਂ ਨੂੰ ਸੁੰਦਰ ਤਰਤੀਬ ਨਾਲ ਪਰੋਇਆ ਜਾਵੇ ਤਾਂ ਮਾਲਾ ਕਈ ਗੁਣਾ ਵੱਧ ਖੂਬਸੂਰਤ ਲੱਗਦੀ ਹੈ। ਇਹੀ ਤਰਕੀਬ ਲਗਭਗ ਚੰਗੀ ਖੂਬਸੂਰਤ ਲੇਖਣੀ 'ਤੇ ਲਾਗੂ ਹੁੰਦੀ ਹੈ।

ਇਕ ਇਕ ਹਰਫ ਮਿਲ ਕੇ ਖੂਬਸੂਰਤ ਸਤਰ ਨੂੰ ਜਨਮ ਦਿੰਦਾ ਹੈ ਫਿਰ ਇਕ ਇਕ ਸਤਰ ਇਕ ਅਸਰਦਾਰ ਪੈਰੇ ਨੂੰ ਪੈਦਾ ਕਰਦੀ ਹੈ ਤੇ ਫਿਰ ਇਕ ਇਕ ਪੈਰਾ ਮਿਲ ਕੇ ਸੁੰਦਰ ਸਫੇ ਨੂੰ ਜਨਮ ਦਿੰਦਾ ਹੈ। ਫਿਰ ਇਕ ਇਕ ਸਫੇ ਨੂੰ ਜੋੜ ਕੇ ਇਕ ਅਸਰਦਾਰ ਕਿਤਾਬ ਦਾ ਜਨਮ ਹੁੰਦਾ ਹੈ, ਜੋ ਸਾਰੇ ਸਮਾਜ ਤੇ ਵਾਤਾਵਰਨ ਨੂੰ ਖ਼ੁਸ਼ ਗਵਾਰ ਬਣਾਉਂਦੀ ਹੈ ਤੇ ਆਪਣੀ ਅਮਿੱਟ ਛਾਪ ਛੱਡਦੀ ਹੈ। ਇਹ ਸਾਰੀ ਦੀ ਸਾਰੀ ਗੱਲ ਭੰਡਾਲ ਜੀ 'ਤੇ ਲਾਗੂ ਹੁੰਦੀ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚ ਚੁੰਬਕੀ ਕਸ਼ਿਸ਼ ਕਿਉਂ ਹੈ? ਕਿਉਂਕਿ ਉਹ ਅਲਫਾਜ਼ ਦੀ ਚੋਣ ਬਹੁਤ ਸੁਚੱਜੇ ਢੰਗ ਨਾਲ ਕਰਦੇ ਹਨ ਤੇ ਆਖ਼ਰ ਉਨ੍ਹਾਂ ਦੀ ਰਚਨਾ ਸ਼ਾਹਕਾਰ ਦਾ ਰੂਪ ਧਾਰਨ ਕਰ ਲੈਂਦੀ ਹੈ।

ਗੁਰਬਖ਼ਸ਼ ਸਿੰਘ ਭੰਡਾਲ ਨਾਲ ਮੇਰੀ ਨੇੜਤਾ ਉਦੋਂ ਹੋਈ ਸੀ, ਜਦੋਂ ਮੈਂ ਉਨ੍ਹਾਂ ਦਾ ਇਕ ਆਰਟੀਕਲ ਅਜੀਤ ਅਖਬਾਰ ਵਿਚ ਪੜ੍ਹਿਆ ਸੀ ਤੇ ਮੈਨੂੰ ਉਨ੍ਹਾਂ ਦੀ ਲੇਖਣੀ ਨੇ ਕਾਫੀ ਪ੍ਰਭਾਵਿਤ ਕੀਤਾ ਸੀ। ਮੈਂ ਉਸ ਸਮੇਂ ਐਸ.ਐਸ.ਪੀ. ਵਜੋਂ ਮੱਧ ਪ੍ਰਦੇਸ਼ ਵਿਚ ਤਾਇਨਾਤ ਸਾਂ। ਇਹ ਸੰਨ 1991 ਦੀ ਗੱਲ ਹੈ, ਜਦੋਂ ਮੋਬਾਈਲ ਜਾਂ ਕੰਪਿਊਟਰ ਆਦਿ ਨਹੀਂ ਸੀ ਹੁੰਦੇ। ਮੈਂ ਉਨ੍ਹਾਂ ਨਾਲ ਫੋਨ 'ਤੇ ਗੱਲਬਾਤ ਕੀਤੀ ਸੀ। ਫਿਰ ਮੇਰੀ ਉਨ੍ਹਾਂ ਨਾਲ ਗੱਲ 30 ਸਾਲਾਂ ਬਾਅਦ 2021 ਵਿਚ ਹੋਈ ਤਾਂ ਇਲਮ ਹੋਇਆ ਕਿ ਡਾਕਟਰ ਗੁਰਬਖ਼ਸ਼ ਸਿੰਘ ਭੰਡਾਲ ਕਪੂਰਥਲਾ ਤੋਂ ਰੁਖ਼ਸਤ ਹੋ ਕੇ ਅਮਰੀਕਾ ਵਿਚ ਵਸ ਚੁੱਕੇ ਹਨ ਤੇ ਉਨ੍ਹਾਂ ਨੇ ਮੇਰੀ ਪਹਿਲੀ ਪੰਜਾਬੀ ਕਵਿਤਾ ਦੀ ਕਿਤਾਬ 'ਜ਼ਿੰਦਗੀ ਦੇ ਰੰਗ' ਬਾਰੇ ਖੂਬਸੂਰਤ ਆਰਟੀਕਲ ਲਿਖਿਆ, ਜਿਸ ਨੇ ਮੈਨੂੰ ਸਾਹਿਤਕ ਉਚਾਈ ਬਖਸ਼ੀ।

ਡਾ. ਭੰਡਾਲ ਸਾਦਗੀ ਤੇ ਸਚਾਈ ਦੀ ਮਿਸਾਲ ਹਨ, ਜਿਸ ਕਾਰਨ ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਸਦਾਚਾਰਕ ਝਲਕਾਂ ਠਾਠਾਂ ਮਾਰਦੀਆਂ ਰਹਿੰਦੀਆਂ ਹਨ ਤੇ ਕਦੀ ਵੀ ਰਚਨਾ ਤੋਂ ਅਲੱਗ ਰਸਤਾ ਅਖ਼ਤਿਆਰ ਨਹੀਂ ਕਰਦੀਆਂ। ਇਹ ਇਸ ਲਈ ਹੈ ਕਿਉਂਕਿ ਸੂਤਰਧਾਰ ਦਾ ਕਿਰਦਾਰ ਉੱਚ ਦਰਜੇ ਦਾ ਹੈ, ਜੋ ਰਚਨਾ ਨੂੰ ਸਦੀਵੀ ਬਣਾ ਦਿੰਦਾ ਹੈ।

ਲੇਖਕ ਦੀ ਹਰੇਕ ਰਚਨਾ ਜਿਵੇਂ ਕਵਿਤਾ 'ਹਉਕੇ ਦੀ ਜੂਨ' ਸਫ਼ਰਨਾਮਾ 'ਸੁਪਨਿਆਂ ਦੀ ਜੂਹ', 'ਰੰਗਾਂ ਦਾ ਦਰਿਆ', 'ਅਸੀਸ ਤੇ ਆਸਥਾ', 'ਘਰ ਅਰਦਾਸ ਕਰੇ', 'ਪਰਵਾਸੀ ਪੈੜਾਂ', 'ਸੂਰਜ ਦੀ ਦਸਤਕ', 'ਹਵਾ ਹੱਥ ਜੋੜਦੀ ਹੈ, 'ਲੋਏ ਲੋਏ', 'ਕਾਇਆ ਦੀ ਕੈਨਵਸ', 'ਵਿਗਿਆਨ ਚੇਤਨਾ ਅਤੇ ਪ੍ਰਦੂਸ਼ਣ', 'ਧੁੱਪ ਦੀਆਂ ਕਣੀਆਂ' ਆਦਿ ਨੂੰ ਪੜ੍ਹਨ ਨੂੰ ਦਿਲ ਕਰਦਾ ਹੈ। ਇਹ ਸਾਰੀਆਂ ਰਚਨਾਵਾਂ ਉੱਚ ਦਰਜੇ ਦੀ ਵਾਰਤਕ ਹੈ। 'ਵਿਗਿਆਨ ਚੇਤਨਾ ਅਤੇ ਪ੍ਰਦੂਸ਼ਣ' ਵਿਚ ਵਾਤਾਵਰਨ ਸਬੰਧੀ ਸਮੱਸਿਆਵਾਂ ਨੂੰ ਸਲੀਕੇ ਨਾਲ ਪੇਸ਼ ਕੀਤਾ ਗਿਆ ਹੈ। 'ਹਉਕੇ ਦੀ ਜੂਨ', 'ਧੁੱਪ ਦੀ ਤਲਾਸ਼', 'ਇਹ ਘਰ ਮੇਰਾ ਨਹੀਂ', 'ਜ਼ਿੰਦਗੀ', 'ਰੂਹ ਰੇਜ਼ਾ' ਕਵਿਤਾ ਦੇ ਵਿਹੜੇ ਵਿਚ ਉਸ ਦੀ ਕਲਾ ਬਿਲਕੁਲ ਨਿਰੋਲ ਤੇ ਭਾਵਪੂਰਨ ਹੈ। ਉਹ ਅੱਲੜ੍ਹ ਉਮਰੇ ਹੀ ਕਵਿਤਾ ਨਾਲ ਮਹਿਬੂਬ ਜਿਹਾ ਇਸ਼ਕ ਹਕੀਕੀ ਕਰ ਬੈਠਾ, ਜੋ ਅੱਜ

ਤਕ ਬਾਦਸਤੂਰ ਜਾਰੀ ਹੈ। ਉਸ ਦੀ ਪਲੇਠੀ ਕਵਿਤਾ ਹੈ:

ਹਵਾ ਬੰਦ ਹੈ, ਦਰਖਤਾਂ ਦੇ
ਪੱਤੇ ਨਹੀਂ ਹਿੱਲਦੇ,
ਪਹਿਆਂ 'ਚੋਂ ਘੱਟਾ, ਨਹੀਂ ਉਡਦਾ,
ਇਸ ਦਾ ਮਤਲਬ ਇਹ ਨਹੀਂ,
ਕਿ ਹਵਾ ਮਰ ਚੁੱਕੀ ਹੈ,
ਇਹ ਤਾਂ ਸਮਾਂ ਸੂਚਕ ਹੈ,
ਕਿਸੇ ਆਉਣ ਵਾਲੇ,
ਭਾਰੀ ਤੂਫ਼ਾਨ ਦਾ।

ਇਸ ਤੋਂ ਬਾਅਦ ਹਉਕੇ ਦੀ ਜੂਨ, ਧੁੱਪ ਦੀ ਤਲਾਸ਼, ਇਹ ਘਰ ਮੇਰਾ ਨਹੀਂ, ਜ਼ਿੰਦਗੀ ਆਦਿ ਨਾਜ਼ੁਕ ਕਵਿਤਾ ਦੀਆਂ ਅਭੀਵਿਅਕਤੀਆਂ ਹਨ, ਜੋ ਲੈਅਬੱਧ ਤਰੀਕੇ ਨਾਲ ਪੇਸ਼ ਕੀਤੀਆਂ ਗਈਆਂ ਹਨ। ਇਹ ਮਾਨਵਤਾ ਦੀ ਖੁਸ਼ੀ, ਉਦਾਸੀ, ਤਨਹਾਈ, ਆਪਣਾਪਨ ਲਗਭਗ ਸਾਰੀਆਂ ਭਾਵਨਾਵਾਂ ਨਾਲ ਓਤਪੋਤ ਹਨ ਤੇ ਚੁੰਬਕੀ ਜਜ਼ਬਾ ਰੱਖਦੀਆਂ ਹਨ। ਇਨ੍ਹਾਂ ਰੰਗਾਂ ਦੇ ਕਾਰਨ ਹੀ ਕਵੀ ਦੀ ਮਹਾਨਤਾ ਹੈ, ਜੋ ਜੱਗ ਜ਼ਾਹਰ ਹੈ। ਲੇਖਕ ਦੀ ਕਿਤਾਬ 'ਰੂਹ ਰੇਜ਼ਾ' ਬੇਹਤਰੀਨ ਕਲਾ ਦਾ ਨਮੂਨਾ ਹੈ ਤੇ ਕਿਤੇ-ਕਿਤੇ ਸੂਫ਼ੀ ਰੰਗ ਵੀ ਮਿਲਦਾ ਹੈ। ਇਸ ਕਿਤਾਬ ਦੀ ਇਕ ਕਵਿਤਾ 'ਅੱਗ ਦੀਆਂ ਪੂਣੀਆਂ' ਜੋ ਮੈਂ ਤਰੰਨੁਮ ਵਿਚ ਗਾਈ ਹੈ, ਨੂੰ ਕਾਫੀ ਦੋਸਤਾਂ ਨੇ ਪਸੰਦ ਕੀਤਾ ਹੈ। ਇਹ ਉੱਚ ਦਰਜੇ ਦੀ ਕਵਿਤਾ ਹੈ ਜੋ ਸੂਫੀ ਝਲਕ ਦਿੰਦੀ ਹੈ। ਲੇਖਕ ਆਪਣੇ ਆਪ ਵਿਚ ਇੱਕ ਸੰਸਥਾ ਹੈ। ਉਹ ਉੱਚ ਕੋਟੀ ਦਾ ਲਿਖਾਰੀ ਹੈ, ਸਰਬ ਕਲਾ ਸੰਪੂਰਨ ਹੈ, ਭਾਸ਼ਾ ਦਾ ਵੱਡਾ ਜਾਣਕਾਰ ਹੈ ਤੇ ਇਕ ਬੇਹਤਰੀਨ ਇਨਸਾਨ ਹੈ, ਜਿਸ ਕਾਰਨ ਮੈ ਉਨ੍ਹਾਂ ਨੂੰ ਹਰਫਨਮੌਲਾ ਲਿਖਾਰੀ ਮੰਨਦਾ ਹਾਂ।

***-ਸੁਖਰਾਜ ਸਿੰਘ ਆਈ.ਪੀ.ਐਸ.***
***ਡੀ.ਜੀ.ਪੀ. (ਸੇਵਾ ਮੁਕਤ)***
***ਭੁਪਾਲ, ਮੱਧ ਪ੍ਰਦੇਸ਼***

# ਮੇਰਾ ਗੁਰੂ ਘਰ

**ਨਿੰਦਰ ਘੁਗਿਆਣਵੀ**

ਬਚਪਨ ਵਿਚ ਹੀ ਸਾਂ ਹਾਲੇ ਮੈਂ ਕਿ ਗੁਰੂ ਘਰ ਨਾਲ ਲਿਵ ਜੁੜ ਗਈ। ਇਧਰ-ਓਧਰ ਕਿਤੇ ਵੀ, ਗੁਰੂ ਗਰੰਥ ਸਾਹਿਬ ਦੀ ਅਸਵਾਰੀ ਜਾ ਰਹੀ ਮਨ ਮੋਹ ਲੈਂਦੀ ਸੀ ਮੇਰਾ। ਕਿੰਨਾ ਕਿੰਨਾ ਚਿਰ ਮੈਂ, ਹੱਥ ਜੋੜੀ ਖੜਾ ਜਾਂਦੇ ਗੁਰਾਂ ਨੂੰ ਨਿਹਾਰਦਾ ਰਹਿੰਦਾ। ਕਿਸੇ ਪਾਸਿਓਂ ਸੰਖ ਜਾਂ ਘੜਿਆਲ ਦੀ ਆਵਾਜ ਸੁਣਨੀ, ਤਾਂ ਇਹ ਅਲੋਕਿਕ ਧੁਨੀਆਂ ਸੁਣਦਿਆਂ ਹੀ ਮਨ-ਮਸਤਕ ਸ਼ੀਤਲ ਸ਼ੀਤਲ ਹੋ ਜਾਣਾ। ਗੁਰੂ ਕੀ ਬਾਣੀ ਆਪਣੇ ਵੱਲ ਹਾਕਾਂ ਮਾਰਦੀ ਜਾਪਦੀ। ਧੁਰ ਕੀ ਬਾਣੀ ਆਈ ਤਿਨ ਸਗਲੀ ਚਿੰਤ ਮਿਟਾਈ।

ਇਕ ਸੁਰ ਹੋ ਕੇ ਪਾਠ ਪੜ੍ਹਦੇ ਪਾਠੀ, ਮੈਨੂੰ ਚੰਗੇ ਚੰਗੇ ਲੱਗਣ ਲੱਗੇ ਸਨ, ਖਾਸ ਕਰਕੇ ਉਦੋਂ, ਜਦੋਂ ਭੋਗ ਪੈਂਦਾ ਹੁੰਦਾ। ਪਾਠੀਆਂ ਦੀਆਂ ਇਕ ਸੁਰ ਆਵਾਜਾਂ ਮੇਰੇ ਮਨ ਨੂੰ ਵਿਲੱਖਣ ਲਿਸ਼ਕ ਭਰਿਆ ਹੁਲਾਰਾ ਜਿਹਾ ਦੇਂਦੀਆਂ, ਤਾਂ ਸਹਿਜ ਸਹਿਜ ਹੋ ਜਾਂਦਾ ਮੇਰਾ ਆਪਣਾ ਆਪਾ-ਬਾਣੀ ਦੇ ਬੋਲ ਧੂਹ ਪਾਉਂਦੇ, ਕਹੁ ਨਾਨਕ ਥਿਰੁ ਕਿਛੁ ਨਾਹੀ ਸੁਪਨੇ ਜਿਓਂ ਸੰਸਾਰ।

ਜਦ ਵੀ, ਜਿਧਰੋਂ-ਕਿਧਰੋਂ ਪਾਠੀਆਂ ਦੀ ਮਧਮ ਜਿਹੀ ਆਵਾਜ ਸਪੀਕਰ ਵਿਚ'ਦੀ ਸੁਣਾਈ ਦਿੰਦੀ, ਤਾਂ ਮੈਂ ਓਧਰ ਨੂੰ ਈ ਭੱਜ ਪੈਂਦਾ, ਕਦੇ ਨੰਗੇ ਪੈਰੀਂ, ਕਦੇ ਪੈਰ ਚੱਪਲਾਂ, ਕਦੇ ਤੇੜ ਕਛਣੀ ਤੇ ਕਦੀ ਪਜਾਮਾ ਹੁੰਦਾ। ਮੈਨੂੰ ਨਹੀਂ ਪਤਾ ਉਸ ਉਮਰ ਦਾ, ਉਸ ਅਵਸਥਾ ਦਾ, ਉਸ ਵੇਲੇ ਦਾ, ਮੈਨੂੰ ਪਤਾ ਏ ਸਿਰਫ ਉਸਦੀ ਇਕ ਓਟ ਦਾ, ਉਹਦੇ ਸਿਮਰਨ ਦੀ ਤੋਟ ਦਾ ਤੇ ਉਹਦੀ ਜਗਦੀ ਜੋਤ ਦਾ।

ਜਦ ਗੁਰੂ ਘਰੋਂ ਕਿਸੇ ਦੇ ਘਰ ਅਸਵਾਰੀ ਜਾਣੀ ਹੁੰਦੀ ਤਾਂ ਮੈਂ ਬੇਹਬਲ ਹੋ ਉਠਦਾ, ਘੜਿਆਲ ਖੜਕਾਉਣ ਦੀ ਸੇਵਾ ਨੂੰ ਤਰਜੀਹ ਦਿੰਦਾ। ਜਾਂ ਜਲ ਦੇ ਛਿੱਟੇ ਤਰੌਂਕਣ ਨੂੰ, ਜੇ ਹੋਰ ਕੋਈ ਸੇਵਾ ਨਾ ਮਿਲਦੀ, ਤਾਂ ਰੁਮਾਲਿਆਂ ਵਾਲੀ ਗੱਠੜੀ ਚੁਕ ਲੈਣੀਂ। ਹੌਲੀ ਹੌਲੀ ਸੰਖ ਪੂਰਨਾ ਵੀ ਆ ਗਿਆ ਸੀ। ਜਦ ਬਾਬਾ ਅਰਦਾਸ ਕਰਦਾ ਤਾਂ ਬਹੁਤੀ ਵਾਰ ਚੌਰ ਸਾਹਿਬ ਦੀ ਸੇਵਾ ਤੇ ਲੰਗਰ ਜਾਂ ਕੜਾਹ ਪ੍ਰਸ਼ਾਦ ਨੂੰ ਅਰਦਾਸ ਵਿਚ ਭੋਗ ਲਵਾਉਣ ਦੀ ਸੇਵਾ ਵੀ ਪ੍ਰਾਪਤ ਕਰਕੇ ਧੰਨ ਧੰਨ ਹੋ ਜਾਂਦਾ ਸਾਂ। ਇਨ੍ਹਾਂ ਖਾਸ ਮੌਕਿਆ ਨੂੰ ਬੇਸਬਰੀ ਨਾਲ ਉਡੀਕਦਾ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਬਾਬੇ ਨਾਨਕ ਦੇ ਜਨਮ ਦਿਹਾੜੇ। ਨਗਰ ਕੀਰਤਨ। ਤੇ ਹਾਂ ਸਚ, ਜਿੱਦਣ ਗੁਰੂ ਘਰ ਦੀ ਸੇਵਾ ਹੋਣੀ ਫਰਸ਼ਾਂ ਧੋਣ ਦੀ, ਸਵੇਰੇ ਸਵੇਰੇ ਹਾਣੀਆਂ ਨੂੰ ਘਰ ਘਰ ਜਾ ਕੇ ਬੁਲਾਉਂਦਾ ਤੇ ਨਾਲ ਤੋਰਦਾ।

ਜਦ ਮੈਂ ਪਿੰਡ ਦੇ ਗੁਰੂ ਘਰ ਨਾਲ ਜੁੜਿਆ ਸਾਂ, ਤਾਂ ਦੂਜੀ ਜਾਂ ਤੀਜੀ ਵਿਚ ਪੜਦਾ ਹੋਵਾਂਗਾ। ਪਿੰਡ ਦੇ ਗੁਰਦੁਆਰੇ ਬਾਬਾ ਮਾਹਲਾ ਸਿੰਘ ਗਰੰਥੀ ਸਨ ਤੇ ਨਾਲ ਉਨ੍ਹਾਂ ਦਾ ਭਾਣਜਾ ਬਾਬਾ ਤੇਜਾ ਵੀ ਉਨਾਂ ਦੇ ਨਾਲ ਸੀ। ਸੰਗਰਾਂਦ ਵਾਲੇ ਦਿਨ ਮੈਂ ਸਾਰਾ ਸਾਰਾ ਦਿਨ ਗੁਰੂ ਘਰ ਹੀ ਬਿਤਾਉਣਾ। ਸਕੂਲੋਂ ਆ ਕੇ ਆਥਣੇ ਵੀ ਗੁਰੂ ਘਰ ਨੂੰ ਭੱਜ ਜਾਣਾ ਤੇ ਰਹਿਰਾਸ ਸਾਹਿਬ ਮੁਕਾ ਕੇ ਆਉਣਾ ਘਰ ਨੂੰ। ਪਾਠੀਆਂ ਰਾਗੀਆਂ ਜਾਂ ਗੁਰੂ ਦੀ ਸੇਵਾ ਵਿਚ ਲੱਗੇ ਸੇਵਾਦਾਰਾਂ ਨੂੰ ਆਪਣੇ ਹੱਥੀਂ ਗੁਰੂ ਕਾ ਪਰਸ਼ਾਦਾ ਛਕਾਉਣਾ ਮੈਨੂੰ ਹਮੇਸ਼ਾ ਖੁਸ਼ੀ ਦਿੰਦਾ ਰਿਹਾ। ਜਦ ਕਿਤੇ ਮੈਨੂੰ ਪਤਾ ਲੱਗ ਜਾਣਾ ਕਿ ਸਾਡੇ ਪਿੰਡ ਵਿਚ ਜਾਂ ਗਲੀ ਮੁਹੱਲੇ ਕਦੋਂ ਕਿਸੇ ਦੇ ਪਾਠ ਖੁੱਲਣਾ ਹੈ ਤਾਂ ਮੈਂ ਸਕੂਲੋਂ ਢਿਡ ਦੁਖਦੇ ਦਾ ਬਹਾਨਾ ਮਾਰ ਭੱਜ ਆਉਣਾ, ਤੇ ਜਿੰਨ੍ਹਾਂ ਦੇ ਪਾਠ

## ਡਾਇਰੀ ਦਾ ਪੰਨਾ

ਖੁੱਲਣਾ ਉਨ੍ਹਾਂ ਦੇ ਘਰ ਮੂਹਰੇ ਸਾਝਰੇ ਹੀ ਜਾ ਖਲੋਣਾ। ਸਾਰੇ ਪਿੰਡ ਵਾਲੇ ਆਖਿਆ ਕਰਨ ਕਿ 'ਇਹ ਐ ਨਿੱਕਾ ਜਿਹਾ ਮਿੰਨੀ ਬਾਬਾ।' ਪਿੰਡ ਦੀਆਂ ਮਾਈਆਂ-ਦਾਈਆਂ ਤੇ ਸਿਆਣੇ-ਬਿਆਣੇ ਆਖਿਆ ਕਰਨ ਕਿ ਤੈਨੂੰ ਨਿੱਕਿਆ ਗੁਰੂ ਘਰ ਦੀ ਸੇਵਾ ਤਾਰੂਗੀ। ਵਡੇਰਿਆਂ ਦੇ ਮੂੰਹੋ ਨਿਕਲੇ ਇਹ ਬੋਲ ਸੁਣ ਮੈਂ ਸ਼ਰਮਾਉਣਾ ਤੇ ਹਰੇਕ ਦੇ ਗੋਡੀਂ ਹੱਥ ਲਾਉਣਾ। ਜਿਸ ਘਰ ਪਾਠ ਹੋਣਾ, ਉਨ੍ਹਾਂ ਕਹਿਣਾ ਕਿ ਲੈ ਮਿੰਨੀ ਬਾਬਾ ਪਰਸ਼ਾਦਾ ਛਕ ਹੁਣ ਤੂੰ। ਪਰਛਾਦੇ ਦੇ ਨਾਂ ਉਤੇ ਬਾਹਰ ਭੱਜ ਜਾਣਾ ਅਗਲੇ ਦੇ ਘਰੋਂ। ਭੁੱਖ ਹੀ ਨਹੀ ਸੀ ਲਗਦੀ, ਭੁੱਖ ਸਿਰਫ ਉਹਦੇ ਨਾਮ ਦੀ ਸੀ, ਉਹਦੀ ਸੇਵਾ ਦੀ ਸੀ, ਉਹਦੇ ਦਰਸ਼ਨਾਂ ਦੀ ਸੀ ਭੁੱਖ ਤਾਂ ਮੈਨੂੰ। ਕਿਸੇ ਕਹਿਣਾ ਕਿ ਨਿਕੜੇ ਬਾਬੇ ਨੂੰ ਦੁੱਧ ਪਿਲਾ" ਤਾਂ ਨਾਂਹ ਵਿਚ ਸਿਰ ਮਾਰ ਦੇਣਾ। ਇਹ ਮੈਂ ਜਾਣ ਬੁਝ ਕੇ ਨਹੀ ਸੀ ਕਰਦਾ ਆਪਣੇ-ਆਪ ਈ ਹੋਈ ਜਾਂਦਾ ਸੀ। ਮੇਰੀ ਗੁਰੂ ਘਰ ਨਾਲ ਨੇੜਤਾ ਵਧਦੀ ਹੀ ਗਈ ਦਿਨੋਂ-ਦਿਨ।

# ਸਾਨੂੰ ਚਾਹੀਦੀ ਲੋਕ ਪੱਖੀ ਅਤੇ ਈਮਾਨਦਾਰ ਸਰਕਾਰ !

ਮੇਰੇ ਚੇਤਿਆਂ ਵਿਚ ਮੇਰੀ ਬਚਪਨ ਦੀ ਸਭ ਤੋਂ ਪਹਿਲੀ ਬੇਈਮਾਨੀ ਮੈਨੂੰ ਅਜੇ ਵੀ ਯਾਦ ਹੈ। ਕੋਈ 65 ਵਰ੍ਹੇ ਪਹਿਲਾਂ ਇੱਕ ਹੱਟੀ 'ਤੇ ਵੱਡੇ ਕਲੰਡਰਨੁਮਾ ਕਾਗਜ਼ 'ਤੇ ਕੁਝ ਬੰਦ ਪਰਚੀਆਂ ਲੱਗੀਆ ਹੁੰਦੀਆਂ ਅਤੇ ਉੱਪਰ ਲੱਗੇ ਹੁੰਦੇ ਕੁਝ ਨਿੱਕੇ ਨੰਬਰ ਲੱਗੇ ਖਿਡੌਣੇ। ਇਸ ਨੂੰ 'ਲਾਟਰੀ' ਕਹਿੰਦੇ। ਇੱਕ ਆਨਾ ਦੇ ਇੱਕ ਪਰਚੀ ਪੁੱਟੋ ਅਤੇ ਇਸ ਵਿਚ ਲਿਖੇ ਨੰਬਰ ਵਾਲਾ ਖਿਡਾਉਣਾ ਲੈ ਜਾਓ। ਜ਼ਿਆਦਾਤਰ ਸਸਤੇ ਜਿਹੇ ਆਈਟਮ ਹੀ ਹੁੰਦੇ ਪਰ ਇੱਕ-ਦੋ ਮਹਿੰਗੇ ਵੀ ਜਿਵੇਂ ਅੱਠ ਕੁ ਆਨੇ ਦਾ ਪੈੱਨ। ਮੈਂ ਆਪਣੇ ਸਾਥੀ ਨਾਲ ਮਿਲ ਇੱਕ 'ਘੋਟਾਲੇ' ਨੂੰ ਅੰਜਾਮ ਦਿੱਤਾ। ਬਿਲਕੁਲ ਮਿਲਦੀ- ਜੁਲਦੀ ਪਰਚੀ ਬਣਾਈ ਅਤੇ ਉਸ ਉੱਪਰ 'ਪੈਨ' ਵਾਲਾ ਨੰਬਰ ਲਿਖ ਲਿਆ। ਬੁੱਢੇ ਦੁਕਾਨ ਵਾਲੇ ਨੂੰ ਕੁਝ ਹੋਰ ਦਿਖਾਉਣ ਦੇ ਬਹਾਨੇ ਹੋਰ ਪਾਸੇ ਲਾ ਪਰਚੀ ਕਾਗਜ਼ 'ਤੇ ਚੇਪ ਦਿੱਤੀ। ਫਿਰ ਕੁਝ ਸਮੇਂ ਬਾਅਦ ਆ ਕੇ ਉਹੀ ਪਰਚੀ ਪੁੱਟ ਕੇ ਖੋਲ੍ਹ ਲਈ ਅਤੇ 'ਪੈੱਨ' ਦੀ ਲਾਟਰੀ ਲੈ ਚਲਦੇ ਬਣੇ।

ਕੁਝ ਹੋਰ ਵੱਡਾ ਹੋਇਆ ਤਾਂ ਸਾਥੀਆਂ ਨਾਲ ਮਿਲ ਬਾਗਾਂ ਵਿਚੋਂ ਅਮਰੂਦ ਅਤੇ ਅੰਬ ਚੋਰੀ ਕਰ ਖਾਣ ਵਰਗੀਆਂ ਘਤਿੱਤਾਂ ਵੀ ਅਜਮਾਈਆਂ। ਨੌਕਰੀ ਲੱਗਿਆ ਤਾਂ ਇੱਕ ਵਾਰ ਪੇਅ ਸਲਿਪ 'ਚ ਕੁਝ ਇਨਕਮ ਟੈਕਸ ਕੱਟਿਆ ਗਿਆ ਦੇਖਿਆ। ਸਾਥੀਆਂ ਦੱਸਿਆ ਕਿ ਭਾਵੇਂ ਤੁਸੀਂ ਆਪਣੇ ਮਕਾਨ ਵਿਚ ਰਹਿੰਦੇ ਹੋ ਪਰ ਇੱਕ ਜਾਅਲੀ ਜਿਹੀ ਕਿਰਾਏ ਦੀ ਰਸੀਦ ਦੇ ਕੇ ਕੱਟਿਆ ਟੈਕਸ ਵਾਪਸ ਲੈ ਲਓ। ਮੈਂ ਝਿਜਕਿਆ ਪਰ ਪਤਾ ਲੱਗਿਆ ਕਿ ਸਾਰੇ ਇਹੀ ਕਰਦੇ ਹਨ, ਕੋਈ ਨਹੀਂ ਪੁੱਛਦਾ। ਜ਼ਮੀਰ ਨੇ ਮਾੜੇ ਮੋਟੇ ਉੱਸਲਵੱਟੇ ਲਏ ਪਰ ਲਾਲਚ ਦੀ ਮਜ਼ਬੂਤ ਗ੍ਰਿਫਤ ਵਿਚ ਜਕੜੀ ਸ਼ਾਂਤ ਹੋ ਗਈ। ਪਿਤਾ ਰੇਲਵੇ 'ਚ ਸਨ ਅਤੇ ਇੰਜਣ ਕੋਇਲੇ ਨਾਲ ਚਲਦੇ ਸਨ। ਪੂਰੀ ਰੇਲਵੇ ਕਲੋਨੀ ਦੀਆਂ ਅੰਗੀਠੀਆਂ ਮੁਫਤ ਦੇ ਕੋਇਲੇ ਨਾਲ ਬਲਦੀਆਂ ਸਨ। ਰੇਲਵੇ ਮੁਲਾਜ਼ਮ ਰੇਲਵੇ ਟਿਕਟ ਵੀ ਘੱਟ-ਵੱਧ ਹੀ ਲੈਂਦੇ ਸੀ। ਮੇਰੇ ਇੱਕ ਮਿੱਤਰ ਦੀ ਰਿਸ਼ਤੇਦਾਰੀ ਵੱਡੇ ਪੁਲਿਸ ਅਫਸਰ ਨਾਲ ਪੈ ਗਈ ਤਾਂ ਅਫਸਰ ਦੇ ਮਾਤਹਤ ਲੋੜ ਪੈਣ 'ਤੇ ਮਿੱਤਰ ਦੀ ਘਰੇਲੂ ਸੇਵਾ ਵੀ ਨਿਭਾਉਣ ਲੱਗੇ। ਕੋਰਟ ਕਚਹਿਰੀ ਵਿਚ ਜੱਜਾਂ ਤੋਂ ਲੈ ਕੇ ਚਪੜਾਸੀ ਤਕ ਆਪਣੇ ਰੁਤਬੇ ਦਾ ਨਾਜਾਇਜ਼ ਫਾਇਦਾ ਉਠਾਉਣੋਂ ਨਹੀਂ ਝਿਜਕਦੇ। ਪਿੰਡਾਂ ਵਿਚ ਕਿਸਾਨ ਕੁੰਡੀਆਂ ਲਾ ਬਿਜਲੀ ਮੁਫਤ ਵਰਤਦੇ ਆਮ ਦੇਖੇ ਗਏ ਹਨ।

ਇੱਕ ਵਾਰ ਜਦ ਬਿਜਲੀ ਮੁਲਾਜ਼ਮ ਬਿਜਲੀ ਚੋਰੀ ਲਈ ਛਾਪੇ ਮਾਰਨ ਆਏ ਤਾਂ ਪਿੰਡ ਦੇ ਗੁਰਦੁਆਰੇ ਤੋਂ ਲਾਊਡਸਪੀਕਰ ਰਾਹੀਂ ਅਨਾਊਂਸਮੈਂਟ ਹੋਈ 'ਕੁੰਡੀਆਂ ਲਾਹ ਲਓ ਅਤੇ ਘੇਰੇ ਪਾ ਲਓ'। ਪਿੰਡਾਂ ਦੇ ਸਰਪੰਚ ਮਹਿਕਮੇ ਨਾਲ ਸੀਟੀ ਰਲਾ ਬਿਰਧ ਪੈਨਸ਼ਨਾਂ ਵਿਚ ਵੱਡੇ ਘੋਟਾਲੇ ਕਰਦੇ ਪਾਏ ਗਏ ਹਨ। ਗਰੀਬ ਗੁਰਬਿਆਂ ਲਈ ਆਈ ਸਰਕਾਰੀ ਸਹਾਇਤਾ ਵਿਚੋਂ ਬਹੁਤੀ ਰੱਜੇ-ਪੁੱਜੇ ਛਕ ਜਾਂਦੇ ਹਨ। ਕਿਹਾ ਜਾਂਦੈ 100 ਵਿਚੋਂ 99 ਬੇਈਮਾਨ ਫਿਰ ਵੀ ਮੇਰਾ ਭਾਰਤ ਮਹਾਨ। ਭਾਰਤ ਵਿਚਾਰਾ ਖੂਨ ਦੇ ਹੰਝੂ ਵਹਾਉਣ ਤੋਂ ਬਿਨਾ ਹੋਰ ਕੀ ਕਰੇ ਜਿਸ ਦੀ ਛਾਤੀ 'ਤੇ ਬੈਠ ਅਸੀਂ ਉਸ ਤੋਂ ਈਮਾਨਦਾਰ ਸਰਕਾਰਾਂ ਮੰਗਦੇ ਹਾਂ। ਭ੍ਰਿਸ਼ਟ ਸਿਸਟਮ ਦਾ ਅਸੀਂ ਆਪ ਇੱਕ ਹਿੱਸਾ ਹੁੰਦੇ ਹੋਏ ਪੱਲਾ ਝਾੜ ਵਿਦੇਸ਼ਾਂ ਨੂੰ ਤੁਰ ਪੈਂਦੇ ਹਾਂ। ਅਸੀਂ ਨਹੀਂ ਰਹਿਣਾ ਐਸੇ ਭ੍ਰਿਸ਼ਟ ਦੇਸ਼ ਵਿਚ ਕਿਉਂਕਿ ਸਾਨੂੰ ਤਾਂ ਚਾਹੀਦੀ ਹੈ ਲੋਕ ਪੱਖੀ ਅਤੇ ਈਮਾਨਦਾਰ ਸਰਕਾਰ! ਇਸ ਤੋਂ ਘੱਟ ਕੁਝ ਵੀ ਪਰਵਾਨ ਨਹੀਂ।

***-ਹਰਜੀਤ ਦਿਉਲ ਬਰੈਂਪਟਨ***

# ਦੋ-ਮੁਲਕ ਸਿਧਾਂਤ ਦਾ ਪੁਨਰ ਜਨਮ ਕਿਵੇਂ ਹੋਇਆ

ਇਸ ਮਹੀਨੇ ਅਸੀਂ ਬੰਗਲਾਦੇਸ਼ ਦੀ ਕਾਇਮੀ ਦੀ ਪੰਜਾਹਵੀਂ ਵਰ੍ਹੇਗੰਢ ਮਨਾ ਰਹੇ ਹਾਂ। ਭਾਵੇਂ ਜਲਾਵਤਨ ਦੇਸ਼ਭਗਤਾਂ ਨੇ ਅਪਰੈਲ 1971 ਵਿਚ ਹੀ 'ਬੰਗਲਾਦੇਸ਼ ਦੀ ਕਾਰਜ-ਵਾਹਕ ਸਰਕਾਰ' ਦਾ ਐਲਾਨ ਕਰ ਦਿੱਤਾ ਸੀ ਪਰ ਭਾਰਤ ਸਰਕਾਰ ਨੇ ਰਸਮੀ ਤੌਰ 'ਤੇ 6 ਦਸੰਬਰ ਨੂੰ ਹੀ ਇਸ ਦੀ ਹੋਂਦ ਨੂੰ ਸਵੀਕਾਰਿਆ ਸੀ। ਲੈਫਟੀਨੈਂਟ ਜਨਰਲ ਏ.ਏ.ਕੇ. ਨਿਆਜ਼ੀ ਦੀ ਅਗਵਾਈ ਵਾਲੀ ਪੂਰਬੀ ਪਾਕਿਸਤਾਨ ਦੀ ਫੌਜ ਨੇ 16 ਦਸੰਬਰ ਨੂੰ ਭਾਰਤੀ ਫੌਜ ਅੱਗੇ ਸਮਰਪਣ ਕਰ ਦਿੱਤਾ ਸੀ। ਕੁਝ ਹਫਤਿਆਂ ਮਗਰੋਂ ਸ਼ੇਖ ਮੁਜੀਬਰ ਰਹਿਮਾਨ ਨੂੰ ਜੇਲ੍ਹ ਵਿਚੋਂ ਰਿਹਾਅ ਕਰ ਦਿੱਤਾ ਗਿਆ ਅਤੇ ਉਹ ਨਵੇਂ ਮੁਲਕ ਦੀ ਅਗਵਾਈ ਕਰਨ ਲਈ ਢਾਕਾ ਪਰਤ ਗਏ।

ਭਾਰਤ ਵਿਚ ਬੰਗਲਾਦੇਸ਼ ਦੀ ਕਾਇਮੀ ਦੇ ਜਸ਼ਨ ਵੱਡੇ ਪੱਧਰ 'ਤੇ ਮਨਾਏ ਗਏ ਜਿਨ੍ਹਾਂ ਪ੍ਰਤੀ ਤਿੰਨ ਵੱਖੋ ਵੱਖਰੇ ਨਜ਼ਰੀਏ ਸਨ। ਜਸ਼ਨ ਮਨਾਉਣ ਵਾਲਿਆਂ ਵਿਚੋਂ ਇਕ ਗਰੁੱਪ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕੱਟੜ ਸਿਆਸੀ



**ਰਾਮਚੰਦਰ ਗੁਹਾ**

ਹਮਾਇਤੀਆਂ ਦਾ ਸੀ ਜਿਨ੍ਹਾਂ ਨੂੰ ਇਹ ਗਾਂਧੀ ਦੇ ਦ੍ਰਿਸ਼ਟੀਕੋਣ ਅਤੇ ਹੌਸਲੇ, ਉਨ੍ਹਾਂ ਦੀ ਸਿਆਣਪ ਭਰੀ ਚਤੁਰਾਈ ਅਤੇ ਰਾਜਨੀਤਕ ਅਗਵਾਈ ਦੀ ਸ਼ਾਨਦਾਰ ਢੰਗ ਨਾਲ ਹੋਈ ਪੁਸ਼ਟੀ ਜਾਪੀ। ਦੂਜਾ ਗਰੁੱਪ ਰਾਸ਼ਟਰਵਾਦੀਆਂ ਦਾ ਸੀ ਜਿਨ੍ਹਾਂ ਨੇ ਪਾਕਿਸਤਾਨ 'ਤੇ ਹੋਈ ਇਸ ਜਿੱਤ ਨੂੰ 1962 ਵਿਚ ਚੀਨ ਹੱਥੋਂ ਮਿਲੀ ਸ਼ਰਮਨਾਕ ਹਾਰ ਦੀਆਂ ਦੁਖਦਾਇਕ ਯਾਦਾਂ ਨੂੰ ਮਿਟਾ ਦੇਣ ਵਾਲੀ ਘਟਨਾ ਸਮਝਿਆ।

ਇਸ ਦੀ ਖੁਸ਼ੀ ਮਨਾਉਣ ਵਾਲਿਆਂ ਵਿਚ ਇਕ ਤੀਜਾ ਗਰੁੱਪ ਵੀ ਸੀ ਜੋ 1971 ਦੀ ਜਿੱਤ ਨੂੰ ਫੌਜੀ ਕਾਮਯਾਬੀ ਨਾਲੋਂ ਵਿਚਾਰਧਾਰਕ ਜਾਂ ਨੈਤਿਕ ਜਿੱਤ ਵਧੇਰੇ ਸਮਝਦਾ ਸੀ। ਇਹ ਭਾਰਤੀ ਲੋਕ ਮੰਨਦੇ ਸਨ ਕਿ ਬੰਗਲਾਦੇਸ਼ ਦੀ ਕਾਇਮੀ ਪਾਕਿਸਤਾਨ ਦੇ ਬਾਨੀ ਮੁਹੰਮਦ ਅਲੀ ਜਿਨਾਹ ਵੱਲੋਂ ਪ੍ਰਚਾਰੇ ਅਤੇ ਕਾਮਯਾਬ ਬਣਾਏ ਗਏ ਦੋ-ਮੁਲਕ ਸਿਧਾਂਤ ਨੂੰ ਆਖਰ ਗਲਤ ਸਾਬਿਤ ਕਰਦੀ ਹੈ। ਅਗਸਤ 1947 ਵਿਚ ਜਦੋਂ ਦੇਸ਼ ਦੀ ਵੰਡ ਅਟੱਲ ਹੋ ਗਈ ਤਾਂ ਗਾਂਧੀ ਅਤੇ ਨਹਿਰੂ ਨੇ ਇਹ ਯਕੀਨੀ ਬਣਾਉਣ ਹਿੱਤ ਸਿਆਸੀ ਅਤੇ ਨਿੱਜੀ ਤੌਰ 'ਤੇ ਆਪਣਾ ਪੂਰਾ ਤਾਣ ਲਾ ਦਿੱਤਾ ਕਿ (ਸਰਹੱਦ ਪਾਰ ਘੱਟਗਿਣਤੀ ਲੋਕਾਂ ਚਾਹੇ ਜੋ ਕੁਝ ਵੀ ਹੋਇਆ, ਪਰ) ਭਾਰਤ ਵਿਚ ਸਟੇਟ ਅਤੇ ਸੱਤਾਧਾਰੀ ਪਾਰਟੀ ਧਾਰਮਿਕ ਘੱਟਗਿਣਤੀਆਂ ਨੂੰ ਪੂਰੇ ਨਾਗਰਿਕ ਅਧਿਕਾਰ ਦੇਵੇਗੀ। ਚਾਹੇ ਦੇਸ਼ ਦੇ ਆਗੂ ਘੜੀ ਨੂੰ ਪੁੱਠਾ ਗੇੜਾ ਨਾ ਦੇ ਸਕਣ, ਪਰ ਭਾਰਤੀ ਗਣਤੰਤਰ ਜਿਨਾਹ ਦੇ ਇਸ ਦਾਅਵੇ ਨੂੰ ਜ਼ੋਰਦਾਰ ਢੰਗ ਨਾਲ ਰੱਦ ਕਰਨ ਦੀ ਮਿਸਾਲ ਬਣੇਗਾ ਕਿ ਇੱਕ ਮੁਲਕ ਦੀਆਂ ਖੇਤਰੀ ਸਰਹੱਦਾਂ ਅੰਦਰ ਹਿੰਦੂ ਅਤੇ ਮੁਸਲਮਾਨ ਇਕੱਠੇ ਮਿਲਜੁਲ ਕੇ ਭਰਾਤਰੀ ਭਾਵ ਨਾਲ ਨਹੀਂ ਰਹਿ ਸਕਦੇ।

1971 ਵਿਚ ਖੁਸ਼ੀ ਮਨਾਉਣ ਵਾਲਿਆਂ ਦੇ ਤੀਜੇ ਗਰੁੱਪ ਨੂੰ ਆਪਾਂ ਸੰਵਿਧਾਨਕ ਦੇਸ਼ਭਗਤ ਆਖੀਏ। ਗਾਂਧੀ ਅਤੇ ਨਹਿਰੂ ਦੀਆਂ ਰਵਾਇਤਾਂ ਅਨੁਸਾਰ ਚਲਦੇ ਇਨ੍ਹਾਂ ਭਾਰਤੀਆਂ ਦੀ ਸੋਚ ਇਹ ਨਹੀਂ ਸੀ ਕਿ ਪਾਕਿਸਤਾਨ ਹਾਰ ਗਿਆ ਸਗੋਂ ਉਹ ਸੋਚਦੇ ਸਨ ਕਿ ਬਹੁਲਤਾਵਾਦ ਅਤੇ ਧਰਮ-ਨਿਰਪੇਖਤਾ ਦੀ ਜਿੱਤ ਹੋਈ ਹੈ। ਜਿਨਾਹ ਅਤੇ ਉਸ ਦੀ ਮੁਸਲਿਮ ਲੀਗ ਦੀਆਂ ਆਸਾਂ ਦੇ ਉਲਟ ਧਰਮ ਪੂਰਬੀ ਅਤੇ ਪੱਛਮੀ ਪਾਕਿਸਤਾਨ ਨੂੰ ਇੱਕ ਸੂਤਰ ਵਿਚ ਪਿਰੋਣ ਵਿਚ ਨਾਕਾਮ ਰਿਹਾ।

ਗੌਰਤਲਬ ਹੈ ਕਿ ਬੰਗਲਾਦੇਸ਼ ਦੇ ਬਾਨੀਆਂ ਦੀ ਪ੍ਰੇਰਨਾ ਸਰੋਤ ਬਣੀ ਬੰਗਾਲੀ ਪਛਾਣ ਦਾ ਉਦੇਸ਼ ਧਰਮ ਦੇ ਆਧਾਰ 'ਤੇ ਪੱਖਪਾਤ ਕਰਨਾ ਨਹੀਂ ਸੀ। 1947 ਤੋਂ ਲੈ ਕੇ ਹੁਣ ਤਕ ਪੂਰਬੀ ਪਾਕਿਸਤਾਨ ਵਿਚ ਹਿੰਦੂ ਘੱਟਗਿਣਤੀ ਭਾਈਚਾਰੇ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਭਾਰਤ ਵੱਲ ਹਿਜਰਤ ਕਰਨ ਕਰਕੇ ਉਥੇ ਇਸ ਦੀ ਗਿਣਤੀ ਘਟਦੀ ਰਹੀ ਹੈ। 1971 ਵਿਚ ਹਿੰਦੂ ਵਸੋਂ ਪੂਰਬੀ ਪਾਕਿਸਤਾਨ ਦੀ ਆਬਾਦੀ ਦਾ ਦਸ ਫੀਸਦੀ ਤੋਂ ਵਧੇਰੇ ਹਿੱਸਾ ਸੀ (ਜਦੋਂਕਿ ਪੱਛਮੀ ਪਾਕਿਸਤਾਨ ਵਿਚ ਇਹ ਵਸੋਂ ਦੋ ਫੀਸਦੀ ਤੋਂ ਵੀ ਘੱਟ ਸੀ)। ਪੱਛਮੀ ਪਾਕਿਸਤਾਨ ਦੇ ਉਲਟ ਪੂਰਬੀ ਪਾਕਿਸਤਾਨ ਵਿਚ ਹਿੰਦੂ ਜਨਤਕ ਜੀਵਨ ਵਿਚ ਪ੍ਰਭਾਵਸ਼ਾਲੀ ਰਹੇ। ਕਈ ਹਿੰਦੂਆਂ ਨੇ ਬੰਗਲਾਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਅਹਿਮ ਭੂਮਿਕਾ ਨਿਭਾਈ। ਇਨ੍ਹਾਂ ਵਿਚ ਫੌਜੀ ਕਮਾਂਡਰ ਜੀਬਨ ਕਨਾਈ ਦਾਸ ਅਤੇ ਚਿੱਤ ਰੰਜਨ ਦੱਤਾ ਅਤੇ ਬਜ਼ੁਰਗ ਕਮਿਊਨਿਸਟ ਆਗੂ ਮੋਨੀ ਸਿੰਘ ਸ਼ਾਮਲ ਸਨ।

ਕਲਪਨਾਸ਼ੀਲ ਵਕੀਲ ਕਮਲ ਹੁਸੈਨ ਵੱਲੋਂ ਤਿਆਰ ਕੀਤੇ ਗਏ ਬੰਗਲਾਦੇਸ਼ ਦੇ ਪਹਿਲੇ ਸੰਵਿਧਾਨ ਵਿਚ 1972 ਵਿਚ ਇਹ ਦਾਅਵਾ ਕੀਤਾ ਗਿਆ ਸੀ ਕਿ ਨਵਾਂ ਗਣਤੰਤਰ ਮੁਲਕ ਧਰਮ-ਨਿਰਪੱਖ ਹੋਵੇਗਾ ਅਤੇ ਸਾਰੇ ਧਰਮਾਂ ਦੇ ਲੋਕਾਂ ਨੂੰ ਬਰਾਬਰ ਅਧਿਕਾਰ ਹੋਣਗੇ। ਕਾਨੂੰਨੀ ਵਿਦਵਾਨ ਐਸ.ਸੀ. ਸੇਨ ਨੇ ਉਦੋਂ ਲਿਖਿਆ ਕਿ ਨਵਾਂ ਸੰਵਿਧਾਨ 'ਕਿਸੇ ਵੀ ਧਰਮ ਨੂੰ ਸਟੇਟ ਧਰਮ ਬਣਾਉਣ' ਅਤੇ 'ਸਿਆਸੀ ਮੰਤਵਾਂ ਲਈ ਧਰਮ ਦੀ ਵਰਤੋਂ' ਦੀ ਮਨਾਹੀ ਕਰਦਾ ਹੈ ਅਤੇ 'ਧਰਮ ਦੇ ਆਧਾਰ 'ਤੇ ਕਿਸੇ ਵਿਅਕਤੀ ਨਾਲ ਭੇਦਭਾਵ ਖ਼ਤਮ' ਕਰਨਾ ਯਕੀਨੀ ਬਣਾਉਂਦਾ ਹੈ।

ਅਫਸੋਸ ਦੀ ਗੱਲ ਇਹ ਹੈ ਕਿ 1975 ਵਿਚ ਮੁਜੀਬਰ ਰਹਿਮਾਨ ਦੇ ਕਤਲ ਮਗਰੋਂ ਮੁਲਕ ਵਿਚ ਇਸਲਾਮੀ ਉਤਸ਼ਾਹ ਨੇ ਵਾਪਸੀ ਕਰ ਲਈ। ਧਰਮ-ਨਿਰਪੇਖਤਾ ਦੀ ਭਾਵਨਾ ਨੂੰ ਜਨਰਲ ਇਰਸ਼ਾਦ ਦੇ ਫੌਜੀ ਰਾਜ ਨੇ ਨਿਗਲ ਲਿਆ ਅਤੇ 1986 ਵਿਚ ਸੰਵਿਧਾਨ ਸੋਧ ਕਰ ਕੇ ਇਸਲਾਮ ਨੂੰ ਸਰਕਾਰੀ ਤੌਰ 'ਤੇ ਬੰਗਲਾਦੇਸ਼ ਦੇ ਕੌਮੀ ਧਰਮ ਵਜੋਂ ਮਾਨਤਾ ਦਿੱਤੀ ਗਈ। ਜਦੋਂ ਆਵਾਮੀ ਲੀਗ ਫਿਰ ਸੱਤਾ ਵਿਚ ਆਈ ਤਾਂ ਇਸ ਦੇ ਆਗੂਆਂ ਨੇ ਉਸ ਮੌਕੇ ਫਿਰ ਪੁਰਾਣਾ ਅਸਲੀ ਸੰਵਿਧਾਨ ਅਪਣਾਉਣ ਦੀ ਗੱਲ ਆਖੀ ਸੀ ਪਰ ਅਜਿਹਾ ਕਰ ਨਾ ਸਕੇ।

ਆਪਣੀ ਸਥਾਪਨਾ ਦੇ ਪੰਜਾਹ ਸਾਲਾਂ ਵਿਚ ਬੰਗਲਾਦੇਸ਼ ਨੇ ਆਰਥਕ ਅਤੇ ਸਮਾਜਕ ਪੱਖੋਂ ਕਾਫੀ ਤਰੱਕੀ ਕੀਤੀ ਹੈ। ਮਨੁੱਖੀ ਸਿਹਤ, ਕਰਮਚਾਰੀਆਂ ਵਿਚ ਔਰਤਾਂ ਦੀ ਪ੍ਰਤੀਸ਼ਤਤਾ ਅਤੇ ਜੀ.ਡੀ.ਪੀ. ਵਿਚ ਨਿਰਮਾਣ ਦੀ ਹਿੱਸੇਦਾਰੀ ਵਰਗੇ ਮਹੱਤਵਪੂਰਨ ਸੂਚਕਾਂ ਸਬੰਧੀ ਇਹ ਭਾਰਤ ਨਾਲੋਂ ਸਪੱਸ਼ਟ ਤੌਰ 'ਤੇ ਬਿਹਤਰ ਪ੍ਰਦਰਸ਼ਨ ਕਰ ਰਿਹਾ ਹੈ। ਪਿਛਲੇ ਸਾਲ ਇਸ ਦੀ ਪ੍ਰਤੀ ਵਿਅਕਤੀ ਆਮਦਨ ਭਾਰਤ ਨਾਲੋਂ ਵੀ ਵੱਧ ਸੀ। ਹਾਲਾਂਕਿ, ਰਾਜਨੀਤਕ ਅਤੇ ਧਾਰਮਿਕ ਰੂਪ ਵਿਚ ਦੇਸ਼ ਆਪਣੇ ਸੰਸਥਾਪਕਾਂ ਦੇ ਦ੍ਰਿਸ਼ਟੀਕੋਣ 'ਤੇ ਖਰਾ ਨਹੀਂ ਉਤਰਿਆ। ਘੱਟ-ਗਿਣਤੀਆਂ ਲਗਾਤਾਰ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਹਨ ਜਦੋਂਕਿ ਲੇਖਕਾਂ ਅਤੇ ਬੁੱਧੀਜੀਵੀਆਂ 'ਤੇ ਲਗਾਤਾਰ ਹਮਲੇ ਹੁੰਦੇ ਰਹੇ।

ਸਾਲ 1971 ਦੇ ਉਲਟ, ਅੱਜ ਭਾਰਤੀ ਲੋਕ, ਬੰਗਲਾਦੇਸ਼ੀਆਂ ਨੂੰ ਸਹਿਣਸ਼ੀਲਤਾ ਅਤੇ ਬਹੁਲਤਾਵਾਦ ਦੇ ਗੁਣਾਂ ਦੀ ਸਿੱਖਿਆ ਦੇਣ ਲਈ ਚੰਗੀ ਸਥਿਤੀ ਵਿਚ ਨਹੀਂ ਹਨ। ਮਈ 2014 ਵਿਚ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਸੱਤਾਧਾਰੀ ਪਾਰਟੀ ਨੇ ਹਿੰਦੂ ਬਹੁਗਿਣਤੀਵਾਦ ਦੇ ਏਜੰਡੇ ਨੂੰ ਜ਼ੋਰਦਾਰ ਢੰਗ ਨਾਲ ਅੱਗੇ ਵਧਾਇਆ ਹੈ। ਸਤੰਬਰ 2015 ਵਿਚ ਅਖਲਾਕ ਨੂੰ ਭੀੜ ਵੱਲੋਂ ਕੁੱਟ ਕੁੱਟ ਕੇ ਮਾਰਨ ਤੋਂ ਲੈ ਕੇ ਦਸੰਬਰ 2021 ਵਿਚ ਕਰਨਾਟਕ ਵਿਚ ਈਸਾਈਆਂ ਵਿਰੁੱਧ ਹਿੰਸਾ ਤੱਕ, ਮੋਦੀ ਸ਼ਾਸਨ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਘੱਟ ਗਿਣਤੀਆਂ ਉੱਤੇ ਵਾਰ-ਵਾਰ ਹੋਏ ਹਮਲਿਆਂ ਦੀ ਕਹਾਣੀ ਬਣ ਕੇ ਰਹਿ ਗਿਆ ਹੈ। ਦੂਜੇ ਪਾਸੇ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਆਪਣੇ ਦੇਸ਼ ਵਿਚ ਹਿੰਦੂਆਂ 'ਤੇ ਹਮਲਿਆਂ ਦੀ ਜਨਤਕ ਤੌਰ 'ਤੇ ਨਿੰਦਾ ਕੀਤੀ ਹੈ। ਹਾਲਾਂਕਿ ਸਾਡੇ ਪ੍ਰਧਾਨ ਮੰਤਰੀ ਨੇ ਆਪਣੇ ਦੇਸ਼ ਵਿਚ ਘੱਟਗਿਣਤੀਆਂ 'ਤੇ ਹੋ ਰਹੇ ਜ਼ੁਲਮਾਂ 'ਤੇ ਪੂਰੀ ਤਰ੍ਹਾਂ ਚੁੱਪ ਧਾਰੀ ਹੋਈ ਹੈ।

ਮਈ 2019 ਵਿਚ ਅਮਿਤ ਸ਼ਾਹ ਦੇ ਗ੍ਰਹਿ ਮੰਤਰੀ ਬਣਨ ਤੋਂ ਬਾਅਦ ਮੁਸਲਮਾਨਾਂ ਦਾ ਅਪਮਾਨ ਕਰਨਾ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਅਹਿਮ ਤੇ ਸਰਗਰਮ ਹਿੱਸਾ ਬਣ ਗਿਆ ਜਾਪਦਾ ਹੈ। ਇਹ ਹੋਰ ਕਾਰਜਾਂ ਦੇ ਨਾਲ-ਨਾਲ ਭਾਰਤ ਦੇ ਇੱਕੋ-ਇੱਕ ਮੁਸਲਿਮ ਬਹੁਗਿਣਤੀ ਵਾਲੇ ਰਾਜ ਜੰਮੂ ਕਸ਼ਮੀਰ ਨੂੰ ਖਤਮ ਕਰਨ, ਰਾਸ਼ਟਰੀ ਨਾਗਰਿਕਤਾ ਰਜਿਸਟਰ ਦੀ ਤਜਵੀਜ਼ ਅਤੇ ਨਾਗਰਿਕਤਾ ਸੋਧ ਕਾਨੂੰਨ ਵਿਚ ਪ੍ਰਗਟ ਹੋਇਆ ਹੈ ਜਿਸ ਦੀ ਸੂਚੀ ਵਿਚੋਂ ਮੁਸਲਮਾਨਾਂ ਨੂੰ ਬਾਹਰ ਰੱਖਿਆ ਗਿਆ ਹੈ। ਸੰਭਾਵੀ ਸ਼ਰਨਾਰਥੀਆਂ ਦੀ ਗਣਨਾ ਕੀਤੀ ਗਈ ਅਤੇ ਉਹ ਵੀ ਦੋਸ਼ਪੂਰਨ ਢੰਗ ਨਾਲ।

ਸੀ.ਏ.ਏ. ਅਤੇ ਐਨ.ਆਰ.ਸੀ. ਨੂੰ ਜ਼ੋਰ-ਸ਼ੋਰ ਨਾਲ ਉਤਸ਼ਾਹਿਤ ਕਰਦਿਆਂ ਭਾਰਤ ਦੇ ਗ੍ਰਹਿ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਬੰਗਲਾਦੇਸ਼ 'ਸਿਉਂਕ' ਦਾ ਦੇਸ਼ ਹੈ। ਇਹ ਬੇਹੂਦਾ ਗੱਲ ਸੀ ਜਿਸ ਦੀ ਉਸ ਦੇਸ਼ ਦੇ ਬੁੱਧੀਜੀਵੀਆਂ ਨੇ ਆਲੋਚਨਾ ਕੀਤੀ। ਅਕਤੂਬਰ 2019 ਵਿਚ ਢਾਕਾ ਯੂਨੀਵਰਸਿਟੀ ਵਿਚ ਇਤਿਹਾਸ ਦੇ ਪ੍ਰੋਫੈਸਰ ਮਿਸਬਾਹ ਕਮਾਲ ਨੇ ਕਿਹਾ ਕਿ 'ਸ਼ਾਹ ਵੱਲੋਂ ਭਾਰਤ ਵਿਚ ਮੁਸਲਮਾਨਾਂ ਨੂੰ ਲਗਾਤਾਰ ਅਤੇ ਵਾਰ-ਵਾਰ ਨਿਸ਼ਾਨਾ ਬਣਾਉਣ ਦਾ ਬੰਗਲਾਦੇਸ਼ ਦੀਆਂ ਘੱਟਗਿਣਤੀਆਂ 'ਤੇ ਗੰਭੀਰ ਪ੍ਰਭਾਵ ਪਵੇਗਾ।'

ਇਤਿਹਾਸਕਾਰ ਨੇ ਕਿਹਾ ਕਿ ਬੰਗਲਾਦੇਸ਼ ਵਿਚ ਕੁਝ ਮੌਲਾਣੇ ਆਪਣੀਆਂ ਤਕਰੀਰਾਂ ਵਿਚ ਕਸ਼ਮੀਰ ਅਤੇ ਐੱਨਆਰਸੀ ਦਾ ਵਾਰ-ਵਾਰ ਜ਼ਿਕਰ ਕਰ ਰਹੇ ਹਨ: 'ਉਨ੍ਹਾਂ ਨੇ ਸ਼ਰ੍ਹੇਆਮ ਕਿਹਾ ਹੈ ਕਿ ਜੇਕਰ ਭਾਰਤ ਵਿਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ ਤਾਂ ਉਹ ਬੰਗਲਾਦੇਸ਼ ਵਿਚ ਹਿੰਦੂਆਂ ਨੂੰ ਨਹੀਂ ਬਖਸ਼ਣਗੇ।'

ਵੱਖ-ਵੱਖ ਧਰਮਾਂ ਦੇ ਕੱਟੜਪੰਥੀ ਹਮੇਸ਼ਾਂ ਇੱਕ-ਦੂਜੇ ਨੂੰ ਨਿੰਦਦੇ ਹਨ, ਪਰ ਭਾਰਤ ਦੇ ਗ੍ਰਹਿ ਮੰਤਰੀ ਲਈ ਇਹ ਖੇਡ ਖੇਡਣਾ ਸੱਚਮੁੱਚ ਖਤਰਨਾਕ ਗੱਲ ਹੈ। ਅਪਰੈਲ 2021 ਵਿਚ ਪੱਛਮੀ ਬੰਗਾਲ ਦੀਆਂ ਚੋਣਾਂ ਦੀ ਅਗਵਾਈ ਕਰਦਿਆਂ ਸ਼ਾਹ ਨੇ ਕਿਹਾ ਸੀ ਕਿ ਬੰਗਲਾਦੇਸ਼ ਆਪਣੇ ਲੋਕਾਂ ਦਾ ਢਿੱਡ ਨਹੀਂ ਭਰ ਸਕਦਾ, ਇਸ 'ਤੇ ਉਥੋਂ ਦੇ ਵਿਦੇਸ਼ ਮੰਤਰੀ ਨੇ ਉਨ੍ਹਾਂ ਨੂੰ ਫਿਟਕਾਰ ਲਗਾਈ।

ਪੱਛਮੀ ਬੰਗਾਲ ਦੀਆਂ ਚੋਣਾਂ ਵਿਚ ਤ੍ਰਿਣਮੂਲ ਕਾਂਗਰਸ ਦੀ ਸੱਤਾ ਵਿਚ ਵਾਪਸੀ ਨਾਲ ਹਿੰਦੂ-ਮੁਸਲਿਮ ਮਾਮਲੇ ਨੂੰ ਮੁੱਦਾ ਬਣਾਉਣ ਦੀ ਕੋਸ਼ਿਸ਼ ਨਾਕਾਮ ਹੋ ਗਈ, ਪਰ ਫਿਰ ਵੀ ਭਾਜਪਾ ਦੇ ਨੇਤਾਵਾਂ ਨੇ ਅਜਿਹਾ ਕਰਨਾ ਬੰਦ ਨਹੀਂ ਕੀਤਾ। ਉੱਤਰ ਪ੍ਰਦੇਸ਼ ਵਿਚ ਅਗਲੇ ਸਾਲ ਦੇ ਸ਼ੁਰੂ ਵਿਚ ਚੋਣਾਂ ਹੋਣੀਆਂ ਹਨ-ਉਥੇ ਇੱਕ ਤਾਜ਼ਾ ਭਾਸ਼ਣ ਵਿਚ ਗ੍ਰਹਿ ਮੰਤਰੀ ਨੇ ਹਿੰਦੂਆਂ ਵਿਚ ਡਰ ਅਤੇ ਅਸੁਰੱਖਿਆ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਯੂਪੀ ਦੇ ਮੁੱਖ ਮੰਤਰੀ ਨੇ ਵੀ ਫਿਰਕੂ ਧਰੁਵੀਕਰਨ ਨੂੰ ਜ਼ਿਮਨੀ ਚੋਣ ਮੁਹਿੰਮ ਵਿਚ ਇੱਕ ਹਥਿਆਰ ਵਜੋਂ ਵਰਤਿਆ ਸੀ। ਹਾਲ ਹੀ ਵਿਚ ਪ੍ਰਧਾਨ ਮੰਤਰੀ ਨੇ ਖੁਦ ਵਾਰਾਨਸੀ ਵਿਚ ਹਿੰਦੂਆਂ ਦੀ ਜਿੱਤ ਦੇ ਸ਼ੇਖੀ ਭਰੇ ਪ੍ਰਦਰਸ਼ਨ ਦੀ ਪ੍ਰਧਾਨਗੀ ਕੀਤੀ।

1940 ਦੇ ਦਹਾਕੇ ਵਿਚ ਜਿਨਾਹ ਅਤੇ ਮੁਸਲਿਮ ਲੀਗ ਨੇ ਦਾਅਵਾ ਕੀਤਾ ਕਿ ਭਾਰਤੀ ਮੁਸਲਮਾਨਾਂ ਨੂੰ ਸੁਰੱਖਿਅਤ ਅਤੇ ਸਨਮਾਨ ਨਾਲ ਰਹਿਣ ਲਈ ਆਪਣੇ ਇੱਕ ਵੱਖਰੇ ਦੇਸ਼ ਦੀ ਲੋੜ ਹੈ। ਹੁਣ, 2020ਵਿਆਂ ਦੌਰਾਨ ਮੋਦੀ ਅਤੇ ਸ਼ਾਹ ਦੀ ਅਗਵਾਈ ਵਿਚ ਭਾਜਪਾ ਦਾ ਮੰਨਣਾ ਹੈ ਕਿ ਭਾਰਤ ਵਿਚ ਹਿੰਦੂਆਂ ਨੂੰ ਲਗਾਤਾਰ ਮੁਸਲਮਾਨਾਂ ਉੱਤੇ ਆਪਣਾ ਆਰਥਕ, ਰਾਜਨੀਤਿਕ ਅਤੇ ਵਿਚਾਰਧਾਰਕ ਦਬਦਬਾ ਕਾਇਮ ਕਰਨਾ ਚਾਹੀਦਾ ਹੈ। ਇਹ ਉਨ੍ਹਾਂ ਨੂੰ ਗਾਂਧੀ ਅਤੇ ਨਹਿਰੂ ਦੀ ਵਿਰਾਸਤ ਦੇ ਵਿਪਰੀਤ ਰੱਖਦਾ ਹੈ, ਜਿਨ੍ਹਾਂ ਨੇ ਇੱਕ ਅਜਿਹਾ ਰਾਸ਼ਟਰ ਬਣਾਉਣ ਦੀ ਕੋਸ਼ਿਸ਼ ਕੀਤੀ ਜਿੱਥੇ ਹਿੰਦੂ ਅਤੇ ਮੁਸਲਮਾਨ ਦੋਸਤੀ ਅਤੇ ਏਕਤਾ ਵਿਚ ਇਕੱਠੇ ਰਹਿ ਸਕਣ। ਦਸੰਬਰ ਇਹ ਸਮਝਿਆ ਜਾਂਦਾ ਸੀ ਕਿ 1971 ਵਿਚ ਬੰਗਲਾਦੇਸ਼ ਦੀ ਕਾਇਮੀ ਨਾਲ ਦੋ-ਰਾਸ਼ਟਰ ਸਿਧਾਂਤ ਖਤਮ ਹੋ ਜਾਵੇਗਾ। ਹਾਲਾਂਕਿ, ਇਤਿਹਾਸ ਦੀ ਵਿਡੰਬਨਾ ਹੈ ਕਿ ਪੰਜਾਹ ਸਾਲਾਂ ਬਾਅਦ ਉਸ ਸਿਧਾਂਤ ਦਾ ਇੱਕ ਸੰਸਕਰਣ ਜ਼ਿੰਦਾ ਹੈ ਅਤੇ ਵਧ-ਫੁੱਲ ਰਿਹਾ ਹੈ ਅਤੇ ਭਾਰਤ ਵਿਚ ਉਹੀ ਕੌਮ ਜਿਸ ਨੇ ਇਸ ਸਿਧਾਂਤ ਨੂੰ ਪਹਿਲਾਂ ਹੀ ਰੱਦ ਕਰ ਦਿੱਤਾ ਸੀ।

# ਕਿਸਾਨ ਅੰਦੋਲਨ ਲਈ ਨਵੀਂ ਵੰਗਾਰ

**ਮੋਹਨ ਸਿੰਘ (ਡਾ.)**

ਤਿੰਨ ਖੇਤੀ ਕਾਨੂੰਨਾਂ ਵਿਰੁੱਧ ਕਿਸਾਨ ਅੰਦੋਲਨ ਦੀ ਲਾਸਾਨੀ ਫਤਿਹ ਹੋ ਗਈ ਹੈ। ਲੋਕਾਂ ਨੇ ਇਸ ਜਿੱਤ ਦੀ ਲਾਸਾਨੀ ਆਓਭਗਤ ਕੀਤੀ ਹੈ ਅਤੇ ਇਸ ਜਿੱਤ ਦੇ ਚਾਅ ਨੂੰ ਦੀਵਾਲੀ ਵਾਲੋਂ ਵੀ ਵੱਧ ਮਨਾਇਆ ਹੈ। ਕਿਸਾਨਾਂ ਉੱਪਰ ਫੁੱਲਾਂ ਦੀ ਬਾਰਸ਼ ਕੀਤੀ ਗਈ। ਕਿਸਾਨਾਂ ਦਾ ਇਕ ਸਾਲ ਤੋਂ ਵੱਧ ਸਮੇਂ ਤੋਂ ਲੰਮੇ ਘੋਲ ਦੀ ਘਾਲਣਾ ਰੰਗ ਲਿਆਈ ਹੈ ਅਤੇ ਅੰਨਦਾਤੇ ਦੀ ਆਸਥਾ ਤੇ ਸਿਦਕਦਿਲੀ ਨੂੰ ਬੂਰ ਪਿਆ ਹੈ। ਹੁਣ ਕਿਸਾਨਾਂ ਨੂੰ ਸਮਝ ਪੈ ਗਈ ਹੈ ਕਿ ਉਨ੍ਹਾਂ ਦੇ ਮੁੱਦੇ, ਮਸਲੇ ਅਤੇ ਸਮੱਸਿਆਵਾਂ ਸਾਂਝੀਆਂ ਹਨ, ਮੰਗਾਂ ਸਾਂਝੀਆਂ ਹਨ, ਉਨ੍ਹਾਂ ਦੇ ਦਰਦ ਸਾਂਝੇ ਹਨ, ਉਨ੍ਹਾਂ ਦੇ ਦੁਸ਼ਮਣ ਸਾਂਝੇ ਹਨ। ਪੰਜਾਬ ਦੇ ਕਿਸਾਨਾਂ ਨੂੰ ਹਰਿਆਣੇ ਦੇ ਬਜ਼ੁਰਗ ਕਿਸਾਨਾਂ ਦੇ ਹੁੱਕੇ ਉਪਰੇ ਲੱਗਣੋਂ ਹਟ ਗਏ ਸਨ। ਉਨ੍ਹਾਂ ਅੰਦਰ ਇਹ ਸੋਝੀ ਵੀ ਆ ਗਈ ਹੈ ਕਿ ਉਨ੍ਹਾਂ ਦੀਆਂ ਦੁਸ਼ਵਾਰੀਆਂ ਲਈ ਉਨ੍ਹਾਂ ਦੇ ਵੈਰੀ ਕਾਰਪੋਰੇਟ ਅਦਾਰੇ ਜ਼ਿੰਮੇਵਾਰ ਹਨ।

ਪੰਜਾਬ ਵਿਚੋਂ ਸ਼ੁਰੂ ਹੋਏ ਇਸ ਅੰਦੋਲਨ ਨੇ ਭਾਰਤ ਭਰ ਦੇ ਕਿਸਾਨਾਂ ਮਜ਼ਦੂਰਾਂ ਨੂੰ ਕਲਾਵੇ ਵਿਚ ਲਿਆ ਲੈ ਲਿਆ ਹੈ। ਪੇਂਡੂ ਅਤੇ ਸ਼ਹਿਰੀ ਨੌਜਵਾਨਾਂ ਨੂੰ ਕਿਸਾਨ ਅੰਦੋਲਨ ਦੇ ਅਗਵਾਨੂ ਬਣਾਇਆ ਹੈ, ਔਰਤਾਂ ਦੇ ਸਵੈਮਾਣ ਨੂੰ ਜਗਾਇਆ ਹੈ, ਮਰਦਾਂ ਨੇ ਔਰਤਾਂ ਦਾ ਕੰਮ ਨੂੰ ਸਾਂਭਿਆ ਹੈ, ਔਰਤਾਂ ਨੇ ਲੜਾਈ ਦੇ ਮੈਦਾਨ ਵਿਚ ਝੰਡੇ ਚੁੱਕੇ ਹਨ। ਇਸ ਕਿਸਾਨ ਲਹਿਰ ਨੇ ਭਾਰਤ ਦੇ ਇਤਿਹਾਸ ਵਿਚ ਨਵਾਂ ਮੀਲ ਪੱਥਰ ਸਥਾਪਿਤ ਕੀਤਾ ਹੈ। ਬੁਧੀਜੀਵੀਆਂ, ਕਲਾਕਾਰਾਂ ਅਤੇ ਲੇਖਕਾਂ ਦੀ ਹਮਾਇਤ ਜਿੱਤੀ ਹੈ, ਨੋਮ ਚੌਮਸਕੀ ਵਰਗੇ ਚਿੰਤਕਾਂ ਨੇ ਇਸ ਅੰਦੋਲਨ ਦੀ ਵਡਿਆਈ ਕੀਤੀ ਹੈ, ਪੰਜਾਬ ਦੇ ਨੌਜਵਾਨਾਂ ਨੇ 'ਉਡਤੇ ਪੰਜਾਬ' ਦੇ ਦਾਗ ਨੂੰ ਧੋ ਦਿੱਤਾ ਹੈ। ਭਾਰਤ ਦੇ ਇਤਿਹਾਸ ਅੰਦਰ ਅਨੇਕਾਂ ਕਿਸਾਨ ਘੋਲ ਲੜੇ ਗਏ ਹਨ। ਇਹ ਸਾਰੇ ਖਾੜਕੂ ਘੋਲ ਇਤਿਹਾਸਕ ਹੋ ਨਿੱਬੜੇ ਸਨ ਪਰ ਮੌਜੂਦਾ ਕਿਸਾਨ ਅੰਦੋਲਨ ਪਹਿਲਾ ਅਜਿਹਾ ਕਿਸਾਨ ਅੰਦੋਲਨ ਹੈ ਜਿਸ ਵਿਚ ਸਮੁੱਚੇ ਭਾਰਤ ਦੇ ਲੋਕਾਂ ਨੇ ਹਿੱਸਾ ਲਿਆ। ਇਸ ਕਿਸਾਨ ਅੰਦੋਲਨ ਨੇ ਯੂਰੋਪ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਸਾਰੀ ਦੁਨੀਆ ਦੇ ਲੋਕਾਂ ਦੀ ਹਮਾਇਤ ਜਿੱਤੀ ਹੈ ਅਤੇ ਕਈ ਦੇਸ਼ਾਂ ਦੇ ਆਗੂ ਮੰਤਰੀਆਂ ਨੇ ਇਸ ਕਿਸਾਨ ਅੰਦੋਲਨ ਨਾਲ ਹਮਦਰਦੀ ਜ਼ਾਹਰ ਕੀਤੀ। ਇਹ ਨਵ-ਉਦਾਰਵਾਦੀ ਨੀਤੀਆਂ ਦੇ ਪੀੜਤ ਹਾਸ਼ੀਏ ਤੇ ਧੱਕੇ ਯੂਰੋਪ ਦੇ ਕਿਸਾਨਾਂ ਦੀਆਂ ਸਿਸਕੀਆਂ ਦਾ ਹੁੰਗਾਰਾ ਬਣਿਆ ਹੈ। ਇਸ ਕਿਸਾਨ ਅੰਦੋਲਨ ਦਾ ਵਾਹ ਅਜਿਹੇ ਸ਼ਾਸਕ ਨਾਲ ਪਿਆ ਸੀ ਜਿਸ ਨੇ ਆਪਣੇ ਰਾਜ ਦੌਰਾਨ ਕਦੇ ਝੁਕਣਾ ਨਹੀਂ ਸਿੱਖਿਆ ਸੀ ਸਗੋਂ ਇਸ ਨੇ ਆਪਣੇ ਹਰ ਵਿਰੋਧੀ ਨੂੰ ਸੰਗੀਨ ਕੇਸ ਬਣਾ ਕੇ ਜੇਲ੍ਹਾਂ ਅੰਦਰ ਬੰਦ ਕੀਤਾ, ਜਮਹੂਰੀ ਹੱਕਾਂ ਦੇ ਰਾਖਿਆਂ ਦੀ ਹੱਕੀ ਆਵਾਜ਼ ਨੂੰ ਆਂਡਾ ਸੈੱਲਾਂ ਅੰਦਰ ਡੱਕਿਆ, ਦੇਸ਼ ਅੰਦਰ ਦਹਿਸ਼ਤੀ ਮਾਹੌਲ ਪੈਦਾ ਕੀਤਾ। ਕਿਸਾਨ ਲਹਿਰ ਨੇ ਆਰ.ਐਸ.ਐਸ. ਅਤੇ ਬੀ.ਜੇ.ਪੀ. ਦੇ ਭਾਈਚਾਰਿਆਂ ਵਿਚਕਾਰ ਫਿਰਕੂ ਪਾੜੇ ਪਾਉਣ ਦੇ ਏਜੰਡੇ ਤੇ ਰੋਕ ਲਾਈ ਹੈ ਅਤੇ ਇਸ ਨੇ ਵੱਖ ਵੱਖ ਧਾਰਮਿਕ ਫਿਰਕਿਆਂ, ਕੌਮੀਅਤਾਂ, ਜਨ-ਜਾਤੀਆਂ ਅੰਦਰ ਭਾਈਚਾਰਕ ਸਾਂਝ ਪੈਦਾ ਕੀਤੀ ਹੈ। ਇਸ ਅੰਦੋਲਨ ਨੇ ਸਾਬਤ ਕਰ ਦਿੱਤਾ ਹੈ ਕਿ ਲੋਕਾਂ ਦੀ ਅਸਲੀ ਭਾਈਚਾਰਕ ਸਾਂਝ ਹੱਕੀ ਸੰਘਰਸ਼ਾਂ ਵਿਚੋਂ ਪੈਦਾ ਹੁੰਦੀ ਹੈ।

ਅਸੀਂ ਜਾਣਦੇ ਹਾਂ ਕਿ ਵੱਡੇ ਅੰਦੋਲਨਾਂ ਅੰਦਰ ਲੋਕਾਂ ਨੂੰ ਵੱਡੀਆਂ ਕੁਰਬਾਨੀਆਂ ਕਰਨੀਆਂ ਪੈਂਦੀਆਂ ਹਨ। ਇਸ ਅੰਦੋਲਨ ਦੌਰਾਨ ਵੀ ਕਿਸਾਨਾਂ ਨੂੰ ਹਾੜ੍ਹ-ਜੇਠ ਦੀਆਂ ਕੜਕੀਆਂ ਧੁੱਪਾਂ, ਮੌਨਸੂਨ ਦੀਆਂ ਬਾਰਸ਼ਾਂ, ਝੱਖੜ ਅਤੇ ਹਨੇਰੀਆਂ ਝੱਲਣੀਆਂ ਪਈਆਂ ਹਨ। ਕਿਸਾਨਾਂ ਅਤੇ ਹੋਰ ਲੋਕਾਂ ਨੂੰ ਆਪਣੇ ਕੰਮ-ਕਾਰਾਂ ਦਾ ਵੱਡਾ ਹਰਜਾ ਝੱਲਣਾ ਪਿਆ ਹੈ। ਇਸ ਅੰਦੋਲਨ ਵਿਚ 700 ਤੋਂ ਵੱਧ ਕਿਸਾਨਾਂ ਨੂੰ ਜਾਨਾਂ ਹੂਲਣੀਆਂ ਪਈਆਂ ਹਨ। ਕਾਂਗਰਸ ਦੀ ਯੂਪੀਏ ਸਰਕਾਰ ਨੇ ਭਾਵੇਂ ਲੋਕ-ਦੋਖੀ ਨਵ-ਉਦਾਰਵਾਦੀ ਨੀਤੀਆਂ ਸ਼ੁਰੂ ਕੀਤੀਆਂ ਪਰ ਮੌਜੂਦਾ ਸਰਕਾਰ ਨੇ 2014 ਤੋਂ ਲਗਾਤਾਰ ਥੋਕ ਰੂਪ ਵਿਚ ਕਾਰਪੋਰੇਟ ਅਤੇ ਬਹੁਕੌਮੀ ਕੰਪਨੀਆਂ ਦੇ ਹਿੱਤ ਪੂਰੇ ਕਰਨ ਲਈ ਪਬਲਿਕ ਅਦਾਰੇ ਵੇਚੇ ਹਨ ਅਤੇ ਮੁਦਰੀਕਰਨ ਰਾਹੀਂ ਪਿਛਲੇ 75 ਸਾਲਾਂ ਵਿਚ ਬਣਾਏ ਦੇਸ਼ ਦੇ ਪਬਲਿਕ ਅਦਾਰਿਆਂ ਨੂੰ ਲੀਜ਼ ਤੇ ਵੇਚ ਦਿਤਾ ਹੈ। ਕੇਂਦਰ ਸਰਕਾਰ ਜ਼ਮੀਨ ਅਤੇ ਖੇਤੀ ਨੂੰ ਦੇਸੀ ਵਿਦੇਸ਼ੀ ਕਾਰਪਰੇਟਾਂ ਨੂੰ ਸੌਂਪਣ ਲਈ ਤਿੰਨ ਖੇਤੀ ਕਾਨੂੰਨ ਉਸ ਸਮੇਂ ਲੈ ਕੇ ਆਈ, ਜਦੋਂ ਦੇਸ਼ ਅੰਦਰ ਕੋਵਿਡ-19 ਕਾਰਨ ਬੰਦਸ਼ਾਂ ਕਾਰਨ ਕਿਸਾਨ ਘਰਾਂ ਅੰਦਰ ਬੰਦ ਸਨ।

ਪੰਜਾਬ, ਹਰਿਆਣਾ ਅਤੇ ਪੱਛਮੀ ਯੂਪੀ ਅੰਦਰ ਸਰਕਾਰੀ ਮੰਡੀਆਂ (ਏ.ਪੀ.ਐਮ.ਐਸ.) ਦਾ ਵਿਕਸਤ ਤਾਣਾ-ਬਾਣਾ ਹੈ ਅਤੇ ਪੰਜਾਬ ਅੰਦਰ ਇਸ ਦੀਆਂ ਮੁੱਖ ਫਸਲਾਂ ਕਣਕ ਅਤੇ ਝੋਨਾ ਦੀ ਪੂਰੀ ਫਸਲ ਐਮ.ਐਸ.ਪੀ. ਤੇ ਖਰੀਦੀ ਜਾਂਦੀ ਹੈ। ਮੌਜੂਦਾ ਸਰਕਾਰ ਵੱਲੋਂ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਨੂੰ ਪੰਜਾਬ ਦੇ ਕਿਸਾਨਾਂ ਨੇ ਦੂਜੇ ਰਾਜਾਂ ਤੋਂ ਪਹਿਲਾਂ ਬੁੱਝ ਲਿਆ ਸੀ ਕਿ ਇਨ੍ਹਾਂ ਤਿੰਨ ਕਾਨੂੰਨ ਲਾਗੂ ਹੋਣ ਨਾਲ ਪੰਜਾਬ ਦੇ ਕਿਸਾਨਾਂ ਨੂੰ ਨਾ ਐਮ.ਐਸ.ਪੀ. ਮਿਲੇਗੀ ਅਤੇ ਨਾ ਹੀ ਫਸਲਾਂ ਦੀ ਖਰੀਦ ਹੋਵੇਗੀ। ਇਸ ਨਾਲ ਕਿਸਾਨਾਂ ਲਈ ਵੱਡਾ ਆਰਥਿਕ ਸੰਕਟ ਪੈਦਾ ਹੋ ਜਾਵੇਗਾ ਅਤੇ ਉਨ੍ਹਾਂ ਦਾ ਭਵਿੱਖ ਧੁੰਦਲਾ ਹੋ ਜਾਵੇਗਾ, ਉਨ੍ਹਾਂ ਦੀ ਖੇਤੀ ਤਬਾਹ ਹੋ ਜਾਵੇਗੀ ਅਤੇ ਉਨ੍ਹਾਂ ਦੀਆਂ ਜ਼ਮੀਨਾਂ ਨੂੰ ਕਾਰਪਰੇਟ ਹੜੱਪ ਲੈਣਗੇ ਪਰ ਪੰਜਾਬ ਦੇ ਕਿਸਾਨ ਦੂਜੇ ਰਾਜਾਂ ਨਾਲੋਂ ਯੂਨੀਆਨਾਂ ਵਿਚ ਵੱਧ ਜਥੇਬੰਦ ਹੋਣ ਕਰਕੇ ਉਨ੍ਹਾਂ ਸਾਰੇ ਭਾਰਤ ਦੇ ਕਿਸਾਨਾਂ ਦੀ ਅਗਵਾਈ ਕੀਤੀ। ਇਹ ਪੰਜਾਬ ਦੀਆਂ ਤਜਰਬੇਕਾਰ ਕਿਸਾਨ ਜਥੇਬੰਦੀਆਂ ਹੀ ਸਨ ਜੋ ਕੋਵਿਡ-19 ਦੀ ਪ੍ਰਵਾਹ ਨਾ ਕਰਦਿਆਂ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਕੁਦ ਪਈਆਂ। ਸਰਕਾਰਾਂ ਨੇ ਗੁਮਰਾਕੁਨ ਪ੍ਰਚਾਰ ਕਰਕੇ ਕਿਸਾਨ ਅੰਦੋਲਨ ਨੂੰ ਚਿੱਤ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਹੱਥਕੰਡੇ ਵਰਤੇ। ਕਿਸਾਨਾਂ ਨੂੰ ਦਿੱਲੀ ਵੱਲ ਜਾਣ ਤੋਂ ਰੋਕਣ ਲਈ ਸੜਕਾਂ ਤੇ ਬੈਰੀਕੇਡ ਲਾਏ, ਜਲ ਤੋਪਾਂ ਨਾਲ ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ, ਬਲਡੋਜ਼ਰਾਂ ਨਾਲ ਡੂੰਘੇ ਟੋਏ ਪੁੱਟ ਕੇ ਮਿੱਟੀ ਦੇ ਢੇਰ ਲਾਏ, ਕਿਸਾਨਾਂ ਦੇ ਰਾਹਾਂ ਅੱਗੇ ਕਿੱਲ ਠੋਕੇ ਗਏ, ਕੰਡਿਆਲੀਆਂ ਤਾਰਾਂ ਲਾਈਆ ਗਈਆਂ, ਕੰਕਰੀਟ ਦੀਆਂ ਕੰਧਾਂ ਉਸਾਰੀਆਂ ਗਈਆਂ, ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਅਤਿਵਾਦੀ, ਖਾਲਿਸਤਾਨੀ, ਨਕਸਲਵਾਦੀ, ਟੁਕੜੇ ਟੁਕੜੇ ਗੈਂਗ ਆਦਿ ਕਿਹਾ ਗਿਆ, ਅੰਦੋਲਨਜੀਵੀ ਕਿਹਾ ਗਿਆ। ਬਿਜਲੀ ਬੰਦ ਕੀਤੀ ਗਈ, ਬਾਰਡਰਾਂ ਤੇ ਬੈਠੀਆਂ ਕਿਸਾਨ ਔਰਤਾਂ ਨੂੰ ਪਰੇਸ਼ਾਨ ਕਰਨ ਲਈ ਦਾ ਪਾਣੀ ਬੰਦ ਕੀਤਾ ਗਿਆ। ਕਿਸਾਨ ਅੰਦੋਲਨ ਨੂੰ ਫੇਲ੍ਹ ਕਰਨ ਲਈ ਭਟਕਾਊ ਤੱਤਾਂ ਨੂੰ ਸ਼ਹਿ ਦਿੱਤੀ ਗਈ।

ਪਰ ਸੰਯੁਕਤ ਕਿਸਾਨ ਮੋਰਚੇ ਦੀ ਤਜਰਬੇਕਾਰ ਆਗੂ ਟੀਮ ਨੇ ਕੇਂਦਰ ਸਰਕਾਰ ਅਤੇ ਹੋਰ ਕਿਸਾਨ ਵਿਰੋਧੀ ਤਾਕਤਾਂ ਵੱਲੋਂ ਸ਼ਹਿ ਪ੍ਰਾਪਤ ਵਿਘਨ ਪਾਊ ਸ਼ਕਤੀਆਂ ਪਛਾੜ ਕੇ ਅੰਦੋਲਨ ਨੂੰ ਸਾਬਤ ਕਦਮੀ ਅੱਗੇ ਵਧਾਉਣਾ ਜਾਰੀ ਰੱਖਿਆ। ਕੇਂਦਰ ਸਰਕਾਰ ਦਾ ਪੰਜਾਬ, ਹਰਿਆਣਾ ਅਤੇ ਪੱਛਮੀ ਯੂਪੀ ਅੰਦਰ ਜ਼ਬਰਦਸਤ ਵਿਰੋਧ ਜਾਰੀ ਰਹਿਣ, ਕਿਸਾਨ ਅੰਦੋਲਨ ਦੀ ਤੀਬਰਤਾ ਨਾ ਘਟਦੀ ਦੇਖ, 2022 ਦੀਆਂ ਚੋਣਾਂ ਵਿਚ ਹੁੰਦੀ ਹਾਰ ਦੇਖ, ਕੇਂਦਰ ਨੂੰ ਕਿਸਾਨਾਂ ਦੀਆਂ ਮੰਗਾਂ ਮੰਨਣ ਦਾ ਕੌੜਾ ਅੱਕ ਚੱਬਣਾ ਪਿਆ ਹੈ। ਉਂਜ, ਕਾਨੂੰਨ ਵਾਪਸ ਲੈਣ ਦੇ ਐਲਾਨ ਕਰਨ ਦੇ ਬਾਅਦ ਵੀ ਕੇਂਦਰ ਸਰਕਾਰ ਨੇ ਮੰਗਣਾ ਪਾਉਣਾ ਜਾਰੀ ਰੱਖਿਆ ਅਤੇ ਉਸ ਵੱਲੋਂ ਅਜੇ ਵੀ ਕਿਹਾ ਗਿਆ ਕਿ ਤਿੰਨ ਖੇਤੀ ਕਾਨੂੰਨ ਕਿਸਾਨਾਂ ਦੇ ਭਲੇ ਲਈ ਹਨ, ਕਿਸਾਨ ਪੱਖੀ ਹਨ। ਕਿਸਾਨ ਅੰਦੋਲਨ ਦੇ ਦਬਾਅ ਕਾਰਨ ਕੇਂਦਰ ਸਰਕਾਰ ਨੂੰ ਐਮ.ਐਸ.ਪੀ. ਬਾਰੇ ਸਾਂਝੀ ਕਮੇਟੀ ਬਣਾਉਣ, ਕਿਸਾਨਾਂ ਉੱਪਰ ਬਣੇ ਕੇਸ ਵਾਪਸ ਲੈਣ, ਪ੍ਰਦੂਸ਼ਣ ਲਈ ਕਿਸਾਨਾਂ ਵਿਰੋਧੀ ਕਾਨੂੰਨ ਵਾਪਸ ਲੈਣ, ਕਿਸਾਨ ਅੰਦੋਲਨ ਦੌਰਾਨ ਫੌਤ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਪੰਜਾਬ ਪੈਟਰਨ ਤੇ 5 ਲੱਖ ਰੁਪਏ ਦਾ ਮੁਆਵਜ਼ਾ ਅਤੇ ਉਨ੍ਹਾਂ ਦੇ ਪਰਿਵਾਰ ਦੇ ਇਕ ਜੀਅ ਨੂੰ ਸਰਕਾਰੀ ਨੌਕਰੀ ਦੇਣ ਆਦਿ ਮੰਗਾਂ ਮੰਨਣ ਦੇ ਐਲਾਨ ਕਰਨ ਲਈ ਮਜਬੂਰ ਹੋਣਾ ਪਿਆ ਹੈ। ਇਸ ਅੰਦੋਲਨ ਨੇ ਕਈ ਨਵੀਆਂ ਪਿਰਤਾਂ ਪਾਈਆਂ ਹਨ ਅਤੇ ਇਸ ਬਾਰੇ ਅਜੇ ਹੋਰ ਬੜਾ ਕੁਝ ਲਿਖਿਆ ਜਾਵੇਗਾ। ਕਿਸਾਨਾਂ ਅੰਦਰ ਜਾਗਰੂਕਤਾ ਪੈਦਾ ਹੋਈ ਹੈ ਪਰ ਕਿਸਾਨ ਅੰਦੋਲਨ ਨੂੰ ਅਜੇ ਵੀ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਹੈ। ਇਸ ਕਿਸਾਨ ਅੰਦੋਲਨ ਨਾਲ ਕਿਸਾਨਾਂ ਅੰਦਰ ਸਵੈਮਾਣ ਪੈਦਾ ਹੋਇਆ ਹੈ, ਹੁਣ ਉਨ੍ਹਾਂ ਦੇ ਅੱਗੇ ਵਧਦੇ ਕਦਮਾਂ ਨੂੰ ਕੋਈ ਤਾਕਤ ਪਿਛੇ ਨਹੀਂ ਮੋੜ ਸਕਦੀ।

*1971 ਵਿਚ ਪਾਕਿਸਤਾਨ ਨਾਲ ਹਿੰਦੋਸਤਾਨ ਦੀ ਲੜਾਈ ਬਾਰੇ ਭਾਰਤੀ ਫੌਜੀਆਂ ਕੋਲ ਸੁਣਾਉਣ ਲਈ ਬੜੇ ਦਿਲਚਸਪ ਕਿੱਸੇ ਹਨ। ਇਸ ਜੰਗ ਵਿਚ ਥਲ ਸੈਨਾ ਦੇ ਨਾਲ-ਨਾਲ ਹਵਾਈ ਅਤੇ ਜਲ ਸੈਨਾ ਦਾ ਵੀ ਵਾਹਵਾ ਯੋਗਦਾਨ ਰਿਹਾ ਹੈ। ਇਸ ਲੇਖ ਵਿਚ ਕਮੋਡੋਰ (ਸੇਵਾਮੁਕਤ) ਗੁਰਨਾਮ ਸਿੰਘ ਨੇ ਸਮੁੰਦਰ ਵਿਚ ਠੱਲ੍ਹੇ ਹਿੰਦੋਸਤਾਨ ਦੇ ਸਮੁੰਦਰੀ ਬੇੜੇ ਆਈ.ਐਨ.ਐਸ. ਵਿਕਰਾਂਤ ਤੋਂ ਲੜੀ ਜਾ ਰਹੀ ਜੰਗ ਦੇ ਵੇਰਵੇ ਸਾਂਝੇ ਕੀਤੇ ਹਨ। ਭਾਰਤੀ ਹਵਾਈ ਸੈਨਾ ਦੇ ਜਹਾਜ਼ ਵਿਕਰਾਂਤ ਤੋਂ ਹੀ ਉੱਡਦੇ ਸਨ ਅਤੇ ਉਥੇ ਹੀ ਵਾਪਸ ਉਤਰਦੇ ਸਨ। ਇਨ੍ਹਾਂ ਨੇ ਬੰਗਾਲ ਦੀ ਖਾੜੀ ਦੇ ਆਕਾਸ਼ ਅਤੇ ਉਸ ਦੇ ਪਾਣੀਆਂ ਉਤੇ ਤਿੱਖੀ ਨਜ਼ਰ ਰੱਖੀ ਹੋਈ ਸੀ। ਲੇਖਕ ਨੇ ਫੌਜੀਆਂ ਅਤੇ ਅਮਲੇ ਦੇ ਹੋਰ ਮੈਂਬਰਾਂ ਦੀ ਵਿਕਰਾਂਤ ਉਤੇ ਹੋ ਰਹੀ ਹਲਚਲ ਬਾਰੇ ਗੱਲਾਂ ਸਾਂਝੀਆਂ ਕੀਤੀਆਂ ਹਨ।*

# ਜੰਗ ਦਾ ਮੈਦਾਨ ਅਤੇ ਅਚਾਰ ਦੇ ਪੀਪੇ



*ਸਮੁੰਦਰ ਵਿਚ ਤਾਇਨਾਤ ਬੇੜਾ ਆਈ.ਐਨ.ਐਸ. ਵਿਕਰਾਂਤ।*

ਦਸੰਬਰ 1971 ਵਿਚ ਬੰਗਲਾਦੇਸ਼ ਦੀ ਆਜ਼ਾਦੀ ਲਈ ਭਾਰਤ ਅਤੇ ਪਾਕਿਸਤਾਨ ਵਿਚ ਲੱਗੀ ਲੜਾਈ ਆਪਣੇ ਜੋਬਨ 'ਤੇ ਸੀ। ਆਪਣੇ ਅਕਸਰ ਅਸ਼ਾਂਤ ਰਹਿਣ ਵਾਲੇ ਪਾਣੀਆਂ ਲਈ ਜਾਣੀ ਜਾਣ ਵਾਲੀ ਬੰਗਾਲ ਦੀ ਖਾੜੀ ਦਾ ਵਿਸਤ੍ਰਿਤ ਜਲ ਖੇਤਰ ਇਸ ਲੜਾਈ ਦਾ ਪੂਰਬੀ ਅਤੇ ਮੁੱਖ ਥੀਏਟਰ ਸੀ। ਇਥੇ ਭਾਰਤੀ ਨੌਂ ਸੈਨਾ (ਇੰਡੀਅਨ ਨੇਵੀ) ਦੇ ਜੰਗੀ ਜਹਾਜ਼ਾਂ ਦੇ ਬੇੜੇ ਨੇ ਪੂਰਬੀ ਪਾਕਿਸਤਾਨ ਨੂੰ ਜਾਣ ਅਤੇ ਉਥੋਂ ਆਉਣ ਦੇ ਸਾਰੇ ਸਮੁੰਦਰੀ ਰਾਹਾਂ ਦੀ ਨਾਕਾਬੰਦੀ ਕੀਤੀ ਹੋਈ ਸੀ।

ਇਸ ਬੇੜੇ ਵਿਚ ਭਾਰਤੀ ਵਿਮਾਨਵਾਹਕ ਜਹਾਜ਼ ਸਮੇਤ ਯੁੱਧਨਾਸ਼ਕ, ਪਣਡੁੱਬੀਆਂ, ਫਲੀਟ ਟੈਂਕਰ ਅਤੇ ਸਪਲਾਈ ਜਹਾਜ਼ ਸ਼ਾਮਲ ਸਨ। ਭਾਰਤੀ ਨੌਂ ਸੈਨਾ ਦੇ ਸਿਰਮੌਰ ਅਤੇ ਫਲੈਗਸ਼ਿਪ,

**ਕਮੋਡੋਰ ਗੁਰਨਾਮ ਸਿੰਘ (ਰਿਟਾ.)**
**ਫੋਨ: +91-98181-59944**

ਅਠਾਰਾਂ ਹਜ਼ਾਰ ਟਨ ਵਜ਼ਨ ਦੇ ਵਿਮਾਨਵਾਹਕ (ਏਅਰ ਕ੍ਰਾਫਟ ਕੈਰੀਅਰ), ਆਈ.ਐਨ.ਐਸ. ਵਿਕਰਾਂਤ ਨੇ ਇਸ ਜੰਗੀ ਬੇੜੇ ਨੂੰ ਆਪਣੀ ਕਮਾਨ ਥੱਲੇ ਲੈ ਕੇ ਬੰਗਾਲ ਦੀ ਖਾੜੀ ਦੇ ਲਗਭਗ ਬਾਈ ਲੱਖ ਵਰਗ ਕਿਲੋਮੀਟਰ ਦੇ ਇਸ ਵਿਸ਼ਾਲ ਜਲ ਖੇਤਰ ਉਤੇ ਆਪਣਾ ਸੰਪੂਰਨ ਕੰਟਰੋਲ ਕੀਤਾ ਹੋਇਆ ਸੀ।

ਵਿਕਰਾਂਤ ਉਪਰ ਲੜਾਕੂ ਹਵਾਈ ਜਹਾਜ਼ਾਂ ਦੀਆਂ ਉਸ ਦੀਆਂ ਆਪਣੀਆਂ ਦੋ ਸਕੁਆਡਰਨਾਂ ਸਨ। 'ਚਿੱਟੇ ਸ਼ੇਰ' ਸਕੁਆਡਰਨ ਫਾਈਟਰ ਗ੍ਰਾਊਂਡ ਅਟੈਕ ਜੈੱਟ ਹਵਾਈ ਜਹਾਜ਼ 'ਸੀ ਹੱਾਕ' ਨਾਲ ਲੈਸ ਸੀ ਅਤੇ 'ਨਾਗ ਰਾਜ' ਸਕੁਆਡਰਨ ਫਰਾਂਸ ਨਿਰਮਤ ਐਂਟੀ ਸਬਮਰੀਨ ਟਰਬੋਪਰੌਪ ਹਵਾਈ ਜਹਾਜ਼ 'ਏਲੀਜ਼ੇ' ਨਾਲ ਲੈਸ ਸੀ।

ਇਹ ਜੰਗੀ ਹਵਾਈ ਜਹਾਜ਼ ਵਿਕਰਾਂਤ ਤੋਂ ਹੀ ਉਡਦੇ ਸਨ ਅਤੇ ਵਿਕਰਾਂਤ ਉਤੇ ਹੀ ਵਾਪਸ ਉਤਰਦੇ ਸਨ। ਇਨ੍ਹਾਂ ਨੇ ਬੰਗਾਲ ਦੀ ਖਾੜੀ ਦੇ ਆਕਾਸ਼ ਅਤੇ ਉਸ ਦੇ ਪਾਣੀਆਂ ਉਤੇ ਤਿੱਖੀ ਨਜ਼ਰ ਰੱਖੀ ਹੋਈ ਸੀ। ਭਾਰਤੀ ਨੌਂ ਸੈਨਾ ਦੀ ਆਗਿਆ ਬਿਨਾ ਬੰਗਾਲ ਦੀ ਖਾੜੀ ਵਿਚੋਂ ਕੋਈ ਆ ਜਾ ਨਹੀਂ ਸਕਦਾ ਸੀ। ਖਾੜੀ ਵਿਚ ਭਾਰਤੀ ਨੌਂ ਸੈਨਾ ਦੀ ਇਸ ਮੁਕੰਮਲ ਅਤੇ ਪ੍ਰਭਾਵੀ ਨਾਕਾਬੰਦੀ ਨੇ ਪੂਰਬੀ ਪਾਕਿਸਤਾਨ ਦੀ ਨਕੇਲ ਚੰਗੀ ਤਰ੍ਹਾਂ ਕੱਸੀ ਹੋਈ ਸੀ।

ਭਾਰਤੀ ਨੌਂ ਸੈਨਾ ਨੇ ਉਦੋਂ ਪੂਰਬੀ ਪਾਕਿਸਤਾਨ ਕਹਾਉਣ ਵਾਲੇ ਪਾਕਿਸਤਾਨ ਦੇ ਇਸ ਹਿੱਸੇ ਦੀਆਂ ਸਮੁੰਦਰੀ ਬੰਦਰਗਾਹਾਂ, ਹਵਾਈ ਅੱਡਿਆਂ, ਸ਼ਹਿਰਾਂ ਅਤੇ ਫੌਜ ਦੇ ਜ਼ਮੀਨੀ ਅਦਾਰਿਆਂ ਤੇ ਟਿਕਾਣਿਆਂ ਉਤੇ ਹਮਲੇ ਕੁਝ ਦਿਨ ਪਹਿਲਾਂ ਹੀ ਸ਼ੁਰੂ ਕਰ ਦਿੱਤੇ ਸਨ। ਹੁਣ ਇਹ ਹਮਲੇ ਹੋਰ ਤੇਜ਼ ਹੋ ਕੇ ਪੂਰੇ ਜ਼ੋਰਾਂ ਉਤੇ ਸਨ। ਜੰਗੀ ਹਵਾਈ ਜਹਾਜ਼ 'ਸੀ ਹੱਾਕ' ਆਪਣੇ ਮਾਰੂ ਬੰਬਾਂ, ਰਾਕਟਾਂ ਅਤੇ ਤੋਪਗੋਲੀਆਂ ਨਾਲ ਲੈਸ ਹੋ ਕੇ ਵਿਕਰਾਂਤ ਤੋਂ ਉਡਾਰੀ ਭਰ ਕੇ ਚਿਟਾਗੌਂਗ, ਢਾਕਾ, ਕੌਕਸਜ਼ ਬਾਜ਼ਾਰ ਅਤੇ ਰਣਨੀਤੀ ਪੱਖੋਂ ਜ਼ਰੂਰੀ ਸਮਝੇ ਜਾਣ ਵਾਲੇ ਹੋਰ ਟਿਕਾਣਿਆਂ ਉਤੇ ਲਗਾਤਾਰ ਤਬਾਹਕੁਨ ਹਮਲੇ ਕਰ ਕੇ ਪੂਰਬੀ ਪਾਕਿਸਤਾਨ ਨੂੰ ਭਾਰੀ ਨੁਕਸਾਨ ਪਹੁੰਚਾ ਰਹੇ ਸਨ।

ਇਨ੍ਹਾਂ ਹਵਾਈ ਜਹਾਜ਼ਾਂ ਦੀ ਪਹਿਲੀ ਟੁਕੜੀ ਤੜਕੇ ਦੀ ਲੋਅ ਲਗਦਿਆਂ ਹੀ ਵਿਕਰਾਂਤ ਤੋਂ ਉਡਾਰੀ ਭਰ ਆਪਣੇ ਜੰਗੀ ਮਿਸ਼ਨ ਉਤੇ ਨਿਕਲ ਜਾਂਦੀ ਅਤੇ ਇਸ ਦੇ ਵਿਕਰਾਂਤ ਉਤੇ ਵਾਪਸ ਪਰਤਣ ਤੋਂ ਪਹਿਲਾਂ ਹੀ ਹਵਾਈ ਜਹਾਜ਼ਾਂ ਦੀ ਦੂਸਰੀ ਟੁਕੜੀ ਵਿਕਰਾਂਤ ਤੋਂ ਉਡਾਰੀ ਭਰ ਜਾਂਦੀ ਸੀ। ਇਸ ਤਰ੍ਹਾਂ ਦੁਸ਼ਮਣ ਉਤੇ ਲਗਾਤਾਰ ਭਾਰੀ ਦਬਾਅ ਬਣਾਇਆ ਜਾ ਰਿਹਾ ਸੀ ਜਿਸ ਨੇ ਆਖਰ ਪਾਕਿਸਤਾਨ ਦਾ ਲੱਕ ਤੋੜ ਦਿੱਤਾ, ਉਸ ਦੀ ਇੱਛਾ ਸ਼ਕਤੀ ਪੂਰੀ ਤਰ੍ਹਾਂ ਟੁੱਟ ਗਈ।

ਐਂਟੀਸਬਮਰੀਨ 'ਏਲੀਜ਼ੇ' ਹਵਾਈ ਜਹਾਜ਼ ਆਪਣੇ ਇਲੈਕਟ੍ਰੌਨਿਕ ਆਲਿਆਂ ਨਾਲ ਸਮੁੰਦਰੀ ਪਾਣੀਆਂ ਥੱਲੇ, ਡੂੰਘੇ ਪਾਣੀਆਂ ਦੀਆਂ ਹੇਠਲੀਆਂ ਤਹਿਆਂ ਉਤੇ ਦੁਸ਼ਮਣ ਦੀਆਂ ਪਣਡੁੱਬੀਆਂ ਦੀਆਂ ਟੋਹਾਂ ਲੈਂਦੇ ਸਨ ਅਤੇ ਨਾਲ ਹੀ ਆਪਣੇ ਰਾਕਟਾਂ ਤੇ ਡੈਪਥ-ਚਾਰਜਾਂ ਦੀ ਮਦਦ ਨਾਲ ਹਮਲੇ ਕਰ ਕੇ 'ਸੀ ਹੱਾਕ' ਫਾਈਟਰਾਂ ਦਾ ਹੱਥ ਵਟਾ ਰਹੇ ਸਨ। ਵਿਕਰਾਂਤ ਤੋਂ ਇਹ ਹਵਾਈ ਅਪਰੇਸ਼ਨ ਡੂੰਘੀਆਂ ਸ਼ਾਮਾਂ ਤੱਕ ਜਾਰੀ ਰਹਿੰਦੇ ਅਤੇ ਲੋੜ ਪੈਣ ਤੇ ਰਾਤ ਨੂੰ ਵੀ ਕੀਤੇ ਜਾਂਦੇ।

ਮੈਂ ਉਦੋਂ ਲੈਫਟੀਨੈਂਟ ਹੁੰਦਾ ਸਾਂ ਅਤੇ ਵਿਕਰਾਂਤ ਉਤੇ 'ਚਿੱਟਾ ਸ਼ੇਰ' ਸਕੁਆਡਰਨ ਦਾ ਏਅਰ ਇੰਜਨੀਅਰ ਅਫਸਰ ਸਾਂ। ਸਕੁਆਡਰਨ ਵਿਚ ਸਾਡੇ ਲਈ ਸਮੇਂ ਦਾ, ਜਾਂ ਦਿਨ ਰਾਤ ਦਾ, ਕੋਈ ਮਹੱਤਵ ਨਹੀਂ ਰਹਿ ਗਿਆ ਸੀ। ਹਵਾਈ ਜਹਾਜ਼ਾਂ ਦੇ ਅਪਰੇਸ਼ਨ ਲਈ ਸਹੀ ਤਰ੍ਹਾਂ ਤਿਆਰ-ਬਰ-ਤਿਆਰ ਹੋਣਾ ਹੀ ਇਕਮਾਤਰ ਕਾਰਜ ਸੀ।

ਜਦੋਂ ਹਵਾਈ ਜਹਾਜ਼ ਹਰ ਪੱਖੋਂ ਸਹੀ ਹੁੰਦੇ ਸਨ ਅਤੇ ਉਡਣ ਤੇ ਲੜਾਈ ਵਿਚ ਕੰਮ ਆਉਣ ਲਈ ਉਨ੍ਹਾਂ ਦੇ ਸਾਰੇ ਸਿਸਟਮ ਠੀਕ ਕੰਮ ਕਰਦੇ ਹਨ ਤਾਂ ਉਹ ਵਿਕਰਾਂਤ ਉਤੇ ਫਲਾਈਟ ਡੈੱਕ ਤੇ ਆਪਣੇ ਮਿਥੇ ਮਿਸ਼ਨ ਲਈ ਰਵਾਨਾ ਹੋਣ ਲਈ ਤਿਆਰ ਹੁੰਦੇ ਸਨ। ਜਿਹੜੇ ਹਵਾਈ ਜਹਾਜ਼ਾਂ ਵਿਚ ਕੋਈ ਨੁਕਸ ਆ ਜਾਂਦਾ ਸੀ, ਜਾਂ ਜਿਨ੍ਹਾਂ ਉਤੇ ਕਿਸੇ ਕੰਮ ਦੇ ਹੋਣ ਦਾ ਤੈਅ ਸਮਾਂ ਆ ਜਾਂਦਾ ਸੀ, ਉਨ੍ਹਾਂ ਨੂੰ ਲਿਫਟਾਂ ਰਾਹੀਂ ਫਲਾਈਟ ਡੈੱਕ ਤੋਂ ਹੇਠਾਂ ਹੈਂਗਰ ਵਿਚ ਲਿਆਇਆ ਜਾਂਦਾ ਸੀ।

ਹੈਂਗਰ ਵਿਚ ਅਜਿਹੇ ਨੁਕਸ ਪਏ ਜਹਾਜ਼ਾਂ ਉਤੇ ਕੰਮ ਦਿਨ ਰਾਤ ਚਲਦਾ ਸੀ ਅਤੇ ਠੀਕ ਹੋ ਜਾਣ ਤੇ ਇਹ ਹਵਾਈ ਜਹਾਜ਼ ਫਿਰ ਫਲਾਈਟ ਡੈੱਕ ਦੇ ਹਵਾਲੇ ਕਰ ਦਿੱਤੇ ਜਾਂਦੇ। ਇਹ ਕ੍ਰਮ ਲਗਾਤਾਰ ਅਤੇ ਅਰੁਕ ਚੱਲ ਰਿਹਾ ਸੀ, ਠੀਕ ਉਵੇਂ ਹੀ ਜਿਵੇਂ ਅਸਾਂ ਲੜਾਈ ਸ਼ੁਰੂ ਹੋਣ ਤੋਂ ਕਈ ਮਹੀਨੇ ਪਹਿਲਾਂ ਖੁੱਲ੍ਹੇ ਸਮੁੰਦਰ ਵਿਚ ਮਸ਼ਕਾਂ ਕਰ ਕੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਕਾਇਮ ਕੀਤਾ ਹੋਇਆ ਸੀ। ਪੂਰਾ ਸਿਸਟਮ ਸੋਹਣੀ ਤਰ੍ਹਾਂ ਚੱਲ ਰਹੀ ਮਸ਼ੀਨ ਵਾਂਗ ਕੰਮ ਕਰ ਰਿਹਾ ਸੀ।

ਵਿਕਰਾਂਤ ਉਤੇ ਸਾਡੀ ਭੋਜਨ ਵਾਲੀ ਥਾਂ ਨੂੰ ਵਾਰਡਰੂਮ ਜਾਂ ਮੈੱਸ ਆਖਿਆ ਜਾਂਦਾ ਸੀ। ਅਪਰੇਸ਼ਨ ਖੇਤਰ ਵਿਚ ਰਹਿੰਦਿਆਂ ਕਈ ਮਹੀਨੇ ਹੋ ਗਏ ਸਨ। ਬੰਗਾਲ ਦੀ ਖਾੜੀ ਦੇ ਲੰਮੇ ਚੌੜੇ ਖੇਤਰ ਦੇ ਪਾਣੀਆਂ ਵਿਚ ਵਿਮਾਨਵਾਹਕ ਜਹਾਜ਼ ਵਿਕਰਾਂਤ ਆਪਣੀ ਕਮਾਨ ਦੇ ਜੰਗੀ ਜਹਾਜ਼ਾਂ ਨਾਲ ਵਿਚਰਦਾ ਫਿਰਦਾ ਸੀ। ਕਈ ਤਰ੍ਹਾਂ ਦੀਆਂ ਮਸ਼ਕਾਂ, ਯੁੱਧ ਲਈ ਲੋੜੀਂਦੀਆਂ ਕਾਰਵਾਈਆਂ, ਅਭਿਆਸ, ਸਮਾਨ, ਰਸਦ, ਅਮਲੇ ਦੀ ਲੁਹਾਈ ਢੁਹਾਈ ਆਦਿ ਦੇ ਕੰਮ ਬੜੇ ਸਹਿਜ ਤਰੀਕੇ ਨਾਲ ਚੱਲ ਰਹੇ ਸਨ।

ਜਹਾਜ਼, ਸਮੁੰਦਰ ਵਿਚ ਜੰਗੀ ਖੇਡਾਂ ਖੇਡਦੇ ਸਨ। ਅਭਿਆਸ ਰਾਤ ਨੂੰ ਵੀ ਚਲਦੇ ਰਹਿੰਦੇ। ਜੰਗੀ ਇਹਤਿਆਤ ਅਤੇ ਪੱਖਾਂ ਨੂੰ ਮੁੱਖ ਰੱਖਦਿਆਂ ਰਾਤ ਨੂੰ ਜਹਾਜ਼ਾਂ ਉਤੇ 'ਬੱਤੀਆਂ ਬੰਦ' ਦਾ ਹੁਕਮ ਹੁੰਦਾ ਸੀ ਤਾਂ ਕਿ ਦੂਰੋਂ ਕਿਸੇ ਨੂੰ ਜਹਾਜ਼ ਦੀ ਰੋਸ਼ਨੀ ਤੋਂ ਉਸ ਦੀ ਹੋਂਦ ਅਤੇ ਉਸ ਦੀ ਪੁਜ਼ੀਸ਼ਨ ਦਾ ਪਤਾ ਨਾ ਲੱਗ ਸਕੇ। ਯੁੱਧ ਵਿਚ ਵਰਤੀਆਂ ਜਾਣ ਵਾਲੀਆਂ ਆਮ ਅਤੇ ਮੂਲ ਸਾਵਧਾਨੀਆਂ ਵਿਚੋਂ ਇਹ ਵੀ ਇਕ ਸੀ। ਇਸ ਸਭ ਦਾ ਇਕ ਹੀ ਮਕਸਦ ਸੀ: ਪੂਰਬੀ ਪਾਕਿਸਤਾਨ ਦੀ ਸੰਪੂਰਨ ਨਾਕਾਬੰਦੀ ਅਤੇ ਉਸ ਨੂੰ ਆਖਰੀ ਝਟਕੇ ਲਈ ਤਿਆਰ ਕਰਨਾ।

ਵਿਕਰਾਂਤ ਕਿਸੇ ਛੋਟੇ ਪਿੰਡ ਜਿੱਡਾ ਜਹਾਜ਼ ਸੀ। ਜਹਾਜ਼ ਅੰਦਰ ਇਕ ਥਾਂ ਤੋਂ ਦੂਜੀ ਥਾਂ ਤੇ ਜਾਣ ਲਈ ਤੁਹਾਨੂੰ ਹੈਂਗਰਾਂ, ਫਲਾਈਟ ਡੈੱਕ, ਵਰਕਸ਼ਾਪਾਂ, ਲਾਇਬ੍ਰੇਰੀਆਂ, ਮੈੱਸਾਂ, ਸਟੋਰਾਂ, ਕੈਂਟੀਨਾਂ, ਦਫਤਰਾਂ, ਮਸ਼ੀਨਰੀ ਦੇ ਕਮਰਿਆਂ ਆਦਿ ਵਿਚੋਂ ਲੰਘਣਾ ਪੈਂਦਾ ਸੀ। ਜਹਾਜ਼ ਦੀਆਂ ਕਈ ਮੰਜ਼ਲਾਂ ਸਨ। ਪੌੜੀਆਂ ਚੜ੍ਹਨੀਆਂ ਉਤਰਨੀਆਂ ਪੈਂਦੀਆਂ ਸਨ। ਰਾਹ ਵਿਚ ਲੋਹੇ ਦੇ ਭਾਰੀ ਦਰਵਾਜ਼ੇ ਹੁੰਦੇ ਸਨ ਜਿਨ੍ਹਾਂ ਉਤੇ ਖਟਕੇ ਲੱਗੇ ਹੁੰਦੇ ਸਨ। ਇਨ੍ਹਾਂ ਖਟਕਿਆਂ ਨੂੰ ਹਟਾ ਕੇ, ਦਰਵਾਜ਼ਾ ਖੋਲ੍ਹ ਕੇ, ਲੰਘਣ ਤੋਂ ਬਾਅਦ ਦੁਬਾਰਾ ਪਹਿਲਾਂ ਵਾਂਗ ਬੰਦ ਕਰ ਕੇ ਖਟਕੇ ਫਿਰ ਲਾਉਣੇ ਹੁੰਦੇ ਸਨ। ਕੰਮ ਵਿਚ ਰੁੱਝੇ ਰਹਿਣ ਅਤੇ ਸਾਰਾ ਦਿਨ ਇਧਰ ਉਧਰ ਦੀ ਤੋਰਾ-ਫੇਰੀ ਕਾਰਨ ਹਰ ਇਕ ਦੀ ਕਾਫੀ



*ਚਿਟਾਗਾਂਗ ਦੀ ਝਲਕ ਜਿਥੋਂ ਆਚਾਰ ਦੇ ਪੀਪੇ ਆਏ।*

ਵਰਜਿਸ਼ ਹੋ ਜਾਂਦੀ ਸੀ ਅਤੇ ਭੋਜਨ ਦੇ ਸਮੇਂ ਤੱਕ ਭੁੱਖ ਚੰਗੀ ਤਰ੍ਹਾਂ ਚਮਕ ਜਾਂਦੀ ਸੀ।

ਨੌਜਵਾਨ ਅਤੇ ਤੰਦਰੁਸਤ ਸਰੀਰਾਂ ਨੂੰ ਭੁੱਖ ਵੀ ਚੋਖੀ ਲੱਗਦੀ ਹੈ। ਭੋਜਨ ਦਾ ਸਮਾਂ ਹੁੰਦਿਆਂ ਹੁੰਦਿਆਂ ਢਿੱਡਾਂ ਵਿਚ ਚੂਹੇ ਨੱਚਣ ਲੱਗ ਪੈਂਦੇ। ਮੈੱਸ ਸਟਾਫ ਪ੍ਰਤੀ ਦਿਨ ਇਕ ਤੋਂ ਇਕ, ਸੁਆਦੀ ਭੋਜਨ ਤਿਆਰ ਕਰਦੇ, ਫਿਰ ਵੀ ਸਾਡੇ ਵਿਚੋਂ ਕਈਆਂ ਨੂੰ ਸੁਆਦ ਲਾਉਣ ਦੀ ਚੇਟਕ ਹੁੰਦੀ ਸੀ। ਖਾਣੇ ਨਾਲ ਕੋਈ ਹਰੀ ਮਿਰਚ ਮੰਗਦਾ, ਕੋਈ ਪਿਆਜ਼। ਕਿਸੇ ਨੂੰ ਤਾਜ਼ਾ ਨਿੰਬੂ ਚਾਹੀਦਾ ਹੁੰਦਾ ਸੀ, ਕਿਸੇ ਨੂੰ ਅੰਬ ਦਾ ਅਚਾਰ। ਇਨ੍ਹਾਂ ਨਾਲ ਖਾਣੇ ਦਾ ਆਨੰਦ ਦੂਣਾ ਹੋ ਜਾਂਦਾ ਸੀ।

ਇਨ੍ਹਾਂ ਨਿੱਕੀਆਂ ਨਿੱਕੀਆਂ ਮੰਗਾਂ ਨੂੰ ਮੈੱਸ ਸਟਾਫ ਹੱਸ ਕੇ ਖਿੜੇ ਮੱਥੇ ਅਗਾਂਹ ਹੋ ਕੇ ਪੂਰੀਆਂ ਕਰਦਾ। ਆਪਣੇ ਸਾਲਾਂ ਦੇ ਤਜਰਬੇ ਤੋਂ ਉਨ੍ਹਾਂ ਨੂੰ ਪਤਾ ਸੀ ਕਿ ਇਨ੍ਹਾਂ ਵਸਤਾਂ ਦੀ ਲੋੜ ਪੈਣੀ ਹੈ, ਇਸ ਲਈ ਇਨ੍ਹਾਂ ਚੀਜ਼ਾਂ ਦਾ ਸਟਾਕ ਰੱਖਿਆ ਜਾਂਦਾ ਸੀ। ਇਸ ਸਭ ਦੇ ਨਾਲ ਨਾਲ ਉਪਰ ਲੜਾਈ ਵੀ ਚੱਲ ਰਹੀ ਸੀ।

ਕੁਝ ਹਫਤੇ ਬੀਤਣ ਪਿੱਛੋਂ ਸਾਨੂੰ ਲੱਗਾ ਕਿ ਕਿਤੇ ਕੋਈ ਮਾੜੀ ਜਿਹੀ ਸਮੱਸਿਆ ਜ਼ਰੂਰ ਆ ਰਹੀ ਹੈ। ਸਾਡੀ ਮੈੱਸ ਵਿਚ ਲੜਾਈ ਦੇ ਅਪਰੇਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਸਟਾਕ ਕੀਤੀਆਂ ਵਸਤਾਂ ਵਿਚੋਂ ਕੁਝ ਹੁਣ ਮਸਤ ਹੋਣ ਦੇ ਨੇੜੇ ਆ ਗਈਆਂ ਸਨ, ਤੇ ਫਿਰ ਹੌਲੀ ਹੌਲੀ ਤਾਜ਼ੇ ਬਣੇ ਖਾਣੇ ਦੀ ਥਾਂ ਡੱਬਿਆਂ ਵਿਚ ਬੰਦ ਭੋਜਨ ਗਰਮ ਕਰ ਕੇ ਪਰੋਸਿਆ ਜਾਣ ਲੱਗ ਪਿਆ। ਇਨ੍ਹਾਂ ਡੱਬਿਆਂ ਵਿਚ ਬੰਦ ਬਰਿਆਨੀ, ਪਕਾ ਕੇ ਬੰਦ ਕੀਤੀਆਂ ਸਬਜ਼ੀਆਂ, ਫਰੂਟ ਆਦਿ ਸ਼ਾਮਲ ਸਨ।

ਸ਼ੁਰੂ ਵਿਚ ਤਾਂ ਇਹ ਸੁਆਦ ਲੱਗੇ ਪਰ ਜਿਉਂ ਜਿਉਂ ਦਿਨ ਲੰਘਦੇ ਗਏ, ਤਾਜ਼ੀ ਸਬਜ਼ੀਆਂ ਲਈ ਜੀਅ ਤਾਂਘਣ ਲੱਗ ਪਿਆ। ਹੌਲੀ ਹੌਲੀ ਅਚਾਰ, ਹਰੀਆਂ ਮਿਰਚਾਂ, ਨਿੰਬੂ ਆਦਿ ਵੀ ਮੈੱਸ ਤੋਂ ਲੁਪਤ ਹੋ ਗਏ। ਮੈੱਸ ਸਟਾਫ ਬੜੀ ਸ਼ਰਮਿੰਦਗੀ ਦੇ ਲਹਿਜੇ ਵਿਚ ਝਕਦਾ ਝਕਦਾ ਦੱਸਦਾ ਕਿ ਇਹ ਚੀਜ਼ਾਂ ਸਟਾਕ ਵਿਚ ਨਹੀਂ ਹਨ। ਕਦੀ ਸੋਚਿਆ ਨਹੀਂ ਸੀ ਕਿ ਨਿਗੂਣੀਆਂ ਲੱਗਣ ਵਾਲੀਆਂ ਇਨ੍ਹਾਂ ਵਸਤਾਂ ਦੀ ਲੋਕਾਂ ਉਤੇ ਪਕੜ ਇੰਨੀ ਮਜ਼ਬੂਤ ਹੈ। ਲੱਗਦਾ ਸੀ, ਲੋਕਾਂ ਦੀ ਭੁੱਖ ਪਹਿਲਾਂ ਵਰਗੀ ਨਹੀਂ ਰਹਿ ਗਈ ਸੀ।

ਮੈੱਸ ਸਟਾਫ ਆਪਣੀਆਂ ਸਿੱਖੀਆਂ ਪਕਵਾਨ-ਵਿਦਿਆ ਵਿਧੀਆਂ ਅਨੁਸਾਰ ਕਈ ਤਰੀਕੇ ਵਰਤਦਾ, ਭੋਜਨ ਵਿਚ ਵੰਨ-ਸਵੰਨਤਾ ਲਿਆਉਣ ਦਾ ਹਰ ਸੰਭਵ ਹੀਲਾ ਕਰਦਾ ਅਤੇ ਉਸ ਨੂੰ ਹੋਰ ਸੁਆਦਲਾ ਬਣਾਉਣ ਦੇ ਸਾਰੇ ਉਪਰਾਲੇ ਕਰਦਾ ਪਰ ਉਨ੍ਹਾਂ ਨੂੰ ਸਫਲਤਾ ਹੱਥ ਨਹੀਂ ਲੱਗ ਰਹੀ ਸੀ। ਉਨ੍ਹਾਂ ਦੇ ਸਾਰੇ ਯਤਨ ਅਤੇ ਹੱਥਕੰਡੇ ਅਸਫਲ ਹੋ ਰਹੇ ਸਨ।

ਉਪਰ ਲੜੀ ਜਾ ਰਹੀ ਲੜਾਈ ਦੇ ਅਪਰੇਸ਼ਨਾਂ ਲਈ ਭਾਵੇਂ ਪਿਆਜ਼, ਅਚਾਰ, ਹਰੀਆਂ ਮਿਰਚਾਂ, ਨਿੰਬੂ, ਅਦਰਕ ਆਦਿ ਜ਼ਰੂਰੀ ਵਸਤਾਂ ਦੀ ਫਹਿਰਿਸਤ ਵਿਚ ਨਹੀਂ ਆਉਂਦੇ ਸਨ ਪਰ ਇਨ੍ਹਾਂ ਦੀ ਅਣਹੋਂਦ ਮੈੱਸ ਵਿਚ ਬੜੀ ਰੜਕ ਰਹੀ ਸੀ। ਰੋਟੀ ਵਿਚੋਂ ਸੁਆਦ ਜਿਵੇਂ ਕਫੂਰ ਬਣ ਕੇ ਉਡ ਗਿਆ ਸੀ।

ਫਿਰ ਖਬਰ ਆਈ ਕਿ ਪੂਰਬੀ ਪਾਕਿਸਤਾਨ ਨੇ ਹਥਿਆਰ ਸੁੱਟ ਦਿੱਤੇ ਹਨ। ਭਾਰਤ ਦੀ ਜਿੱਤ ਹੋਈ। ਨਵੇਂ ਮੁਲਕ ਬੰਗਲਾਦੇਸ਼ ਦਾ ਜਨਮ ਹੋਇਆ। ਲੜਾਈ ਖਤਮ ਹੋ ਗਈ। ਤੋਪਾਂ ਦੀਆਂ ਗੜਗੜਾਹਟ ਅਤੇ ਮਸ਼ੀਨਗੰਨਾਂ ਦੇ ਫਾਇਰ ਬੰਦ ਹੋ ਗਏ। ਵਿਕਰਾਂਤ ਦੇ ਬਰੌਡਕਾਸਟ ਸਿਸਟਮ ਤੋਂ ਸੁਣਾਈਆਂ ਜਾਂਦੀਆਂ ਖਬਰਾਂ ਦੀ ਬੁਲੇਟਿਨ ਨੂੰ ਸਾਰੇ ਕੰਨ ਲਾ ਕੇ ਸੁਣਦੇ। ਜਿਹੜੀ ਲੜਾਈ ਸਾਡੇ ਰੋਮ ਰੋਮ ਵਿਚ ਵੜ ਗਈ ਸੀ ਅਤੇ ਸਾਡੇ ਦਿਲ-ਓ-ਦਿਮਾਗ਼ ਉਤੇ ਹਰ ਭਾਂਤ ਗਾਲਬ ਸੀ, ਉਸ ਦਾ ਭੂਤ ਸਾਡੇ ਅੰਦਰੋਂ ਹੌਲੀ ਹੌਲੀ ਨਿਕਲਣ ਲੱਗਾ।

ਆਮ ਸਾਧਾਰਨ ਲੋਕਾਂ ਵਾਂਗ ਜੀਵਨ ਦੇ ਨਿੱਕੇ ਨਿੱਕੇ ਆਹਰ ਸਾਨੂੰ ਫਿਰ ਦਿਸਣ ਲੱਗ ਪਏ ਅਤੇ ਉਨ੍ਹਾਂ ਵਿਚ ਸਾਡਾ ਮਨ ਇਕ ਵਾਰੀ ਫਿਰ ਦਿਲਚਸਪੀ ਲੈਣ ਲੱਗ ਪਿਆ। ਆਪਣੇ ਘਰ ਅਤੇ ਪਰਿਵਾਰ ਫਿਰ ਯਾਦ ਆਉਣ ਲੱਗ ਪਏ। ਲੋਕੀਂ ਆਪਣੇ ਘਰਾਂ ਨੂੰ ਸਨੇਹੀ ਚਿੱਠੀਆਂ ਲਿਖਣ ਲੱਗ ਪਏ ਅਤੇ ਘਰੋਂ ਆਉਂਦੀ ਚਿੱਠੀ ਵਾਲੀ ਡਾਕ ਦੀ ਤੀਬਰਤਾ ਨਾਲ ਉਡੀਕ ਕਰਨ ਲੱਗ ਪਏ।

ਦੋ ਤਿੰਨ ਦਿਨਾਂ ਬਾਅਦ ਸਾਨੂੰ ਪਤਾ ਲੱਗਾ ਕਿ ਵਿਕਰਾਂਤ ਦਾ ਇਕ ਹੈਲੀਕੌਪਟਰ ਡਾਕ ਲੈਣ ਚਿਟਾਗੌਂਗ ਜਾ ਰਿਹਾ ਹੈ। ਮੈੱਸ ਸਟਾਫ ਵੱਲੋਂ ਵਿਸ਼ੇਸ਼ ਦਰਖਾਸਤ ਆਈ ਕਿ ਇਹ ਹੈਲੀਕੌਪਟਰ ਆਉਂਦਾ ਹੋਇਆ ਥੋੜ੍ਹਾ ਜਿਹਾ ਅਚਾਰ ਅਤੇ ਤਾਜ਼ੇ ਮਸਾਲੇ ਦੀਆਂ ਕੁਝ ਹੋਰ ਚੀਜ਼ਾਂ ਵੀ ਖਰੀਦ ਲਿਆਵੇ। ... ਤੇ ਸਮੁੰਦਰ ਵਿਚ ਡਿੱਗਿਆਂ ਜਾਂ ਗੁਆਚਿਆਂ ਨੂੰ ਲੱਭਣ ਅਤੇ ਉਨ੍ਹਾਂ ਨੂੰ ਬਚਾਉਣ ਦੇ ਆਪਣੇ ਰੋਲ ਲਈ 'ਮਿਹਰਾਂ ਦਾ ਫਰਿਸ਼ਤਾ' ਨਾਂ ਨਾਲ ਬੁਲਾਇਆ ਜਾਂਦਾ ਹੈਲੀਕੌਪਟਰ ਦੋ ਘੰਟਿਆਂ ਬਾਅਦ ਚਿਟਾਗੌਂਗ ਤੋਂ ਅਚਾਰ ਦੇ ਦੋ ਪੀਪੇ ਲੈ ਆਇਆ। ਨਾਲ ਹੀ ਉਸ ਵਿਚ ਪਟਸਨ ਦੀ ਬੋਰੀ ਸੀ ਜਿਸ ਵਿਚ ਹਰੀਆਂ ਮਿਰਚਾਂ, ਨਿੰਬੂ, ਅਦਰਕ, ਟਮਾਟਰ, ਧਨੀਆ, ਪਿਆਜ਼ ਵਰਗੀਆਂ ਨਾਯਾਬ ਨੇਅਮਤਾਂ ਭਰੀਆਂ ਪਈਆਂ ਸਨ।

ਚਿਟਾਗੌਂਗ ਤੋਂ ਆਈ ਇਸ ਵਿਸ਼ੇਸ਼ ਸਮੱਗਰੀ ਦੀ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਉਸ ਦਿਨ ਮੈੱਸ ਸਟਾਫ ਨੇ ਖਾਸ ਮਿਹਨਤ ਕਰ ਕੇ ਬੜੇ ਚਾਅ ਅਤੇ ਉਦਮ ਨਾਲ ਰਾਤ ਦਾ ਭੋਜਨ ਤਿਆਰ ਕੀਤਾ ਅਤੇ ਤਾਜ਼ੇ ਕੱਟੇ ਪਿਆਜ਼, ਹਰੀਆਂ ਮਿਰਚਾਂ, ਨਿੰਬੂ, ਟਮਾਟਰ ਆਦਿ ਨਾਲ ਸੱਜੀਆਂ ਹਰੇ ਸਲਾਦ ਦੀਆਂ ਪਲੇਟਾਂ ਨਾਲ ਟੇਬਲ ਸਜਾਏ।

ਉਂਜ ਜਿਸ ਚੀਜ਼ ਉਤੇ ਸਭ ਦੀ ਨਜ਼ਰ ਸੀ, ਉਹ ਸੀ ਚਿਟਾਗੌਂਗ ਤੋਂ ਹੁਣੇ ਹੁਣੇ ਆਇਆ ਅਚਾਰ। ਮੈੱਸ ਵਿਚ ਖਾਣ ਵਾਲਿਆਂ ਦੇ ਵੀ ਅਤੇ ਖੁਆਉਣ ਵਾਲਿਆਂ ਦੇ ਵੀ ਚਿਹਰੇ ਖਿੜੇ ਪਏ ਸਨ ਅਤੇ ਭੁੱਖ ਇਕ ਵਾਰ ਫਿਰ ਚਮਕ ਪਈ ਸੀ।

ਹੋ ਸਕਦਾ ਹੈ, ਅੰਬ ਦੇ ਅਚਾਰ ਦੇ ਉਹ ਦੋ ਪੀਪੇ ਨਵੇਂ ਬਣੇ ਮੁਲਕ ਬੰਗਲਾਦੇਸ਼ ਤੋਂ ਭਾਰਤ ਨੂੰ ਪਹਿਲੀ ਬਰਾਮਦ ਹੋਣ ਪਰ ਸਾਡੇ ਦਿਲ ਅਤੇ ਦਿਮਾਗ ਨੂੰ ਅਜਿਹੀਆਂ ਬੇਅਰਥ, ਵਾਧੂ ਅਤੇ ਫਜ਼ੂਲ ਸੋਚਾਂ ਦੀ ਕੋਈ ਵਿਹਲ ਨਹੀਂ ਸੀ। ਭਵਿੱਖ ਵਿਚ ਖੋਜੀ ਇਤਿਹਾਸਕਾਰ ਇਨ੍ਹਾਂ ਗੂੜ੍ਹ ਮਸਲਿਆਂ ਉਤੇ ਰੋਸ਼ਨੀ ਪਾ ਕੇ ਅਜਿਹੇ ਸਵਾਲਾਂ ਦੇ ਜਵਾਬ ਦੇ ਸਕਦੇ ਸਨ। ਸਾਡੇ ਸਾਹਮਣੇ ਗਰਮਾ-ਗਰਮ ਪਰੌਂਠੇ ਅਤੇ ਨਾਲ ਬੰਗਲਾਦੇਸ਼ ਤੋਂ ਆਇਆ ਅੰਬ ਦਾ ਕਰਾਰਾ ਅਚਾਰ ਪਰੋਸੇ ਪਏ ਸਨ। ਦੋਹਾਂ ਦੇ ਸੁਮੇਲ ਅਤੇ ਉਨ੍ਹਾਂ ਦੀ ਸੁਭਾਨ ਜੋੜੀ ਦਾ ਆਪਣਾ ਹੀ ਸੁਆਦ ਸੀ, ਆਪਣਾ ਹੀ ਆਨੰਦ ਸੀ।

# ਗਾਇਕੀ, ਸੰਗੀਤ ਤੇ ਅਦਾਕਾਰੀ ਦਾ ਸੁਮੇਲ ਦਿਲਖੁਸ਼ ਥਿੰਦ

ਦਿਲਖੁਸ਼ ਥਿੰਦ ਲਈ ਸਤਰੰਗੀ ਪੀਂਘ ਸ਼ਬਦ ਵਰਤਣ ਵਿਚ ਮੈਨੂੰ ਕੋਈ ਹੈਰਾਨੀ ਨਹੀਂ ਹੋਈ। ਉਸ ਦੀ ਸ਼ਖ਼ਸੀਅਤ ਤੋਂ ਜਿਹੜਾ ਸ਼ਖ਼ਸ ਵੀ ਬਾਵਸਤਾ ਹੈ, ਉਹ ਉਸ ਨੂੰ ਹਰਫ਼ਨਮੌਲਾ ਕਹਿਣ ਤੋਂ ਗੁਰੇਜ਼ ਨਹੀਂ ਕਰਦਾ ਤੇ ਨਾ ਹੀ ਕਦੇ ਕਰੇਗਾ।

ਗੁਣਾਂ ਦੀ ਖ਼ਾਣ ਦਿਲਖੁਸ਼ ਥਿੰਦ ਫਿਰੋਜ਼ਪੁਰ ਜ਼ਿਲ੍ਹੇ ਦੇ ਕਸਬੇ ਗੁਰੂ ਹਰਸਹਾਏ ਦੇ ਪਿੰਡ ਚੱਕ ਮਹੰਤਾਂ ਵਾਲਾ ਦਾ ਜੰਮਪਲ ਹੈ।

ਘਰ ਦੇ ਸੰਗੀਤਮਈ ਮਾਹੌਲ ਕਰਕੇ ਉਸ ਦੀ ਗਾਇਕੀ ਦੀ ਸ਼ੁਰੂਆਤ ਸੱਤ-ਅੱਠ ਸਾਲ ਦੀ ਉਮਰ ਵਿਚ ਹੋ ਗਈ ਸੀ। ਨਿੱਕੀ ਉਮਰੇ ਹੀ ਉਹ ਤੇ ਉਸ ਦਾ ਨਿੱਕਾ ਵੀਰ ਆਪਣੇ ਪਿਤਾ ਤੇ ਚਾਚਾ ਜੀ ਨਾਲ ਮੇਲਿਆਂ ਤੇ ਵੱਖ-ਵੱਖ ਸਟੇਜਾਂ 'ਤੇ ਧਾਰਮਿਕ ਪ੍ਰੋਗਰਾਮ ਵਿਚ ਸ਼ਿਰਕਤ ਕਰਿਆ

ਪ੍ਰੀਤਮ ਲੁਧਿਆਣਵੀ

ਕਰਦੇ ਸਨ। ਉਦੋਂ ਤੋਂ ਹੀ ਉਹ ਸੁਰ ਪੱਖੋਂ ਪੱਕੇ ਹੋ ਚੁੱਕੇ ਹਨ। ਉਨ੍ਹਾਂ ਨੇ ਆਪਣੀ ਗਾਇਕੀ ਦੇ ਰੰਗ ਸਕੂਲ ਵਿਚ ਵੀ ਬਿਖੇਰਨੇ ਸ਼ੁਰੂ ਕਰ ਦਿੱਤੇ ਸਨ, ਜਿੱਥੇ ਉਨ੍ਹਾਂ ਦੀ ਗਾਇਕੀ ਨੂੰ ਬਹੁਤ ਸਲਾਹਿਆ ਗਿਆ। ਉਨ੍ਹਾਂ ਦੀ ਗਾਇਕੀ ਨੇ ਜਲੰਧਰ ਤੋਂ ਆਏ ਅਧਿਆਪਕ ਸ. ਸੁਰਜੀਤ ਸਿੰਘ ਨੂੰ ਬਹੁਤ ਪ੍ਰਭਾਵਿਤ ਕੀਤਾ, ਜਿਨ੍ਹਾਂ ਦੀ ਬਦੌਲਤ ਸੰਨ 1988 ਵਿਚ ਦਿਲਖੁਸ਼ ਥਿੰਦ ਨੂੰ ਜਲੰਧਰ ਦੂਰਦਰਸ਼ਨ ਦੇ ਬੱਚਿਆਂ ਦੇ ਹਰਮਨ-ਪਿਆਰੇ ਪ੍ਰੋਗਰਾਮ 'ਝਿਲਮਿਲ ਤਾਰੇ' ਵਿਚ ਗਾਉਣ ਦਾ ਮੌਕਾ ਮਿਲਿਆ। ਇਸ ਤੋਂ ਬਾਅਦ ਉਨ੍ਹਾਂ ਨੇ ਗਾਇਕੀ ਨੂੰ ਆਪਣਾ ਕਰੀਅਰ ਬਣਾ ਲਿਆ ਤੇ ਦੁਹਰੀ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ।

ਉਸਤਾਦ ਨਿਰਮਲ ਸਿੱਧੂ ਦੀ ਦੇਖ-ਰੇਖ ਹੇਠ ਉਸ ਨੇ ਗਾਇਕੀ ਦੀਆਂ ਬਾਰੀਕੀਆਂ ਨੂੰ ਸਮਝਣਾ ਸ਼ੁਰੂ ਕਰ ਦਿੱਤਾ। 1990 ਦੌਰਾਨ ਨਿਰਮਲ ਸਿੱਧੂ ਨੇ ਗਾਇਕੀ ਨਾਲ ਜੁੜੇ ਬੱਚਿਆਂ ਲਈ ਇਕ ਪਲੇਟਫਾਰਮ ਤਿਆਰ ਕੀਤਾ, ਜਿਸ ਤਹਿਤ ਉਨ੍ਹਾਂ ਨੇ ਗਾਇਕੀ ਨਾਲ ਜੁੜੇ ਬੱਚਿਆਂ ਲਈ ਐਲਬਮ ਤਿਆਰ ਕੀਤੇ। ਐਲਬਮ ਵਿਚ ਸ਼ਿਰਕਤ ਕਰਨ ਵਾਲੇ ਸੁਰੀਲੇ ਗਾਇਕਾਂ ਵਿਚ ਮਾਸਟਰ ਸਲੀਮ, ਮਾਸਟਰ ਖ਼ਾਨ ਤੇ ਮਾਸਟਰ ਦਿਲਖੁਸ਼ ਨਾਂ ਸ਼ੁਮਾਰ ਹੋਏ।

ਛੋਟੀ ਉਮਰ ਵਿਚ ਆਈ ਐਲਬਮ ਨਾਲ ਦਿਲਖੁਸ਼ ਦੇ ਹੌਸਲੇ ਨੂੰ ਵੱਡਾ ਹੁੰਗਾਰਾ ਮਿਲਿਆ ਤੇ ਉਸ ਨੇ ਸੰਗੀਤ ਨੂੰ ਕਰੀਅਰ ਵਜੋਂ ਚੁਣ ਲਿਆ ਤੇ ਡਟ ਕੇ ਮਿਹਨਤ ਕਰਨੀ ਸ਼ੁਰੂ ਕਰ ਦਿੱਤੀ। ਉਸ ਨੇ ਉਸਤਾਦ ਨਿਰਮਲ ਸਿੱਧੂ ਕੋਲ ਲਗਾਤਾਰ ਦਸ ਸਾਲ ਗਾਇਕੀ ਤੇ ਸੰਗੀਤ ਦਾ ਗਿਆਨ ਹਾਸਲ ਕੀਤਾ। ਉਸ ਦੀ ਮਿਹਨਤ ਉਸ ਦੀ ਗਾਇਕੀ ਤੋਂ ਆਪ-ਮੁਹਾਰੇ ਝਲਕਦੀ ਹੈ।

ਇਸ ਤੋਂ ਬਾਅਦ ਐਲਬਮਾਂ ਦੀ ਲਗਾਤਾਰਤਾ ਜਾਰੀ ਰਹੀ। ਗਾਇਕੀ ਤੋਂ ਉਸ ਨੇ ਸੰਗੀਤ ਦੀ ਅਗਲੀ ਪੌੜੀ ਵੱਲ ਕਦਮ ਵਧਾਏ। ਅਸਲ 'ਚ ਸੰਨ 2000 ਵਿਚ ਉਸ ਦੀ 'ਅਮਰ' ਆਡੀਓ ਵੱਲੋਂ ਜਾਰੀ ਹੋਈ ਇਕ ਐਲਬਮ 'ਮੇਰੀ ਜਾਨ' ਬਹੁਤ ਮਕਬੂਲ ਹੋਈ ਪਰ ਕਿਸੇ ਵਜ੍ਹਾ ਕਰਕੇ ਉਸ ਨੇ ਗਾਇਕੀ ਤੋਂ ਕਿਨਾਰਾ ਕਰਨ ਦਾ ਸੋਚ ਲਿਆ। ਜਦੋਂ ਇਸ ਗੱਲ ਦਾ ਪਤਾ ਉਸਤਾਦ ਨਿਰਮਲ ਸਿੱਧੂ ਜੀ ਨੂੰ ਲੱਗਾ ਤਾਂ ਉਨ੍ਹਾਂ ਨੇ ਉਸ ਨੂੰ ਗਾਇਕੀ ਤੋਂ ਮਿਊਜ਼ਿਕ ਡਾਇਰੈਕਸ਼ਨ ਵੱਲ ਤੋਰ ਦਿੱਤਾ।




ਦਿਲਖੁਸ਼ ਦਾ ਛੋਟਾ ਭਰਾ ਚੰਡੀਗੜ੍ਹ 'ਚ ਮੁਹੰਮਦ ਸਦੀਕ ਦੇ ਸਟੂਡੀਓ ਵਿਚ ਰਿਕਾਰਡਿਸਟ ਵਜੋਂ ਕੰਮ ਕਰ ਰਿਹਾ ਸੀ, ਜਿਸ ਕਾਰਨ ਉਨ੍ਹਾਂ ਦਾ ਬਠਿੰਡੇ ਤੋਂ ਚੰਡੀਗੜ੍ਹ ਤੇ ਗਾਇਕੀ ਤੋਂ ਮਿਊਜ਼ਿਕ ਡਾਇਰੈਕਸ਼ਨ ਦਾ ਸਫ਼ਰ ਸ਼ੁਰੂ ਹੋ ਗਿਆ। ਦਸ-ਬਾਰਾਂ ਦਿਨਾਂ ਦੀ ਸਖ਼ਤ ਮਿਹਨਤ ਦੀ ਬਦੌਲਤ ਉਸ ਨੂੰ ਬਤੌਰ ਮਿਊਜ਼ਿਕ ਡਾਇਰੈਕਟਰ ਇਕ ਐਲਬਮ ਮਿਲੀ ਤੇ ਉਸ ਦਾ ਨਾਮ ਬਤੌਰ ਮਿਊਜ਼ਿਕ ਡਾਇਰੈਕਟਰ ਸ਼ੁਮਾਰ ਹੋ ਗਿਆ, ਫਿਰ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ।

ਉਸ ਨੇ ਇਕ ਤੋਂ ਬਾਅਦ ਅਨੇਕਾਂ ਐਲਬਮਾਂ ਨੂੰ ਆਪਣੇ ਸੰਗੀਤ ਨਾਲ ਸ਼ਿੰਗਾਰਿਆ ਤੇ ਹੁਣ ਤਕ ਇਹ ਸਫ਼ਰ ਸਫ਼ਲਤਾਪੂਰਵਕ ਜਾਰੀ ਹੈ। ਉਸ ਨੇ ਪੰਜਾਬੀ ਇੰਡਸਟਰੀ ਦੀ ਝੋਲੀ ਬਹੁਤ ਹਿੱਟ ਗੀਤ ਪਾਏ, ਜਿਨ੍ਹਾਂ ਵਿਚੋਂ ਨਿਰਮਲ ਸਿੱਧੂ ਦਾ ਗਾਇਆ ਗੀਤ

'ਹਰ ਗੱਭਰੂ ਦੀ ਅੱਖ ਵਿਚ ਤੂੰ
ਨੀ ਅੱਜ-ਕੱਲ੍ਹ ਰੜਕੇਂ।

ਬੇਹੱਦ ਮਕਬੂਲ ਹੋਇਆ। ਇਸ ਤੋਂ ਇਲਾਵਾ ਹਰਿੰਦਰ ਸੰਧੂ ਵਲੋਂ ਗਾਇਆ ਗੀਤ ਸੁਫ਼ਨਾ..

ਰਾਜ ਬਰਾੜ ਵੱਲੋਂ ਗਾਏ ਗੀਤ

'ਤੇਰੀ ਖ਼ਾਤਰ ਤੁਰ ਜਾਂ
ਨੰਗੀਆਂ ਤਲਵਾਰਾਂ 'ਤੇ..

ਅਤੇ

'ਤੇਰੇ ਸਾਰੇ ਸ਼ੱਕ ਪੁਗਾ ਦੂੰਗਾ..
ਮੈਨੂੰ ਮਿਲ ਗਿਆ ਕਾਰਡ ਗਰੀਨ ਕੁੜੇ'

ਹਰਭਜਨ ਮਾਨ ਦਾ ਗਾਇਆ ਪਰਿਵਾਰਕ ਗੀਤ

'ਸਾਉਣ ਦੇ ਮਹੀਨੇ ਵਿਚ
ਕੁੜੀਆਂ ਦੇ ਸੀਨੇ ਵਿਚ
ਕਿੱਕਲੀਆਂ ਪਾਉਂਦੇ ਲੱਖਾਂ ਚਾਅ'

ਇਕ ਹੋਰ ਗੀਤ 'ਅੰਮ੍ਰਿਤਸਰ ਲਾਹੌਰ' ਜਿਸ ਨੂੰ ਮਰਹੂਮ ਜਨਾਬ ਸ਼ੌਕਤ ਅਲੀ ਜੀ ਦੇ ਬੇਟੇ ਨਾਲ ਮਿਲ ਕੇ ਪੇਸ਼ ਕੀਤਾ, ਜੋ ਸਰਹੱਦ ਪਾਰ ਬੈਠੇ ਪੰਜਾਬੀਆਂ ਦੇ ਦਿਲਾਂ ਵਿਚ ਪਿਆਰਾਂ ਦੀ ਸਾਂਝ ਨੂੰ ਹੋਰ ਗੂੜ੍ਹਾ ਕਰਨ ਵਿਚ ਬਹੁਤ ਸਾਰਥਕ ਸਾਬਤ ਹੋਇਆ। ਇਹ ਗੀਤ ਦਿਲਖੁਸ਼ ਨੂੰ ਵੱਡੀਆਂ ਸਟੇਜਾਂ 'ਤੇ ਵੀ ਮਾਣ-ਸਨਮਾਨ ਦਿਵਾਉਣ ਵਿਚ ਬਹੁਤ ਸਾਰਥਕ ਸਾਬਤ ਹੋਇਆ।

ਇਨ੍ਹਾਂ ਗੀਤਾਂ ਨੇ ਦਿਲਖੁਸ਼ ਥਿੰਦ ਨੂੰ ਗਾਇਕ ਦੇ ਨਾਲ-ਨਾਲ ਦਰਸ਼ਕਾਂ ਦਾ ਹਰਮਨ-ਪਿਆਰਾ ਮਿਊਜ਼ਕ ਡਾਇਰੈਕਟਰ ਵੀ ਬਣਾ ਦਿੱਤਾ। ਇਸ ਤੋਂ ਇਲਾਵਾ ਕੁਝ ਹੋਰ ਵੀ ਹਿੱਟ ਗੀਤ ਨੇ, ਜਿਨ੍ਹਾਂ ਨੂੰ ਉਸ ਨੇ ਸੰਗੀਤ ਦੇ ਨਾਲ-ਨਾਲ ਆਪਣੀ ਆਵਾਜ਼ ਨਾਲ ਵੀ ਸ਼ਿੰਗਾਰਿਆ ਹੈ। ਬਲਵੀਰ ਸੂਫ਼ੀ ਜੀ ਦਾ ਲਿਖਿਆ ਗੀਤ 'ਰੱਬ ਤੇ ਮਾਂ' ਹਰ ਪੰਜਾਬੀ ਦੀ ਜ਼ੁਬਾਨ 'ਤੇ ਚੜ੍ਹਿਆ ਹੋਇਆ ਹੈ....

ਭਾਵੇਂ ਰੁੱਖਾਂ ਦੀ ਹੋਵੇ ਤੇ
ਭਾਵੇਂ ਕੰਧਾਂ ਦੀ ਹੋਵੇ,
ਛਾਂ ਤਾਂ ਛਾਂ ਹੰਦੀ ਹੀ ਏ
ਹਾਂ ਕਿਸੇ ਵੀ ਮੁਲਕ ਦੀ ਹੋਵੇ
ਕਿਸੇ ਵੀ ਮਜ਼ਬ ਦੀ ਹੋਵੇ
ਮਾਂ ਤਾਂ ਮਾਂ ਹੀ ਹੁੰਦੀ ਏ।
ਮੈਂ ਵੇਖਿਆ ਨਹੀਂ
ਪਰ ਸੁਣਿਆ ਏ
ਰੱਬ ਸੋਹਣਾ ਏ
ਰੱਬ ਬਿਲਕੁਲ ਮੇਰੀ ਮਾਂ
ਦੇ ਵਰਗਾ ਹੋਣਾ ਏ।
ਰੱਬ ਬਿਲਕੁਲ
ਮੇਰੀ ਅੰਮੜੀ ਵਰਗਾ ਹੋਣਾ ਏ...।

ਇਸ ਤੋਂ ਇਲਾਵਾ ਮਨਪ੍ਰੀਤ ਟਿਵਾਣਾ ਜੀ ਦਾ ਕਲਮਬੱਧ ਕੀਤਾ ਗੀਤ 'ਵਫ਼ਾਵਾਂ' ਵੀ ਬਹੁਤ ਮਕਬੂਲ ਹੋਇਆ। ਹੁਣ ਤਕ ਉਹ ਲਗਭਗ 4000 ਤੋਂ ਵੱਧ ਗੀਤਾਂ ਨੂੰ ਮਿਊਜ਼ਿਕ ਦੇ ਚੁੱਕੇ ਹਨ ਤੇ ਹੋਰ ਵੀ ਬਹੁਤ ਸਾਰੇ ਪ੍ਰੋਜੈਕਟਸ 'ਤੇ ਕੰਮ ਨਿਰੰਤਰ ਚੱਲ ਰਿਹਾ ਹੈ। ਉਹ ਹਰਭਜਨ ਮਾਨ, ਨਿਰਮਲ ਸਿੱਧੂ, ਸੁਦੇਸ਼ ਕੁਮਾਰੀ, ਪ੍ਰਵੀਨ ਭਾਰਟਾ, ਨਛੱਤਰ ਗਿੱਲ, ਬਲਕਾਰ ਸਿੱਧੂ, ਜੱਸੀ ਗੁਰਦਾਸਪੁਰੀਆ, ਕੁਲਵਿੰਦਰ, ਸਤਵਿੰਦਰ ਬੁੱਗਾ, ਰਾਣੀ ਰਣਦੀਪ, ਸਤਵਿੰਦਰ ਬਿੱਟੀ, ਰਾਜ ਸਹੋਤਾ, ਕੁਝ ਮੁੱਖ ਨਾਵਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਕਲਾਕਾਰਾਂ ਦੀਆਂ ਆਵਾਜ਼ਾਂ ਨੂੰ ਸੰਗੀਤਬੱਧ ਕਰ ਚੁੱਕਿਆ ਹੈ। ਚਲੋ ਹੁਣ ਹਰਫ਼ਨਮੌਲਾ ਦਿਲਖੁਸ਼ ਥਿੰਦ ਦੇ ਫਿਲਮੀ ਕਰੀਅਰ ਦੀ ਗੱਲ ਕਰਦੇ ਹਾਂ।

ਗੀਤਾਂ ਦੇ ਮਿਊਜ਼ਿਕ ਤੋਂ ਇਲਾਵਾ ਦਿਲਖੁਸ਼ ਥਿੰਦ ਨੇ ਬਹੁਤ ਸਾਰੀਆਂ ਫਿਲਮਾਂ ਤੇ ਥਿਏਟਰ ਨਾਟਕਾਂ ਨੂੰ ਵੀ ਮਿਊਜ਼ਿਕ ਡਾਇਰੈਕਸ਼ਨ ਨਾਲ ਉੱਚਾ ਮੁਕਾਮ ਦਿਵਾਇਆ ਹੈ। ਥਿਏਟਰ ਨਾਟਕ ਦੇ ਲੇਖਕ ਤੇ ਨਿਰਦੇਸ਼ਕ ਅਨੀਤਾ ਸ਼ਬਦੀਸ਼ ਜੀ ਦੇ ਡਾਇਰੈਕਟ ਕੀਤੇ ਨਾਟਕ 'ਲਾਲ ਕਨੇਰ' ਨੂੰ ਜਦੋਂ ਦਿਲਖੁਸ਼ ਨੇ ਮਿਊਜ਼ਿਕ ਨਾਲ ਸ਼ਿੰਗਾਰਿਆ ਤਾਂ ਸ਼ਬਦੀਸ਼ ਜੀ ਨੂੰ ਸੰਗੀਤ ਦੀ ਪੇਸ਼ਕਾਰੀ ਬਹੁਤ ਰੌਚਕ ਤੇ ਵਧੀਆ ਲੱਗੀ। ਜਦੋਂ ਸੰਗੀਤ ਦਾ ਸਾਰਾ ਕੰਮ ਮੁਕੰਮਲ ਹੋ ਗਿਆ ਤਾਂ ਮੈਡਮ ਸ਼ਬਦੀਸ਼ ਕਹਿਣ ਲੱਗੇ ਕਿ ਨਾਟਕ ਦਾ ਮਿਊਜ਼ਿਕ ਪਲੇਅ ਕੌਣ ਕਰੇਗਾ? ਜੇ ਸਾਰੇ ਨਾਟਕ ਵਿਚ ਸੰਗੀਤ ਥੋੜ੍ਹਾ ਜਿਹਾ ਵੀ ਏਧਰ-ਓਧਰ ਹੋ ਗਿਆ ਤਾਂ ਨਾਟਕ ਦਾ ਸਟੇਜ 'ਤੇ ਸੀਨ ਹੋਰ ਹੋਵੇਗਾ ਤੇ ਸੰਗੀਤ ਕੁਝ ਹੋਰ ਤਾਂ ਉਹ ਦਿਲਖੁਸ਼ ਨੂੰ ਮਿਊਜ਼ਿਕ ਪਲੇਅ ਕਰਨ ਲਈ ਆਪਣੇ ਨਾਲ ਲੈ ਗਏ।

ਰਿਹਰਸਲ 'ਤੇ ਵੀ ਪੂਰੀ ਟੀਮ ਨਾਲ ਹੋਣ ਕਰਕੇ ਉਸਨੂੰ ਪਲੇਅ ਦੇ ਸਾਰੇ ਡਾਇਲਾਗ ਯਾਦ ਹੋ ਗਏ ਸਨ ਤੇ ਫੇਰ ਜਦ ਜਲੰਧਰ ਵਿਖੇ ਗ਼ਦਰੀ ਬਾਬਿਆਂ ਦੇ ਮੇਲੇ 'ਤੇ ਉਹੀ ਨਾਟਕ ਦੁਬਾਰਾ ਖੇਡਿਆ ਗਿਆ ਤਾਂ ਉਹ ਓਥੇ ਵੀ ਉਸ ਨੂੰ ਨਾਲ ਲੈ ਗਏ। ਨਾਟਕ ਦੀ ਪੇਸ਼ਕਾਰੀ ਸਮੇਂ ਇਕ ਆਰਟਿਸਟ ਦੇ ਗ਼ੈਰ-ਹਾਜ਼ਰ ਹੋਣ ਕਰਕੇ ਦਿਲਖੁਸ਼ ਨੂੰ ਐਕਟਿੰਗ ਦਾ ਮੌਕਾ ਮਿਲ ਗਿਆ ਤੇ ਦਿਲਖੁਸ਼ ਨੇ ਆਪਣੀ ਐਕਟਿੰਗ ਨਾਲ ਵੀ ਦਰਸ਼ਕਾਂ ਦੇ ਦਿਲ ਜਿੱਤ ਲਏ। ਇਸ ਤਰ੍ਹਾਂ ਥਿੰਦ ਦੀ ਐਕਟਿੰਗ ਵਿਚ ਵੀ ਸ਼ੁਰੂਆਤ ਹੋ ਗਈ।

ਉਸ ਵਲੋਂ ਕੀਤੀ ਅਦਾਕਾਰੀ ਕਰਕੇ ਉਸ ਨੂੰ ਪਾਲੀ ਭੁਪਿੰਦਰ ਜੀ ਦੇ ਕਾਮੇਡੀ ਨਾਟਕ 'ਕੁਝ ਤਾਂ ਕਰੋ ਯਾਰੋ' ਵਿਚ ਕਿਰਦਾਰ ਕੌਨ ਦਾ ਮੌਕਾ ਮਿਲ ਗਿਆ। ਫਿਰ ਉਸ ਨੇ ਐਕਟਿੰਗ ਦੇ ਖੇਤਰ ਵਿਚ ਵੀ ਆਪਣੇ ਜ਼ੌਹਰ ਵਿਖਾਏ। ਚੰਗੀ ਅਦਾਕਾਰੀ ਕਰਕੇ ਉਸਨੂੰ ਬਹੁਤ ਸਾਰੇ ਸਟੇਜ ਸ਼ੋਅਜ਼ ਤੇ ਫਿਲਮਾਂ ਵਿਚ ਕੰਮ ਮਿਲਿਆ।

ਉਸ ਦੀ ਪਹਿਲੀ ਫਿਲਮ 'ਦੇਸੀ ਮੁੰਡੇ' ਸੀ, ਜਿਸ ਵਿਚ ਉਸ ਨੇ ਕਮਾਲ ਦੀ ਅਦਾਕਾਰੀ ਕੀਤੀ। ਇਸ ਫਿਲਮ ਵਿਚ ਕੀਤੀ ਅਦਾਕਾਰੀ ਜਦ ਪੰਜਾਬੀ ਫਿਲਮ ਸਨਅਤ ਦੇ ਮਕਬੂਲ ਡਾਇਰੈਕਟਰ ਅਮੀਤੋਜ ਜੀ ਦੀ ਨਜ਼ਰ ਪਈ ਤਾਂ ਸਰਦਾਰ ਸੋਹੀ ਜੀ ਜ਼ਰੀਏ ਦਿਲਖੁਸ਼ ਨੂੰ ਸੁਪਰ ਹਿੱਟ ਫਿਲਮ 'ਹਾਣੀ' ਦਾ ਹਿੱਸਾ ਬਣਨ ਦਾ ਸਬੱਬ ਬਣ ਗਿਆ। ਇਸ ਤੋਂ ਬਾਅਦ ਉਸ ਨੇ 'ਗੁੱਦਾਰ' ਫਿਲਮ ਵਿਚ ਐਸ.ਐਸ.ਪੀ. ਦਾ ਰੋਲ ਅਦਾ ਕੀਤਾ, ਜਿਸ ਨੂੰ ਬਹੁਤ ਸਲਾਹਿਆ ਗਿਆ।

ਹਰਭਜਨ ਮਾਨ ਵਰਗੇ ਦਿੱਗਜ ਕਲਾਕਾਰ ਨਾਲ ਕੰਮ ਕਰ ਚੁੱਕੇ ਦਿਲਖੁਸ਼ ਥਿੰਦ ਨੂੰ ਦੋ ਸਾਲ ਪਹਿਲਾਂ ਸੰਗੀਤ ਨਿਰਦੇਸ਼ਕ ਦੇ ਤੌਰ 'ਤੇ ਕੈਨੇਡਾ ਦੀ ਪਾਰਲੀਮੈਂਟ ਵਿਚ ਉੱਥੋਂ ਦੇ ਪੀ.ਐਮ. ਵੱਲੋਂ ਸਨਮਾਨਿਤ ਕੀਤਾ ਗਿਆ।

ਹੁਣ ਮੈਂ ਗੱਲ ਕਰ ਰਿਹਾਂ ਉਸ ਦੇ ਗੀਤ 'ਮਰਜਾਣੀ' ਦੀ, ਜਿਸ ਦਾ ਮਿਊਜ਼ਿਕ ਉਸ ਨੇ ਖ਼ੁਦ ਤਿਆਰ ਕੀਤਾ ਹੈ, ਜਿਸ ਦਾ ਕੋਈ ਜਵਾਬ ਨਹੀਂ। ਮਰਜਾਣੀ ਦੇ ਬੋਲਾਂ ਨੂੰ 'ਗੁਰਧਨ ਘੁੰਮਣ' ਜੀ ਨੇ ਕਲਮਬੱਧ ਕੀਤਾ ਹੈ। ਸਕਰੀਨ ਡਿਸਪਲੇਅ ਦੀ ਜ਼ਿੰਮੇਵਾਰੀ ਸੋਨੀ ਠੁੱਲੇਵਾਲ ਜੀ ਨੇ ਨਿਭਾਈ ਹੈ। ਇਸ ਗੀਤ ਦੀ ਵੀਡੀਓ ਵਿਚ ਅਦਾਕਾਰੀ ਕਰਨ ਵਾਲੇ ਚਿਹਰਿਆਂ ਤੋਂ ਕੋਈ ਵੀ ਅਣਜਾਣ ਨਹੀਂ ਹੈ। ਇਸ ਗੀਤ ਨੂੰ ਜਦ ਖ਼ੁਦ ਸੁਣੋਗੇ ਤਾਂ ਤੁਹਾਨੂੰ ਰੂਹਦਾਰੀ ਦਾ ਇਹ ਗੀਤ ਸੁਣ ਕੇ ਬਹੁਤ ਆਨੰਦ ਵੀ ਆਏਗਾ ਤੇ ਖ਼ੁਸ਼ੀ ਵੀ ਮਹਿਸੂਸ ਹੋਵੇਗੀ।

'ਮਰਜਾਣੀ' ਗੀਤ ਵਾਂਗ ਹੀ 'ਪਹਿਲਾ ਤੇ ਆਖ਼ਰੀ ਪਿਆਰ ਤੂੰ ਏਂ' ਕੁਝ ਦਿਨ ਪਹਿਲਾਂ ਹੀ ਉਸ ਦੇ ਆਪਣੇ ਦਿਲਖੁਸ਼ ਰਿਕਾਰਡਜ਼ ਵੱਲੋਂ ਆਪਣੇ ਯੂ ਟਿਊਬ ਚੈਨਲ 'ਤੇ ਰਿਲੀਜ਼ ਕੀਤਾ ਗਿਆ ਹੈ। ਦਿਨਾਂ ਵਿਚ ਹੀ ਇਹ ਗੀਤ ਸਰੋਤਿਆਂ ਦਾ ਹਰਮਨ ਪਿਆਰਾ ਗੀਤ ਬਣ ਗਿਆ ਹੈ। 'ਮਰਜਾਣੀ' ਗੀਤ ਵਾਂਗ ਹੀ ਇਸ ਗੀਤ ਨੂੰ ਵੇਖਣ ਵਾਲਿਆਂ ਦੀ ਗਿਣਤੀ ਲਗਭਗ ਦਸ ਲੱਖ ਤਕ ਪਹੁੰਚ ਗਈ ਹੈ। ਇਸ ਗੀਤ ਦੀ ਵਿਲੱਖਣਤਾ ਇਸ ਗੀਤ ਨੂੰ ਵੇਖ ਕੇ ਤੇ ਸੁਣ ਕੇ ਹੀ ਮਹਿਸੂਸ ਹੋਵੇਗੀ। ਇਸ ਸੁਪਰਹਿੱਟ ਗੀਤ ਨੇ ਇਕ ਵਾਰ ਫਿਰ ਦਿਲਖੁਸ਼ ਥਿੰਦ ਨੂੰ ਸੁਪਰਸਟਾਰ ਦੀ ਕਤਾਰ ਵਿਚ ਲਿਆ ਖੜ੍ਹਾ ਕਰ ਦਿੱਤਾ ਹੈ। ਹਰਫ਼ਨਮੌਲਾ ਹਰ ਦਿਲ ਅਜ਼ੀਜ਼ ਪਿਆਰੇ ਦਿਲਖੁਸ਼ ਥਿੰਦ ਨੂੰ ਆਉਣ ਵਾਲੇ ਸਾਰੇ ਪ੍ਰੋਜੈਕਟਾਂ ਲਈ ਸ਼ੁਭ ਕਾਮਨਾਵਾਂ ਤੇ ਦੁਆਵਾਂ।

# ਬੁਰਜ ਖਲੀਫਾ 'ਤੇ ਪ੍ਰਦਰਸ਼ਿਤ ਹੋਣ ਵਾਲਾ ਪਹਿਲਾ ਪਾਲੀਵੁੱਡ ਅਦਾਕਾਰ ਬਣਿਆ ਐਮੀ ਵਿਰਕ

ਪੰਜਾਬੀ ਗਾਇਕ ਅਤੇ ਅਦਾਕਾਰ ਐਮੀ ਵਿਰਕ ਬਾਲੀਵੁੱਡ ਦੇ ਨਾਲ-ਨਾਲ ਪੂਰੀ ਦੁਨੀਆ 'ਚ ਆਪਣੀ ਵੱਖਰੀ ਪਛਾਣ ਬਣਾ ਰਹੇ ਹਨ। ਐਮੀ ਬਾਲੀਵੁੱਡ ਫਿਲਮ '83' ਵਿਚ ਕ੍ਰਿਕਟ ਵਿਸ਼ਵ

ਹਰਜਿੰਦਰ ਸਿੰਘ ਜਵੰਦਾ
ਫੋਨ: 94638-28000

ਕੱਪ ਟੀਮ ਦੇ ਲੱਕੀ ਚਾਰਮ, ਮੱਧਮ ਤੇਜ਼ ਗੇਂਦਬਾਜ਼ ਬਲਵਿੰਦਰ ਸਿੰਘ ਸੰਧੂ ਦਾ ਕਿਰਦਾਰ ਨਿਭਾ ਰਹੇ ਹਨ, ਜਿਸ ਕਾਰਨ ਐਮੀ ਨੂੰ ਦੁਨੀਆ ਦੀ ਸਭ ਤੋਂ ਉੱਚੀ ਇਮਾਰਤ-ਬੁਰਜ ਖ਼ਲੀਫ਼ਾ 'ਤੇ ਪ੍ਰਦਰਸ਼ਿਤ ਹੋਣ ਦਾ ਮੌਕਾ ਮਿਲਿਆ ਹੈ। ਦਰਅਸਲ ਫਿਲਮ '83' ਦੇ ਟ੍ਰੇਲਰ ਨੂੰ ਬੁਰਜ ਖ਼ਲੀਫ਼ਾ 'ਤੇ ਪ੍ਰਦਰਸ਼ਿਤ ਕੀਤਾ ਗਿਆ ਸੀ। ਐਮੀ ਵਿਰਕ ਪਹਿਲੇ ਪਾਲੀਵੁੱਡ ਅਦਾਕਾਰ ਹਨ, ਜੋ ਦੁਬਈ ਦੇ ਬੁਰਜ ਖ਼ਲੀਫ਼ਾ 'ਤੇ ਦਿਖਾਈ ਦਿੱਤੇ ਹਨ। ਇਹ ਐਮੀ ਅਤੇ ਉਨ੍ਹਾਂ ਦੀ ਟੀਮ ਸਮੇਤ ਪੰਜਾਬ ਅਤੇ ਪੰਜਾਬੀਆਂ ਲਈ ਬਹੁਤ ਮਾਣ ਵਾਲੀ ਗੱਲ ਹੈ। ਐਮੀ ਪੰਜਾਬੀ ਫਿਲਮ ਇੰਡਸਟਰੀ ਦਾ ਮਸ਼ਹੂਰ ਸਿਤਾਰਾ ਹੈ, ਜਿਸ ਨੇ 'ਕਿਸਮਤ', 'ਨਿੱਕਾ ਜ਼ੈਲਦਾਰ', 'ਬੰਬੂਕਾਟ' ਅਤੇ ਹੋਰ ਬਹੁਤ ਸਾਰੀਆਂ ਹਿੱਟ ਫਿਲਮਾਂ ਦਰਸ਼ਕਾਂ ਨੂੰ ਦਿੱਤੀਆਂ ਹਨ। ਦੁਨੀਆ ਭਰ ਵਿਚ ਉਸ ਦੇ ਪ੍ਰਸ਼ੰਸਕ ਹਨ, ਜੋ ਉਸ ਦੀ ਅਦਾਕਾਰੀ ਦੇ ਨਾਲ-ਨਾਲ ਉਸਦੀ ਗਾਇਕੀ ਨੂੰ ਬਹੁਤ ਪਿਆਰ ਕਰਦੇ ਹਨ। ਇਸ ਲਈ ਜਦੋਂ ਦੁਬਈ ਵਿਚ ਉਸ ਦੇ ਪ੍ਰਸ਼ੰਸਕਾਂ ਨੂੰ ਇਸ ਸਮਾਗਮ ਬਾਰੇ ਪਤਾ ਲੱਗਿਆ ਤਾਂ ਉਹ ਸਾਰੇ ਆਪਣੇ ਪਸੰਦੀਦਾ ਸਿਤਾਰੇ ਦਾ ਸਮਰਥਨ ਕਰਨ ਅਤੇ ਪ੍ਰਸ਼ੰਸਾ ਕਰਨ ਲਈ ਇਕੱਠੇ ਹੋਏ।



ਫਿਲਮ '83', 1983 ਦੇ ਵਿਸ਼ਵ ਕੱਪ ਦੌਰਾਨ ਵਾਪਰੀਆਂ ਘਟਨਾਵਾਂ ਦੇ ਆਲੇ-ਦੁਆਲੇ ਘੁੰਮਦੀ ਹੈ। ਟੂਰਨਾਮੈਂਟ ਦੇ ਅੰਡਰਡਾਗ ਮੰਨੇ ਜਾਣ ਵਾਲੇ ਭਾਰਤ ਨੇ ਉਸ ਸਾਲ ਇਤਿਹਾਸ ਰਚਦੇ ਹੋਏ ਕੱਪ ਜਿੱਤਿਆ। ਟ੍ਰੇਲਰ ਬਹੁਤ ਸਾਰੀਆਂ ਭਾਵਨਾਵਾਂ ਨਾਲ ਭਰਪੂਰ ਹੈ। ਫਿਲਮ ਦੇ ਹਰੇਕ ਕਲਾਕਾਰ ਨੇ ਮਿਸਾਲੀ ਕੰਮ ਕੀਤਾ ਹੈ, ਜਿਸ ਵਿਚ ਸਾਡੇ ਪਿਆਰੇ ਪੰਜਾਬੀ ਸਿਤਾਰੇ ਐਮੀ ਵਿਰਕ ਵੀ ਹਨ। 'ਜੇਦਾਹ' ਦੇ 'ਰੈੱਡ ਸੀ ਫਿਲਮ ਫੈਸਟੀਵਲ' ਵਿਚ ਇਸ ਦੇ ਵਰਲਡ ਪ੍ਰੀਮੀਅਰ ਵਿਚ ਟ੍ਰੇਲਰ ਨੂੰ ਦਰਸ਼ਕਾਂ ਤੋਂ ਭਰਵਾਂ ਹੁੰਗਾਰਾ ਮਿਲਿਆ।

ਫਿਲਮ ਦੇ ਟ੍ਰੇਲਰ 'ਚ ਐਮੀ ਦੀ ਝਲਕ ਦਿਖਾਈ ਦਿੰਦੀ ਹੈ ਅਤੇ ਕੁਝ ਹੀ ਸਕਿੰਟਾਂ 'ਚ ਉਹ ਦਿਲ ਜਿੱਤਣ 'ਚ ਕਾਮਯਾਬ ਹੋ ਗਿਆ ਹੈ। ਹਾਲਾਂਕਿ ਉਹ ਫਿਲਮ ਵਿਚ ਖਿਡਾਰੀ ਦਾ ਕਿਰਦਾਰ ਨਿਭਾਅ ਰਹੇ ਹਨ, ਪਰ ਐਮੀ ਨੇ ਇਸ ਭੂਮਿਕਾ ਵਿਚ ਆਪਣਾ ਸੁਆਦ ਅਤੇ ਵਾਇਬ ਦੋਵੇਂ ਜੋੜੇ ਹਨ ਅਤੇ ਦਰਸ਼ਕਾਂ ਦੁਆਰਾ ਉਨ੍ਹਾਂ ਦੀ ਬਹੁਤ ਸ਼ਲਾਘਾ ਕੀਤੀ ਜਾ ਰਹੀ ਹੈ। ਐਮੀ ਦੀ ਟਾਈਮਿੰਗ ਤੇ ਬਾਕਮਾਲ ਐਨਰਜੀ ਨੂੰ ਮਿਸ ਕਰਨਾ ਕੋਈ ਨਹੀਂ ਚਾਹੇਗਾ। ਕਬੀਰ ਖਾਨ ਦੁਆਰਾ ਨਿਰਦੇਸ਼ਤ, '83' ਵਿਚ ਕਪਿਲ ਦੇਵ ਦੇ ਰੂਪ ਵਿਚ ਰਣਵੀਰ ਸਿੰਘ, ਬਲਵਿੰਦਰ ਸਿੰਘ ਸੰਧੂ ਦੇ ਰੂਪ ਵਿਚ ਐਮੀ ਵਿਰਕ ਅਤੇ ਮਦਨ ਲਾਲ ਦੇ ਰੂਪ ਵਿਚ ਹਾਰਡੀ ਸੰਧੂ ਹਨ। ਫਿਲਮ ਇਸ ਕ੍ਰਿਸਮਸ 'ਤੇ 24 ਦਸੰਬਰ ਨੂੰ ਰਿਲੀਜ਼ ਹੋਵੇਗੀ।

## ਜਵਾਈ-ਭਾਈ

ਗੱਲ ਉਦੋਂ ਦੀ ਹੈ, ਜਦੋਂ ਵਾਜਪਾਈ ਹੋਰੀਂ ਪਹਿਲੀ ਵਾਰ ਪ੍ਰਧਾਨ ਮੰਤਰੀ ਬਣੇ ਹੀ ਸਨ, ਤੇਰਾਂ ਕੁ ਦਿਨਾਂ ਲਈ!

ਡਾ. ਜੋਗਿੰਦਰ ਕੈਰੋਂ ਦਾ ਤਾਇਆ ਜਿਹੜਾ ਸਿਆਸਤ 'ਚ ਖ਼ਾਸੀ ਦਿਲਚਸਪੀ ਰੱਖਦਾ ਸੀ, ਡਾ. ਕੈਰੋਂ ਨੂੰ ਪੁੱਛਦਾ, 'ਜੋਗਿੰਦਰਾ, ਆਹ ਜਿਹੜਾ ਨਵਾਂ ਪ੍ਰਧਾਨ ਮੰਤਰੀ ਬਣਿਆ, ਕੀ ਅਵੱਲਾ ਜਿਹਾ ਨਾਂ ਵਾ 'ਜਵਾਈ-ਭਾਈ', ਸੁਣਿਆ ਛੜਾ-ਛਾਂਟ ਈ ਆ?'

ਡਾ. ਕੈਰੋਂ ਕਹਿੰਦੇ, 'ਆਹੋ ਤਾਇਆ, ਉਹਨੇ ਵਿਆਹ ਨਹੀਂ ਕਰਵਾਇਆ, ਤੇ ਉਹਦਾ ਨਾ ਵਾਜਪਾਈ ਆ, 'ਜਵਾਈ-ਭਾਈ' ਨਹੀਂ।'

ਤਾਇਆ, ਤਾਈ ਵੱਲ ਵੇਖ ਕੇ ਬੋਲਿਆ, 'ਚੱਲ ਨਾਂ ਕੁਝ ਵੀ ਹੋਵੇ, ਚੰਗਾ ਕੀਤਾ, ਵਿਆਹ ਨਹੀਂ ਕਰਵਾਇਆ, ਤਦੇ ਇਥੋਂ ਤਕ ਪਹੁੰਚ ਗਿਆ, ਨਹੀਂ ਤੇ ਜਨਾਨੀਆਂ ਤਾਂ ਪੁੱਛੇ ਬਿਨਾ ਘਰੋਂ ਪੈਰ ਨੀਂ ਪੁੱਟਣ ਦੇਂਦੀਆਂ!!'

ਵਾਜਪਾਈ ਹੋਰੀਂ ਤੇਰਾਂ ਕੁ ਦਿਨ ਪ੍ਰਧਾਨ ਮੰਤਰੀ ਰਹਿ ਕੇ ਚੱਲਦੇ ਬਣੇ, ਡਾ. ਕੈਰੋਂ ਤਾਏ ਨੂੰ ਕਹਿੰਦੇ, 'ਤਾਇਆ, ਆਹ ਤੇਰਾ 'ਜਵਾਈ-ਭਾਈ' ਤਾਂ ਤੁਰਦਾ ਬਣਿਆ।'

ਤਾਇਆ ਖੰਘੂਰਾ ਮਾਰਦਿਆਂ ਆਪਣਾ ਗਲਾ ਸਾਫ਼ ਕਰਦਾ ਕਹਿੰਦਾ, 'ਚੰਗਾ ਆ ਜੋਗਿੰਦਰਾ, ਇਹ ਤੁਰਦਾ ਬਣਿਆ, ਜਵਾਈ-ਭਾਈ ਸਹੁਰੇ ਘਰੇ ਏਨੇ ਕੁ ਦਿਨ ਹੀ ਚੰਗਾ ਲੱਗਦਾ।'

-ਚੇਤਨ

# ਮੇਰੀ ਫਿਲਮੀ ਆਤਮ-ਕਥਾ

*ਬਹੁਤ ਘੱਟ ਲੋਕਾਂ ਨੂੰ ਪਤਾ ਹੋਵੇਗਾ ਕਿ ਅਦਾਕਾਰ ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਲਿਖਾਰੀ ਵੀ ਸੀ। ਉਸ ਨੇ ਆਪਣੇ ਫਿਲਮੀ ਰੁਝੇਵਿਆਂ ਵਿਚੋਂ ਲਿਖਣ ਲਈ ਸਮਾਂ ਕੱਢਿਆ ਅਤੇ ਪੰਜਾਬੀ ਸਾਹਿਤ ਜਗਤ ਦੀ ਝੋਲੀ ਵਾਰਤਕ ਦੀਆਂ ਕਈ ਕਿਤਾਬਾਂ ਪਾਈਆਂ। ਅਦਾਕਾਰੀ ਦੀ ਦੁਨੀਆ ਵਿਚ ਆਉਣ ਤੋਂ ਪਹਿਲਾਂ ਉਹ ਸ਼ਾਂਤੀ ਨਿਕੇਤਨ ਵਿਚ ਅੰਗਰੇਜ਼ੀ ਪੜ੍ਹਾਉਂਦਾ ਹੁੰਦਾ ਸੀ। ਇਥੇ ਹੀ ਉਸ ਨੂੰ ਰਾਬਿੰਦਰਨਾਥ ਟੈਗੋਰ ਤੋਂ ਸਬਕ ਮਿਲਿਆ ਕਿ ਕੋਈ ਵੀ ਬੰਦਾ ਆਪਣੀ ਮਾਂ-ਬੋਲੀ ਵਿਚ ਹੀ ਆਪਣੇ ਵਿਚਾਰ ਆਹਲਾ ਢੰਗ ਨਾਲ ਪ੍ਰਗਟ ਕਰ ਸਕਦਾ ਹੈ। ਅਸੀਂ ਆਪਣੇ ਪਾਠਕਾਂ ਨਾਲ ਉਸ ਦੀ ਲੰਮੀ ਅਤੇ ਦਿਲਚਸਪ ਲਿਖਤ 'ਮੇਰੀ ਫਿਲਮੀ ਆਤਮ-ਕਥਾ' ਸਾਂਝੀ ਕਰ ਰਹੇ ਹਾਂ। ਇਸ ਦੀ ਪਹਿਲੀ ਕਿਸ਼ਤ ਹਾਜ਼ਰ ਹੈ।*

ਫਿਲਮਾਂ ਵਿਚ ਇਕ ਚੀਜ਼ ਨੂੰ 'ਫਲੈਸ਼-ਬੈਕ' ਆਖਦੇ ਹਨ, ਅਰਥਾਤ ਵਰਤਮਾਨ ਤੋਂ ਭੂਤਕਾਲ ਵਿਚ ਛਾਲ ਮਾਰ ਜਾਣਾ। ਅਤੇ 'ਫਲੈਸ਼-ਬੈਕ' ਤਾਂ ਹੀ ਸਫਲ ਹੁੰਦਾ ਹੈ, ਜੇ ਵਰਤਮਾਨ ਦੇ ਡਰਾਮੇ ਦਾ ਦਰਸ਼ਕਾਂ ਨੂੰ ਚੋਖਾ ਅਹਿਸਾਸ ਕਰਾ ਦਿੱਤਾ ਜਾਏ। ਫੇਰ, ਉਹਨਾਂ ਨੂੰ ਉਂਗਲੀ ਲਾ ਕੇ ਭੂਤ, ਭਵਿੱਖ ਕਿਤੇ ਵੀ ਫਿਰਾਇਆ ਜਾ ਸਕਦਾ ਹੈ।

ਆਪਣੀ ਫਿਲਮੀ ਜੀਵਨ-ਕਥਾ ਦਾ 'ਫਲੈਸ਼-ਬੈਕ' ਸ਼ੁਰੂ ਕਰਨ ਤੋਂ ਪਹਿਲਾਂ ਆਓ ਜ਼ਰਾ ਵਰਤਮਾਨ ਦੇ ਗੁਲਜ਼ਾਰ ਵਿਚ ਥੋੜ੍ਹਾ ਟਹਿਲ ਲਈਏ।

ਚੈਂਬੂਰ ਦਾ ਇਲਾਕਾ। ਸਟੂਡੀਓ ਦਾ ਮੇਕ-ਅੱਪ-ਰੂਮ। ਮੇਕ-ਅੱਪ-ਮੈਨ ਨੇ ਰੀਤ ਅਨੁਸਾਰ, ਮੇਕ-ਅੱਪ ਦਾ ਪਹਿਲਾ ਟਿੱਕਾ ਸ਼ੀਸ਼ੇ ਨੂੰ ਲਾਇਆ, ਫੇਰ ਮੇਰਾ ਮੇਕ-ਅੱਪ ਸ਼ੁਰੂ ਕੀਤਾ। ਹੁਣ ਇਹ ਖਤਮ ਹੋ ਚੁੱਕਿਆ ਹੈ। ਸਿਰਫ ਵਾਲਾਂ ਨੂੰ ਕਾਲਾ ਕਰਨਾ ਬਾਕੀ ਰਹਿ ਗਿਆ ਹੈ। ਮਹੀਨੇ ਡੇਢ ਤੋਂ ਮੈਂ ਖਿਜ਼ਾਬ ਇਸਤੇਮਾਲ ਨਹੀਂ ਕੀਤਾ। ਏਸ ਲਈ ਬੁਰਸ਼ ਨਾਲ ਕਾਲੀ ਪੈਨਸਿਲ ਘੁਹ-ਘੁਹ ਕੇ ਵਾਲਾਂ ਉਪਰ ਫੇਰ ਰਿਹਾ ਹਾਂ ਜੋ ਬੜੇ ਟੁੱਟੇ ਵਾਲਾ ਕੰਮ ਹੈ।

ਹੁਣੇ ਡਰੈਸਮੈਨ ਮੇਰੀ ਫੌਜੀ ਵਰਦੀ ਤੇ ਕਾਲੇ ਡਬਲ ਬੂਟ ਰੱਖ ਗਿਆ ਹੈ। ਇਹਨਾਂ ਦੀ

**ਬਲਰਾਜ ਸਾਹਨੀ**


ਤਿੱਖੀ ਪਾਲਸ਼ ਦੀ ਬੋ ਨਾਲ ਕਮਰਾ ਭਰ ਗਿਆ ਹੈ ਜਿਸ ਤੋਂ ਅਨੁਮਾਨ ਕੀਤਾ ਜਾ ਸਕਦਾ ਹੈ ਕਿ ਕਮਰਾ ਬਹੁਤ ਹੀ ਛੋਟਾ ਹੈ। ਦਰਅਸਲ, ਵੱਡੇ ਸਾਰੇ ਇਕ ਕਮਰੇ ਵਿਚ ਦੋ ਹੋਰ ਕੰਧਾਂ ਪਾ ਕੇ ਤਿੰਨ ਕੰਪਾਰਟਮੈਂਟ ਜਿਹੇ ਬਣਾ ਛੱਡੇ ਹਨ। ਦਸ ਕੁ ਸਾਲ ਪਹਿਲਾਂ ਜਦੋਂ ਫਿਲਮ ਸਟਾਰ ਭਗਵਾਨ ਦਾਦਾ ਨੇ ਇਹ ਸਟੂਡੀਓ ਆਪਣੇ ਹੱਥ ਵਿਚ ਲੈ ਲਿਆ ਸੀ ਤਾਂ ਇਹ ਮੇਕ-ਅੱਪ-ਰੂਮ ਉਹਨਾਂ ਨੇ ਆਪ ਬੜੇ ਸ਼ੌਕ ਨਾਲ ਬਣਵਾਏ ਸਨ। ਉਦੋਂ ਉਹਨਾਂ ਦੀ ਪਿਕਚਰ 'ਅਲਬੇਲਾ' ਬੜੇ ਜ਼ੋਰਾਂ ਨਾਲ ਹਿੱਟ ਹੋਈ ਸੀ। ਭਗਵਾਨ ਦਾਦਾ ਦਾ ਸਵਾਲੀ ਅਦਾ ਨਾਲ ਠੁਮਕ-ਠੁਮਕ ਕੇ ਨੱਚਣਾ ਲੋਕਾਂ ਨੂੰ ਬਹੁਤ ਪਸੰਦ ਆਇਆ ਸੀ। ਮਜ਼ਦੂਰ ਤਬਕਾ ਤਾਂ ਭਗਵਾਨ ਦਾਦਾ ਉਪਰ ਸਦਾ ਤੋਂ ਹੀ ਜਾਨ ਵਾਰਦਾ ਰਿਹਾ ਹੈ। ਇਕ ਵਾਰੀ ਇਕ ਟੈਕਸੀ ਡਰਾਈਵਰ ਦੇ ਮੂੰਹੋਂ ਮੈਂ ਸੁਣਿਆ ਸੀ, "ਅਰੇ, ਏਕ ਬਾਰ ਵੋਹ ਕਹਿ ਦੇ ਕਿ ਮੁਝੇ ਤੇਰੀ ਗਾੜੀ ਚਾਹੀਏ, ਖੁਦਾ ਕੀ ਕਸਮ, ਉਸੀ ਵਕਤ ਚਾਬੀ ਹਵਾਲੇ ਕਰਕੇ ਨੀਚੇ ਉਤਰ ਜਾਊਂ।" ਰਾਜ ਕਪੂਰ, ਦਲੀਪ ਕੁਮਾਰ, ਨਿਰਸੰਦੇਹ ਕਈ ਗੁਣਾਂ ਵਧ ਸ਼ੁਹਰਤ-ਯਾਫਤਾ ਹਨ ਪਰ ਗਰੀਬ ਤਬਕਾ ਮਾਰਧਾੜ ਦੀਆਂ ਪਿਕਚਰਾਂ ਜ਼ਿਆਦਾ ਵੇਖਦਾ ਹੈ ਜਿਸ ਕਰਕੇ ਭਗਵਾਨ ਦਾਦਾ ਦਾ ਉਹਨਾਂ ਦੇ ਦਿਲਾਂ ਵਿਚ ਵਿਸ਼ੇਸ਼ ਸਥਾਨ ਹੈ।

ਉਹ ਪਰਦੇ ਉਤੇ ਹੂਬਹੂ ਅਨਪੜ੍ਹਾਂ ਵਾਂਗ ਹੀ ਅਨਪੜ੍ਹ ਅਤੇ ਗੰਵਾਰਾਂ ਵਾਂਗ ਹੀ ਗੰਵਾਰ ਦਿਸਦੇ ਹਨ। ਲੋਕਾਂ ਨੂੰ ਇੰਜ ਲਗਦਾ ਹੈ, ਜਿਵੇਂ ਉਹਨਾਂ ਦਾ ਆਪਣਾ ਕੋਈ ਸਗਾ-ਸਬੰਧੀ ਉਠ ਕੇ ਇਤਨੀ ਉੱਚੀ ਥਾਂ ਪਹੁੰਚ ਗਿਆ ਹੋਵੇ, ਗੀਤਾ ਬਾਲੀ ਵਰਗੀ ਹੁਸੀਨਾ ਨਾਲ ਰੁਮਾਂਸ ਲੜਾ ਰਿਹਾ ਹੋਵੇ। ਭਗਵਾਨ ਦਾਦਾ ਪਹਿਲਾਂ ਸੋਸ਼ਲ ਪਿਕਚਰਾਂ ਵਿਚ ਘੱਟ-ਵੱਧ ਹੀ ਕਦੇ ਆਏ ਸਨ। ਸੋਸ਼ਲ, ਸਟੰਟ ਅਤੇ ਧਾਰਮਿਕ - ਹਿੰਦੀ ਪਿਕਚਰਾਂ ਦੇ ਇਹ ਤਿੰਨ ਮੁਖ ਵਿਭਾਗ ਹਨ।

ਇਕ ਵਿਭਾਗ ਦੇ ਅਦਾਕਾਰ ਲਈ ਦੂਜੇ ਵਿਚ ਪੈਰ ਧਰਨਾ ਬੜਾ ਔਖਾ ਹੈ। ਏਸੇ ਲਈ 'ਅਲਬੇਲਾ' ਭਗਵਾਨ ਦਾਦਾ ਨੇ ਆਪ ਬਣਾਈ ਸੀ। ਬੜਾ ਮੁਨਾਫਾ ਖੱਟਿਆ। ਝੱਟ ਇਕ ਸਟੂਡੀਓ ਲੀਜ਼ 'ਤੇ ਲੈ ਲਿਆ। ਜਿਸ ਮੇਕ-ਅੱਪ-ਰੂਮ ਵਿਚ ਇਸ ਵੇਲੇ ਮੈਂ ਬੈਠਾ ਹੋਇਆ ਹਾਂ, ਉਹ ਸਟੂਡੀਓ ਦੀ ਮੌਜੂਦਾ ਮਾਲਕਣ ਨੇ ਮਾਣ ਦੇਣ ਲਈ ਦਾਦਾ ਲਈ ਰਾਖਵਾਂ ਰੱਖਿਆ ਹੋਇਆ ਹੈ ਪਰ ਹੁਣ ਸਟੂਡੀਓ ਦੀ ਆਪਣੀ ਕਿਸਮਤ ਵੀ ਡਗਮਗਈ ਹੋਈ ਹੈ। ਦੋ ਵਿਚੋਂ ਇਕ 'ਫਲੋਰ' ਤਾਂ ਇਕ ਫੈਕਟਰੀ ਦੇ ਕਬਜ਼ੇ ਵਿਚ ਜਾ ਚੁੱਕਿਆ ਹੈ। ਉਥੇ ਟੈਲੀਵਿਜ਼ਨ ਦੇ ਸੈੱਟ ਜੋੜੇ ਜਾ ਰਹੇ ਹਨ।

ਮੇਰਾ ਖਾਸ ਲਿਹਾਜ਼ ਕਰਕੇ ਚਾਬੀ ਭਗਵਾਨ ਦਾਦਾ ਦੇ ਘਰੋਂ ਮੰਗਵਾਈ ਗਈ ਹੈ ਕਿਉਂਕਿ ਬਾਕੀ ਦੇ ਦੋਵੇਂ ਕਮਰੇ ਨਿਰੂਪਾ ਰਾਏ ਅਤੇ ਲਲਿਤਾ ਪਵਾਰ ਨੇ ਮੱਲੇ ਹੋਏ ਹਨ। ਦੋ ਹੀਰੋ ਇਕ ਮੇਕ-ਅਪ-ਰੂਮ ਵਿਚ ਬੇਸ਼ਕ ਸਮਾ ਜਾਣ ਪਰ ਦੋ ਹੀਰੋਇਨਾਂ ਦਾ ਸਮਾਣਾ ਮੁਸ਼ਕਲ ਹੈ, ਖਾਸ ਕਰ ਕੇ ਜਦ ਉਹ ਹੀਰੋਇਨ ਤੋਂ ਹਟ ਕੇ ਸਾਬਕਾ ਹੀਰੋਇਨ ਦੇ ਪਹਿਰੇ ਵਿਚ ਪ੍ਰਵੇਸ਼ ਕਰ ਚੁੱਕੀਆਂ ਹੋਣ।

ਸਭ ਫਿਲਮ ਸਟਾਰਾਂ ਨੇ ਇਕ ਦਿਨ ਉਸੇ ਅਸਤਾਚਲ ਦੇ ਦੇਸ਼ ਜਾਣਾ ਹੈ। ਕਿਥੇ ਗਈ ਗੀਤਾ ਬਾਲੀ? ਚੰਗਾ ਈ ਹੋਇਆ, ਮਰ ਗਈ। ਮੈਨੂੰ ਪਤਾ ਹੈ, ਕਿਵੇਂ ਅਸਤਾਚਲ ਦੀ ਸੁਰਖ ਰੰਗਤ ਭਖਦੇ ਕੋਲਿਆਂ ਵਾਂਗ ਉਸ ਦਾ ਅੰਗ-ਅੰਗ ਸਾੜਦੀ ਹੁੰਦੀ ਸੀ। ਉਹਨੀਂ ਦਿਨੀਂ ਤਿੰਨ-ਚਾਰ ਪਿਕਚਰਾਂ ਵਿਚ ਅਸੀਂ ਇਕੱਠੇ ਹੀਰੋ ਹੀਰੋਇਨ ਆਏ ਸਾਂ। ਇਕ ਦਿਨ ਐਮ. ਐਂਡ ਟੀ. ਸਟੂਡੀਓ ਵਿਚ (ਉਹ ਵੀ ਹੁਣ ਫੈਕਟਰੀ ਵਿਚ ਬਦਲ ਚੁਕਿਆ ਹੈ) ਉਹਨੂੰ ਮੈਂ ਆਪਣੇ ਕੰਨੀਂ ਇਕ ਸਹੇਲੀ ਨੂੰ ਕਹਿੰਦਿਆਂ ਸੁਣਿਆਂ ਸੀ, "ਹੁਣ ਤਾਂ ਬਸ ਇਹੋ ਬੁੜ੍ਹੀ-ਸੜਿਆ ਬਲਰਾਜ ਸਾਹਨੀ ਹੀ ਰਹਿ ਗਿਆ ਏ ਮੇਰੇ ਭਾਗਾਂ ਵਿਚ ਹੀਰੋ ਬਣਨ ਲਈ।" ਉਸ ਤੋਂ ਕੁਝ ਵਰ੍ਹੇ ਪਹਿਲਾਂ, ਜਦੋਂ ਉਸ ਦੀ ਗੁੱਡੀ ਅਸਮਾਨਾਂ ਵਿਚ ਚੜ੍ਹੀ ਹੋਈ ਸੀ, ਉਸ ਨੇ ਇਕ ਪਿਕਚਰ ਵਿਚ, ਕਹਾਣੀ ਬੇਹੱਦ ਪਸੰਦ ਹੋਣ ਦੇ



ਬਾਵਜੂਦ, ਕੰਮ ਕਰਨ ਤੋਂ ਸਿਰਫ ਇਸ ਲਈ ਇਨਕਾਰ ਕਰ ਦਿਤਾ ਸੀ ਕਿ ਡਾਇਰੈਕਟਰ ਨੇ ਹੀਰੋ ਮੈਨੂੰ ਲੈਣ ਬਾਰੇ ਸੋਚਿਆ ਹੋਇਆ ਸੀ। ਪ੍ਰੋਡਿਊਸਰ ਨੇ ਮਿੰਟਾਂ ਵਿਚ ਡਾਇਰੈਕਟਰ ਦਾ ਦਿਮਾਗ ਟਿਕਾਣੇ ਲਾ ਦਿੱਤਾ।

ਭਗਵਾਨ ਦਾਦਾ ਵੀ ਹੁਣ ਲਗਭਗ ਰਿਟਾਇਰ ਹੀ ਹੋ ਚੁੱਕੇ ਹਨ। ਮੇਕ-ਅੱਪ-ਰੂਮ ਨੂੰ ਤਾਲਾ ਮਾਰ ਕੇ ਰੱਖਣਾ ਆਪਣੇ ਆਪ ਨੂੰ ਤਸੱਲੀ ਦੇਣ ਵਾਲੀ ਗੱਲ ਆਖੀ ਜਾ ਸਕਦੀ ਹੈ ਪਰ ਕੀ ਪਤਾ, ਉਹਨਾਂ ਲਈ ਇਹ ਕੋਈ ਯਾਦਾਂ ਦਾ ਤਾਜ ਮਹੱਲ ਹੋਵੇ?

ਹਰ ਸਟੂਡੀਓ ਦਾ ਮੇਕ-ਅੱਪ-ਰੂਮ ਇਕ ਤਰ੍ਹਾਂ ਨਾਲ ਯਾਦਾਂ ਦਾ ਤਾਜ ਮਹੱਲ ਹੀ ਹੈ। ਇਸ ਦੇ ਸ਼ੀਸ਼ੇ ਵਿਚ ਐਕਟਰੈਸ ਜਾਂ ਐਕਟਰ ਦਾ ਚਿਹਰਾ ਹੀ ਨਹੀਂ, ਆਤਮਾ ਵੀ ਅਕਸ ਛੱਡਦੀ ਹੈ ਪਰ ਕੀ ਲਾਭ ਇਸ ਕਿੱਸੇ ਨੂੰ ਛੇੜ ਕੇ? ਅਜੀਬ ਨਿਰਾਲੀ ਦੁਨੀਆ ਹੈ ਸਾਡੀ ਤਮਾਸ਼ੇ ਵਾਲਿਆਂ ਦੀ - ਅਸੀਂ ਜਿਹੜੇ ਦੁਨੀਆ ਨੂੰ ਹਸਾਂਦੇ-ਰੁਆਂਦੇ ਹਾਂ, ਲੋਕਾਂ ਦੇ ਤਸੱਵੁਰ ਨੂੰ ਉਡਾ ਕੇ ਕਿਸੇ ਤਲਿਸਮੀ ਸੰਸਾਰ ਵਿਚ ਲੈ ਜਾਂਦੇ ਹਾਂ। ਅਚਿੰਤੇ ਅਸੀਂ ਆਪ ਵੀ ਉਸੇ ਸੰਸਾਰ ਵਿਚ ਜਾ ਵੱਸਦੇ ਹਾਂ। ਆਪਣੀ ਅਸਲੀ ਜ਼ਿੰਦਗੀ ਨੂੰ ਵੀ ਨਾਟਕ ਅਤੇ ਫਿਲਮ ਬਣਾ ਛਡਦੇ ਹਾਂ; ਤੇ ਇੰਜ ਸਾਡੇ ਪਰਵਾਨਿਆਂ ਦਾ ਮਜ਼ਾ ਦੂਣਾ-ਚੌਣਾ ਹੋ ਜਾਂਦਾ ਹੈ। ਫਿਲਮ ਸਟਾਰ ਦੀ ਜਿਤਨੀ ਚੌੜੀ ਮੋਟਰ ਕੋਲੋਂ ਲੰਘ ਜਾਏ, ਪਰਵਾਨੇ ਦੀ ਖੁਸ਼ੀ ਦਾ ਪਾਰਾਵਾਰ ਨਹੀਂ। ਇਤਨੀ ਖੁਸ਼ੀ ਉਸ ਨੂੰ ਮੋਟਰ ਆਪਣੇ ਨਾਂ ਲਿਖਵਾ ਕੇ ਵੀ ਨਾ ਮਿਲੇ।

ਵੱਡੇ ਤੋਂ ਵੱਡਾ ਅਤੇ ਛੋਟੇ ਤੋਂ ਛੋਟਾ ਫਿਲਮ ਸਟਾਰ ਫਿਲਮੀ ਰਸਾਲਾ ਕੇਵਲ ਆਪਣੀ ਫੋਟੋ ਵੇਖਣ ਦੀ ਆਸ ਨਾਲ ਖੋਲ੍ਹਦਾ ਹੈ। ਰੋਜ਼ਾਨਾ ਅਖਬਾਰ ਵਿਚ ਸਭ ਤੋਂ ਵੱਡੀ ਖਬਰ ਸ਼ਹਿਰ ਵਿਚ ਚੱਲ ਰਹੀ ਉਸ ਦੀ ਆਪਣੀ ਪਿਕਚਰ ਦਾ ਇਸ਼ਤਿਹਾਰ ਹੈ। ਭਾਵੇਂ ਉਹ ਕਿਤਨੇ ਹਫਤਿਆਂ ਤੋਂ ਰੋਜ਼ਾਨਾ ਛਪ ਰਿਹਾ ਹੋਵੇ - ਨਿਗਾਹ ਤੀਰ ਵਾਂਗ ਉੱਡ ਕੇ ਉਸੇ ਉਤੇ ਜਾਂਦੀ ਹੈ। ਇਸ਼ਤਿਹਾਰ ਵਿਚ ਠੀਕ ਥਾਂ ਆਪਣਾ ਨਾਂ ਛਪਿਆ ਵੇਖ ਕੇ ਉਹਨੂੰ ਉਹੀ ਤਸੱਲੀ ਹੁੰਦੀ ਹੈ ਜੋ ਕਿਸੇ ਸਿਗਰਟ ਪੀਣ ਵਾਲੇ ਨੂੰ ਛਾਤੀ ਵਿਚ ਡੂੰਘਾ ਧੂੰਆਂ ਖਿੱਚ ਕੇ। ਸ਼ਾਇਦ ਦੁਨੀਆ ਦੀ ਹੋਰ ਕੋਈ ਖੁਸ਼ੀ ਏਸ ਖਿਆਲੀ ਖੁਸ਼ੀ ਦਾ ਮੁਕਾਬਲਾ ਨਹੀਂ ਕਰ ਸਕਦੀ।

ਖਿਆਲੀ ਖੁਸ਼ੀਆਂ ਜਿਨ੍ਹਾਂ ਉੱਪਰ ਖੂਬਸੂਰਤ ਮੇਕ-ਅੱਪ ਕੀਤਾ ਹੋਇਆ ਹੋਵੇ, ਤੇ ਜੋ ਬਿਜਲੀ ਦੀਆਂ ਤੇਜ਼ ਲਾਈਟਾਂ ਵਿਚ ਜਗਮਗਾ ਰਹੀਆਂ ਹੋਣ, ਫਿਲਮ ਸਟਾਰ ਨੂੰ ਬਹੁਤ ਚੰਗੀਆਂ ਲਗਦੀਆਂ ਹਨ। ਇਸ ਤਰ੍ਹਾਂ ਜ਼ਿੰਦਗੀ ਦੇ ਸਾਰੇ ਤੁਲਅਰਜ ਵਿਕਰਤ ਪਰ ਸੁਖਾਵੇਂ ਹੋ ਜਾਂਦੇ ਹਨ, ਜਿਵੇਂ ਗੁਲਾਈਦਾਰ ਸ਼ੀਸ਼ੇ ਵਿਚ ਸ਼ਕਲਾਂ ਬੇ-ਮਾਪ ਹੋ ਜਾਂਦੀਆਂ ਹਨ; ਤੇ ਫੇਰ, ਖਿਆਲੀ ਖੁਸ਼ੀਆਂ ਦਾ ਅਰਗਵਾਨੀ ਜਾਮ ਇਕ ਦਿਨ ਸੁਹਲ ਹੱਥਾਂ ਵਿਚੋਂ ਡਿੱਗ ਕੇ ਚੂਰ-ਚੂਰ ਹੋ ਜਾਂਦਾ ਹੈ। ਲਾਈਟਾਂ ਗੁੱਲ ਹੋ ਜਾਂਦੀਆਂ ਹਨ। ਕਿਸੇ ਨੂੰ ਜ਼ਿੰਦਗੀ ਅਤੇ ਕਿਸੇ ਨੂੰ ਮੌਤ ਆਪਣੇ ਖਰ੍ਹਵੇ ਹੱਥਾਂ ਨਾਲ ਖਿੱਚ ਕੇ ਕਲਪਨਾ-ਲੋਕ ਵਿਚੋਂ ਬਾਹਰ ਕੱਢ ਲਿਆਂਦੀ ਹੈ। ਉਹਨਾਂ ਹਜ਼ਾਰਾਂ ਅਤੇ ਲੱਖਾਂ ਨਜ਼ਰਾਂ ਦੇ ਪਰਛਾਵੇਂ ਅਚਾਨਕ ਗੁਆਚ ਜਾਂਦੇ ਹਨ ਜੋ ਫਿਲਮ ਸਟਾਰ ਲਈ ਫੁੱਲਾਂ ਦੀ ਸੇਜ ਬਣੇ ਹੋਏ ਸਨ। ਜੇ ਬਾਕੀ ਦੀ ਰਹਿੰਦ-ਖੂੰਹਦ ਦਾ ਨਾਂ ਜ਼ਿੰਦਗੀ ਹੈ ਤਾਂ ਉਹ ਮੌਤ ਤੋਂ ਕਿਸੇ ਤਰ੍ਹਾਂ ਵੀ ਬਿਹਤਰ ਨਹੀਂ।

ਆਪਣੀ ਨਿੱਕੀ ਜਿਹੀ ਜ਼ਿੰਦਗੀ ਵਿਚ ਇਸ ਮੇਕ-ਅਪ-ਰੂਮ ਦੇ ਸ਼ੀਸ਼ੇ ਨੇ ਕੀ-ਕੀ ਨਹੀਂ ਵੇਖਿਆ ਹੋਣਾ! ਜਦੋਂ ਇਹ ਨਵਾਂ-ਨਵਾਂ ਬਣਿਆ ਸੀ, ਕਿਤਨਾ ਹੁਸੀਨ ਸੀ ਇਹ ਕਮਰਾ! ਕੱਲ੍ਹ ਦੀ ਗੱਲ ਜਾਪਦੀ ਹੈ, ਜਦੋਂ ਇਕ ਸ਼ਾਮ ਸੁਰਗਵਾਸੀ ਕਾਮੇਡੀਅਨ ਰਾਧਾਕ੍ਰਿਸ਼ਨ, ਭਗਵਾਨ ਦਾਦਾ, ਮੈਂ ਅਤੇ ਇਕ-ਦੋ ਹੋਰ ਬੰਦਿਆਂ ਨੇ ਏਥੇ ਬੈਠ ਕੇ ਵ੍ਹਿਸਕੀ ਪੀਤੀ ਸੀ। ਕਮਾਲ ਦੇ ਮੂਡ ਵਿਚ ਸੀ ਰਾਧਾਕ੍ਰਿਸ਼ਨ ਉਸ ਸ਼ਾਮ। ਬੋਤਲ ਹਾਲੀ ਖੁੱਲ੍ਹੀ ਨਹੀਂ ਸੀ ਕਿ ਉਹ ਚਾਰ ਪੈਗਾਂ ਜਿਤਨੀ ਮੌਜ ਵਿਚ ਆ ਗਿਆ ਸੀ। ਇਕ-ਇਕ ਗੱਲ ਐਸੀ ਚਮਤਕਾਰੀ ਨਿਕਲਦੀ ਸੀ ਉਹਦੇ ਮੂੰਹੋਂ ਕਿ ਕਾਗਜ਼ ਪੈਨਸਿਲ ਲੈ ਕੇ ਨੋਟ ਕਰਨ ਨੂੰ ਜੀਅ ਚਾਹੁੰਦਾ ਸੀ। ਤੇ ਸਚਮੁਚ, ਜਿਤਨੇ ਗੁਣੀ, ਜ਼ਬਾਨ ਦੇ ਮਾਹਿਰ, ਦਿਲ ਵਾਲੇ ਅਤੇ ਰੰਗੀਨ ਮਿਜ਼ਾਜ ਆਦਮੀ ਪਿਛਲੇ ਵੀਹਾਂ ਵਰ੍ਹਿਆਂ ਵਿਚ ਮੈਂ ਇਸ ਫਿਲਮ ਲਾਈਨ ਵਿਚ ਵੇਖੇ ਹਨ, ਹੋਰ ਕਿਤੇ ਨਹੀਂ ਵੇਖੇ ਸਗੋਂ ਸਦਾ ਹੈਰਾਨ ਹੁੰਦਾ ਆਇਆ ਹਾਂ ਕਿ ਇਤਨੀਆਂ ਅਲੋਕਾਰ ਸ਼ਖਸੀਅਤਾਂ ਦੇ ਮਾਲਕ ਇਤਨੀਆਂ ਥਰਡ-ਕਲਾਸ ਫਿਲਮਾਂ ਬਣਾਨ ਵਿਚ ਕਿਵੇਂ ਕਾਮਯਾਬ ਹੋ ਜਾਂਦੇ ਹਨ!

ਅਤੇ ਅਗਲੇ ਦਿਨ ਰਾਧਾਕ੍ਰਿਸ਼ਨ ਨੇ ਚੌਥੀ ਮੰਜ਼ਲ ਤੋਂ ਛਾਲ ਮਾਰ ਕੇ ਆਤਮ-ਹੱਤਿਆ ਕਰ ਲਈ ਸੀ।

ਕਮਰੇ ਦੀ ਇਕ ਦੀਵਾਰ ਨਾਲ, ਉਸ ਦੀ ਪੂਰੀ ਲੰਬਾਈ ਜਿਤਨਾ, ਗੁਦਾਜ਼, ਲਾਲ ਰੰਗ ਦਾ ਦੀਵਾਨ ਲੱਗਾ ਹੋਇਆ ਹੈ, ਜਿਵੇਂ ਏਅਰ ਕੰਡੀਸ਼ੰਡ ਰੇਲਵੇ ਕੰਪਾਰਟਮੈਂਟ ਵਿਚ ਵੇਖੀਦਾ ਹੈ। ਕੰਪਾਰਟਮੈਂਟ ਦੀ ਬਾਰੀ ਵਾਲੀ ਥਾਂ ਵੱਡਾ ਸਾਰਾ ਚੌਰਸ ਸ਼ੀਸ਼ਾ ਲੱਗਾ ਹੋਇਆ ਹੈ ਜਿਸ ਦੇ ਅੱਗੇ ਮੈਂ ਵਾਲ ਕਾਲੇ ਕਰਨ ਦਾ ਕੰਮ ਕਰੀਬ-ਕਰੀਬ ਮੁਕੰਮਲ ਕਰ ਚੁੱਕਿਆ ਹਾਂ। ਸ਼ੀਸ਼ੇ ਦੇ ਆਸ-ਪਾਸ, ਉੱਪਰ-ਥੱਲੇ, ਤੇਜ਼ ਬਲਬ ਜਗ ਰਹੇ ਹਨ। ਮੇਕ-ਅੱਪ ਦੇ ਸਾਮਾਨ ਆਦਿ ਲਈ ਸ਼ੈਲਫ ਅਤੇ ਖਾਨੇ ਵੀ ਬਣੇ ਹੋਏ ਹਨ। ਦੀਵਾਨ ਦੇ ਸਾਹਮਣੇ ਵਾਲੀ ਦੂਜੀ ਕੰਧ ਖਾਲੀ ਹੈ - ਸਿਵਾਏ ਕੱਪੜੇ ਟੰਗਣ ਲਈ ਲਗਾਏ ਡੰਡੇ ਅਤੇ ਨਿੱਕ-ਸੁੱਕ ਧਰਨ ਵਾਲੇ ਨਿੱਕੇ ਜਿਹੇ ਸ਼ੈਲਫ ਦੇ, ਇਹ ਖਾਲ-ਮੁਖਾਲੀ ਕੰਧ ਕਮਰੇ ਦੀ ਮੌਜੂਦਾ ਤਰਸਯੋਗ ਹਾਲਤ ਨੂੰ ਬਿਆਨ ਕਰ ਰਹੀ ਹੈ। ਗੰਦਗੀ ਤੇ ਮੈਲ ਦੀਆਂ ਤਹਿਆਂ ਇਸ ਤਰ੍ਹਾਂ ਚੜ੍ਹੀਆਂ ਹੋਈਆਂ ਹਨ, ਜਿਵੇਂ ਕਿਸੇ ਗਿੱਲੀ ਕਿਤਾਬ ਦੇ ਸਾਰੇ ਸਫੇ ਜੁੜ ਜਾਣ ਅਤੇ ਹੇਠਲੀ ਇਬਾਰਤ ਉਤਲੀ ਨਾਲ ਰਲਗੱਡ ਹੋ ਜਾਵੇ, ਜਾਂ ਜਿਵੇਂ ਕੋਈ ਅੱਜ ਕੱਲ੍ਹ ਦੇ ਫੈਸ਼ਨ ਦਾ ਚਿੱਤਰਕਾਰ ਖਾਹਮਖਾਹ ਕੈਨਵਸ ਉਪਰ ਰੰਗ ਦੇ ਛੱਟੇ ਮਾਰਦਾ ਗਿਆ ਹੋਵੇ ਕਿ ਆਪ-ਮੁਹਾਰੇ ਕੋਈ ਨਾ ਕੋਈ ਸ਼ਕਲ ਉਭਰ ਆਵੇਗੀ। ਮੇਕ-ਅੱਪ ਦੇ ਰੰਗਦਾਰ ਧੱਬੇ, ਪਾਨ ਦੀਆਂ ਥੁੱਕਾਂ, ਰਸਗੁੱਲਿਆਂ ਦੀ ਚਾਸ ਅਤੇ ਹੋਰ ਕਈ ਤਰ੍ਹਾਂ ਦੇ ਦਾਗ ਹਨ ਜਿਨ੍ਹਾਂ ਵਲ ਜੇ ਧਿਆਨ ਨਾਲ ਵੇਖਣ ਲੱਗੀਏ ਤਾਂ ਦਿਲ ਕੱਚਾ ਹੋਣ ਲਗ ਜਾਏ।

ਸਟੂਡੀਓ ਦੇ ਮਾਲਕਾਂ ਲਈ ਅੱਜ ਕੱਲ੍ਹ ਫਿਲਮੀ ਧੰਦਾ ਉਤਨਾ ਲਾਹੇਵੰਦਾ ਨਹੀਂ ਰਿਹਾ, ਏਸ ਲਈ ਉਸ ਨੂੰ ਸਾਫ-ਸੁਫਰਾ ਰਖਣ ਲਈ ਉਹ ਇਕ ਕੌਡੀ ਖਰਚਣਾ ਵੀ ਪਸੰਦ ਨਹੀਂ ਕਰਦੇ। ਜ਼ਮੀਨ, ਜਾਇਦਾਦ ਦੀਆਂ ਕੀਮਤਾਂ ਅਸਮਾਨੇ ਚੜ੍ਹੀਆਂ ਹੋਈਆਂ ਹਨ। ਸਟੂਡੀਓ ਨੂੰ ਵੇਚ-ਵੱਟ ਕੇ ਉਹ ਬਿਨਾ ਖੇਚਲ ਕੀਤੇ ਬੇਹਿਸਾਬ ਪੂੰਜੀ ਹਾਸਲ ਕਰ ਸਕਦੇ ਹਨ। ਫੇਰ, ਫਿਲਮਾਂ ਦੇ ਇਸ ਚੰਦਰੇ ਧੰਦੇ ਤੋਂ ਕੀ ਲੈਣਾ ਜਿਸ ਵਿਚ ਲੱਖਾਂ ਤੋਂ ਕੱਖ ਹੁੰਦਿਆਂ ਦੇਰ ਨਹੀਂ ਲਗਦੀ? ਏਸ ਸਟੂਡੀਓ ਦੀ ਮਾਲਕਣ ਵੀ ਅਵੱਸ਼ ਬੜੀ ਰੀਝ ਨਾਲ ਉਸ ਦਿਨ ਨੂੰ ਉਡੀਕ ਰਹੀ ਹੋਵੇਗੀ, ਜਦੋਂ ਫੈਕਟਰੀ ਵਾਲੇ ਦੂਜਾ ਫਲੋਰ ਵੀ ਕਿਰਾਏ ਉਤੇ ਲੈ ਲੈਣਗੇ। ਫੇਰ, ਵਰਕਰਾਂ ਨੂੰ ਧੱਕਾ ਦੇ ਕੇ ਸਟੂਡੀਓ ਤੋਂ ਬਾਹਰ ਕਰਨ ਦਾ ਉਹਨੂੰ ਚੰਗਾ ਬਹਾਨਾ ਮਿਲ ਜਾਏਗਾ। ਚੂੰ ਵੀ ਨਹੀਂ ਕਰ ਸਕਣਗੇ ਉਹ। ਆਪੇ ਮਰ-ਖਪ ਜਾਣਗੇ ਕਿਤੇ। ਕਿਸੇ ਨੂੰ ਕੀ!

ਕਿਤਨਾ ਜਵਾਨ-ਜਵਾਨ ਲਗ ਰਿਹਾ ਹਾਂ ਮੈਂ ਵਾਲ ਕਾਲੇ ਕਰਕੇ! ਹੋ ਕੀ ਗਿਆ ਜੇ ਹੁਣ ਤੱਕ ਲਗਭਗ ਸਾਰਾ ਹੀ ਝਾਟਾ ਚਿੱਟਾ ਹੋ ਚੁਕਿਆ ਹੈ ਤਾਂ! ਅੱਧਾ ਕੁ ਤਾਂ ਫਿਲਮਾਂ ਵਿਚ ਦਾਖਲ ਹੋਣ ਵੇਲੇ ਤੋਂ ਹੀ ਚਿੱਟਾ ਸੀ। ਕਿਸੇ ਤੋਂ ਕੀ ਲੁਕਾਉਣਾ, ਮੈਨੂੰ ਵਾਲ ਕਾਲੇ ਕਰਦਿਆਂ ਵੀਹ ਸਾਲ ਤੋਂ ਉੱਪਰ ਹੋ ਚੁਕੇ ਹਨ। ਕੁਝ ਵਾਲ ਪਿਛਲੀ ਵੱਡੀ ਜੰਗ ਵਿਚ ਬੰਬਾਂ ਦੇ ਧਮਾਕਿਆਂ ਨੇ, ਅਤੇ ਕੁਝ ਮੇਰੀ ਅੱਲੜ ਅਤੇ ਅੱਥਰੀ ਜਵਾਨੀ ਦੇ ਸਿਰ ਚੁੱਕਦਿਆਂ ਹੀ ਧੌਣ ਉੱਪਰ ਵੱਜੇ ਧੱਕਿਆਂ ਤੇ ਹੂਰਿਆਂ ਨੇ ਸਫੈਦ ਕਰ ਸੁੱਟੇ ਸਨ। ਇਕ ਤਰ੍ਹਾਂ ਨਾਲ ਮੇਰਾ ਫਿਲਮਾਂ ਵਿਚ ਆਉਣਾ ਬੁਢਾਪੇ ਵਿਚੋਂ ਜਵਾਨੀ ਵਲ ਕਦਮ ਪੁੱਟਣ ਬਰਾਬਰ ਸੀ ਪਰ ਹੁਣ ਆਪਣੇ ਆਪ ਨੂੰ ਤੇ ਦੁਨੀਆ ਨੂੰ ਧੋਖਾ ਦੇ-ਦੇ ਕੇ ਥੱਕ ਗਿਆ ਹਾਂ। ਜਿਤਨਾ ਵਕਤ ਵਸਮੇਂ ਥੱਪਣ ਵਿਚ ਲੱਗਦਾ ਹੈ, ਕਿਉਂ ਨਾ ਕੁਝ ਪੜ੍ਹ-ਲਿਖ ਲਵਾਂ। ਹੁਣ ਕਿਤਨੀ ਕੁ ਰਹਿ ਗਈ ਹੈ ਹਯਾਤੀ? ਫੇਰ, ਸ਼ਬਨਮ ਦਾ ਵਿਆਹ ਹੋ ਗਿਆ ਹੈ। ਪਰੀਕਸ਼ਤ ਸਤਾਈਆਂ ਵਰ੍ਹਿਆਂ ਦਾ ਗੱਭਰੂ ਜਵਾਨ ਹੈ, ਮੈਥੋਂ ਦੂਣੀ-ਚੌਣੀ ਦਿੱਖ ਵਾਲਾ। ਪ੍ਰੋਡੀਊਸਰਾਂ ਦੀਆਂ ਭੁੱਖੀਆਂ ਨਜ਼ਰਾਂ ਉਸ ਦਾ ਹਰ ਵੇਲੇ ਪਿੱਛਾ ਕਰਦੀਆਂ ਹਨ। ਜਿਤਨਾ ਫਿਲਮਾਂ ਬਾਰੇ ਮੈਂ ਵੀਹ ਵਰ੍ਹੇ ਝੱਖਾਂ ਮਾਰ ਕੇ ਸਿੱਖਿਆ ਹੈ, ਉਹ ਪ੍ਰਵੇਸ਼ ਕਰਨ ਤੋਂ ਪਹਿਲਾਂ ਸਿੱਖ ਚੁੱਕਿਆ ਹੈ। ਫੇਰ, ਇਹ ਤੱਪੜ-ਘਸੀਟ ਕਰਨ ਦੀ ਕੀ ਲੋੜ?

ਫੌਜੀ ਮੇਜਰ ਦੀ ਵਰਦੀ ਪੁਆਣ ਵਿਚ ਡਰੈਸਮੈਨ ਨੇ ਮੇਰੀ ਮਦਦ ਕੀਤੀ ਹੈ। ਹੁਣ ਢੁਕਵੇਂ ਫੁਰਤੀਲੇ ਅੰਦਾਜ਼ ਵਿਚ ਮੈਂ ਸਟੂਡੀਓ ਦੇ ਵਿਸ਼ਾਲ ਅਹਾਤੇ ਵਿਚੋਂ ਲੰਘਦਾ ਆਫਿਸ ਵਲ ਜਾ ਰਿਹਾ ਹਾਂ। ਇਕ ਪ੍ਰੋਡਿਊਸਰ ਨੂੰ ਟੈਲੀਫੋਨ ਕਰਨਾ ਹੈ ਜਿਸ ਨੇ ਕੱਲ੍ਹ ਰਾਤੀਂ ਬੜੀ ਜੁਗਤ ਨਾਲ ਮੇਰਾ ਅਪਮਾਨ ਕੀਤਾ ਸੀ। ਨਹਿਲੇ ਦਾ ਜਵਾਬ ਦਹਿਲੇ ਨਾਲ ਦੇਣਾ ਹੈ। (ਚੱਲਦਾ)



*ਭਗਵਾਨ ਦਾਦਾ ਦਾ ਸਵਾਲੀ ਅਦਾ ਨਾਲ ਠੁਮਕ-ਠੁਮਕ ਕੇ ਨੱਚਣਾ ਲੋਕਾਂ ਨੂੰ ਬਹੁਤ ਪਸੰਦ ਆਇਆ ਸੀ। ਮਜ਼ਦੂਰ ਤਬਕਾ ਤਾਂ ਭਗਵਾਨ ਦਾਦਾ ਉਪਰ ਸਦਾ ਤੋਂ ਹੀ ਜਾਨ ਵਾਰਦਾ ਰਿਹਾ ਹੈ। ਇਕ ਵਾਰੀ ਇਕ ਟੈਕਸੀ ਡਰਾਈਵਰ ਦੇ ਮੂੰਹੋਂ ਮੈਂ ਸੁਣਿਆ ਸੀ, "ਅਰੇ, ਏਕ ਬਾਰ ਵੋਹ ਕਹਿ ਦੇ ਕਿ ਮੁਝੇ ਤੇਰੀ ਗਾੜੀ ਚਾਹੀਏ, ਖੁਦਾ ਕੀ ਕਸਮ, ਉਸੀ ਵਕਤ ਚਾਬੀ ਹਵਾਲੇ ਕਰਕੇ ਨੀਚੇ ਉਤਰ ਜਾਊਂ।" ਰਾਜ ਕਪੂਰ, ਦਲੀਪ ਕੁਮਾਰ, ਨਿਰਸੰਦੇਹ ਕਈ ਗੁਣਾਂ ਵਧ ਸ਼ੁਹਰਤ-ਯਾਫਤਾ ਹਨ ਪਰ ਗਰੀਬ ਤਬਕਾ ਮਾਰਧਾੜ ਦੀਆਂ ਪਿਕਚਰਾਂ ਜ਼ਿਆਦਾ ਵੇਖਦਾ ਹੈ ਜਿਸ ਕਰਕੇ ਭਗਵਾਨ ਦਾਦਾ ਦਾ ਉਹਨਾਂ ਦੇ ਦਿਲਾਂ ਵਿਚ ਵਿਸ਼ੇਸ਼ ਸਥਾਨ ਹੈ।*

# ਪੰਜਾਬ ਦੇ ਇਤਿਹਾਸ ਵਿਚ ਦਰੱਖਤਾਂ ਦਾ ਮਹੱਤਵ

***ਮਨੁੱਖੀ ਸਭਿਅਤਾ ਵਿਚ ਦਰੱਖਤਾਂ ਦਾ ਵੱਡਾ ਯੋਗਦਾਨ ਹੈ। ਅੱਜ ਮਨੁੱਖੀ ਸਭਿਅਤਾ ਜਿਸ ਮੁਕਾਮ 'ਤੇ ਅੱਪੜ ਗਈ ਹੈ, ਉਸ ਵਿਚ ਵਿਕਾਸ ਦੇ ਨਾਂ ਉਤੇ ਵਾਤਾਵਰਨ ਨੂੰ ਉਕਾ ਹੀ ਵਿਸਾਰ ਦਿੱਤਾ ਗਿਆ ਹੈ। ਇਸੇ ਕਾਰਨ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵੀ ਪੈਦਾ ਹੋ ਗਈਆਂ ਹਨ। ਡਾ. ਮੁਹੰਮਦ ਇਦਰੀਸ ਨੇ ਵੱਖ-ਵੱਖ ਧਰਮਾਂ ਦੇ ਦਰੱਖਤਾਂ ਨਾਲ ਅਨਿੱਖੜ ਜੋੜ ਬਾਰੇ ਗੱਲਾਂ ਕਰਦਿਆਂ ਪੰਜਾਬ ਵਿਚ ਇਨ੍ਹਾਂ ਦੀ ਅਹਿਮੀਅਤ ਬਾਰੇ ਚਰਚਾ ਕੀਤੀ ਹੈ।***

ਪੁਰਾਤਨ ਕਾਲ ਤੋਂ ਪੰਜਾਬ ਵਿਸ਼ਵ ਦੇ ਮਹੱਤਵਪੂਰਨ ਧਰਮਾਂ ਦਾ ਕੇਂਦਰ ਬਿੰਦੂ ਰਿਹਾ ਹੈ। ਉਸ ਸਮੇਂ ਪੰਜਾਬ ਦਾ ਭੂਗੋਲਿਕ ਇਲਾਕਾ ਕਾਬੁਲ ਤੋਂ ਦਿੱਲੀ ਤੱਕ ਸੀ। ਸਨਾਤਨ ਧਰਮ ਦਾ ਜਨਮ ਅਤੇ ਵਿਕਾਸ ਪੰਜਾਬ ਵਿਚ ਹੋਇਆ। ਕੁਰੂਕਸ਼ੇਤਰ ਦੇ ਇਲਾਕਿਆਂ ਵਿਚ 'ਮਹਾਂਭਾਰਤ' ਮਹਾਂਕਾਵਿ ਦੀ ਰਚਨਾ ਹੋਈ। ਬੁੱਧ ਅਤੇ ਜੈਨ ਧਰਮਾਂ ਦਾ ਵਿਕਾਸ ਵੀ ਪੰਜਾਬ ਦੀ ਧਰਤੀ 'ਤੇ ਹੀ ਹੋਇਆ ਸੀ। ਸੂਫੀਵਾਦ ਅਤੇ ਭਗਤੀ ਅੰਦੋਲਨਾਂ ਦਾ ਕੇਂਦਰ ਵੀ ਪੰਜਾਬ ਮੱਧਕਾਲੀ ਸਮੇਂ ਬਣਿਆ ਰਿਹਾ।

ਸਮਾਜਕ ਤੌਰ 'ਤੇ ਪੰਜਾਬ ਵਿਚ ਹਿੰਦੂ, ਸਿੱਖ, ਮੁਸਲਮਾਨ, ਇਸਾਈ, ਬੁੱਧ ਅਤੇ ਜੈਨ ਧਰਮਾਂ ਦੇ ਲੋਕ ਸਦੀਆਂ ਤੋਂ ਰਹਿ ਰਹੇ ਹਨ। ਇਨ੍ਹਾਂ ਸਾਰੇ ਧਰਮਾਂ ਦੀਆਂ ਧਾਰਮਿਕ ਕਿਤਾਬਾਂ ਅਤੇ ਸਿੱਖਿਆਵਾਂ ਵਿਚ ਵੱਖ-ਵੱਖ ਦਰੱਖਤ ਲਗਾਉਣ, ਵਾਤਾਵਰਨ ਦੀ ਸੰਭਾਲ ਅਤੇ ਸੁਰੱਖਿਆ ਨਾਲ ਸੰਬੰਧਤ ਮਹੱਤਵਪੂਰਨ ਵੇਰਵੇ ਮਿਲਦੇ ਹਨ। ਪੈਗੰਬਰਾਂ, ਪੀਰਾਂ, ਫਕੀਰਾਂ, ਗੁਰੂਆਂ ਅਤੇ ਰਿਸ਼ੀਆਂ ਮੁਨੀਆਂ ਦੀਆਂ ਅਨੇਕਾਂ



**ਡਾ. ਮੁਹੰਮਦ ਇਦਰੀਸ**
ਫੋਨ: +91-98141-71786

ਸਿਖਿਆਵਾਂ ਦਾ ਵਰਨਣ ਇਤਿਹਾਸਕ ਕਾਲ ਤੋਂ ਸਾਨੂੰ ਵਾਤਾਵਰਨ ਦੀ ਸੰਭਾਲ, ਸਮਕਾਲੀਨ ਵਿਰਾਸਤੀ ਪਿਛੋਕੜ ਅਤੇ ਗੌਰਵਮਈ ਇਤਿਹਾਸ ਨਾਲ ਸੰਬੰਧਤ ਅਨੇਕਾਂ ਦਰੱਖਤਾਂ ਬਾਰੇ ਜਾਣਕਾਰੀ ਮਿਲਦੀ ਹੈ। ਉਦਯੋਗਿਕ ਕ੍ਰਾਂਤੀ ਆਉਣ ਤੋਂ ਬਾਅਦ ਤਕਨਾਲੋਜੀ ਨੇ ਆਧੁਨਿਕ ਦੁਨੀਆ ਨੂੰ ਬੜੀ ਤੇਜ਼ੀ ਨਾਲ ਤਬਦੀਲ ਕੀਤਾ ਹੈ। ਇਸ ਦਾ ਮਨੁੱਖੀ ਜੀਵਨ 'ਤੇ ਸਭ ਤੋਂ ਵੱਡਾ ਪ੍ਰਭਾਵ ਵਾਤਾਵਰਨ ਦਾ ਦੂਸ਼ਿਤ ਹੋਣਾ ਹੈ। ਹਰੀ ਕ੍ਰਾਂਤੀ ਕਾਰਨ ਪਾਣੀ ਦੇ ਪੱਧਰ ਦਾ ਥੱਲੇ ਜਾਣਾ, ਦਰੱਖਤਾਂ ਦੀ ਕਟਾਈ, ਮਸ਼ੀਨੀਕਰਨ, ਆਵਾਜਾਈ ਦੇ ਸਾਧਨਾਂ ਦੇ ਵਧਣ ਕਾਰਨ ਅਤੇ ਪਰਾਲੀ ਤੇ ਕਣਕ ਦੇ ਝਾੜ ਨੂੰ ਅੱਗ ਲਾਉਣ ਆਦਿ ਕਾਰਨਾਂ ਕਰਕੇ ਪੰਜਾਬ ਅੱਜ ਅਤਿ ਗੰਭੀਰ ਵਾਤਾਵਰਨਕ ਸੰਕਟ ਵਿਚੋਂ ਲੰਘ ਰਿਹਾ ਹੈ। ਇਸ ਲਈ ਪੰਜਾਬ ਸਰਕਾਰ ਨੇ ਦਰੱਖਤਾਂ ਦੀ ਮਹੱਤਤਾ ਅਤੇ ਵਾਤਾਵਰਨ ਦੀ ਸੰਭਾਲ ਬਾਰੇ ਪੰਜਾਬੀ ਸਮਾਜ ਨੂੰ ਸੁਚੇਤ ਕਰਨ ਵਾਸਤੇ ਵਿਰਾਸਤ-ਏ-ਦਰੱਖਤ ਯੋਜਨਾ ਦੀ ਸ਼ੁਰੂਆਤ ਕੀਤੀ ਹੈ। ਇਸ ਯੋਜਨਾ ਤਹਿਤ ਸਰਕਾਰ ਨੇ ਪੰਜਾਬ ਵਿਚ ਧਾਰਮਿਕ, ਸਮਾਜਕ, ਸਭਿਆਚਾਰਕ, ਵਾਤਾਵਰਨ ਆਦਿ ਦੇ ਵਿਰਾਸਤੀ ਪੱਖਾਂ ਨਾਲ ਸੰਬੰਧਤ ਸੌ ਸਾਲ ਤੋਂ ਪੁਰਾਣੇ ਦਰੱਖਤ ਚੁਣ ਕੇ ਉਨ੍ਹਾਂ ਦੀ ਸੰਭਾਲ ਤੇ ਸੁਰੱਖਿਆ ਦਾ ਪ੍ਰਬੰਧ ਕਰਨਾ ਹੈ।

ਪੰਜਾਬ ਸਰਕਾਰ ਦੇ ਜੰਗਲਾਤ ਅਤੇ ਜੰਗਲੀ ਜੀਵ ਸੰਭਾਲ ਵਿਭਾਗ ਵੱਲੋਂ ਸ਼ੁਰੂ ਕੀਤੀ ਇਸ ਯੋਜਨਾ ਤਹਿਤ ਦੋ ਭਾਗਾਂ ਵਿਚ ਕੁੱਲ ਚਾਰ ਸੌ ਦਰੱਖਤਾਂ ਦੀ ਚੋਣ ਕੀਤੀ ਜਾਵੇਗੀ। ਇਕ ਅੰਦਾਜ਼ੇ ਅਨੁਸਾਰ ਪੰਜਾਬ ਵਿਚ ਬਾਰਾਂ ਸੌ ਦੇ ਲਗਭਗ ਇਤਿਹਾਸਕ ਮਹੱਤਤਾ ਵਾਲੇ ਦਰੱਖਤ ਹਨ। ਇਸ ਯੋਜਨਾ ਦਾ ਮੰਤਵ ਵੀ ਉਨ੍ਹਾਂ ਦਰੱਖਤਾਂ ਦੀ ਚੋਣ ਕਰਨਾ ਹੈ ਜੋ ਇਤਿਹਾਸਕ ਪੱਖ ਤੋਂ ਮਹੱਤਵਪੂਰਨ ਹਨ। ਦਰੱਖਤਾਂ ਦੀ ਚੋਣ ਦਾ ਆਧਾਰ ਵਿਗਿਆਨਕ, ਦਰੱਖਤਾਂ ਦੀ ਉਮਰ, ਤਣੇ, ਭੂਗੋਲਿਕ ਖੇਤਰ ਅਤੇ ਉਨ੍ਹਾਂ ਦਰੱਖਤਾਂ ਨਾਲ ਜੁੜੀਆਂ ਸਥਾਨਕ, ਸਭਿਆਚਾਰਕ ਅਤੇ ਲੋਕਧਾਰਾ ਨਾਲ ਜੁੜੀਆਂ ਕਥਾਵਾਂ ਤੇ ਇਤਿਹਾਸਕ ਹਵਾਲਿਆਂ ਅਨੁਸਾਰ ਕੀਤੀ ਜਾਵੇਗੀ। ਦੂਸਰਾ ਮੰਤਵ ਦਰੱਖਤਾਂ ਦੀ ਚੋਣ ਉਪਰੰਤ ਪੰਜਾਬੀ ਸਮਾਜ ਨੂੰ ਸਥਾਨਕ ਕਮੇਟੀਆਂ, ਪੰਚਾਇਤਾਂ ਅਤੇ ਗੈਰ-ਸਰਕਾਰੀ ਸੰਸਥਾਵਾਂ ਰਾਹੀਂ ਦਰੱਖਤਾਂ ਦੇ ਮਹੱਤਵ ਅਤੇ ਸੰਭਾਲ ਬਾਰੇ ਪੰਜਾਬੀ ਸਮਾਜ ਵਿਚ ਜਾਗਰੂਕਤਾ ਪੈਦਾ ਕਰਨਾ ਹੈ। ਸਦੀਆਂ ਤੋਂ ਪੰਜਾਬੀਆਂ ਦੀ ਸਮਾਜਕ, ਸਭਿਆਚਾਰਕ, ਰਾਜਨੀਤਕ, ਧਾਰਮਿਕ, ਆਰਥਕ, ਨੈਤਿਕ ਅਤੇ ਭਾਸ਼ਾਈ ਜੀਵਨ ਸ਼ੈਲੀ ਵਿਚ ਦਰੱਖਤਾਂ ਦੀ ਅਹਿਮ ਭੂਮਿਕਾ ਅਤੇ ਮਹੱਤਤਾ ਰਹੀ ਹੈ। ਪੰਜਾਬੀ ਭਾਵੇਂ ਧਾਰਮਿਕ ਤੌਰ 'ਤੇ ਮੁਸਲਿਮ, ਸਿੱਖ, ਹਿੰਦੂ, ਇਸਾਈ, ਬੋਧੀ, ਜੈਨੀ, ਆਦਿ ਧਰਮੀ ਹੋਣ, ਉਨ੍ਹਾਂ ਦੇ ਧਾਰਮਿਕ ਤੇ ਸਭਿਆਚਾਰਕ ਰੀਤੀ-ਰਿਵਾਜ ਦਰੱਖਤਾਂ ਤੋਂ ਇਲਾਵਾ ਅਧੂਰੇ ਹਨ। ਦਰੱਖਤਾਂ ਦੀ ਪੂਜਾ, ਦਰੱਖਤਾਂ ਹੇਠ ਬੈਠ ਕੇ ਪਾਠ ਕਰਨਾ, ਹਵਨ ਕਰਨਾ ਪੰਜਾਬੀਆਂ ਦੇ ਜੀਵਨ ਦਾ ਅਨਿੱਖੜਵਾਂ ਅੰਗ ਹੈ।

### ਇਸਲਾਮ ਧਰਮ ਅਤੇ ਦਰੱਖਤ

ਇਸਲਾਮ ਧਰਮ ਦੇ ਸਰਬੋਤਮ ਤੇ ਪਵਿੱਤਰ ਧਾਰਮਿਕ ਗ੍ਰੰਥ 'ਕੁਰਆਨ ਮਾਜੀਦ' ਦੀਆਂ ਅਨੇਕਾਂ ਸੂਰਤਾਂ ਅਤੇ ਆਇਤਾਂ ਵਿਚ ਵੱਖ-ਵੱਖ ਕਿਸਮ ਦੇ ਦਰੱਖਤਾਂ ਦੇ ਨਾਵਾਂ ਦਾ ਜ਼ਿਕਰ ਆਉਂਦਾ ਹੈ। ਵਾਤਾਵਰਨ ਦੀ ਸਾਂਭ-ਸੰਭਾਲ ਪ੍ਰਤੀ ਨਾਗਰਿਕਾਂ ਦੇ ਫਰਜ਼ਾਂ ਅਤੇ ਹੱਕਾਂ ਬਾਰੇ ਵਰਨਣ ਹੈ। ਕੁਰਆਨ ਮਾਜੀਦ ਵਿਚ ਵਰਣਿਤ ਦਰੱਖਤਾਂ ਅਤੇ ਪੌਦਿਆਂ ਵਿਚੋਂ ਕੁਝ ਮੁੱਖ ਦੇ ਨਾਂ ਖਜੂਰ, ਅਨਾਰ, ਅੰਗੂਰ, ਅੰਜੀਰ, ਜੈਤੂਨ, ਕਿੱਕਰ, ਅਦਰਕ, ਫਰਵਾਂਹ, ਜ਼ਾਫਰਾਨ, ਨਿੰਮ, ਸਿਦਰ, ਜਾਊ, ਪੀਊਲ, ਕਾਫੂਰ, ਅਦਸ, ਜਕੂਨ, ਤੂਬਾ ਆਦਿ ਹਨ। ਹਜ਼ਰਤ ਮੁਹੰਮਦ ਦੀਆਂ ਸਿਖਿਆਵਾਂ ਅਨੁਸਾਰ ਦਰੱਖਤ ਲਗਾਉਣਾ ਸਵਾਬ (ਪੁੰਨ) ਦਾ ਕੰਮ ਹੈ; ਭਾਵ ਜਿੰਨਾ ਸਮਾਂ ਉਹ ਰੁੱਖ ਹਰਿਆ-ਭਰਿਆ ਰਹੇਗਾ, ਓਨਾ ਸਮਾਂ ਰੁੱਖ ਲਗਾਉਣ ਵਾਲੇ ਨੂੰ ਸਵਾਬ ਮਿਲਦਾ ਰਹੇਗਾ। ਕੁਰਆਨ ਮਾਜੀਦ ਦੀਆਂ ਕੁਝ ਮਹੱਤਵਪੂਰਨ ਸੂਰਤਾਂ ਵਿਚ ਦਰੱਖਤਾਂ ਤੇ ਪੌਦਿਆਂ ਦੇ ਗੁਣਾਂ ਅਤੇ ਉਨ੍ਹਾਂ ਨੂੰ ਲਗਾਉਣ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਮਿਲਦੀ ਹੈ, ਇਨ੍ਹਾਂ ਦੇ ਨਾਂ ਅਲ ਬਕਰ, ਅਲ ਅੰਬੀਆ, ਲੁਕਮਾਨ, ਅਲ ਦਹਰ, ਅਤ, ਤਿਨ, ਅਸ, ਸਾਹਫਾਤ, ਅਲ ਵਾਕੀਆ, ਅਰ ਰਹਮਾਨ, ਅਲ ਅਨਾਹਮ, ਅਝ ਨਹਲ, ਅਨ ਨੂਰ, ਅਬਾਸਾ, ਅਰ ਰਾਦ, ਅਲ ਮੂਨੀਅਮ, ਯਾਸੀਨ, ਅਰ ਰਹਿਮਾਨ, ਸਭਾ, ਅਲ ਇਸਰਾ, ਅਲ ਨਜਮ ਅਤੇ ਅਦ ਦਹਰ ਹਨ।



*ਫਤਿਹਗੜ੍ਹ ਸਾਹਿਬ ਨੇੜਲੇ ਪਿੰਡ ਚੋਲਟੀ ਕਲਾਂ ਵਿਚ 300 ਸਾਲ ਪੁਰਾਣਾ ਬੋਹੜ।*

### ਇਸਾਈ ਧਰਮ ਅਤੇ ਦਰੱਖਤ

ਇਸਾਈ ਧਰਮ ਦੀ ਪਵਿੱਤਰ ਕਿਤਾਬ 'ਬਾਈਬਲ' ਵਿਚ ਦਰੱਖਤਾਂ ਬਾਰੇ ਲਗਭਗ ਪੰਜ ਸੌ ਪੱਚੀ ਥਾਵਾਂ 'ਤੇ ਜ਼ਿਕਰ ਆਉਂਦਾ ਹੈ। ਦਰੱਖਤਾਂ ਦੀ ਮਨੁੱਖੀ ਸਮਾਜ, ਸਭਿਅਤਾ, ਧਰਮ, ਨੈਤਿਕ ਜੀਵਨ ਅਤੇ ਵਾਤਾਵਰਨ ਪੱਖੋਂ ਮਹੱਤਤਾ ਨੂੰ ਸਮਝਦੇ ਹੋਏ ਵਿਚਾਰਧਾਰਕ ਤੌਰ 'ਤੇ ਇਸਾਈਅਤ ਵਿਚ ਚਾਰ ਮੁੱਖ ਦਰੱਖਤਾਂ ਨੂੰ ਵਿਸ਼ੇਸ਼ ਤੌਰ 'ਤੇ ਅਹਿਮੀਅਤ ਦਿੱਤੀ ਗਈ ਹੈ। ਪਹਿਲਾ ਦਰੱਖਤ ਜੀਵ ਦਾ ਪੈਦਾ ਹੋਣਾ, ਦੂਸਰਾ ਠੀਕ ਅਤੇ ਗਲਤ ਕੰਮਾਂ ਬਾਰੇ ਜਾਣਕਾਰੀ ਹੋਣਾ, ਤੀਸਰਾ ਇਲਹਾਮ ਵਿਚ ਜੀਵਨ (ਭਾਵ ਦੈਵੀ ਸ਼ਕਤੀਆਂ ਵਿਚ ਜੀਵਨ ਰੂਪੀ ਦਰੱਖਤ ਦਾ ਵਰਨਣ ਹੋਣਾ) ਅਤੇ ਚੌਥਾ ਦਰੱਖਤ ਜਿਸ ਦੀ ਸੂਲੀ 'ਤੇ ਚੜ੍ਹ ਕੇ ਹਜ਼ਰਤ ਈਸਾ (ਯਸੂ ਮਸੀਹ) ਦੁਆਰਾ ਸ਼ਹਾਦਤ ਦਿੱਤੀ ਗਈ ਸੀ। ਖਜੂਰ, ਓਕ, ਅੰਜੀਰ, ਤਾੜ, ਜੈਤੂਨ, ਅਨਾਰ, ਕਿੱਕਰ ਆਦਿ ਕੁਝ ਮੁੱਖ ਦਰੱਖਤ ਅਤੇ ਪੌਦਿਆਂ ਦਾ ਜ਼ਿਕਰ ਬਾਈਬਲ ਵਿਚ ਵਾਰ-ਵਾਰ ਆਉਂਦਾ ਹੈ। ਇਸਾਈ ਧਰਮ ਦੇ ਪੈਰੋਕਾਰਾਂ ਵਿਚ ਪ੍ਰਚੱਲਿਤ ਕਥਾਵਾਂ ਅਨੁਸਾਰ ਜੀਵਨ ਦੀ ਸਥਾਪਨਾ ਤੋਂ ਬਾਅਦ ਮਨੁੱਖਤਾ ਦੀ ਖੁਰਾਕ ਦੀ ਲੋੜ ਅਨੁਸਾਰ ਫਲਾਂ ਦੀ ਜ਼ਰੂਰਤ ਅਤੇ ਵਾਤਾਵਰਨ ਦੀ ਸੰਭਾਲ ਹਿਤ ਦਰੱਖਤਾਂ ਅਤੇ ਪੌਦਿਆਂ ਦੀ ਪੈਦਾਵਾਰ ਮਨੁੱਖੀ ਜੀਵਨ ਤੋਂ ਤੀਸਰੇ ਦਿਨ ਬਾਅਦ ਹੀ ਪੈਦਾ ਕੀਤੀ ਗਈ ਸੀ। ਇਸੇ ਲਈ ਇਸਾਈ ਲੋਕ ਹਰ ਸਮਾਜਕ ਤੇ ਸਭਿਆਚਾਰਕ ਸਮਾਗਮ ਵਿਚ ਦਰੱਖਤਾਂ ਅਤੇ ਪੌਦਿਆਂ ਨੂੰ ਵਿਸ਼ੇਸ਼ ਅਹਿਮੀਅਤ ਦਿੰਦੇ ਹਨ।

### ਬੁੱਧ ਧਰਮ ਅਤੇ ਦਰੱਖਤ

ਬੁੱਧ ਧਰਮ ਵਿਚ ਵੀ ਦਰੱਖਤਾਂ ਅਤੇ ਪੌਦਿਆਂ ਨੂੰ ਵਿਸ਼ੇਸ਼ ਅਹਿਮੀਅਤ ਦਿੱਤੀ ਗਈ ਹੈ। ਵਾਤਾਵਰਨ ਵਿਗਿਆਨ ਅਤੇ ਮਨੁੱਖੀ ਸਭਿਆਚਾਰ ਦੇ ਬੁੱਧ ਧਰਮ ਅਨੁਸਾਰ ਬੜੇ ਡੂੰਘੇ ਸੰਬੰਧ ਹਨ। ਬੋਧੀ ਇਤਿਹਾਸਕ ਸੋਮਿਆਂ ਅਨੁਸਾਰ ਪੁਰਾਤਨ ਕਾਲ ਤੋਂ ਕੁਦਰਤ ਵਲੋਂ ਮਨੁੱਖੀ ਜੀਵਨ ਨੂੰ ਸੁਖਾਲਾ ਤੇ ਸੁਚੱਜਾ ਬਣਾਉਣ ਲਈ ਬਨਸਪਤੀ ਦੀ ਰਚਨਾ ਕੀਤੀ ਗਈ ਹੈ। ਬੋਧੀ ਧਰਮ ਗ੍ਰੰਥਾਂ ਅਨੁਸਾਰ ਬੁੱਧ ਨੂੰ ਗਿਆਨ ਬੋਧੀ ਪਿੱਪਲ ਦੇ ਦਰੱਖਤ ਹੇਠ ਹੀ ਪ੍ਰਾਪਤ ਹੋਇਆ ਸੀ। ਪਿੱਪਲ ਨੂੰ 'ਗਿਆਨ ਦੇ ਰੁੱਖ' ਵਜੋਂ ਵੀ ਜਾਣਿਆ ਜਾਂਦਾ ਹੈ। ਬੁੱਧ ਦੇ ਜੀਵਨ ਕਾਲ ਦੌਰਾਨ ਵਾਤਾਵਰਨ ਦੀ ਸੰਭਾਲ ਹਿਤ ਅਨੇਕਾਂ ਜੰਗਲਾਂ ਦੀ ਸਥਾਪਨਾ ਕੀਤੀ ਗਈ ਸੀ। ਬੋਧੀ ਸਿੱਖਿਆ ਸੰਸਥਾਵਾਂ ਵਿਚ ਵਾਤਾਵਰਨ ਦੀ ਸੰਭਾਲ ਹਿਤ ਅਨੇਕਾਂ ਤਰ੍ਹਾਂ ਦੇ ਬੂਟੇ ਲਗਾਏ ਗਏ ਸਨ। ਬੋਧੀ ਇਤਿਹਾਸਕ ਸੋਮਿਆਂ ਵਿਚ ਅਸ਼ੋਕਾ ਅਤੇ ਬੋਹੜ ਦੇ ਦਰੱਖਤਾਂ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ। ਬੁੱਧ ਦੀਆਂ ਯਾਤਰਾਵਾਂ ਅਤੇ ਧਰਮ ਪ੍ਰਚਾਰ ਨਾਲ ਸੰਬੰਧਤ ਦਰੱਖਤਾਂ ਦੀਆਂ ਅਨੇਕਾਂ ਘਟਨਾਵਾਂ ਵਰਨਣ ਹਨ।

### ਹਿੰਦੂ ਧਰਮ ਅਤੇ ਦਰੱਖਤ

ਪ੍ਰਾਚੀਨ ਕਾਲ ਤੋਂ ਦੂਸਰੇ ਧਰਮਾਂ ਵਾਂਗ ਹਿੰਦੂ ਧਰਮ ਵਿਚ ਵੀ ਦਰੱਖਤਾਂ ਦਾ ਵਿਸ਼ੇਸ਼ ਸਥਾਨ ਅਤੇ ਅਹਿਮੀਅਤ ਹੈ। ਹਿੰਦੂ ਧਰਮ ਗ੍ਰੰਥਾਂ ਅਨੁਸਾਰ ਦਰੱਖਤ ਗਿਆਨ ਅਤੇ ਦੈਵੀ ਸ਼ਕਤੀ ਪ੍ਰਾਪਤ ਕਰਨ ਦੇ ਸੋਮੇ ਹਨ। ਰਿਗਵੇਦ ਵਿਚ ਦਰੱਖਤਾਂ ਨੂੰ ਕੱਟਣ ਦੀ ਮਨਾਹੀ ਕੀਤੀ ਗਈ ਹੈ, ਕਿਉਂਕਿ ਇਹ ਮਨੁੱਖੀ ਜੀਵਨ ਨੂੰ ਸੁਰੱਖਿਆ ਮੁਹੱਈਆ ਕਰਦੇ ਹਨ। ਹਿੰਦੂ ਧਰਮ ਗ੍ਰੰਥਾਂ ਵਿਚ ਕੁਝ ਦਰੱਖਤਾਂ ਨੂੰ ਪਵਿੱਤਰ ਵੀ ਲਿਖਿਆ ਗਿਆ ਹੈ। ਉਨ੍ਹਾਂ ਵਿਚੋਂ ਪਿੱਪਲ, ਅਸ਼ੋਕਾ, ਬੋਹੜ, ਅੰਬ ਆਦਿ ਹਨ। ਬੋਹੜ ਜੀਵਨ, ਵਿਕਾਸ ਅਤੇ ਉਪਜਾਊਪਣ ਦਾ ਮੁੱਖ ਸ੍ਰੋਤ ਹੈ। ਬੋਹੜ ਤ੍ਰਿਮੂਰਤੀ, ਭਾਵ ਵਿਸ਼ਨੂੰ, ਸ਼ਿਵਾ ਅਤੇ ਬ੍ਰਹਮਾ ਦਾ ਪ੍ਰਤੀਕ ਹੈ। ਹਿੰਦੂ ਧਰਮ ਵਿਚ ਕੁਝ ਹੋਰ ਮੁੱਖ ਦਰੱਖਤਾਂ ਦੇ ਨਾਂ ਭਾਗਵਤ ਗੀਤਾ ਵਿਚ ਦਰੱਖਤ, ਪੌਦੇ, ਦਰਿਆ, ਸਮੁੰਦਰ, ਹਵਾ ਆਦਿ ਸੋਮਿਆਂ ਨੂੰ ਕੁਦਰਤ ਰੂਪੀ ਸਰੀਰ ਦੇ ਹਿੱਸੇ ਦੱਸਿਆ ਗਿਆ ਹੈ। ਇਨ੍ਹਾਂ ਸਾਰੇ ਹਿੱਸਿਆਂ ਦੀ ਸੰਭਾਲ ਅਤੇ ਇੱਜ਼ਤ ਕਰਨ ਲਈ ਵੀ ਪ੍ਰਵਚਨ ਦਿੱਤੇ ਗਏ ਹਨ।



*ਟਾਹਲੀ (ਖੱਬੇ) ਅਤੇ ਕਿੱਕਰ ਦੇ ਦਰੱਖਤ।*

### ਜੈਨ ਧਰਮ ਅਤੇ ਦਰੱਖਤ

ਜੈਨ ਧਰਮ ਦੇ ਬਾਨੀ ਮਹਾਂਵੀਰ ਜੈਨ ਅਨੁਸਾਰ ਦਰੱਖਤਾਂ ਦੀ ਆਪਣੀ ਦੁਨੀਆ ਅਤੇ ਖੂਬਸੂਰਤੀ ਹੈ। ਦਰੱਖਤਾਂ ਨੂੰ ਕੇਵਲ ਲੱਕੜੀ ਪ੍ਰਾਪਤ ਕਰਨ ਅਤੇ ਘਰ ਬਣਾਉਣ ਦਾ ਸਾਧਨ ਹੀ ਨਹੀਂ ਸਮਝਿਆ ਜਾਣਾ ਚਾਹੀਦਾ ਸਗੋਂ ਉਨ੍ਹਾਂ ਨੂੰ ਪਵਿੱਤਰਤਾ ਅਤੇ ਖੂਬਸੂਰਤੀ ਦੇ ਹਵਾਲੇ ਨਾਲ ਵੀ ਦੇਖਣਾ ਚਾਹੀਦਾ ਹੈ। ਜੈਨ ਧਰਮ ਵਿਚ ਪਿੱਪਲ, ਬਿੱਲ, ਅੰਬ, ਅੰਜੀਰ, ਜਾਮਣ ਆਦਿ ਦਰੱਖਤਾਂ ਦੀ ਵਿਸ਼ੇਸ਼ ਮਹੱਤਤਾ ਹੈ। ਜੈਨੀ ਇਤਿਹਾਸਕ ਅਤੇ ਧਾਰਮਿਕ ਸਾਹਿਤ ਅਨੁਸਾਰ ਦਰੱਖਤ ਲਗਾਉਣ ਨਾਲ ਵਾਤਾਵਰਨ ਦੀ ਸੰਭਾਲ ਹੁੰਦੀ ਹੈ ਅਤੇ ਮਨੁੱਖੀ ਆਤਮਾ ਨੂੰ ਸ਼ਾਂਤੀ ਮਿਲਦੀ ਹੈ। ਜੈਨ ਧਰਮ ਦੇ ਚੌਵੀ ਸੰਤਾਂ ਦੁਆਰਾ ਵੱਖ-ਵੱਖ ਦਰੱਖਤਾਂ ਹੇਠ ਬੈਠ ਕੇ ਮੁਕਤੀ ਪ੍ਰਾਪਤ ਕਰਨ ਲਈ ਤਪੱਸਿਆ ਕੀਤੀ ਗਈ ਸੀ।

### ਸਿੱਖ ਧਰਮ ਅਤੇ ਦਰੱਖਤ

ਸਿੱਖ ਧਰਮ ਦਾ ਜਨਮ ਅਤੇ ਵਿਕਾਸ ਪੰਜਾਬ ਦੀ ਧਰਤੀ 'ਤੇ ਹੀ ਹੋਇਆ ਹੈ। ਗੁਰੂ ਨਾਨਕ ਬਾਣੀ ਵਿਚ ਦਰੱਖਤਾਂ ਬਾਰੇ ਵਰਨਣ ਹੈ:

ਪਵਣ ਗੁਰੂ ਪਾਣੀ ਪਿਤਾ
ਮਾਤਾ ਧਰਤਿ ਮਹਤੁ ॥

ਦਮਨਬੀਰ ਸਿੰਘ ਜਸਪਾਲ ਅਨੁਸਾਰ ਸਿੱਖ ਧਰਮ ਦੇ 58 ਧਾਰਮਿਕ ਸਥਾਨਾਂ ਅਤੇ ਗੁਰਦੁਆਰਿਆਂ ਦੇ ਨਾਂ ਦਰੱਖਤਾਂ ਦੀਆਂ 19 ਵੱਖ-ਵੱਖ ਸ਼੍ਰੇਣੀਆਂ ਦੇ ਨਾਂ 'ਤੇ ਹਨ। ਸਿੱਖ ਗੁਰੂ ਸਾਹਿਬਾਨ ਵਲੋਂ ਵੱਖ-ਵੱਖ ਯਾਤਰਾਵਾਂ ਦੌਰਾਨ ਆਪਣੀਆਂ ਸਿਖਿਆਵਾਂ ਅਤੇ ਧਰਮ ਪ੍ਰਚਾਰ ਦਰੱਖਤਾਂ ਦੀ ਛਾਂ ਹੇਠ ਬੈਠ ਕੇ ਹੀ ਕੀਤੇ ਗਏ। ਸਿੱਖ ਧਰਮ ਨਾਲ ਸੰਬੰਧਤ ਕੁਝ ਦਰੱਖਤ ਬੇਰੀ, ਟਾਹਲੀ, ਪਿੱਪਲੀ, ਲਾਚੀ, ਬੇਰੀ, ਕਰੀਰ, ਜੰਡ, ਫਲਾਹੀ, ਵਣ, ਜਾਮਣ, ਨਿੰਮ, ਬੋਹੜ ਅਤੇ ਰੇਰੂ ਹਨ। ਇਨ੍ਹਾਂ ਦਰੱਖਤਾਂ ਦੇ ਨਾਂ 'ਤੇ ਕੁਝ ਮਹੱਤਵਪੂਰਨ ਗੁਰਦੁਆਰੇ ਨਨਕਾਣਾ ਸਾਹਿਬ, ਸੁਲਤਾਨਪੁਰ ਲੋਧੀ, ਡੇਰਾ ਬਾਬਾ ਨਾਨਕ, ਦਰਬਾਰ ਸਾਹਿਬ ਅੰਮ੍ਰਿਤਸਰ, ਲੋਹਗੜ੍ਹ, ਸ੍ਰੀ ਹਰਿਗੋਬਿੰਦਪੁਰ ਸਾਹਿਬ, ਚਮਕੌਰ ਸਾਹਿਬ, ਮੁਕਤਸਰ, ਸਿਆਲਕੋਟ ਆਦਿ ਸ਼ਹਿਰਾਂ ਵਿਚ ਬਣੇ ਹੋਏ ਹਨ। ਉਪਰੋਕਤ ਗੁਰਦੁਆਰਿਆਂ ਦਾ ਇਤਿਹਾਸ ਗੁਰੂ ਨਾਨਕ ਦੇਵ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਹਰਿਗੋਬਿੰਦ ਸਾਹਿਬ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਤ ਹੈ। ਗੁਰੂ ਸਾਹਿਬਾਨ ਤੋਂ ਇਲਾਵਾ ਸ਼ੇਖ ਫਰੀਦ, ਬਾਬਾ ਬੁੱਢਾ ਜੀ ਅਤੇ ਬਾਬਾ ਸ੍ਰੀ ਚੰਦ ਜੀ ਨਾਲ ਕੁਝ ਸੰਬੰਧਤ ਧਾਰਮਿਕ ਸਥਾਨਾਂ ਦੇ ਨਾਂ ਦਰੱਖਤਾਂ ਨਾਲ ਸੰਬੰਧਤ ਹਨ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੁਝ ਦਰੱਖਤਾਂ ਤੇ ਪੌਦਿਆਂ ਦੇ ਨਾਂ ਅੱਕ, ਅਗਰ, ਅੰਬ, ਇਰੰਡ, ਸਿੰਮਨ, ਹਿੰਗ, ਕਦਲੀ, ਕਿੱਕਰ, ਕੁੰਗੂ (ਕੇਸਰ), ਖਜੂਰ, ਗਰੀ (ਖੋਪਾ), ਚੰਦਨ, ਤਾਰ (ਤਾੜ), ਤੁਲਸੀ, ਦਾਖ, ਨਿੰਮ, ਪਲਾਹ, ਪਿੱਪਲ, ਬਟਕ (ਬੋਹੜ), ਬਾਂਸ, ਬੇਰ, ਮਜੀਠ ਆਦਿ ਹਨ। ਦਰੱਖਤਾਂ ਤੇ ਪੌਦਿਆਂ ਦੀ ਸੰਸਾਰ ਦੇ ਸਾਰੇ ਮੁੱਖ ਧਰਮਾਂ ਵਿਚ ਸਾਂਭ-ਸੰਭਾਲ ਲਈ ਅਹਿਮੀਅਤ ਵਰਨਣ ਹੈ। ਪੰਜਾਬ ਵਿਚ ਦਰੱਖਤਾਂ ਦੀ ਪੂਜਾ ਕਰਨਾ, ਦਰੱਖਤਾਂ ਹੇਠ ਬੈਠ ਕੇ ਤਪੱਸਿਆ ਕਰਨਾ, ਪਾਠ ਕਰਨਾ, ਮਾਨਸਿਕ ਤੇ ਆਤਮਿਕ ਸ਼ਾਂਤੀ ਪ੍ਰਾਪਤ ਕਰਨਾ ਪੁਰਾਤਨ ਕਾਲ ਤੋਂ ਪ੍ਰਚੱਲਿਤ ਸੱਭਿਆਚਾਰ ਹੈ। ਦਰੱਖਤਾਂ ਦੁਆਲੇ ਸੰਧੂਰ ਭਰਨਾ, ਸੂਤਲੀਆਂ ਟੰਗਣਾ ਆਦਿ ਹੋਰ ਵੱਖ-ਵੱਖ ਤਰ੍ਹਾਂ ਦੀਆਂ ਮਾਨਤਾਵਾਂ ਜੁੜੀਆਂ ਹੋਈਆਂ ਹਨ। ਪੰਜਾਬ ਦੇ ਸਭਿਆਚਾਰਕ ਜੀਵਨ ਵਿਚ ਜਨਮ, ਸਿੱਖਿਆ, ਵਿਆਹ ਅਤੇ ਮਰਨ ਤੱਕ ਸਮਾਜਕ ਤੌਰ 'ਤੇ ਹਰ ਰੀਤੀ-ਰਿਵਾਜ ਵਿਚ ਦਰੱਖਤਾਂ ਦੀ ਸ਼ਮੂਲੀਅਤ ਹੈ। ਪੰਜਾਬੀ ਲੋਕਾਂ ਦੇ ਜੀਵਨ ਦੀਆਂ ਅਨੇਕਾਂ ਵਸਤਾਂ ਚਰਖੇ, ਹਲ, ਗੱਡੇ, ਕੁਠਾਲੀਆਂ, ਰੇਹੜੀਆਂ, ਚੌਕੀਆਂ ਆਦਿ ਦੀ ਪ੍ਰਾਪਤੀ ਦਰੱਖਤਾਂ ਤੋਂ ਹੀ ਹੁੰਦੀ ਹੈ। ਵਿਸ਼ੇਸ਼ ਦਰੱਖਤਾਂ ਦੇ ਨਾਂ 'ਤੇ ਕੁਝ ਮਹੱਤਵਪੂਰਨ ਪਿੰਡ, ਕਸਬੇ ਅਤੇ ਸ਼ਹਿਰ ਪੰਜਾਬ ਵਿਚ ਆਬਾਦ ਹਨ। ਅਨੇਕਾਂ ਮਸਜਿਦਾਂ, ਮੰਦਰਾਂ ਅਤੇ ਗੁਰਦੁਆਰਿਆਂ ਦਾ ਇਤਿਹਾਸ ਦਰੱਖਤਾਂ ਨਾਲ ਜੁੜਿਆ ਹੋਇਆ ਹੈ। ਪੰਜਾਬ ਦੇ ਅਨੇਕਾਂ ਪਿੰਡਾਂ ਦੇ ਨਾਂ ਦਰੱਖਤਾਂ ਦੇ ਨਾਂ 'ਤੇ ਰੱਖੇ ਹੋਏ ਮਿਲਦੇ ਹਨ। ਉਦਾਹਰਨ ਵਜੋਂ ਪਿੱਪਲਾਂਵਾਲੀ, ਬੋਹੜਪੁਰ, ਅੰਬ, ਸਰੀਂਹ, ਨਿੰਮਸਰ, ਪਿੱਪਲ ਮੰਗੋਲੀ, ਕਿੱਕਰਾਂਵਾਲੀ, ਤੂਤਾਂਵਾਲਾ ਆਦਿ ਹਨ। ਇਸੇ ਤਰ੍ਹਾਂ ਲੋਕਾਂ ਵਲੋਂ ਬੱਚਿਆਂ ਦੇ ਨਾਂ ਕਿੱਕਰ ਸਿੰਘ, ਬੋਹੜ ਸਿੰਘ, ਬੂਟਾ ਸਿੰਘ ਆਦਿ ਵੀ ਰੱਖੇ ਜਾਂਦੇ ਹਨ। ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਦਰੱਖਤ ਪੰਜਾਬ ਦੇ ਲੋਕ ਜੀਵਨ ਤੇ ਵਿਰਾਸਤ ਦਾ ਅਹਿਮ ਹਿੱਸਾ ਹੈ। ਆਧੁਨਿਕ ਕਾਲ ਵਿਚ ਵੀ ਇਨ੍ਹਾਂ ਨੂੰ ਵਾਤਾਵਰਨ ਸੰਤੁਲਨ ਬਣਾਈ ਰੱਖਣ ਲਈ ਮਹੱਤਵ ਮਿਲਣਾ ਚਾਹੀਦਾ ਹੈ।

### ਦਰੱਖਤਾਂ ਦੀਆਂ ਕਿਸਮਾਂ

ਪੰਜਾਬ ਵਿਚ ਲਗਭਗ ਦੋ ਸੌ ਤਰ੍ਹਾਂ ਦੇ ਦਰੱਖਤ ਮਿਲਦੇ ਹਨ। ਇਹ ਪਹਾੜੀ, ਮੈਦਾਨੀ, ਕੰਢੀ ਅਤੇ ਨੀਮ ਪਹਾੜੀ ਸਾਰੇ ਹੀ ਇਲਾਕਿਆਂ ਵਿਚ ਮਿਲਦੇ ਹਨ। ਦਰੱਖਤਾਂ ਦੀ ਮਹੱਤਤਾ ਅਨੁਸਾਰ ਉਨ੍ਹਾਂ ਨੂੰ ਸੜਕਾਂ ਕਿਨਾਰੇ, ਸਜਾਵਟੀ ਦਿੱਖ ਲਈ, ਸਨਅਤਾਂ ਦੇ ਵਿਕਾਸ ਹਿਤ, ਫਲਾਂ ਦੀ ਪ੍ਰਾਪਤੀ ਲਈ ਅਤੇ ਵਾਤਾਵਰਨਕ ਸੰਤੁਲਨ ਲਈ ਲਗਾਇਆ ਜਾਂਦਾ ਹੈ। ਪੰਜਾਬ ਵਿਚ ਕੁਝ ਹੋਰ ਮਹੱਤਵਪੂਰਨ ਦਰੱਖਤ ਅਤੇ ਪੌਦੇ ਜੋ ਵਧੇਰੇ ਮਾਤਰਾ ਵਿਚ ਹੁੰਦੇ ਹਨ ਦੇ ਨਾਂ ਅਸ਼ੋਕਾ ਪਹਾੜੀ ਪਿੱਪਲ, ਸਿੰਬਲ, ਚਿੱਟਾ ਸਿੰਬਲ, ਮਰੋੜਫਲੀ, ਸੰਤਰਾ, ਕਾਗਜ਼ੀ ਨਿੰਬੂ, ਗਲਗਲ, ਚਕੋਤਰਾ, ਬਿੱਲ, ਮਾਲਟਾ, ਡੇਕ, ਮਹਾਰਾਨੀ, ਬੇਰ, ਲੀਚੀ, ਰੀਠਾ, ਅੰਬੜਾ, ਸੁਹਾਂਜਣਾ, ਟਾਹਲੀ, ਮੰਦਾਰ, ਅਮਲਤਾਸ, ਇਮਲੀ, ਕਚਨਾਰ, ਗੁਲਮੋਹਰ, ਵਲੈਤੀ ਕਿੱਕਰ, ਖੈਰ, ਜੰਡ, ਅਲੂਚਾ, ਆੜੂ, ਨਾਸ਼ਪਾਤੀ, ਲੋਕਾਟ, ਅਰਜਨ, ਹਰੜ, ਬਹੇੜਾ, ਅਮਰੂਦ, ਸਫੈਦਾ, ਬੋਤਲ ਬੁਰਸ਼, ਜਰੂਲ, ਕੁੰਭੀ, ਅਨਾਰ, ਪਪੀਤਾ, ਮਹੂਆ, ਮੌਲਸਰੀ, ਚੀਕੂ, ਭਾਰਤੀ ਜੈਤੂਨ, ਵਣ, ਸਤੋਨਾ, ਲਸੂੜ੍ਹਾ, ਕਿਊੜ, ਸਾਗਵਾਨ, ਹਾਰ ਸ਼ਿੰਗਾਰ, ਔਲਾ, ਰਿੰਡ, ਖਰਦਲ, ਅੰਜੀਰ, ਸ਼ਹਿਤੂਤ, ਕਟਹਰ, ਗੁੱਲਰ, ਪਿੱਪਲ, ਬੋਹੜ, ਜੰਗਲੀ ਸਰੂ, ਪਾਪੂਲਰ, ਖਜੂਰ, ਰਾਇਲ ਪਾਮ, ਆਲੂ ਬੁਖਾਰਾ ਆਦਿ ਦੀਆਂ ਕਿਸਮਾਂ ਦੀ ਕਾਸ਼ਤ ਤੇ ਪੈਦਾਵਾਰ ਪੁਰਾਤਨ ਕਾਲ ਤੋਂ ਕੀਤੀ ਜਾਂਦੀ ਹੈ। ਸੰਖੇਪ ਵਿਚ ਮਨੁੱਖੀ ਜੀਵਨ ਵਿਚ ਦਰੱਖਤਾਂ ਦਾ ਅਹਿਮ ਤੇ ਵੱਡਾ ਯੋਗਦਾਨ ਹੈ।

ਲਗਭਗ ਚਾਲੀ ਲੱਖ ਸਾਲਾਂ ਤੋਂ ਦਰੱਖਤਾਂ ਦੀ ਹੋਂਦ ਬਾਰੇ ਇਤਿਹਾਸਕ ਵੇਰਵੇ ਮਿਲਦੇ ਹਨ। ਧਰਤੀ ਤੇ ਜੀਵਨ ਦੇ ਵਿਕਾਸ ਵਿਚ ਹਵਾ, ਪਾਣੀ ਤੇ ਭੋਜਨ ਦੇ ਸੰਤੁਲਨ ਵਿਚ ਦਰੱਖਤਾਂ ਦੀ ਵਡਮੁੱਲੀ ਮਹੱਤਤਾ ਹੈ। ਮਨੁੱਖੀ ਸਾਹ ਲੈਣ ਲਈ ਆਕਸੀਜਨ ਦੀ ਪੈਦਾਵਾਰ ਦਰੱਖਤਾਂ ਤੋਂ ਹੁੰਦੀ ਹੈ। ਜੀਵ ਜੰਤੂਆਂ ਨੂੰ ਸੂਰਜੀ ਕਿਰਨਾਂ ਅਤੇ ਧੁੱਪ ਤੋਂ ਦਰੱਖਤ ਬਚਾਉਂਦੇ ਹਨ। ਮਨੁੱਖੀ ਜੀਵਨ ਦਾ ਅਨਿੱਖੜਵਾਂ ਅੰਗ ਲੱਕੜ ਦੀ ਪੈਦਾਵਾਰ ਦਰੱਖਤਾਂ ਤੋਂ ਹੁੰਦੀ ਹੈ। ਕੁਦਰਤੀ ਸੰਤੁਲਨ ਨੂੰ ਬਣਾਈ ਰੱਖਣ, ਆਤਮਿਕ ਸ਼ਾਂਤੀ, ਜੀਵ ਜੰਤੂਆਂ ਦੀ ਰੱਖਿਆ, ਵਾਤਾਵਰਨ ਦੀ ਸੰਭਾਲ, ਖੇਤੀਬਾੜੀ ਸੰਤੁਲਨ, ਪਹਾੜਾਂ ਦਾ ਸੰਤੁਲਨ, ਹੜ੍ਹਾਂ ਦੀ ਰੋਕਥਾਮ, ਜ਼ਮੀਨੀ ਉਪਜਾਊ ਸ਼ਕਤੀ ਦਾ ਸਾਧਨ, ਗਰਮੀ ਤੋਂ ਬਚਾਅ ਅਤੇ ਲੱਕੜ ਪ੍ਰਾਪਤੀ ਦਾ ਦਰੱਖਤ ਅਤਿ ਮਹੱਤਵਪੂਰਨ ਸਾਧਨ ਹਨ। ਦਰੱਖਤਾਂ ਨੂੰ ਪੌਦਿਆਂ ਦੇ ਸਿਰਤਾਜ ਕਿਹਾ ਜਾਂਦਾ ਹੈ। ਦਰੱਖਤਾਂ ਦੇ ਪੰਜ ਭਾਗ ਜੜ੍ਹ, ਤਣਾ, ਪੱਤੇ, ਫੁੱਲ ਅਤੇ ਫਲ ਹੁੰਦੇ ਹਨ। ਚਿਕਿਤਸਾ ਵਿਗਿਆਨ ਅਨੁਸਾਰ ਮਨੁੱਖੀ ਸਿਹਤ ਲਈ ਲੋੜੀਂਦੀਆਂ ਸ਼ੁੱਧ ਜੜ੍ਹੀਆਂ ਬੂਟੀਆਂ ਦੀ ਦਰੱਖਤਾਂ ਤੋਂ ਪ੍ਰਾਪਤੀ ਭਾਰਤੀ ਵੈਦਾਂ, ਯੂਰਪੀ, ਇਰਾਨੀ, ਮਿਸਰੀ, ਰੋਮੀ ਅਤੇ ਅਫਰੀਕੀ ਅਯੁਰਵੇਦਾਂ ਵਿਚ ਪੁਰਾਤਨ ਕਾਲ ਤੋਂ ਪ੍ਰਚੱਲਿਤ ਹੈ।